**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969 CA DRE# 00966763

**Ad Space Available**
**Call: 847-359-0746**

ਵਧੀਆ ਅਤੇ ਸਸਤੀ ਇੰਸ਼ੋਰੈਂਸ
Home, Auto, Liquor Store
ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
Gill Financial & Insurance Services
27165 Mission Blvd, Hayward, CA 94544
Since 1993 www.gillfinancial.com CA. Lic#0B23990



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 17, April 26, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਕਤਲੇਆਮ 84: ਫਿਰ ਫਸੀ ਕਾਂਗਰਸ

## ਕੋਬਰਾਪੋਸਟ ਦਾ ਦਾਅਵਾ: ਮਿਥ ਕੇ ਕਰਵਾਇਆ ਸੀ ਕਤਲੇਆਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਸਿੱਖ ਕਤਲੇਆਮ ਦਾ ਮੁੱਦਾ ਅਹਿਮ ਬਣ ਗਿਆ ਹੈ। ਸਿੱਖ ਕਤਲੇਆਮ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਦੀ ਸ਼ਮੂਲੀਅਤ ਬਾਰੇ ਕੈਪਟਨ ਅਮਰਿੰਦਰ ਸਿੰਘ ਦੀ ਟਿੱਪਣੀ ਕਰ ਕੇ ਕਾਂਗਰਸ ਕਸੂਤੀ ਘਿਰ ਗਈ ਹੈ। ਇਸ ਦੇ ਨਾਲ ਹੀ ਨਿਊਜ਼ ਪੋਰਟਲ ਕੋਬਰਾਪੋਸਟ ਵੱਲੋਂ ਸਟਿੰਗ ਅਪਰੇਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ 1984 ਵਿਚ ਸਿੱਖ ਕਤਲੇਆਮ ਰੋਕਣ ਲਈ ਸਰਕਾਰ ਅਸਫਲ ਰਹੀ ਸੀ ਅਤੇ ਉਸ ਵੇਲੇ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਸਿੱਖਾਂ ਨੂੰ ਸਬਕ ਸਿਖਾਉਣ ਲਈ ਸਰਕਾਰ ਨਾਲ ਮਿਲੀਭੁਗਤ ਸੀ।

ਕੋਬਰਾਪੋਸਟ ਵੱਲੋਂ ਕੀਤੀ ਜਾਂਚ 'ਚੈਪਟਰ 84' ਵਿਚ ਦਾਅਵਾ ਕੀਤਾ ਗਿਆ ਹੈ ਕਿ ਦਿੱਲੀ ਪੁਲਿਸ ਦੇ ਕੁਝ ਅਧਿਕਾਰੀਆਂ ਨੇ ਇਹ ਗੱਲ ਸਵੀਕਾਰ ਕੀਤੀ ਹੈ ਕਿ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਵਿਚ ਦਿੱਲੀ ਪੁਲਿਸ ਵੀ ਨਾਕਾਮਯਾਬ ਰਹੀ। ਕੋਬਰਾਪੋਸਟ ਨੇ ਸੂਰਵੀਰ ਸਿੰਘ ਤਿਆਗੀ (ਉਸ ਵੇਲੇ ਕਲਿਆਣਪੁਰੀ ਦੇ ਐਸ.ਐਚ.ਓ.) ਦਿੱਲੀ ਛਾਉਣੀ ਦੇ ਐਸ.ਐਚ.ਓ. ਰੋਹਤਾਸ ਸਿੰਘ, ਕ੍ਰਿਸ਼ਨਾ ਨਗਰ ਦੇ ਐਸ.ਐਨ. ਬਗਮਰ, ਸ੍ਰੀਨਿਵਾਸ ਪੁਰੀ ਦੇ ਐਸ.ਐਚ.ਓ. ਓ.ਪੀ. ਯਾਦਵ ਤੇ ਮਹਿਰੌਲੀ ਦੇ ਐਸ.ਐਚ.ਓ. ਜੈਪਾਲ ਸਿੰਘ ਨਾਲ ਗੱਲਬਾਤ ਰਿਕਾਰਡ ਕੀਤੀ।

ਨਿਊਜ਼ ਪੋਰਟਲ ਨੇ ਦਾਅਵਾ ਕੀਤਾ ਹੈ ਕਿ ਉਸ ਵੇਲੇ ਦੇ ਮੁਖੀ ਪੁਲਿਸ ਐਸ.ਸੀ. ਟੰਡਨ ਬੜੇ ਆਰਾਮ ਨਾਲ ਸਾਰੇ ਸਵਾਲ ਟਾਲਦੇ ਰਹੇ



ਅਤੇ ਉਸ ਵੇਲੇ ਦੇ ਐਡੀਸ਼ਨਲ ਕਮਿਸ਼ਨਰ ਪੁਲਿਸ ਗੌਤਮ ਕੌਲ ਨੇ ਸਿੱਧਾ ਹੀ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਦੰਗੇ ਹੋਣ ਦੀ ਕੋਈ ਮੁੱਢਲੀ ਜਾਣਕਾਰੀ ਸੀ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਥਾਣਾ ਮੁਖੀਆਂ ਨੇ ਖੁਲਾਸਾ ਕੀਤਾ ਕਿ ਸਿੱਖਾਂ ਵਿਰੁਧ ਮਘ ਰਹੀਆਂ ਫਿਰਕੂ ਭਾਵਨਾਵਾਂ ਬਾਰੇ ਚਿਤਾਵਨੀਆਂ ਤਾਂ ਸੀਨੀਅਰ ਅਧਿਕਾਰੀਆਂ ਨੇ ਅਣਗੌਲੀਆਂ ਕੀਤੀਆਂ ਹੀ, ਸਗੋਂ ਅਗਜ਼ਨੀ ਤੇ ਦੰਗਿਆਂ ਬਾਰੇ ਪੁਲਿਸ ਕੰਟਰੋਲ ਰੂਮਾਂ ਵਿਚ ਧੜਾਧੜ ਆ ਰਹੇ ਸੁਨੇਹਿਆਂ ਵਿਚੋਂ ਕੇਵਲ ਦੋ ਫੀਸਦੀ ਹੀ ਰਿਕਾਰਡ ਕੀਤੇ ਗਏ ਸਨ।

ਨਿਊਜ਼ ਪੋਰਟਲ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਕਾਰਵਾਈ ਨਾ ਕਰਨ ਦੇ ਸਬੂਤ ਪੁਲਿਸ ਲਾਗਬੁੱਕਾਂ ਵਿਚੋਂ ਬੜੇ ਆਰਾਮ ਨਾਲ ਤਬਦੀਲ ਕਰ ਦਿੱਤੇ ਗਏ ਤੇ ਕੁਝ ਹੋਰ ਅਧਿਕਾਰੀਆਂ ਨੇ ਬਦਲੀ ਦੀ ਸਜ਼ਾ ਦੇ ਡਰੋਂ ਕਾਰਵਾਈ ਨਾ ਕੀਤੀ। ਇਨ੍ਹਾਂ ਅਧਿਕਾਰੀਆਂ ਦੇ ਇਕਬਾਲ ਅਨੁਸਾਰ ਕੁਝ ਪੁਲਿਸ ਅਧਿਕਾਰੀਆਂ ਨੇ ਪੀੜਤਾਂ ਦੀਆਂ ਲਾਸ਼ਾਂ ਕੁਝ ਹੋਰ ਥਾਂਵਾਂ 'ਤੇ ਵੀ ਖੁਰਦ-ਬੁਰਦ ਕੀਤੀਆਂ ਸਨ ਤਾਂ ਕਿ ਦੰਗਿਆਂ ਦੌਰਾਨ ਹੋਏ ਅਪਰਾਧ ਘੱਟ ਦਿਖਾਏ ਜਾ ਸਕਣ ਤੇ ਪੁਲਿਸ ਨੂੰ ਇਹ ਨਿਰਦੇਸ਼ ਦਿੱਤੇ ਸੁਨੇਹੇ ਪ੍ਰਸਾਰਤ ਕੀਤੇ ਗਏ ਸਨ ਕਿ ਇੰਦਰਾ ਗਾਂਧੀ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਫਸਾਦੀਆਂ ਵਿਰੁਧ ਕੋਈ ਕਾਰਵਾਈ ਨਾ ਕੀਤੀ ਜਾਵੇ।

ਨਿਊਜ਼ ਪੋਰਟਲ ਨੇ ਦੋਸ਼ ਲਾਏ ਹਨ ਕਿ ਉਸ ਸਮੇਂ ਦੀ ਸਰਕਾਰ ਨੇ ਪੁਲਿਸ ਨੂੰ ਕਾਰਵਾਈ ਨਹੀਂ ਕਰਨ ਦਿੱਤੀ ਤੇ ਪ੍ਰਭਾਵ ਇਹ ਬਣਿਆ ਕਿ ਪੁਲਿਸ ਨੇ ਆਪਣੀ ਡਿਊਟੀ ਨਹੀਂ ਨਿਭਾਈ। ਇਨ੍ਹਾਂ ਸਾਰੇ ਥਾਣਾ ਇੰਚਾਰਜਾਂ ਨੇ ਪੁਲਿਸ ਬਲ ਦੀ ਹੈਸੀਅਤ ਵਿਚ ਆਪਣੀ ਨਾਅਹਿਲੀਅਤ ਸਵੀਕਾਰੀ, ਕਈਆਂ ਨੇ ਇਹ ਵੀ ਕਿਹਾ ਕਿ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦੀ ਉਸ ਸਮੇਂ ਦੀ ਸਰਕਾਰ ਨਾਲ ਮਿਲੀਭੁਗਤ ਸੀ ਕਿ ਸਿੱਖਾਂ ਨੂੰ

(ਬਾਕੀ ਸਫਾ 6 'ਤੇ)

## ਟਾਈਟਲਰ ਨੂੰ ਕਲੀਨ ਚਿੱਟ ਨਹੀਂ ਦਿੱਤੀ: ਕੈਪਟਨ

**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਬਾਰੇ ਜਗਦੀਸ਼ ਟਾਈਟਲਰ ਨੂੰ ਕਾਂਗਰਸ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਲੀਨ ਚਿੱਟ ਦੇਣ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਇਸ ਮਾਮਲੇ ਵਿਚ ਭਾਜਪਾ ਉਮੀਦਵਾਰ ਅਰੁਣ ਜੇਤਲੀ ਨੇ ਕਿਹਾ ਕਿ ਕੈਪਟਨ ਪਾਪੀਆਂ ਦੇ ਵਕੀਲ ਬਣ ਰਹੇ ਹਨ ਜਦਕਿ ਇਸ ਦੀ ਸੱਚਾਈ ਦਾ ਪਤਾ ਲਾਉਣਾ ਨਿਆਂਪਾਲਿਕਾ ਤੇ ਜਾਂਚ ਤੰਤਰ ਦਾ ਕੰਮ ਹੈ। ਦੂਜੇ ਪਾਸੇ ਕਾਂਗਰਸ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਟਾਈਟਲਰ ਨੂੰ ਕਲੀਨ ਚਿੱਟ ਨਹੀਂ ਦਿੱਤੀ ਸਗੋਂ



ਉਨ੍ਹਾਂ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਜਗਦੀਸ਼ ਟਾਈਟਲਰ ਸਮੇਤ ਕਿਸੇ ਨੂੰ ਵੀ

(ਬਾਕੀ ਸਫਾ 6 'ਤੇ)

## ਸਿਆਸੀ ਲੀਡਰ ਹੀ ਕਰ ਰਹੇ ਨੇ ਨਸ਼ਿਆਂ ਦਾ ਕਾਰੋਬਾਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਨੇ ਪੰਜਾਬ ਦੇ ਕਈ



ਸਿਆਸਤਦਾਨਾਂ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਸ੍ਰੀ ਸ਼ਸ਼ੀਕਾਂਤ ਨੇ ਪੰਜਾਬ ਦੇ ਛੇ ਆਗੂਆਂ ਦੇ ਨਾਂਵਾਂ ਦਾ ਖੁਲਾਸਾ ਕਰਦਿਆਂ ਇਲਜ਼ਾਮ ਲਾਇਆ ਹੈ ਕਿ ਇਹ ਸਿੱਧੇ ਜਾਂ ਅਸਿੱਧੇ ਢੰਗ ਨਾਲ ਨਸ਼ਾ ਤਸਕਰੀ ਵਿਚ ਸ਼ਾਮਲ ਹਨ। ਸਾਬਕਾ ਪੁਲਿਸ ਅਧਿਕਾਰੀ ਦੇ ਇਸ ਖੁਲਾਸੇ ਨਾਲ ਸੱਤਾ ਧਿਰ ਅਕਾਲੀ-ਭਾਜਪਾ ਤੇ ਵਿਰੋਧੀ ਧਿਰ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਸ਼ਸ਼ੀ ਕਾਂਤ ਨੇ ਇਹ ਵੀ ਦਾਅਵਾ ਕੀਤਾ ਕਿ ਸਾਬਕਾ ਡੀ.ਜੀ.ਪੀ. ਐਨ.ਪੀ.ਐਸ. ਔਲਖ ਅਤੇ ਮੌਜੂਦਾ ਡੀ.ਜੀ.ਪੀ. ਸੁਰੇਸ਼ ਅਰੋੜਾ ਪੰਜਾਬ ਵਿਚ ਰਾਜਨੀਤਕ ਆਗੂਆਂ ਦੇ ਡਰੱਗ ਮਾਫੀਆ ਨਾਲ ਸਬੰਧਾਂ ਤੋਂ ਭਲੀ-ਭਾਂਤ ਜਾਣੂ ਹਨ।

ਸ੍ਰੀ ਸ਼ਸ਼ੀਕਾਂਤ ਨੇ ਦਾਅਵਾ ਕੀਤਾ ਹੈ ਕਿ 2007 ਵਿਚ ਪੰਜਾਬ ਦੇ ਖੁਫ਼ੀਆ ਵਿਭਾਗ

(ਬਾਕੀ ਸਫਾ 6 'ਤੇ)


**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ!
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Century 21
Broker/Associate
209.918.6464
ahundal@c21mm.com

Raja SWEETS & CATERING
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
1-866-FOR-RAJA
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਪੰਜਾ ਸਾਹਿਬ ਵਿਚ ਸ਼ਰਧਾਲੂ ਡੱਕੇ?

**ਚੰਡੀਗੜ੍ਹ:** ਪਾਕਿਸਤਾਨ 'ਚ ਅਤਿਵਾਦੀ ਸਰਗਰਮੀਆਂ ਕਾਰਨ ਪੈਦਾ ਹੋਏ ਅਣਸੁਖਾਵੇਂ ਮਾਹੌਲ ਦਾ ਅਸਰ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਸਿੱਖ ਸ਼ਰਧਾਲੂਆਂ 'ਤੇ ਵੀ ਨਜ਼ਰ ਆ ਰਿਹਾ ਹੈ। ਕਰੀਬ ਢਾਈ ਹਜ਼ਾਰ ਸ਼ਰਧਾਲੂਆਂ ਦਾ ਜੱਥਾ ਗੁਰਧਾਮਾਂ ਦੇ ਦਰਸ਼ਨ ਕਰ ਕੇ 19 ਅਪਰੈਲ ਨੂੰ ਵਾਪਿਸ ਪਰਤਿਆ। ਹਾਲਾਂਕਿ ਪਾਕਿਸਤਾਨ ਸਰਕਾਰ ਦੀ ਮਹਿਮਾਨ-ਨਿਵਾਜ਼ੀ ਤੋਂ ਸ਼ਰਧਾਲੂ ਖੁਸ਼ ਹਨ, ਪਰ ਉੱਥੇ ਹਰ ਵੇਲੇ ਭਾਰੀ ਪੁਲਿਸ ਦੇ ਸੁਰੱਖਿਆ ਘੇਰੇ ਕਾਰਨ ਆਪਣੀ ਮਰਜ਼ੀ ਨਾਲ ਕਿਧਰੇ ਨਾ ਵਿਚਰ ਸਕਣ, ਉੱਥੋਂ ਦੇ ਬਾਜ਼ਾਰਾਂ ਜਾਂ ਜਨਤਕ ਥਾਵਾਂ 'ਤੇ ਘੁੰਮਣ ਦੀ ਪ੍ਰਵਾਨਗੀ ਨਾ ਹੋਣਾ ਸ਼ਰਧਾਲੂਆਂ ਨੂੰ ਰੜਕਦਾ ਰਿਹਾ ਹੈ।

ਸ਼ਰਧਾਲੂਆਂ ਅਨੁਸਾਰ ਸੁਰੱਖਿਆ ਕਾਰਨਾਂ ਕਰ ਕੇ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ 4 ਦਿਨ ਸ਼ਰਧਾਲੂਆਂ ਨੂੰ ਬਾਹਰ ਨਹੀਂ ਨਿਕਲਣ ਦਿੱਤਾ ਗਿਆ। ਸੁਰੱਖਿਆ ਫੋਰਸ ਨੂੰ ਖਦਸ਼ਾ ਸੀ ਕਿ ਇਸ ਖੇਤਰ 'ਤੇ ਦਹਿਸ਼ਤਗਰਦੀ ਹਮਲਾ ਹੋ ਸਕਦਾ ਹੈ। ਇਸ ਲਈ ਗੁਰਦੁਆਰਾ ਕੰਪਲੈਕਸ ਦੁਆਲੇ ਭਾਰੀ ਫੋਰਸ ਤਾਇਨਾਤ ਕੀਤੀ ਗਈ ਸੀ। ਜਦੋਂ ਸ਼ਰਧਾਲੂਆਂ ਨੂੰ ਪੰਜਾ ਸਾਹਿਬ ਤੋਂ ਅਗਲੇ ਪੜਾਅ 'ਤੇ ਲਿਜਾਣ ਲਈ ਗੁਰਦੁਆਰਾ ਕੰਪਲੈਕਸ 'ਚੋਂ ਬਾਹਰ ਲਿਜਾਇਆ ਗਿਆ ਤਾਂ ਉੱਥੋਂ ਦੇ ਬਾਜ਼ਾਰ ਬੰਦ ਕਰਵਾ ਦਿੱਤੇ ਗਏ।


ਆਮ ਆਦਮੀ ਪਾਰਟੀ ਲਈ ਫਰਿਜ਼ਨੋ 'ਚ ਹੋਏ ਫੰਡਰੇਜ਼ਨ ਉਪਰੰਤ ਇਸ ਦੇ ਸਮਰਥਕ

# ਫਰਿਜ਼ਨੋ 'ਚ ਆਮ ਆਦਮੀ ਪਾਰਟੀ ਲਈ ਇਕ ਹੋਰ ਫੰਡਰੇਜ਼ਰ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ ਦੇ ਸਮਰਥਕਾਂ ਵਲੋਂ ਪੰਜਾਬ ਵਿਚਲੇ ਉਮੀਦਵਾਰਾਂ ਲਈ ਇਕ ਹੋਰ ਫੰਡਰੇਜ਼ਰ ਇਥੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕੀਤਾ ਗਿਆ ਜਿਸ ਦੌਰਾਨ ਕਰੀਬ 3200 ਡਾਲਰ ਇਕੱਤਰ ਹੋਏ। ਇਸ ਫੰਡਰੇਜ਼ਰ ਵਿਚ ਫਰਿਜ਼ਨੋ ਦੀ ਵਾਲੀਬਾਲ ਟੀਮ ਦੇ ਮੈਂਬਰਾਂ ਨੇ 1100 ਡਾਲਰ ਦਾ ਵੱਡਾ ਯੋਗਦਾਨ ਪਾਇਆ।

ਫੰਡਰੇਜ਼ਰ ਵਿਚ ਹਿੱਸਾ ਪਾਉਣ ਵਾਲੇ ਹੋਰ ਸੱਜਣਾਂ ਵਿਚ ਕੁਲਦੀਪ ਸਿੰਘ ਢਿੱਲੋਂ (ਡੈਲਸ), ਰਾਜੂ ਵਕੀਲਾਂ ਵਾਲਾ, ਡਾ. ਪਰਮਿੰਦਰ ਸਿੱਧੂ, ਸਤਨਾਮ ਸਿੰਘ ਭੁੱਲਰ, ਲਛਮਣ ਸਿੰਘ, ਗੁਰਮੇਜ਼ ਸਿੰਘ ਪੰਜ ਗਰਾਈਆਂ, ਲਸ਼ਮਣ ਸਿੰਘ ਪੰਜ ਗਰਾਈਆਂ, ਰਾਜਵਿੰਦਰ ਸਿੰਘ ਬਰਾੜ, ਗੁਰਿੰਦਰਜੀਤ ਨੀਟਾ ਮਾਛੀਕੇ, ਬੱਬੀ ਬਰਾੜ, ਰਮਨ ਸਿੰਘ, ਲਾਲ ਸਿੰਘ ਚੀਮਾ, ਅਵਤਾਰ ਸਿੰਘ ਢਿੱਲੋਂ (ਜੇਠੂ ਕੇ) ਅਤੇ ਗੁਰਨੇਕ ਸਿੰਘ ਬਾਗੜੀ ਦੇ ਨਾਂ ਸ਼ਾਮਲ ਹਨ।

ਇਕੱਤਰ ਹੋਈ ਰਕਮ ਵਿਚੋਂ 2700 ਡਾਲਰ ਫਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਸਾਧੂ ਸਿੰਘ ਲਈ ਭੇਜੇ ਗਏ ਅਤੇ 500 ਡਾਲਰ ਪਟਿਆਲਾ ਹਲਕੇ ਤੋਂ ਉਮੀਦਵਾਰ ਡਾ. ਧਰਮਵੀਰ ਗਾਂਧੀ ਲਈ ਭੇਜੇ ਗਏ। ਜ਼ਿਕਰਯੋਗ ਹੈ ਕਿ ਕੁਝ ਹਫਤੇ ਪਹਿਲਾਂ ਵੀ ਇਥੇ 'ਆਪ' ਲਈ ਫੰਡਰੇਜ਼ਰ ਹੋਇਆ ਸੀ। ਦੋਨਾਂ ਫੰਡਰੇਜ਼ਰਾਂ ਦੌਰਾਨ ਕੁਲ ਮਿਲਾ ਕੇ ਦਸ ਹਜ਼ਾਰ ਡਾਲਰ ਇਕੱਤਰ ਹੋਇਆ।

# ਹਾਈ ਕੋਰਟ ਨੇ ਰੋਹਿਤ ਨੂੰ ਤਿਵਾੜੀ ਦਾ ਪੁੱਤਰ ਐਲਾਨਿਆ

**ਨਵੀਂ ਦਿੱਲੀ:** ਛੇ ਸਾਲ ਦੀ ਕਾਨੂੰਨੀ ਲੜਾਈ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਰੋਹਿਤ ਸ਼ੇਖਰ ਨੂੰ ਬਜ਼ੁਰਗ ਕਾਂਗਰਸ ਆਗੂ ਐਨ.ਡੀ. ਤਿਵਾੜੀ ਦਾ ਪੁੱਤਰ ਐਲਾਨ ਦਿੱਤਾ ਹੈ।

ਜਸਟਿਸ ਰਾਜੀਵ ਸਹਾਏ ਨੇ ਤਿਵਾੜੀ ਨੂੰ ਜਨਤਕ ਤੌਰ 'ਤੇ ਸ਼ੇਖਰ ਨੂੰ ਆਪਣਾ ਪੁੱਤਰ ਮੰਨਣ ਤੋਂ ਇਨਕਾਰ ਕਰਨ 'ਤੇ ਚਿਤਾਵਨੀ ਵੀ ਦਿੱਤੀ ਹੈ। ਫੈਸਲਾ ਸੁਣਨ ਤੋਂ ਬਾਅਦ ਸ਼ੇਖਰ ਦੀ ਮਾਂ ਦੀਆਂ ਅੱਖਾਂ 'ਚ ਅੱਥਰੂ ਆ ਗਏ, ਹਾਲਾਂਕਿ ਸ਼ੇਖਰ ਆਪ ਸ਼ਾਂਤ ਸੀ।


American Travel & Tours
4127 Bay Street, Suite 5, Fremont, CA-94538
For best domestic and international fares
Fremont: (24/7): 510-509-8890
preety@americantravels.us
San Jose: 408-916-1234, Tracy: 209-451-2000
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਬੋਲਦੇ ਹਾਂ
Mon-Fri 9:00am-6:00pm
Saturday- 10:00am-2:00pm
Sunday- Upon Appointment
American Travel & Tours
Fax: 916-451-8656 www.americantravels.us
Sacramento office: 5246 Fruitridge Rd., Sacramento, CA 95820



Indian Threads Beauty & Spa
Special for Vaisakhi and Mother's Day
For a limited time from April 10 to May 18, 2014
Receive a free gift with facial, body massage & waxing





Bring this ad and get an extra $2 off
Jewelry & other products will also be on sale
Call to make your appointment!
Ph: (209) 478-8862
3008 E Hammer Lane st. 127b, Stockton, CA 95212



The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC





US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available



COMMERCIAL GRADE
SECURITY SOLUTIONS






MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS
SPECIAL OFFER 4 CAMERAS WITH 4 CH DVR LED MONITOR INCLUDED 1649 $1349 +Tax
SPECIAL OFFER 8 CAMERAS INSTALLATION INCLUDED LED MONITOR INCLUDED $2349 +Tax
SPECIAL OFFER 12 CAMERAS INSTALLATION INCLUDED LED MONITOR INCLUDED $3749 +Tax
Buy Online : www.ezchase.com
Email : commvision@sbcglobal.net
Call Sukhpal
661-586-5080
vista CCTV TECHNOLOGY

# ਪੁਲਿਸ ਮੁਕਾਬਲੇ 'ਚ ਹਲਾਕ ਨੌਜਵਾਨ ਦੇ ਪਰਿਵਾਰ ਨੂੰ ਨਿਆਂ ਦੀ ਆਸ ਬੱਝੀ

**ਰੂਪਨਗਰ:** ਜ਼ਿਲ੍ਹਾ ਰੂਪਨਗਰ ਦੇ ਪਿੰਡ ਅਮਰਾਲੀ ਵਾਸੀ ਅਜੈਬ ਸਿੰਘ ਦੇ ਪਰਿਵਾਰ ਨੂੰ 25 ਸਾਲ ਪਹਿਲਾਂ ਅਗਵਾ ਹੋਏ ਉਨ੍ਹਾਂ ਦੇ ਪੁੱਤਰ ਕੁਲਦੀਪ ਸਿੰਘ ਦੇ ਮਾਮਲੇ ਵਿਚ ਇਨਸਾਫ ਮਿਲਣ ਦੀ ਆਸ ਬੱਝੀ ਹੈ। ਰੂਪਨਗਰ ਦੀ ਅਦਾਲਤ ਨੇ ਕਥਿਤ ਤੌਰ 'ਤੇ ਪੁਲਿਸ ਮੁਕਾਬਲੇ ਵਿਚ ਹੋਈ ਕੁਲਦੀਪ ਸਿੰਘ ਦੀ ਮੌਤ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੇ ਡੀ.ਜੀ.ਪੀ. ਐਸ.ਕੇ. ਸ਼ਰਮਾ ਅਤੇ ਤਿੰਨ ਸੇਵਾਮੁਕਤ ਅਧਿਕਾਰੀਆਂ ਖ਼ਿਲਾਫ਼ ਦੋਸ਼ ਆਇਦ ਕਰਨ ਲਈ 6 ਮਈ ਦੀ ਤਰੀਕ ਤੈਅ ਕੀਤੀ ਹੈ।

ਪਿੰਡ ਅਮਰਾਲੀ ਵਾਸੀ ਅਜੈਬ ਸਿੰਘ ਦੇ 25 ਸਾਲ ਪਹਿਲਾਂ ਅਗਵਾ ਹੋਏ ਅਤੇ ਕਥਿਤ ਤੌਰ 'ਤੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਇਕਲੌਤੇ ਪੁੱਤਰ ਅਤੇ ਉਸ ਤੋਂ ਬਾਅਦ ਇਨਸਾਫ ਲੈਣ ਲਈ ਦਰ-ਦਰ ਦੀਆਂ ਖਾਧੀਆਂ ਠੋਕਰਾਂ ਦੀ ਦਾਸਤਾਨ ਸੁਣਾਉਂਦਿਆਂ ਦੱਸਿਆ ਕਿ ਕਾਨੂੰਨੀ ਲੜਾਈ ਲਈ ਪੈਸੇ ਦਾ ਜੁਗਾੜ ਕਰਦਿਆਂ ਉਸ ਦੀ ਢਾਈ ਏਕੜ ਪੈਲੀ ਅਤੇ ਕੁਝ ਹੋਰ ਜਾਇਦਾਦ ਵੀ ਵਿਕ ਚੁੱਕੀ ਹੈ। ਅਮਰਾਲੀ ਵਿਚ ਆਪਣੀ ਪਤਨੀ ਗੁਰਮੀਤ ਕੌਰ, ਭਰਾ ਗੁਰਮੀਤ ਸਿੰਘ ਅਤੇ ਮਰਹੂਮ ਭਰਾ ਅਨੂਪ ਸਿੰਘ ਦੇ ਪਰਿਵਾਰ ਸਮੇਤ ਰਹਿ ਰਹੇ ਅਜੈਬ ਸਿੰਘ ਅਨੁਸਾਰ ਇਸ ਮਾਮਲੇ ਵਿਚ ਕਈ ਵਾਰ ਉਸ 'ਤੇ ਦਬਾਅ ਵੀ ਪਿਆ ਪਰ ਉਹ ਕਿਸੇ ਅੱਗੇ ਨਹੀਂ ਝੁਕਿਆ।

ਅਜੈਬ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਕੁਲਦੀਪ ਸਿੰਘ ਨੂੰ ਕਸਬਾ ਮੋਰਿੰਡਾ ਵਿਚੋਂ 24 ਅਕਤੂਬਰ 1990 ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਉਦੋਂ ਅਗਵਾ ਕਰ ਲਿਆ ਸੀ ਜਦੋਂ ਉਹ ਆਪਣੀ ਚਚੇਰੀ ਭੈਣ ਨੂੰ ਦਵਾਈ ਦਿਵਾਉਣ ਲਈ ਮੋਰਿੰਡਾ ਗਿਆ ਸੀ। ਇਸ ਤੋਂ ਬਾਅਦ ਉਹ ਐਸ.ਐਚ.ਓ. ਮੋਰਿੰਡਾ ਬਲਕਾਰ ਸਿੰਘ ਤੇ ਹੋਰ ਪੁਲਿਸ ਅਧਿਕਾਰੀਆਂ ਅਤੇ ਉਸ ਸਮੇਂ ਦੇ ਐਸ.ਪੀ. (ਅਪਰੇਸ਼ਨਜ਼) ਐਸ.ਪੀ.ਐਸ. ਬਸਰਾ ਨੂੰ ਮਿਲਿਆ ਪਰ ਉਨ੍ਹਾਂ ਨੇ ਕੁਲਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤੇ ਜਾਣ ਬਾਰੇ ਇਨਕਾਰ ਕਰ ਦਿੱਤਾ ਸੀ। ਅਜੈਬ ਸਿੰਘ ਅਨੁਸਾਰ ਉਹ ਸੀ.ਆਈ.ਏ ਸਟਾਫ ਰੂਪਨਗਰ ਵੀ ਗਿਆ ਪਰ ਹਰ ਵਾਰ ਟਾਲ ਮਟੋਲ ਕਰਕੇ ਵਾਪਸ ਭੇਜ ਦਿੱਤਾ ਜਾਂਦਾ ਰਿਹਾ। ਫਿਰ ਸੀ.ਆਈ.ਏ. ਸਟਾਫ ਵਿਚੋਂ ਛੁੱਟ ਕੇ ਆਏ ਦੋ ਨੌਜਵਾਨਾਂ ਨੇ ਉਸ ਨੂੰ ਦੱਸਿਆ ਸੀ ਕਿ ਕੁਲਦੀਪ ਸਿੰਘ ਸੀ.ਆਈ.ਏ. ਸਟਾਫ ਰੂਪਨਗਰ ਵਿਚ ਹੀ ਬੰਦ ਹੈ। ਇਸ ਤੋਂ ਬਾਅਦ 15 ਮਈ 1991 ਨੂੰ ਇੱਕ ਅਖਬਾਰ ਵਿਚ ਪਟਿਆਲਾ ਦੇ ਤਤਕਾਲੀ ਐਸ.ਐਸ.ਪੀ. ਐਸ.ਕੇ. ਸ਼ਰਮਾ ਦੇ ਹਵਾਲੇ ਨਾਲ ਖਬਰ ਛਾਪੀ ਗਈ ਸੀ ਕਿ ਕੁਲਦੀਪ ਸਿੰਘ ਜ਼ਿਲ੍ਹਾ ਪਟਿਆਲਾ ਦੇ ਪਿੰਡ ਠੂਲੀਵਾਲ ਨੇੜੇ ਇੱਕ ਮਈ ਨੂੰ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਪਰ ਪਰਿਵਾਰ ਨੂੰ ਉਸ ਦੀ ਲਾਸ਼ ਵੀ ਨਹੀਂ ਦਿੱਤੀ ਗਈ।

ਅਜੈਬ ਸਿੰਘ ਨੇ ਦੱਸਿਆ ਕਿ 1998 ਵਿਚ ਇੰਟਰਨਲ ਇੰਟੈਲੀਜੈਂਸ ਦੇ ਏ.ਡੀ.ਜੀ.ਪੀ. ਸ੍ਰੀ ਵਰਮਾ ਨੇ ਮੁੜ ਤੋਂ ਮਾਮਲੇ ਦੀ ਪੜਤਾਲ ਕੀਤੀ ਅਤੇ ਚਾਰ ਪੁਲਿਸ ਅਧਿਕਾਰੀਆਂ ਮੌਜੂਦਾ ਡੀ.ਜੀ.ਪੀ. ਐਸ.ਕੇ. ਸ਼ਰਮਾ, ਡੀ.ਆਈ.ਜੀ. (ਸੇਵਾਮੁਕਤ) ਐਸ.ਪੀ.ਐਸ. ਬਸਰਾ ਅਤੇ ਮੋਰਿੰਡਾ ਥਾਣੇ ਦੇ ਤਤਕਾਲੀ ਐਸ.ਐਚ.ਓ. ਬਲਕਾਰ ਸਿੰਘ ਅਤੇ ਏ.ਐਸ.ਆਈ. ਗੁਰਚਰਨ ਸਿੰਘ (ਹੁਣ ਦੋਵੇਂ ਸੇਵਾਮੁਕਤ) ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। ਫਿਰ ਅਦਾਲਤੀ ਪ੍ਰਕਿਰਿਆ ਸ਼ੁਰੂ ਹੋਈ ਅਤੇ ਕਾਨੂੰਨੀ ਪੇਚੀਦਗੀਆਂ ਵਿਚ 16 ਸਾਲ ਦਾ ਵਕਫਾ ਮੁਲਜ਼ਮਾਂ ਖ਼ਿਲਾਫ ਦੋਸ਼ ਆਇਦ ਹੋਣ ਵਿਚ ਲੱਗ ਗਿਆ। ਇਸ ਮਾਮਲੇ ਵਿਚ 21 ਅਪਰੈਲ ਨੂੰ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਕੇ.ਐਸ. ਸੂਲਰ ਨੇ ਡੀ.ਜੀ.ਪੀ. ਐਸ.ਕੇ. ਸ਼ਰਮਾ ਦੁਆਰਾ ਕੇਸ ਖਾਰਜ ਕਰਨ ਦੀ ਅਰਜ਼ੀ ਨੂੰ ਰੱਦ ਕਰਦੇ ਹੋਏ ਇਸ ਮਾਮਲੇ ਵਿਚ ਦੋਸ਼ ਆਇਦ ਕਰਨ ਲਈ 6 ਮਈ ਨਿਸ਼ਚਤ ਕੀਤੀ ਹੈ।

## ਰਾਣੀ ਮੁਖਰਜੀ ਨੇ ਵਿਆਹ ਕਰਵਾਇਆ

**ਮੁੰਬਈ:** ਅਦਾਕਾਰਾ ਰਾਣੀ ਮੁਖਰਜੀ ਅਤੇ ਫਿਲਮਸਾਜ਼ ਅਦਿੱਤਿਆ ਚੋਪੜਾ ਨੇ ਇਟਲੀ ਵਿਚ ਚੁੱਪ-ਚੁਪੀਤੇ ਜਿਹੇ ਵਿਆਹ ਕਰਵਾ ਲਿਆ। ਇਸ ਤਰ੍ਹਾਂ ਉਨ੍ਹਾਂ ਬਾਰੇ ਸਾਲਾਂ ਤੋਂ ਚਲਦੀਆਂ ਕਿਆਸ-ਅਰਾਈਆਂ ਦਾ ਭੋਗ ਪੈ ਗਿਆ ਹੈ। ਕਈ ਸਾਲਾਂ ਤੋਂ ਮੁਹੱਬਤ ਦੇ ਰਿਸ਼ਤੇ 'ਚ ਰਹੀ ਇਸ ਜੋੜੀ ਨੇ 21 ਅਪਰੈਲ ਨੂੰ ਇਟਲੀ ਦੇ ਇਕ ਪਿੰਡ ਵਿਚ ਛੋਟੇ ਜਿਹੇ ਸਮਾਗਮ ਵਿਚ ਵਿਆਹ ਕਰਵਾਇਆ। ਇਸ ਮੌਕੇ ਕੇਵਲ ਪਰਿਵਾਰ ਦੇ ਜੀਅ ਅਤੇ ਨੇੜਲੇ ਦੋਸਤ ਹੀ ਹਾਜ਼ਰ ਸਨ। 36 ਸਾਲਾ ਰਾਣੀ ਅਨੁਸਾਰ 42 ਸਾਲਾ ਆਦਿੱਤਿਆ ਨਾਲ ਉਸ ਦਾ ਵਿਆਹ 'ਕਿਸੇ ਪਰੀ ਕਹਾਣੀ' ਵਾਂਗ ਹੈ। ਰਾਣੀ ਦਾ ਇਹ ਪਹਿਲਾ ਵਿਆਹ ਹੈ ਜਦਕਿ ਅਦਿੱਤਿਆ ਪਾਇਲ ਖੰਨਾ ਨਾਲ ਵਿਆਹਿਆ ਹੋਇਆ ਸੀ। 2009 'ਚ ਉਨ੍ਹਾਂ ਦਾ ਤਲਾਕ ਹੋ ਗਿਆ ਸੀ। ਸਾਥੀਆ, ਹਮ-ਤੁਮ, ਵੀਰ ਜ਼ਾਰਾ, ਬੰਟੀ ਔਰ ਬਬਲੀ, ਦਿਲ ਬੋਲੇ ਹੜਿਪਾ ਜਿਹੀਆਂ ਸਫਲ ਫਿਲਮਾਂ ਵਾਲੀ ਰਾਣੀ ਇਸ ਵੇਲੇ 'ਦਿੱਲ ਵਿੱਲ' ਤੇ ਪ੍ਰਦੀਪ ਸਰਕਾਰ ਨੀ 'ਮਰਦਾਨੀ' ਵਿਚ ਕੰਮ ਕਰ ਰਹੀ ਹੈ।


Malwa Financial & Insurance Agency
Lic # 0D75499

ਟਰੱਕਾਂ ਦੀ ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲੈਣ ਲਈ ਅੱਜ ਹੀ ਸੰਪਰਕ ਕਰੋ



- Produce & General Truckers
- Long Haul Coverage
- Intermediate & Local Radius
- Downtime Coverage
- Single deductible
- Towing & Debris Removal
- Higher Limit on Earned Freight

Kanwaljit Singh: Lic # 0B59734
Harminder Gill: Lic # 0747955

Phone: 510-364-6366

Email: malwa@malwaassociates.com
Web. www.malwaassociates.com



ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE

WITH PURCHASE OF 8 TIRES
269.99 Installed
LP22.5
CASH PRICE STEER OR DRIVE

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



FET, SALES TAX, MOUNTING INCLUDED
INSTALLED OUT THE DOOR PRICE
661-203-0433

# ਪਟਿਆਲਾ ਵਿਚ ਪਰਨੀਤ ਵੱਲੋਂ ਚੌਕੇ ਦੀ ਤਿਆਰੀ

**ਪਟਿਆਲਾ:** ਲੋਕ ਸਭਾ ਹਲਕਾ ਪਟਿਆਲਾ 'ਤੇ ਬਹੁਤੀ ਵਾਰ ਕਾਂਗਰਸ ਦਾ ਹੀ ਕਬਜ਼ਾ ਰਿਹਾ ਹੈ। ਪਿਛਲੀਆਂ ਤਿੰਨ ਲਗਾਤਾਰ ਪਾਰੀਆਂ ਵੀ ਕਾਂਗਰਸ ਦੇ ਹਿੱਸੇ ਆਉਣ ਕਾਰਨ ਡੇਢ ਦਹਾਕੇ ਤੋਂ ਪਰਨੀਤ ਕੌਰ ਸਾਂਸਦ ਚਲੇ ਆ ਰਹੇ ਹਨ। ਇਸ ਵਾਰ ਕਿਸੇ ਵੀ ਰਵਾਇਤੀ ਪਾਰਟੀ ਦੀਆਂ ਗਿਣਤੀਆਂ-ਮਿਣਤੀਆਂ ਨੂੰ ਆਮ ਆਦਮੀ ਪਾਰਟੀ ਨੇ ਉਲਝਣ ਵਿਚ ਪਾ ਦਿੱਤਾ ਹੈ। ਇਸ ਲੋਕ ਸਭਾ ਹਲਕੇ ਵਿਚ 9 ਵਿਧਾਨ ਸਭਾ ਹਲਕੇ ਪੈਂਦੇ ਹਨ ਜਿਨ੍ਹਾਂ ਵਿਚ ਨਾਭਾ ਤੇ ਸ਼ੁਤਰਾਣਾ ਰਾਖਵੇਂ ਹਨ ਜਦੋਂਕਿ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਸਮਾਣਾ, ਸਨੌਰ, ਘਨੌਰ, ਰਾਜਪੁਰਾ ਤੇ ਡੇਰਾਬੱਸੀ ਜਨਰਲ ਵਿਧਾਨ ਸਭਾ ਹਲਕੇ ਹਨ।



ਇਸ ਹਲਕੇ ਤੋਂ ਹੁਣ ਤੱਕ ਵੋਟਰਾਂ ਨੇ ਕਾਂਗਰਸ ਦੇ ਉਮੀਦਵਾਰਾਂ ਨੂੰ ਹੀ ਜਿਤਾਇਆ ਹੈ। 62 ਸਾਲ ਦੇ ਇਤਿਹਾਸ ਵਿਚ ਇਥੇ 10 ਵਾਰ ਕਾਂਗਰਸ ਉਮੀਦਵਾਰਾਂ ਨੂੰ ਹੀ ਸਫਲਤਾ ਮਿਲੀ ਹੈ। 10 ਵਿਚੋਂ ਅੱਧੀ ਵਾਰ ਸ਼ਾਹੀ ਪਰਿਵਾਰ ਭਾਵ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੀ ਮਾਤਾ ਮਹਾਰਾਣੀ ਮਹਿੰਦਰ ਕੌਰ ਤੇ ਹੁਣ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਨੇ ਤਿੰਨ ਵਾਰ ਜਿੱਤ ਪ੍ਰਾਪਤ ਕਰ ਕੇ ਹੈਟ੍ਰਿਕ ਮਾਰੀ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲੀ ਵਾਰ 1977 ਵਿਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, 1984 ਵਿਚ ਚਰਨਜੀਤ ਸਿੰਘ ਵਾਲੀਆ ਤੇ 1996 ਤੇ 1998 ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਖਾੜਕੂਵਾਦ ਦੇ ਮੌਕੇ ਜਦੋਂ ਪੰਜਾਬੀਆਂ ਨੇ ਸਿਮਰਨਜੀਤ ਸਿੰਘ ਮਾਨ ਦੇ ਬਹੁਗਿਣਤੀ ਉਮੀਦਵਾਰ ਜਿਤਾ ਦਿੱਤੇ ਸਨ ਤਾਂ ਉਸ ਵੇਲੇ ਪਟਿਆਲਾ ਲੋਕ ਸਭਾ ਸੀਟ 'ਤੇ ਵੀ ਅਤਿੰਦਰਪਾਲ ਸਿੰਘ ਜੋ ਜੇਲ੍ਹ ਵਿਚ ਸਨ, ਦੇ ਹੱਕ ਵਿਚ ਫ਼ਤਵਾ ਦੇ ਦਿੱਤਾ ਸੀ।

ਪਰਨੀਤ ਕੌਰ ਨੇ ਸਾਲ 2009 ਵਿਚ ਆਪਣੇ ਵਿਰੋਧੀ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ 97 ਹਜ਼ਾਰ ਤੋਂ ਵੱਧ ਵੋਟਾਂ 'ਤੇ ਤੇ ਸਾਲ 2004 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਹੀ ਕੈਪਟਨ ਕੰਵਲਜੀਤ ਸਿੰਘ ਨੂੰ 23667 ਵੋਟਾਂ ਨਾਲ ਹਰਾ ਚੁੱਕੇ ਹਨ। ਇਸ ਲੋਕ ਸਭਾ ਹਲਕੇ ਸਾਲ 2009 ਵਿਚ 13.10 ਲੱਖ ਦੇ ਕਰੀਬ ਵੋਟਰ ਸਨ ਪਰ ਹੁਣ ਵੋਟਰਾਂ ਦੀ ਗਿਣਤੀ ਵਧ ਕੇ 15.73 ਲੱਖ 'ਤੇ ਪਹੁੰਚ ਗਈ ਹੈ, ਭਾਵ ਇਥੇ 2.63 ਲੱਖ ਵੋਟਰ ਨਵੇਂ ਜਿਨ੍ਹਾਂ ਵਿਚ ਬਹੁ ਗਿਣਤੀ ਨੌਜਵਾਨਾਂ ਦੀ ਹੈ ਸ਼ਾਮਲ ਹੋ ਗਏ ਹਨ। ਇਸ ਵਾਰ ਨਵੀਂ ਵੋਟ ਕਾਰਨ ਹੀ ਰਵਾਇਤੀ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਦਾ ਸੰਤੁਲਨ ਵਿਗੜਿਆ ਹੋਇਆ ਜਾਪਦਾ ਹੈ।

ਭਾਵੇਂ ਇਥੋਂ ਕੁੱਲ 20 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪਰਚੇ ਭਰੇ ਹਨ ਪਰ ਪ੍ਰਮੁੱਖ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਵੱਲੋਂ ਦੀਪਇੰਦਰ ਸਿੰਘ ਢਿੱਲੋਂ, ਕਾਂਗਰਸ ਦੇਪਰਨੀਤ ਕੌਰ, ਆਮ ਆਦਮੀ ਪਾਰਟੀ ਦੇ ਡਾ: ਧਰਮਵੀਰ ਗਾਂਧੀ, ਬਸਪਾ ਦੇ ਰਾਮ ਸਿੰਘ ਧੀਮਾਨ, ਭਾਰਤੀ ਕਮਿਊਨਿਸਟ ਪਾਰਟੀ ਦੇ ਕਾ: ਨਿਰਮਲ ਸਿੰਘ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰੋ: ਮਹਿੰਦਰ ਪਾਲ ਸਿੰਘ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਵੀ ਮੈਦਾਨ ਵਿਚ ਡਟੇ ਹੋਏ ਹਨ।

## ਫਿਰੋਜ਼ਪੁਰ ਹਲਕੇ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਸਿੱਧੀ ਟੱਕਰ

**ਫਿਰੋਜ਼ਪੁਰ:** ਲੋਕ ਸਭਾ ਹਲਕਾ ਫਿਰੋਜ਼ਪੁਰ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਸਿੱਧੀ ਟੱਕਰ ਹੈ। ਦੋਵਾਂ ਪਾਰਟੀਆਂ ਦੇ ਵੋਟ ਬੈਂਕ ਵਿਚ ਕੋਈ ਬਹੁਤਾ ਫਰਕ ਨਹੀਂ ਹੈ ਪਰ ਪੀ.ਪੀ.ਪੀ. ਵੱਲੋਂ ਕਾਂਗਰਸ ਦੇ ਨਾਲ ਤੁਰਨ ਕਾਰਨ ਕਾਂਗਰਸ ਦੀ ਸਥਿਤੀ ਵਿਚ ਸੁਧਾਰ ਹੋਇਆ ਹੈ। ਉਮੀਦਵਾਰਾਂ ਵੱਲੋਂ ਜਿੱਤ ਵਾਸਤੇ ਬਾਗੀਆਂ ਨੂੰ ਨਾਲ ਤੋਰਨ ਤੇ ਚੁੱਪ ਵੋਟਾਂ ਨੂੰ ਜੋੜਨ ਦਾ ਫਾਰਮੂਲਾ ਅਪਨਾਇਆ ਜਾ ਰਿਹਾ ਹੈ। ਇਹ ਸੰਸਦੀ ਸੀਟ 9 ਵਿਧਾਨ ਸਭਾ ਹਲਕਿਆਂ 'ਤੇ ਅਧਾਰਤ ਹੈ। ਇਸੇ ਸੰਸਦੀ ਖੇਤਰ ਵਿਚੋਂ ਹੀ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਵਿਰੋਧੀ ਧਿਰ ਦੇ ਮੁਖੀ ਸੁਨੀਲ ਜਾਖੜ ਜੇਤੂ ਹੋ ਕੇ ਵਿਧਾਨ ਸਭਾ ਵਿਚ ਪੁੱਜੇ। ਹੁਣ ਮੁਕਾਬਲਾ ਅਕਾਲੀ ਦਲ ਦੇ ਮੌਜੂਦਾ ਐਮ.ਪੀ. ਸ਼ੇਰ ਸਿੰਘ ਘੁਬਾਇਆ ਤੇ ਕਾਂਗਰਸ ਦਾ ਵਿਧਾਇਕ ਸੁਨੀਲ ਜਾਖੜ ਜੋ ਲੋਕ ਸਭਾ ਦੇ ਸਾਬਕਾ ਸਪੀਕਰ ਬਲਰਾਮ ਜਾਖੜ ਦਾ ਬੇਟਾ ਹੈ, ਵਿਚਾਲੇ ਹੈ। ਇਸ ਲੋਕ ਸਭਾ ਖੇਤਰ 'ਚ 5 ਅਕਾਲੀ ਤੇ 4 ਕਾਂਗਰਸੀ ਵਿਧਾਇਕ ਹਨ। ਇਸੇ ਲਈ ਮੁਕਾਬਲਾ ਸਖਤ ਮੰਨਿਆ ਜਾਂਦਾ ਹੈ। ਇਸ ਲੋਕ ਸਭਾ ਖੇਤਰ ਵਿਚ ਪਿਛਲੀਆਂ 4 ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਦਾ ਹੱਥ ਉਪਰ ਰਿਹਾ ਹੈ।

## ਆਬਾਦੀ ਦੇ ਮੁਕਾਬਲੇ ਲੋਕ ਸਭਾ ਸੀਟਾਂ ਵਿਚ ਨਿਗੂਣਾ ਵਾਧਾ

**ਚੰਡੀਗੜ੍ਹ:** ਆਜ਼ਾਦ ਭਾਰਤ ਦੇ ਸੰਵਿਧਾਨ ਦੇ ਘਾੜਿਆਂ ਵੱਲੋਂ ਲੋਕ ਸਭਾ ਚੋਣ ਖੇਤਰਾਂ ਦੀ ਸਥਿਤੀ ਅਬਾਦੀ ਦਰ ਦੇ ਅਨੁਕੂਲ ਰੱਖੇ ਜਾਣ ਦੀ ਵਿਵਸਥਾ ਕਾਇਮ ਕੀਤੀ ਹੋਣ ਦੇ ਬਾਵਜੂਦ ਇਸ ਨੂੰ ਪੂਰੀ ਤਰ੍ਹਾਂ ਅਮਲ ਅਧੀਨ ਨਹੀਂ ਲਿਆਂਦਾ ਜਾ ਰਿਹਾ। ਦੇਸ਼ ਵਿਚ ਵੱਡੀ ਗਿਣਤੀ ਲੋਕ ਆਪਣੇ ਸੰਸਦ ਮੈਂਬਰਾਂ 'ਤੇ ਪਿਛਲੇ ਪੰਜ ਸਾਲ ਮੂੰਹ ਨਾ ਵਿਖਾਉਣ ਦਾ ਦੋਸ਼ ਲਾ ਰਹੇ ਹਨ ਪਰ ਨੁਮਾਇੰਦੇ ਹਲਕਿਆਂ ਅੰਦਰ ਆਬਾਦੀ ਬੇਅਥਾਹ ਵਧਦੀ ਜਾ ਰਹੀ ਹੋਣ ਦਾ ਰੋਣਾ ਰੋਂਦਿਆਂ ਲੋਕਾਂ ਤੱਕ ਪਹੁੰਚ ਕਰਨੀ ਔਖੀ ਦੱਸ ਰਹੇ ਹਨ।

ਅੰਕੜੇ ਵੀ ਇਸ ਦੀ ਗਵਾਹੀ ਭਰਦੇ ਹਨ ਕਿ ਆਜ਼ਾਦ ਭਾਰਤ ਦੀਆਂ ਪਹਿਲੀਆਂ ਲੋਕ ਸਭਾ ਚੋਣਾਂ ਮੌਕੇ ਨਾਲੋਂ ਅਬਾਦੀ ਵਿਚ ਤਾਂ ਬੇਹਿਸਾਬ ਵਾਧਾ ਦਰਜ ਕੀਤਾ ਜਾ ਰਿਹਾ ਹੈ ਪਰ ਲੋਕ ਸਭਾ ਲਈ ਚੋਣ ਖੇਤਰਾਂ ਦੀ ਗਿਣਤੀ ਵਧਾਉਣ ਨੂੰ ਲੈ ਕੇ ਬੇਹੱਦ ਸੰਕੋਚਵੇਂ ਕਦਮ ਵੀ ਮਸਾਂ ਹੀ ਚੁੱਕੇ ਜਾ ਰਹੇ ਹਨ। ਅੰਕੜਿਆਂ ਮੁਤਾਬਕ ਹੀ ਸਾਲ 1951 ਦੀ ਮਰਦਮਸ਼ੁਮਾਰੀ ਜਿਸ ਮਗਰੋਂ ਭਾਰਤ ਦੀਆਂ ਪਹਿਲੀਆਂ ਲੋਕ ਸਭਾ ਚੋਣਾਂ (25 ਅਕਤੂਬਰ, 1951 ਤੋਂ 21 ਫਰਵਰੀ, 1952 ਦਰਮਿਆਨ) ਹੋਈਆਂ, ਮੁਤਾਬਿਕ ਭਾਰਤ ਦੀ ਆਬਾਦੀ 36 ਕਰੋੜ ਤੋਂ ਵੱਧ ਸੀ। ਲੋਕ ਸਭਾ ਸੀਟਾਂ ਦੀ ਉਪਰਲੀ ਹੱਦ ਉਸ ਵੇਲੇ 520 ਰਹੀ ਪਰ ਹੁਣ ਸਾਲ 2001 ਦੀ ਮਰਦਮਸ਼ੁਮਾਰੀ ਵਿਚ ਭਾਰਤ ਦੀ ਆਬਾਦੀ 102 ਕਰੋੜ ਤੋਂ ਵੱਧ ਤੇ ਸਾਲ 2011 ਦੀ ਮਰਦਮਸ਼ੁਮਾਰੀ ਵਿਚ ਆਬਾਦੀ 121 ਕਰੋੜ ਨੂੰ ਵੀ ਟੱਪ ਗਈ, ਜਦਕਿ ਲੋਕ ਸਭਾ ਦੇ ਚੋਣ ਖੇਤਰਾਂ ਦੀ ਉਪਰਲੀ ਹੱਦ 550 ਤੱਕ ਹੀ ਵਧਾਈ ਜਾ ਸਕੀ ਹੈ।


ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵੀ.ਐਸ. ਸੰਪਤ ਮੁਤਾਬਕ ਦੇਸ਼ ਦੀਆਂ ਪਹਿਲੀਆਂ ਲੋਕ ਸਭਾ ਚੋਣਾਂ 1952 ਮੌਕੇ ਵੋਟਰਾਂ ਦੀ ਗਿਣਤੀ 17.6 ਕਰੋੜ ਸੀ ਜੋ ਹੁਣ 16ਵੀਆਂ ਲੋਕ ਸਭਾ ਚੋਣਾਂ 2014 ਮੌਕੇ 81.4 ਕਰੋੜ ਹੋ ਚੁੱਕੀ ਹੈ। ਭਾਰਤ ਵਿਚ ਆਬਾਦੀ ਤੇ ਵੋਟਰ ਗਿਣਤੀ ਦੇ ਲਗਾਤਾਰ ਹੋ ਰਹੇ ਇਸ ਬੇਅੰਤ ਵਾਧੇ ਦੇ ਬਾਵਜੂਦ ਵੀ ਦੇਸ਼ ਦੇ ਰਾਜਾਂ ਤਹਿਤ ਪੈਂਦੇ ਲੋਕ ਸਭਾ ਚੋਣ ਖੇਤਰਾਂ ਲਈ ਇਸ ਵੇਲੇ 530 ਸੀਟਾਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਲਈ ਕੇਵਲ 20 ਸੀਟਾਂ ਦੀ ਵਿਵਸਥਾ ਹੀ ਮੌਜੂਦ ਹੈ। ਜਦਕਿ 550 ਸੀਟਾਂ ਦੀ ਉਪਰਲੀ ਹੱਦ ਵਿਚੋਂ ਵੀ 543 ਉਤੇ ਹੀ ਚੋਣਾਂ ਹੋ ਰਹੀਆਂ ਹਨ।

## ਖਡੂਰ ਸਾਹਿਬ 'ਚ ਪੰਥਕ ਉਮੀਦਵਾਰਾਂ ਦਾ ਪੇਚਾ

**ਤਰਨ ਤਾਰਨ:** ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਗੰਭੀਰ ਉਮੀਦਵਾਰ ਨਾ ਸਿਰਫ਼ ਆਪੋ-ਆਪਣੇ ਥਾਂ ਰਾਜਨੀਤੀ ਦੀਆਂ ਬਾਰੀਕੀਆਂ ਦੀ ਹੀ ਜਾਣਕਾਰੀ ਰੱਖਦੇ ਹਨ ਬਲਕਿ ਕਈਆਂ ਦੀ ਰਾਜਨੀਤਕ ਜ਼ਿੰਦਗੀ ਤਾਂ ਦਿਲਚਸਪ ਘਟਨਾਵਾਂ ਨਾਲ ਵੀ ਭਰਪੂਰ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ 77 ਸਾਲਾ ਰਣਜੀਤ ਸਿੰਘ ਬ੍ਰਹਮਪੁਰਾ ਪਿਛਲੀ ਅੱਧੀ ਸਦੀ ਤੋਂ ਰਾਜਨੀਤੀ ਵਿਚ ਸਰਗਰਮ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਆਗੂ ਉਨ੍ਹਾਂ ਨੂੰ ਮਾਝੇ ਦਾ ਜਰਨੈਲ ਆਖ ਕੇ ਬੁਲਾਉਂਦੇ ਹਨ।

ਉਹ ਨੌਸ਼ਹਿਰਾ ਪੰਨੂੰਆਂ ਵਿਧਾਨ ਸਭਾ ਹਲਕੇ ਦੀ 1977 ਵਿਚ ਪ੍ਰਤੀਨਿਧਤਾ ਕਰਨ ਦੇ ਇਲਾਵਾ 1997, 2002 ਤੇ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਤਿੰਨ ਵਾਰ ਇਸ ਹਲਕੇ ਤੋਂ ਫਿਰ ਵਿਧਾਇਕ ਬਣੇ। 1997 ਤੇ 2007 ਵਿਚ ਤਾਂ ਉਹ ਕੈਬਨਿਟ ਮੰਤਰੀ ਵੀ ਬਣੇ। 2012 ਦੀ ਨਵੀਂ ਹਲਕਾਬੰਦੀ ਉਪਰੰਤ ਉਹ ਹਲਕਾ ਖਡੂਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਤੋਂ ਹਾਰ ਗਏ।

ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਗਿੱਲ ਫੁਰਤੀਲੇ ਰਾਜਸੀ ਆਗੂ ਹਨ। 51 ਸਾਲਾ ਗਿੱਲ ਨੇ ਆਪਣਾ ਰਾਜਸੀ ਜੀਵਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਸ਼ੁਰੂ ਕੀਤਾ ਜਿਸ ਦੇ ਉਹ 1995 ਤੋਂ 2002 ਤਕ ਪ੍ਰਧਾਨ ਰਹੇ। ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਅਗਵਾਈ ਹੇਠ ਵੀ ਕੰਮ ਕੀਤਾ। ਇਸ ਕਰਕੇ ਸਾਕਾ ਨੀਲਾ ਤਾਰਾ ਉਪਰੰਤ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚ ਰਹਿੰਦਿਆਂ ਹੀ ਉਨ੍ਹਾਂ ਐਮ.ਏ. (ਅਰਥ-ਸ਼ਾਸਤਰ, ਇਤਿਹਾਸ) ਕੀਤੀ। ਉਨ੍ਹਾਂ ਦੀ ਪਤਨੀ ਸਰਕਾਰੀ ਸਕੂਲ ਅਧਿਆਪਕਾ ਹੈ।



ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਚੋਣ ਲੜ ਰਹੇ ਸਿਮਰਨਜੀਤ ਸਿੰਘ ਮਾਨ ਦੀ ਜ਼ਿੰਦਗੀ ਤੋਂ ਆਮ ਪੰਜਾਬੀ ਚੰਗੀ ਤਰ੍ਹਾਂ ਵਾਕਫ ਹਨ। ਉਹ ਕਾਂਗਰਸ ਆਗੂ ਤੇ ਸਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਂਢੂ ਹਨ। ਅਮੀਰ ਪਰਿਵਾਰ ਨਾਲ ਸਬੰਧਤ 69 ਸਾਲਾ ਸਿਮਰਨਜੀਤ ਸਿੰਘ ਮਾਨ ਨੇ 1966 ਵਿਚ ਬੀ.ਏ. (ਆਨਰਜ਼) ਸਰਕਾਰੀ ਕਾਲਜ, ਚੰਡੀਗੜ੍ਹ ਤੋਂ ਕੀਤੀ। ਉਹ ਅਗਲੇ ਹੀ ਸਾਲ 1967 ਵਿਚ ਆਈ.ਪੀ.ਐਸ. ਬਣ ਗਏ। ਉਹ ਫਰੀਦਕੋਟ ਵਿਖੇ ਐਸ.ਐਸ.ਪੀ. ਸਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਗਏ।

ਸਾਕਾ ਨੀਲਾ ਤਾਰਾ ਦੀ ਕਾਰਵਾਈ ਤੋਂ ਦੁਖੀ ਹੋ ਕੇ ਉਨ੍ਹਾਂ ਜੂਨ 1984 ਵਿਚ ਆਪਣੀ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ। ਉਨ੍ਹਾਂ ਨੂੰ ਸਰਕਾਰ ਨੇ ਨੌਕਰੀ ਤੋਂ ਡਿਸਮਿਸ ਕਰਕੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਭਾਗਲਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ। 1989 ਵਿਚ ਉਨ੍ਹਾਂ ਮੌਕੇ ਤਰਨ ਤਾਰਨ ਹਲਕੇ ਤੋਂ ਚੋਣ ਜਿੱਤੀ। 1999 ਵਿਚ ਉਨ੍ਹਾਂ ਨੇ ਸੰਗਰੂਰ ਲੋਕ ਸਭਾ ਹਲਕੇ ਦੀ ਪ੍ਰਤੀਨਿਧਤਾ ਕੀਤੀ। ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹੇ। ਉਨ੍ਹਾਂ ਦੋ ਵਾਰ ਵਿਧਾਨ ਸਭਾ ਦੀ ਚੋਣ ਵੀ ਲੜੀ ਪਰ ਜਿੱਤ ਨਾ ਸਕੇ।

## ਜਲੰਧਰ ਲੋਕ ਸਭਾ ਹਲਕੇ ਵਿਚ ਫਸਵਾਂ ਮੁਕਾਬਲਾ

**ਜਲੰਧਰ:** ਲੋਕ ਸਭਾ ਹਲਕਾ ਜਲੰਧਰ ਸੂਬੇ ਦਾ ਸਭ ਤੋਂ ਵੱਡਾ ਹਲਕਾ ਹੈ ਜਿਸ ਵਿਚ ਕਰੀਬ 16 ਲੱਖ ਵੋਟਰ ਹਨ। ਇਸ ਹਲਕੇ ਵਿਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿਚੋਂ 4 ਵਿਧਾਨ ਸਭਾ ਹਲਕੇ ਸ਼ਹਿਰੀ ਖੇਤਰ ਨਾਲ ਸਬੰਧਤ ਹਨ, ਜਦਕਿ ਬਾਕੀ ਦੇ 5 ਹਲਕਿਆਂ ਵਿਚੋਂ ਕੋਈ ਵੀ ਨਿਰੋਲ ਪੇਂਡੂ ਨਹੀਂ ਸਗੋਂ ਅਰਧ ਸ਼ਹਿਰੀ ਹਲਕਿਆਂ ਵਜੋਂ ਜਾਣੇ ਜਾਂਦੇ ਹਨ। ਜਲੰਧਰ ਹਲਕੇ ਤੋਂ 24 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ ਜਿਨ੍ਹਾਂ ਵਿਚੋਂ ਆਜ਼ਾਦ 12 ਤੇ 12 ਹੀ ਵੱਖ-ਵੱਖ ਰਾਜਸੀ ਪਾਰਟੀਆਂ ਨਾਲ ਸਬੰਧਤ ਹਨ। ਅਕਾਲੀ-ਭਾਜਪਾ ਦੇ ਪਵਨ ਟੀਨੂੰ, ਕਾਂਗਰਸ ਦੇ ਚੌਧਰੀ ਸੰਤੋਖ ਸਿੰਘ, ਬਸਪਾ ਦੇ ਸੁਖਵਿੰਦਰ ਕੋਟਲੀ, 'ਆਪ' ਦੀ ਜੋਤੀ ਮਾਨ ਪ੍ਰਮੁੱਖ ਹਨ। ਇਹ ਹਲਕਾ ਕਾਂਗਰਸ ਦੇ ਗੜ੍ਹ ਵਜੋਂ ਮੰਨਿਆ ਜਾਂਦਾ ਰਿਹਾ ਹੈ ਪਰ 1996 ਵਿਚ ਅਕਾਲੀ ਦਲ ਦੇ ਦਰਬਾਰਾ ਸਿੰਘ ਦੇ ਲੋਕ ਸਭਾ ਚੋਣ ਜਿੱਤਣ ਨਾਲ ਇਥੇ ਅਕਾਲੀ ਦਲ ਦਾ ਦਬਦਬਾ ਬਣਨਾ ਸ਼ੁਰੂ ਹੋਇਆ। 1997 ਦੀ ਵਿਧਾਨ ਸਭਾ ਚੋਣ ਵਿਚ ਜਲੰਧਰ ਜ਼ਿਲ੍ਹੇ ਦੇ 10 ਹਲਕਿਆਂ ਵਿਚੋਂ 9 ਤੋਂ ਅਕਾਲੀ-ਭਾਜਪਾ ਵਿਧਾਇਕਾਂ ਨੇ ਜਿੱਤ ਹਾਸਲ ਕੀਤੀ ਸੀ ਤੇ 1998 ਵਿਚ ਹੋਈ ਲੋਕ ਸਭਾ ਚੋਣ ਵਿਚ ਇੰਦਰ ਕੁਮਾਰ ਗੁਜਰਾਲ ਅਕਾਲੀ ਦਲ ਦੀ ਹਮਾਇਤ ਨਾਲ ਜੇਤੂ ਰਹੇ ਸਨ। ਇਸ ਤੋਂ ਬਾਅਦ ਹੋਈਆਂ ਤਿੰਨ ਚੋਣਾਂ ਵਿਚ ਮੁੜ ਫਿਰ ਕਾਂਗਰਸ ਉਮੀਦਵਾਰ ਹੀ ਜਿੱਤਦੇ ਆਏ ਹਨ।

## ਪਿਛਲੀਆਂ ਚਾਰ ਚੋਣਾਂ ਦੌਰਾਨ ਬਸਪਾ ਰਹੀ ਫਾਡੀ

### ਪੰਜਾਬ ਵਿਚ ਪਾਰਟੀ ਨੂੰ ਲੱਗ ਰਿਹਾ ਹੈ ਲਗਾਤਾਰ ਖੋਰਾ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਹਾਥੀ ਦੇ ਪੈਰ ਨਹੀਂ ਲੱਗ ਰਹੇ ਹਨ। ਲੋਕ ਸਭਾ ਦੀਆਂ ਪਿਛਲੀਆਂ ਚਾਰ ਵਾਰ ਦੀਆਂ ਚੋਣਾਂ ਵਿਚ ਬਸਪਾ ਦੇ ਉਮੀਦਵਾਰ ਆਪਣੀ ਪਾਰਟੀ ਦਾ ਖਾਤਾ ਖੋਲ੍ਹਣ ਵਿਚ ਅਸਫਲ ਰਹੇ ਹਨ। ਬਸਪਾ ਭਾਵੇਂ ਉੱਤਰ ਪ੍ਰਦੇਸ਼ ਵਿਚ ਸੱਤਾ 'ਤੇ ਕਾਬਜ਼ ਰਹਿ ਚੁੱਕੀ ਹੈ ਪਰ ਪੰਜਾਬ ਵਿਚ ਇਸ ਦੇ ਆਧਾਰ ਨੂੰ ਲਗਾਤਾਰ ਖੋਰਾ ਲਗਦਾ ਆ ਰਿਹਾ ਹੈ। ਇਸ ਵਾਰ ਦੀਆਂ ਚੋਣਾਂ ਵਿਚ ਵੀ ਬਸਪਾ ਦਾ ਖ਼ਾਸ ਜ਼ਿਕਰ ਨਹੀਂ ਹੋ ਰਿਹਾ ਹੈ ਸਗੋਂ ਇਕ ਸਾਲ ਪਹਿਲਾਂ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਇਸ ਤੋਂ ਕਿਤੇ ਅੱਗੇ ਨਿਕਲ ਗਈ ਲੱਗਦੀ ਹੈ।




ਸਾਲ 1996 ਦੀਆਂ ਲੋਕ ਸਭਾ ਚੋਣਾਂ ਵਿਚ ਬਸਪਾ ਦੇ ਤਿੰਨ ਉਮੀਦਵਾਰ ਚੋਣ ਜਿੱਤਣ ਵਿਚ ਕਾਮਯਾਬ ਹੋ ਗਏ ਸਨ। ਉਸ ਤੋਂ ਬਾਅਦ 1998 ਦੀਆਂ ਚੋਣਾਂ ਵਿਚ ਦੂਜਾ ਥਾਂ ਪ੍ਰਾਪਤ ਕਰਨ ਤੋਂ ਅੱਗੇ ਹੋਰ ਕੋਈ ਪ੍ਰਾਪਤੀ ਕਰਨ ਵਿਚ ਅਸਫਲ ਰਹੀ ਹੈ। ਬਸਪਾ ਨੇ ਪਹਿਲੀ ਵਾਰ 1989 ਵਿਚ ਲੋਕ ਸਭਾ ਦੀ ਚੋਣ ਲੜੀ ਸੀ ਤੇ ਹਲਕਾ ਫਿਲੌਰ ਤੋਂ ਪਾਰਟੀ ਦੇ ਉਮੀਦਵਾਰ ਹਰਭਜਨ ਲਾਖਾ ਨੇ 29.25 ਫ਼ੀਸਦ ਵੋਟਾਂ ਲੈ ਕੇ ਜਿੱਤ ਦਰਜ ਕਰਾਈ ਸੀ। ਪਾਰਟੀ ਦੇ ਹੁਸ਼ਿਆਰਪੁਰ ਤੋਂ ਉਮੀਦਵਾਰ ਸਤਨਾਮ ਸਿੰਘ ਦੂਜੀ ਥਾਂ ਲੈਣ ਵਿਚ ਕਾਮਯਾਬ ਰਹੇ ਸਨ। ਸਾਲ 1992 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਵੀ ਫ਼ਿਰੋਜ਼ਪੁਰ ਤੋਂ ਬਸਪਾ ਦੇ ਉਮੀਦਵਾਰ ਮੋਹਨ ਸਿੰਘ ਫਲੀਆਂਵਾਲਾ ਨੇ ਸੀਟ ਜਿੱਤ ਲਈ ਸੀ। ਉਨ੍ਹਾਂ ਨੂੰ 34.69 ਫ਼ੀਸਦ ਵੋਟਾਂ ਮਿਲੀਆਂ ਸਨ। ਹਲਕਾ ਹੁਸ਼ਿਆਰਪੁਰ ਤੋਂ ਮਾਇਆਵਤੀ, ਫਿਲੌਰ ਤੋਂ ਹਰਭਜਨ ਲਾਖਾ ਤੇ ਫ਼ਰੀਦਕੋਟ ਤੋਂ ਬਲਜੀਤ ਸਿੰਘ ਜਿੱਤ ਦੇ ਐਨ ਕਰੀਬ ਆ ਕੇ ਹਜ਼ਾਰਾਂ ਵੋਟਾਂ ਦੇ ਫ਼ਰਕ ਨਾਲ ਪਿੱਛੇ ਰਹੇ ਸਨ।

ਸਾਲ 1996 ਦੀਆਂ ਚੋਣਾਂ ਵਿਚ ਪਾਰਟੀ ਦੇ ਤਿੰਨ ਉਮੀਦਵਾਰ ਲੋਕ ਸਭਾ ਵਿਚ ਪੁੱਜੇ ਸਨ। ਬਸਪਾ ਦੇ ਲਖਵਿੰਦਰ ਲਾਖਾ ਤੇ ਮੋਹਨ ਸਿੰਘ ਫਲੀਆਂਵਾਲਾ ਨੇ ਦੁਬਾਰਾ ਚੋਣ ਜਿੱਤ ਕੇ ਇਤਿਹਾਸ ਦੁਹਰਾਇਆ ਸੀ। ਫਿਲੌਰ ਤੋਂ ਲਖਵਿੰਦਰ ਲਾਖਾ ਨੂੰ ਸਭ ਤੋਂ ਵੱਧ 295868 ਵੋਟਾਂ ਮਿਲੀਆਂ ਸਨ। ਹੁਸ਼ਿਆਰਪੁਰ ਤੋਂ ਕਾਂਸ਼ੀ ਰਾਮ ਵੀ 230013 ਵੋਟਾਂ ਲੈ ਕੇ ਆਪਣੇ ਵਿਰੋਧੀ ਨਾਲੋਂ ਵੱਡੇ ਫ਼ਰਕ ਨਾਲ ਜਿੱਤ ਗਏ ਸਨ। ਫ਼ਿਰੋਜ਼ਪੁਰ ਤੋਂ ਮੋਹਨ ਸਿੰਘ ਫਲੀਆਂਵਾਲਾ ਨੇ 264799 ਵੋਟਾਂ ਲੈ ਕੇ ਬਾਕੀ ਦੇ ਸਾਰੇ ਉਮੀਦਵਾਰਾਂ ਨੂੰ ਪਿੱਛੇ ਛੱਡ ਦਿੱਤਾ ਸੀ। ਇਸ ਤੋਂ ਬਾਅਦ ਬਸਪਾ ਨੂੰ ਲਗਾਤਾਰ ਹਾਰ ਦਾ ਮੂੰਹ ਦੇਖਣਾ ਪਿਆ ਹੈ।

ਬੱਚਿਆਂ ਦੀ ਸਾਂਭ-ਸੰਭਾਲ ਅਤੇ ਘਰੇਲੂ ਕੰਮਕਾਰ ਲਈ ਬੀਬੀ ਦੀ ਲੋੜ ਹੈ

ਮੈਨਲੋ ਪਾਰਕ (ਨਜ਼ਦੀਕ ਮਾਊਂਟੇਨ ਵਿਊ), ਕੈਲੀਫੋਰਨੀਆ ਵਿਚ ਇਕ ਪੰਜਾਬੀ ਪਰਿਵਾਰ ਨਾਲ ਰਹਿ ਕੇ ਘਰ ਦੇ ਕੰਮ ਅਤੇ ਦੋ ਬੱਚਿਆਂ (ਦੋ ਸਾਲ ਦੇ ਜੌੜੇ) ਦੀ ਸਾਂਭ-ਸੰਭਾਲ ਵਾਸਤੇ ਇਕ ਬੀਬੀ ਦੀ ਲੋੜ ਹੈ।

*ਸੰਪਰਕ ਕਰੋ: ਓਮ ਤਨੇਜਾ*

ਫੋਨ: 425-269-4990

e-mail: omitaneja@gmail.com


# ਰਣੀਕੇ ਦੇ ਪੁੱਤਰ ਖਿਲਾਫ ਹੋਵੇਗੀ ਕਾਰਵਾਈ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਘਨੌਰ ਰੈਲੀ ਦੌਰਾਨ ਸ਼ਰਾਬ ਵੰਡਣ ਦੇ ਮਾਮਲੇ 'ਤੇ ਆਬਕਾਰੀ ਤੇ ਕਰ ਇੰਸਪੈਕਟਰ ਅਤੇ ਕੈਬਿਨਿਟ ਮੰਤਰੀ ਗੁਲਜ਼ਾਰ ਸਿੰਘ ਭੁਪਿੰਦਰ ਸਿੰਘ ਵੱਲੋਂ ਚੋਣ ਕਮਿਸ਼ਨ ਨੂੰ ਗੁੰਮਰਾਹ ਕਰਨ ਦੇ ਦੋਸ਼ ਸਾਬਤ ਹੋ ਜਾਣ ਤੋਂ ਬਾਅਦ ਉਨ੍ਹਾਂ ਵਿਰੁਧ ਕਾਰਵਾਈ ਦੇ ਆਸਾਰ ਬਣ ਗਏ ਹਨ। ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਦਾ ਕਹਿਣਾ ਹੈ ਕਿ ਇਸ ਇੰਸਪੈਕਟਰ ਵਿਰੁਧ ਕਾਰਵਾਈ ਲਈ ਕਰ ਤੇ ਆਬਕਾਰੀ ਵਿਭਾਗ ਨੂੰ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ।

ਜਾਣਕਾਰੀ ਅਨੁਸਾਰ ਸੂਬੇ ਦੇ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੇ ਪੁੱਤਰ ਭੁਪਿੰਦਰ ਸਿੰਘ ਨੂੰ ਦੋਸ਼ ਪੱਤਰ ਜਾਰੀ ਕੀਤਾ ਜਾਵੇਗਾ। ਚੋਣ ਅਧਿਕਾਰੀਆਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਹ ਮਾਮਲਾ ਕਿਉਂਕਿ ਚੋਣ ਕਮਿਸ਼ਨ ਦੇ ਵਿਚਾਰ ਅਧੀਨ ਹੈ, ਇਸ ਲਈ ਚੋਣ ਕਮਿਸ਼ਨ ਨੂੰ ਗਲਤ ਰਿਪੋਰਟ ਭੇਜਣ ਦੇ ਮਾਮਲੇ 'ਤੇ ਪੁਲਿਸ ਕੇਸ ਵੀ ਦਾਇਰ ਹੋ ਸਕਦਾ ਹੈ ਪਰ ਕਾਨੂੰਨੀ ਕਾਰਵਾਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਬਾਅਦ ਹੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪਟਿਆਲਾ ਦੇ ਸਾਬਕਾ ਡਿਪਟੀ ਕਮਿਸ਼ਨਰ ਜੀ.ਕੇ. ਸਿੰਘ ਦੀ ਭੂਮਿਕਾ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਇਸ ਆਈ.ਏ.ਐਸ. ਅਧਿਕਾਰੀ ਨੇ ਇੰਸਪੈਕਟਰ ਭੁਪਿੰਦਰ ਸਿੰਘ ਦੀ ਰਿਪੋਰਟ ਦੇ ਆਧਾਰ 'ਤੇ ਰੈਲੀ ਦੌਰਾਨ ਸ਼ਰਾਬ ਦੇ ਮਾਮਲੇ 'ਤੇ ਕਲੀਨ ਚਿਟ ਦਿੱਤੀ ਸੀ।

ਸ੍ਰੀ ਵੀ.ਕੇ. ਸਿੰਘ ਦਾ ਕਹਿਣਾ ਹੈ ਕਿ ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਭੇਜੀ ਰਿਪੋਰਟ ਮਿਲ ਗਈ ਹੈ। ਰਿਪੋਰਟ ਮੁਤਾਬਕ ਆਬਕਾਰੀ ਵਿਭਾਗ ਦੇ ਇਸ ਅਫ਼ਸਰ ਨੇ ਚੋਣ ਅਧਿਕਾਰੀਆਂ ਨੂੰ ਗਲਤ ਤੇ ਗੁੰਮਰਾਹਕੁਨ ਰਿਪੋਰਟ ਦਿੱਤੀ ਹੈ। ਇਸ ਇੰਸਪੈਕਟਰ ਦਾ ਤਬਾਦਲਾ ਕਰਨ ਦੇ ਨਿਰਦੇਸ਼ ਤਾਂ ਪਹਿਲਾਂ ਹੀ ਦੇ ਦਿੱਤੇ ਸਨ ਤੇ ਹੁਣ ਕਾਰਵਾਈ ਲਈ ਵੀ ਵਿਭਾਗ ਨੂੰ ਹੁਕਮ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ 20 ਮਾਰਚ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਟਿਆਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਦੇ ਹੱਕ ਵਿਚ ਘਨੌਰ ਕਸਬੇ 'ਚ ਕੀਤੀ ਰੈਲੀ ਦੌਰਾਨ ਸ਼ਰਾਬ ਵੰਡਣ ਦੇ ਦੋਸ਼ ਲੱਗੇ ਸਨ। ਕਾਂਗਰਸ ਨੇ ਕਾਰਵਾਈ ਦੀ ਮੰਗ ਕੀਤੀ ਤਾਂ ਆਬਕਾਰੀ ਵਿਭਾਗ ਦੇ ਉਕਤ ਇੰਸਪੈਕਟਰ ਨੇ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਸਬੰਧਤ ਫੋਟੋਆਂ ਫਰਜ਼ੀ ਹਨ ਤੇ ਇਸ ਤਰ੍ਹਾਂ ਦਾ ਬਰਾਂਡ ਸਬੰਧਤ ਠੇਕੇ 'ਤੇ ਵਿਕਦਾ ਹੀ ਨਹੀਂ।

## ਭਾਜਪਾ ਵੱਲੋਂ ਪਾਕਿਸਤਾਨ ਲਈ ਵੈਬਸਾਈਟ ਬੰਦ

**ਇਸਲਾਮਾਬਾਦ:** ਪਾਕਿਸਤਾਨ ਦੇ ਲੋਕਾਂ ਦੀ ਭਾਜਪਾ ਦੀ ਵੈਬਸਾਈਟ ਤੱਕ ਪਹੁੰਚ ਨਹੀਂ ਰਹੀ। ਪਾਰਟੀ ਨੇ ਆਪਣਾ ਇੰਟਰਨੈਟ ਪੇਜ ਬਲਾਕ ਕਰ ਦਿੱਤਾ ਹੈ ਜਦਕਿ ਇਸ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਦਾ ਪੋਰਟਲ ਅਜੇ ਉਪਲਬਧ ਹੈ। ਜਦੋਂ ਵੀ ਕੋਈ ਪਾਕਿਸਤਾਨ ਵਾਸੀ ਭਾਜਪਾ ਦਾ ਪੇਜ ਲੌਗ ਇਨ ਕਰਦਾ ਹੈ ਤਾਂ ਇਹ ਲਿਖਿਆ ਆ ਜਾਂਦਾ ਹੈ ਕਿ ਇਹ ਵੈੱਬਸਾਈਟ ਉਤੇ ਪਾਬੰਦੀ ਲਾ ਦਿੱਤੀ ਹੈ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200





Security Cameras
Special promotion
for limited time only

1000 TVL camera for the price of 700 TVL camera
Limit 4 for each customer only

*For more Details, Contact:*
Balbir S Sidhu-209-495-3905 (Cell)
Toll Free (888) 233-4566

DVRunlimited Inc.
Fax-(209) 982-9133



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow
*Low Rates *One-Time Discounts *No Minimums

Call Paul at 1-800-705-3863
Transportation Funding Group, Inc.
Minneapolis , MN 55426

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੰਘੀਆਂ ਦੇ ਭੜਕਾਊ ਭਾਸ਼ਣਾਂ ਤੋਂ ਮੋਦੀ ਹੋਇਆ ਔਖਾ

**ਅਹਿਮਦਾਬਾਦ:** ਭਗਵਾ ਕੈਂਪ ਦੇ ਆਗੂਆਂ ਵੱਲੋਂ ਨਫ਼ਰਤ ਭਰੇ ਭਾਸ਼ਣ ਦੇਣ ਅਤੇ ਕੌੜੇ ਬੋਲ ਬੋਲਣ ਤੋਂ ਪ੍ਰੇਸ਼ਾਨ ਨਰੇਂਦਰ ਮੋਦੀ ਨੇ ਭਾਜਪਾ ਦੇ ਆਪਣੇ ਸ਼ੁਭ ਚਿੰਤਕਾਂ ਨੂੰ ਅਜਿਹੇ ਬਿਆਨਾਂ ਤੋਂ ਵਰਜਦਿਆਂ ਕਿਹਾ ਹੈ ਕਿ ਉਹ ਪ੍ਰਚਾਰ ਨੂੰ ਮਾਰਗ ਤੋਂ ਭਟਕਾਅ ਰਹੇ ਹਨ। ਉਨ੍ਹਾਂ ਗਿਰੀਰਾਜ ਸਿੰਘ ਅਤੇ ਪ੍ਰਵੀਨ ਤੋਗੜੀਆ ਦੇ ਬਿਆਨਾਂ ਬਾਰੇ ਟਵੀਟ ਕਰ ਕੇ ਕਿਹਾ ਹੈ, "ਮੈਂ ਅਜਿਹੇ ਗੈਰ-ਜ਼ਿੰਮੇਵਾਰਾਨਾ ਬਿਆਨ ਅਪ੍ਰਵਾਨ ਕਰਦਾ ਹਾਂ ਅਤੇ ਅਜਿਹੇ ਬਿਆਨ ਦੇਣ ਵਾਲਿਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਨ੍ਹਾਂ ਤੋਂ ਗੁਰੇਜ਼ ਕਰਨ।"

ਭਾਜਪਾ ਵੱਲੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਸ੍ਰੀ ਮੋਦੀ ਨੇ ਕਿਹਾ ਕਿ ਪੂਰਾ ਮੁਲਕ ਭਾਜਪਾ ਵੱਲ ਆਸਾਂ ਭਰੀਆਂ ਨਜ਼ਰ ਨਾਲ ਦੇਖ ਰਿਹਾ ਹੈ ਅਤੇ ਪਾਰਟੀ ਨੂੰ ਚੰਗੇ ਸ਼ਾਸਨ ਅਤੇ ਵਿਕਾਸ ਦੇ ਮੁੱਦਿਆਂ ਨੂੰ ਲੋਕਾਂ ਸਾਹਮਣੇ ਉਠਾਉਣਾ ਚਾਹੀਦਾ ਹੈ। ਇਕ ਟੀ.ਵੀ. ਚੈਨਲ ਨਾਲ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਉਹ ਰਾਮ ਮੰਦਰ ਅਤੇ ਇਕਸਾਰ ਸਿਵਲ ਕੋਡ ਜਿਹੇ ਮਸਲਿਆਂ ਨੂੰ ਸੰਵਿਧਾਨਕ ਦਾਇਰੇ ਅੰਦਰ ਹੱਲ ਕਰਨ ਨੂੰ ਤਰਜੀਹ ਦੇਣਗੇ। ਦੇਸ਼ ਦੇ ਹੋਰਨਾਂ ਨਾਗਰਿਕਾਂ ਵਾਂਗ ਮੁਸਲਮਾਨ ਭਰਾਵਾਂ ਕੋਲ ਵੀ ਪਹੁੰਚ ਕਰਨਗੇ।



ਉਨ੍ਹਾਂ ਗੁਜਰਾਤ ਦਾ ਮੁੱਖ ਮੰਤਰੀ ਰਹਿੰਦਿਆਂ ਉੱਥੋਂ ਦੇ ਛੇ ਕਰੋੜ ਲੋਕਾਂ ਨਾਲ ਰਾਬਤਾ ਕਾਇਮ ਕਰਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਹੁਣ ਦੇਸ਼ ਦੀ ਜ਼ਿੰਮੇਵਾਰੀ ਮਿਲਣ 'ਤੇ ਉਹ 125 ਕਰੋੜ ਲੋਕਾਂ ਕੋਲ ਪਹੁੰਚਣ ਦੀ ਕੋਸ਼ਿਸ਼ ਕਰਨਗੇ।

ਆਪਣੀ ਤੇਜ਼-ਤਰਾਰ ਆਗੂ ਦੀ ਦਿੱਖ ਨੂੰ ਨਕਾਰਦਿਆਂ ਉਨ੍ਹਾਂ ਨੇ ਕਿਹਾ, "ਦੇਸ਼ ਨੂੰ ਤੇਜ਼-ਤਰਾਰੀ ਨਾਲ ਨਹੀਂ ਚਲਾਇਆ ਜਾ ਸਕਦਾ, ਸਗੋਂ ਉਹ ਤਾਂ ਸੰਵਿਧਾਨ ਅਨੁਸਾਰ ਚੱਲਦਾ ਹੈ। ਤੇਜ਼-ਤਰਾਰੀ ਤਾਂ ਚੋਣਾਂ ਲਈ ਹੈ, ਦੇਸ਼ ਚਲਾਉਣ ਵਾਸਤੇ ਨਹੀਂ।" ਪ੍ਰਧਾਨ ਮੰਤਰੀ ਬਣਨ 'ਤੇ ਕੀ ਉਨ੍ਹਾਂ 'ਤੇ ਆਰ.ਐਸ.ਐਸ. ਦਾ ਪਰਛਾਵਾਂ ਵੀ ਹੋਏਗਾ, ਦੇ ਸਵਾਲ ਬਾਰੇ ਸ੍ਰੀ ਮੋਦੀ ਨੇ ਸਪਸ਼ਟ ਕੀਤਾ ਕਿ ਸਰਕਾਰ ਤਾਂ ਸੰਵਿਧਾਨ ਮੁਤਾਬਕ ਚਲਦੀ ਹੈ ਅਤੇ ਉਸ ਦਾ ਇਕੋ ਧਰਮ ਹੁੰਦਾ ਹੈ; ਪਹਿਲਾਂ ਭਾਰਤ। ਗੁਜਰਾਤ ਦੰਗਿਆਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਹਰ ਪ੍ਰੀਖਿਆ ਪਾਸ ਕੀਤੀ ਹੈ ਅਤੇ ਹੋਰ ਪ੍ਰੀਖਿਆ ਦੇਣ ਲਈ ਵੀ ਤਿਆਰ ਹਨ ਪਰ ਉਹ ਸਿਆਸੀ ਮੁਫਾਦਾਂ ਅਤੇ ਕੂੜ ਪ੍ਰਚਾਰ ਅੱਗੇ ਕਦੇ ਵੀ ਆਤਮ-ਸਮਰਪਣ ਨਹੀਂ ਕਰਨਗੇ।

## *ਗਿਰੀਰਾਜ ਉਪਰ ਚੋਣ ਪ੍ਰਚਾਰ ਕਰਨ 'ਤੇ ਰੋਕ*

***ਨਵੀਂ ਦਿੱਲੀ:*** *ਚੋਣ ਕਮਿਸ਼ਨ ਨੇ ਗਿਰੀਰਾਜ ਸਿੰਘ ਨੂੰ ਬਿਹਾਰ ਅਤੇ ਝਾਰਖੰਡ ਵਿਚ ਚੋਣ ਪ੍ਰਚਾਰ ਕਰਨ ਤੋਂ ਰੋਕ ਦਿੱਤਾ ਹੈ। ਉਨ੍ਹਾਂ ਨੂੰ ਵੱਖਰਾ ਨੋਟਿਸ ਜਾਰੀ ਕਰਕੇ ਭੜਕਾਊ ਭਾਸ਼ਣ ਦੇਣ ਸਬੰਧੀ ਜਵਾਬ-ਤਲਬੀ ਵੀ ਕੀਤੀ ਗਈ ਹੈ। ਗਿਰੀਰਾਜ ਸਿੰਘ ਖਿਲਾਫ਼ ਤਿੰਨ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਪ੍ਰਵੀਨ ਤੋਗੜੀਆ ਵਿਰੁੱਧ ਇਕ ਪਰਚਾ ਦਰਜ ਕੀਤਾ ਗਿਆ ਹੈ।*

# *ਲੇਖਕ ਰਜ਼ਾ ਰੂਮੀ ਨੇ ਪਾਕਿਸਤਾਨ ਛੱਡਿਆ*

**ਇਸਲਾਮਾਬਾਦ:** ਪਾਕਿਸਤਾਨ ਦੇ ਸੀਨੀਅਰ ਵਿਸ਼ਲੇਸ਼ਣਕਾਰ ਅਤੇ ਲੇਖਕ ਰਜ਼ਾ ਰੂਮੀ ਨੇ ਕੁਝ ਮਹੀਨਿਆਂ ਲਈ ਦੇਸ਼ ਛੱਡ ਦਿੱਤਾ ਹੈ। ਉਸ 'ਤੇ ਵੱਖਵਾਦੀ ਇੰਤਹਾਪਸੰਦ ਜਥੇਬੰਦੀ ਲਸ਼ਕਰ-ਇ-ਝਾਂਗਵੀ ਨੇ ਕਥਿਤ ਤੌਰ 'ਤੇ ਗੋਲੀਆਂ ਚਲਾ ਕੇ ਹਮਲਾ ਕੀਤਾ ਸੀ।

ਤਾਲਿਬਾਨ ਅਤੇ ਹੋਰ ਧਾਰਮਿਕ ਦਹਿਸ਼ਤਪਸੰਦ ਗਰੁੱਪਾਂ ਦੀ ਕਰੜੀ ਨਿੰਦਾ ਕਰਨ ਵਾਲੇ ਰੂਮੀ 'ਤੇ 28 ਮਾਰਚ ਨੂੰ ਲਾਹੌਰ ਵਿਚ ਹਮਲਾ ਕੀਤਾ ਗਿਆ ਸੀ ਜਿਸ ਵਿਚ ਉਸ ਦਾ ਡਰਾਇਵਰ ਮਾਰਿਆ ਗਿਆ ਤੇ ਗਾਰਡ ਜ਼ਖ਼ਮੀ ਹੋ ਗਿਆ ਸੀ। ਰੂਮੀ ਨੇ ਦੱਸਿਆ ਕਿ ਉਹ ਕੁਝ ਮਹੀਨਿਆਂ ਲਈ ਦੇਸ਼ ਵਿਚੋਂ ਬਾਹਰ ਜਾ ਰਿਹਾ ਹੈ ਪਰ ਫਿਰ ਕਿਤੇ ਵਾਪਸ ਆ ਜਾਵੇਗਾ। ਯਾਦ ਰਹੇ ਕਿ ਸੀਨੀਅਰ ਪੱਤਰਕਾਰ ਹਾਮਿਦ ਮੀਰ 'ਤੇ ਵੀ ਕਰਾਚੀ ਵਿਚ ਹਮਲਾ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਮੀਰ ਦੇ ਭਰਾ ਨੇ ਦੋਸ਼ ਲਾਏ ਕਿ ਆਈ.ਐਸ.ਆਈ. ਵਿਚਲੇ ਕੁਝ ਅਨਸਰ ਅਤੇ ਇਸ ਦੇ ਮੁਖੀ ਹਮਲੇ ਲਈ ਜ਼ਿੰਮੇਵਾਰ ਹਨ।

# ਸਿਆਸੀ ਲੀਡਰ ਹੀ ਕਰ ਰਹੇ ਨੇ ਨਸ਼ਿਆਂ ਦਾ ਕਾਰੋਬਾਰ

*(ਸਫਾ ਇਕ ਦੀ ਬਾਕੀ)*

ਵੱਲੋਂ ਨਸ਼ੇ ਵੇਚਣ ਵਾਲਿਆਂ ਦੀ ਤਿਆਰ ਕੀਤੀ ਸੂਚੀ ਵਿਚ ਦੋ ਵਜ਼ੀਰਾਂ, ਇਕ ਮੁੱਖ ਪਾਰਲੀਮਾਨੀ ਸਕੱਤਰ, ਦੋ ਤੱਤਕਾਲੀ ਵਿਧਾਇਕਾਂ ਅਤੇ ਇਕ ਭਾਜਪਾ ਆਗੂ ਦੇ ਨਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਏ.ਡੀ.ਜੀ.ਪੀ. (ਖੁਫੀਆ) ਹੋਣ ਸਮੇਂ 2007 ਵਿਚ ਇਹ ਸੂਚੀ ਤਿਆਰ ਕੀਤੀ ਗਈ ਸੀ ਤੇ ਉਸ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪ ਦਿੱਤੀ ਗਈ ਸੀ।

ਉਨ੍ਹਾਂ ਕਿਹਾ ਕਿ ਇਸ ਸੂਚੀ ਵਿਚ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਅਜੀਤ ਸਿੰਘ ਕੋਹਾੜ ਤੋਂ ਇਲਾਵਾ ਮੁੱਖ ਪਾਰਲੀਮਾਨੀ ਸਕੱਤਰ ਵਿਰਸਾ ਸਿੰਘ ਵਲਟੋਹਾ, ਤਤਕਾਲੀ ਵਿਧਾਇਕ ਵੀਰ ਸਿੰਘ ਲੋਪੋਕੇ, ਅੰਮ੍ਰਿਤਸਰ ਦੇ ਕਾਂਗਰਸ ਵਿਧਾਇਕ ਓਮ ਪ੍ਰਕਾਸ਼ ਸੋਨੀ ਤੋਂ ਇਲਾਵਾ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਨਜ਼ਦੀਕੀ ਜਿੰਮੀ ਕਾਲੀਆ ਦੇ ਨਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਵਪਾਰੀਆਂ ਦੀ ਇਸ ਸੂਚੀ ਵਿਚ 15 ਤੋਂ ਵਧੇਰੇ ਸੀਨੀਅਰ ਪੁਲਿਸ ਅਫਸਰਾਂ ਸਮੇਤ ਕਈ ਸਮਾਜ-ਸੇਵੀ ਸੰਸਥਾਵਾਂ ਦੇ ਮੁਖੀਆਂ ਦੇ ਨਾਂ ਵੀ ਸ਼ਾਮਲ ਹਨ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਬਾਦਲ ਨੇ ਉਨ੍ਹਾਂ ਨੂੰ ਅਜਿਹੀਆਂ ਸੂਚੀਆਂ ਤਿਆਰ ਨਾ ਕਰਨ ਦੀ ਨਸੀਹਤ ਦਿੰਦਿਆਂ ਝਾੜ ਪਾਈ ਸੀ। ਸਾਬਕਾ ਪੁਲਿਸ ਅਧਿਕਾਰੀ ਨੇ ਕਿਹਾ ਕਿ 2007 ਵਿਚ ਨਸ਼ੀਲੇ ਪਦਾਰਥ ਕੰਟਰੋਲ ਬੋਰਡ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਨਸ਼ੇ ਦੇ ਵਪਾਰ ਲਈ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੇ ਘਰ ਛਾਪਾ ਮਾਰਨਾ ਸੀ ਪਰ ਇਸ ਬਾਰੇ ਮੁੱਖ ਮੰਤਰੀ ਨੂੰ ਭਿਣਕ ਪੈ ਗਈ ਤੇ ਉਨ੍ਹਾਂ ਹੁਕਮ ਦਿੱਤਾ ਕਿ ਆਪਣਾ ਰਸੂਖ ਵਰਤ ਕੇ ਇਹ ਛਾਪਾ ਰੋਕਿਆ ਜਾਵੇ। ਉਨ੍ਹਾਂ ਇਕ ਹੋਰ ਅਹਿਮ ਇੰਕਸ਼ਾਫ ਕੀਤਾ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਮਤਭੇਦ ਉਦੋਂ ਪੈਦਾ ਹੋਏ ਜਦ ਬਾਦਲ ਪਰਿਵਾਰ ਦੀ ਔਰਬਿਟ ਬੱਸ ਰੋਕਣ ਵਾਲੇ ਵਿਅਕਤੀਆਂ ਉਪਰ ਨਸ਼ੇ ਦੇ ਕੇਸ ਪਾਉਣ ਦਾ ਉਨ੍ਹਾਂ ਵਿਰੋਧ ਕੀਤਾ ਸੀ। ਉਸ ਤੋਂ ਬਾਅਦ ਉਸ ਨੂੰ ਲਗਾਤਾਰ ਘੱਟ ਅਹਿਮ ਅਹੁਦਿਆਂ ਉਪਰ ਲਾਇਆ ਜਾਂਦਾ ਰਿਹਾ।

## ਸੁਖਬੀਰ ਨੇ ਘੜੀ ਸੀ ਡੇਰਾ ਵਿਵਾਦ ਦੀ ਸਾਜ਼ਿਸ਼

***ਚੰਡੀਗੜ੍ਹ:*** *ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀਕਾਂਤ ਨੇ ਇਹ ਵੀ ਦਾਅਵਾ ਕੀਤਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਖੁਫ਼ੀਆ ਵਿਭਾਗ ਰਾਹੀਂ ਡੇਰਾ ਸੱਚਾ ਸੌਦਾ ਦੇ ਪ੍ਰੇਮੀਆਂ ਦੀ ਵਿਸਥਾਰਤ ਰਿਪੋਰਟ ਤਿਆਰ ਕਰਨ ਦਾ ਹੁਕਮ ਦਿੱਤਾ ਸੀ ਅਤੇ ਅਸੀਂ ਕਰੀਬ ਦੋ ਸੌ ਸਫੇ ਦੀ ਰਿਪੋਰਟ ਤਿਆਰ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਸੌਂਪੀ ਸੀ। ਸੱਚਾ ਸੌਦਾ ਦੇ 2007 ਦੇ ਚਰਚਿਤ ਵਿਵਾਦ ਬਾਰੇ ਸ਼ਸ਼ੀਕਾਂਤ ਨੇ ਕਿਹਾ ਕਿ ਇਸ ਸਾਰੇ ਮਾਮਲੇ ਦੀ ਸਾਜ਼ਿਸ਼ ਚੰਡੀਗੜ੍ਹ ਦੇ ਸੈਕਟਰ-9 ਵਿਚ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਘੜੀ ਗਈ ਸੀ ਤੇ ਉਥੇ ਵਿਉਂਤੀ ਯੋਜਨਾ ਤਹਿਤ ਬਾਬੇ ਦਾ ਚੋਲਾ ਤਿਆਰ ਕਰਵਾ ਕੇ ਅੰਦਰ ਭੇਜਿਆ ਗਿਆ ਤੇ ਇਕ ਪ੍ਰੈਸ ਵਾਲੇ ਨੂੰ ਤਸਵੀਰਾਂ ਛਾਪਣ ਲਈ ਢਾਈ ਲੱਖ ਰੁਪਏ ਵੀ ਭੇਜੇ ਗਏ ਸਨ। ਸਾਲ 2007 ਵਿਚ ਡੇਰਾ ਸਿਰਸਾ ਵੱਲੋਂ ਕਾਂਗਰਸ ਦੀ ਹਮਾਇਤ ਕੀਤੇ ਜਾਣ ਦੀ ਚਰਚਾ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਬਾਬੇ ਦੇ ਹਮਾਇਤੀਆਂ ਤੇ ਵਿਰੋਧੀਆਂ ਨੂੰ ਇਕੱਤਰ ਹੋਣ ਲਈ ਫੋਨ ਕਰਨੇ ਵੀ ਉਕਤ ਸਾਜ਼ਿਸ਼ ਦਾ ਹੀ ਹਿੱਸਾ ਸੀ। ਬਾਬੇ ਦੇ ਡਰਾਈਵਰ ਖੱਟਾ ਸਿੰਘ ਵਰਗਿਆਂ ਦੀ ਸ਼ਮੂਲੀਅਤ ਇਸੇ ਯੋਜਨਾ ਤਹਿਤ ਕਰਵਾਈ ਗਈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਤੱਤਕਾਲੀ ਡੀ.ਜੀ.ਪੀ. ਐਨ.ਪੀ.ਐਸ. ਔਲਖ ਤੇ ਮੌਜੂਦਾ ਡੀ.ਜੀ.ਪੀ. ਸੁਰੇਸ਼ ਅਰੋੜਾ ਨੂੰ ਜਾਣਕਾਰੀ ਸੀ। ਹੁਣ ਉਹੀ ਪੰਜਾਬ ਸਰਕਾਰ ਬਾਬੇ ਵਿਰੁਧ ਦਰਜ ਕੇਸ ਵਾਪਸ ਲੈਣ ਲਈ ਅਦਾਲਤ ਨੂੰ ਦਰਖਾਸਤ ਦੇ ਰਹੀ ਹੈ। ਇਹ ਸਭ ਵੋਟ ਸਿਆਸਤ ਹੈ।*

# ਕਤਲੇਆਮ 84: ਫਿਰ ਫਸੀ ਕਾਂਗਰਸ

*(ਸਫਾ ਇਕ ਦੀ ਬਾਕੀ)*

ਸਬਕ ਸਿਖਾਇਆ ਜਾਵੇ। ਕੋਬਰਾਪੋਸਟ ਨੇ ਇਹ ਸਟਿੰਗ ਆਪਰੇਸ਼ਨ ਇਕ ਸਾਲ ਦੌਰਾਨ ਕੀਤਾ ਤੇ ਬਹੁਤਾ ਕੰਮ ਪਿਛਲੇ ਦੋ ਮਹੀਨਿਆਂ ਵਿਚ।

ਕੋਬਰਾਪੋਸਟ ਦੇ ਸੰਪਾਦਕ ਅਨਿਰੁੱਧ ਬਹਿਲ ਨੇ ਕਿਹਾ ਕਿ ਇਸ ਦਾ ਮਨਸ਼ਾ 1984 ਦੀਆਂ ਉਨ੍ਹਾਂ ਦੁੱਖ ਭਰੀਆਂ ਘਟਨਾਵਾਂ ਦੇ ਸੰਖੇਪ ਵੇਰਵੇ ਲੈਣਾ ਸੀ ਜੋ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਹੋਈਆਂ। ਇਸ ਕਰ ਕੇ ਇਸ ਨੇ ਉਨ੍ਹਾਂ ਪੁਲਿਸ ਵਾਲਿਆਂ ਦੇ ਬਿਆਨ ਲੈਣ ਦੀ ਸੋਚੀ ਜਿਨ੍ਹਾਂ ਦੀ ਨਿਗਰਾਨੀ ਵਿਚ ਅਗਜ਼ਨੀ, ਕਤਲ ਹੋਏ ਸਨ। ਨਿਊਜ਼ ਪੋਰਟਲ ਦਾ ਦਾਅਵਾ ਹੈ ਕਿ ਉਸ ਵੇਲੇ ਪਟੇਲ ਨਗਰ ਦੇ ਐਸ.ਐਚ.ਓ. ਅਮਰੀਕ ਸਿੰਘ ਭੁੱਲਰ ਨੇ ਆਪਣੇ ਹਲਫਨਾਮੇ ਵਿਚ ਕੁਝ ਸਥਾਨਕ ਆਗੂਆਂ 'ਤੇ ਭੀੜ ਨੂੰ ਭੜਕਾਉਣ ਤੇ ਉਨ੍ਹਾਂ ਦੀ ਅਗਵਾਈ ਕਰਨ ਦੇ ਦੋਸ਼ ਲਾਏ ਸਨ।

ਬਹਿਲ ਮੁਤਾਬਕ ਇਕੱਲੇ ਕਲਿਆਣਕਾਰੀ ਵਿਚ 500-600 ਸਿੱਖ ਮਾਰੇ ਗਏ ਸਨ। ਪੁਲਿਸ ਨੇ ਪੀੜਤਾਂ ਨੂੰ ਐਫ.ਆਈ.ਆਰ. ਦਰਜ ਕਰਾਉਣ ਦੀ ਆਗਿਆ ਨਹੀਂ ਦਿੱਤੀ ਜਾਂ ਅਗਜ਼ਨੀ ਤੇ ਕਤਲਾਂ ਦੇ ਕਈ-ਕਈ ਕੇਸ ਇਕੱਠੇ ਕਰ ਦਿੱਤੇ ਗਏ ਤੇ ਕਈ ਥਾਂਈਂ ਸੀਨੀਅਰਾਂ ਨੇ ਆਪਣੇ ਹੇਠਲੇ ਅਧਿਕਾਰੀਆਂ ਨੂੰ ਦੰਗਾ ਕਰਨ ਵਾਲਿਆਂ 'ਤੇ ਫਾਇਰਿੰਗ ਨਹੀਂ ਕਰਨ ਦਿੱਤੀ। ਬਹਿਲ ਨੇ ਦੋਸ਼ ਲਾਏ ਕਿ ਕੋਬਰਾਪੋਸਟ ਨੂੰ ਇੰਟਰਵਿਊ ਦੇਣ ਵਾਲੇ ਘੱਟੋ-ਘੱਟ ਤਿੰਨ ਅਫਸਰਾਂ ਨੇ ਸਾਬਕਾ ਸੀ.ਪੀ. ਸ੍ਰੀ ਐਸ.ਸੀ. ਟੰਡਨ ਦੀ ਭੂਮਿਕਾ 'ਤੇ ਸੁਆਲ ਕੀਤੇ।

# ਟਾਈਟਲਰ ਨੂੰ ਕਲੀਨ ਚਿੱਟ ਨਹੀਂ ਦਿੱਤੀ: ਕੈਪਟਨ

*(ਸਫਾ ਇਕ ਦੀ ਬਾਕੀ)*

ਕਲੀਨ ਚਿੱਟ ਨਹੀਂ ਦਿੱਤੀ ਹੈ ਤੇ ਇਸ ਬਾਰੇ ਫ਼ੈਸਲਾ ਅਦਾਲਤ ਨੇ ਕਰਨਾ ਹੈ। ਉਨ੍ਹਾਂ ਸਿਰਫ਼ ਇਹ ਕਿਹਾ ਸੀ ਕਿ ਦੰਗਿਆਂ ਦੀਆਂ ਘਟਨਾਵਾਂ ਤੋਂ ਬਾਅਦ ਜਦੋਂ ਉਹ ਪ੍ਰਭਾਵਿਤ ਖੇਤਰ ਵਿਚ ਗਏ ਸਨ ਤਾਂ ਉਸ ਵੇਲੇ ਕਿਸੇ ਨੇ ਵੀ ਜਗਦੀਸ਼ ਟਾਈਟਲਰ ਦਾ ਨਾਂ ਨਹੀਂ ਲਿਆ ਸੀ। ਉਨ੍ਹਾਂ ਕਿਹਾ ਕਿ ਉਹ ਪਿਛਲੇ 30 ਸਾਲਾਂ ਤੋਂ ਆਪਣੇ ਇਸ ਬਿਆਨ 'ਤੇ ਖੜ੍ਹੇ ਹਨ ਤੇ ਪਹਿਲਾਂ ਕਦੇ ਅਕਾਲੀ-ਭਾਜਪਾ ਆਗੂਆਂ ਦੀ ਨੀਂਦ ਨਹੀਂ ਖੁੱਲ੍ਹੀ। ਉਨ੍ਹਾਂ ਦੋਸ਼ ਲਾਇਆ ਕਿ ਅੰਮ੍ਰਿਤਸਰ ਵਿਚ ਆਪਣੀ ਹਾਰ ਨੂੰ ਦੇਖਦਿਆਂ ਸੌੜੇ ਸਿਆਸੀ ਹਿੱਤਾਂ ਖ਼ਾਤਰ ਇਸ ਮੁੱਦੇ 'ਤੇ ਲੋਕਾਂ ਨੂੰ ਭੜਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਉਧਰ, ਕਾਂਗਰਸ ਨੇ ਸਿੱਖ ਕਤਲੇਆਮ ਵਿਚ ਆਰ.ਐਸ.ਐਸ., ਭਾਜਪਾ ਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਦੇ ਚੋਣ ਏਜੰਟ ਦੇ ਨਾਂਵਾਂ ਨੂੰ ਘੜੀਸਿਆ ਹੈ ਤੇ ਲੋਕ ਸਭਾ ਚੋਣਾਂ ਵਿਚ ਜਿੱਤ ਲਈ ਭਾਜਪਾ-ਅਕਾਲੀ ਦਲ ਗੱਠਜੋੜ 'ਤੇ ਮੁੱਦੇ ਨੂੰ ਸਿਆਸੀ ਰੰਗਤ ਦੇਣ ਦਾ ਦੋਸ਼ ਲਾਇਆ ਹੈ। ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ 1984 ਦੇ ਦੰਗਿਆਂ ਵਿਚ ਕਈ ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਸ ਮਾਮਲੇ ਵਿਚ ਆਰ.ਐਸ.ਐਸ., ਭਾਜਪਾ, ਕਾਂਗਰਸ ਤੇ ਵੱਖ ਵੱਖ ਸੰਗਠਨਾਂ ਨੂੰ ਦੋਸ਼ੀ ਬਣਾਇਆ ਗਿਆ ਹੈ।

ਇਸ ਦੌਰਾਨ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੋਸ਼ ਲਾਇਆ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਸ੍ਰੀ ਜੇਤਲੀ ਵੀ ਦੋਸ਼ੀ ਹਨ, ਕਿਉਂਕਿ ਉਨ੍ਹਾਂ 2002 ਵਿਚ ਕੇਂਦਰੀ ਕਾਨੂੰਨ ਮੰਤਰੀ ਹੁੰਦਿਆਂ ਦੰਗਿਆਂ ਲਈ ਦੋਸ਼ੀ ਆਰ.ਐਸ.ਐਸ. ਤੇ ਭਾਜਪਾ ਵਰਕਰਾਂ ਦੀ ਰਿਹਾਈ ਵਾਸਤੇ ਯਤਨ ਕੀਤਾ ਸੀ ਜਦਕਿ ਕੈਪਟਨ ਅਮਰਿੰਦਰ ਸਿੰਘ ਨੇ ਸਾਕਾ ਨੀਲਾ ਤਾਰਾ ਸਮੇਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਕੁਰਬਾਨੀ ਦਿੱਤੀ ਸੀ।

# ਔਰਬਿਟ ਬੱਸ ਵਾਲਿਆਂ ਨੇ ਮੁਆਫ਼ੀ ਮੰਗੀ

**ਜਲੰਧਰ:** ਪੀ.ਆਰ.ਟੀ.ਸੀ. ਦੀ ਬੱਸ ਵਿਚੋਂ ਔਰਬਿਟ ਬੱਸ ਦੇ ਕਰਿੰਦਿਆਂ ਵੱਲੋਂ ਧੱਕੇ ਨਾਲ ਸਵਾਰੀਆਂ ਉਤਾਰਨ ਦੇ ਕੇਸ ਵਿਚ ਔਰਬਿਟ ਬੱਸ ਵਾਲਿਆਂ ਨੇ ਲਿਖਤੀ ਮੁਆਫ਼ੀ ਮੰਗ ਕੇ ਆਪਣਾ ਖਹਿੜਾ ਛੁਡਾਇਆ ਹੈ। ਪੀ.ਆਰ.ਟੀ.ਸੀ. ਨੂੰ ਹੋਏ ਮਾਲੀ ਨੁਕਸਾਨ ਵਜੋਂ ਔਰਬਿਟ ਕੰਪਨੀ ਵਾਲਿਆਂ ਨੂੰ ਸੱਤ ਹਜ਼ਾਰ ਰੁਪਏ ਹਰਜਾਨੇ ਵਜੋਂ ਵੀ ਦੇਣਾ ਪਿਆ ਹੈ। ਸੋਮਵਾਰ ਨੂੰ ਕਪੂਰਥਲਾ ਤੋਂ ਬਠਿੰਡਾ ਜਾ ਰਹੀ ਬੱਸ ਨੂੰ ਔਰਬਿਟ ਬੱਸ ਵਾਲਿਆਂ ਨੇ ਪੀ.ਏ.ਪੀ. ਚੌਕ ਨੇੜੇ ਰੋਕ ਲਿਆ ਸੀ ਅਤੇ ਧੱਕੇ ਨਾਲ ਬੱਸ ਵਿਚੋਂ ਸਵਾਰੀਆਂ ਉਤਾਰ ਲਈਆਂ ਸਨ। ਔਰਬਿਟ ਬੱਸਾਂ ਦੀ ਕੰਪਨੀ ਬਾਦਲਾਂ ਦੀ ਹੈ। ਯਾਦ ਰਹੇ ਕਿ 2007 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਔਰਬਿਟ, ਡੱਬਵਾਲੀ ਟਰਾਂਸਪੋਰਟ ਦੀਆਂ ਬੱਸਾਂ ਪੰਜਾਬ ਦੇ ਵੱਖ-ਵੱਖ ਰੂਟਾਂ 'ਤੇ ਵੀ ਚੱਲਣ ਲੱਗ ਪਈਆਂ ਸਨ ਜਿਥੇ ਪਹਿਲਾਂ ਇਹ ਬੱਸਾਂ ਕਦੇ ਕਿਸੇ ਨੇ ਦੇਖੀਆਂ ਹੀ ਨਹੀਂ ਸਨ। ਪੀ.ਆਰ.ਟੀ.ਸੀ. ਨਾਲ ਛਿੜੇ ਵਿਵਾਦ ਦਾ ਮਾਮਲਾ ਜਦੋਂ ਮੀਡੀਆ ਵਿਚ ਆ ਗਿਆ ਤਾਂ ਬਦਨਾਮੀ ਤੋਂ ਬਚਣ ਲਈ ਸਮਝੌਤੇ ਵਾਲੇ ਰਾਹ ਨੂੰ ਤਰਜੀਹ ਦਿੱਤੀ ਗਈ। ਪੀ.ਆਰ.ਟੀ.ਸੀ. ਦੇ ਡਰਾਈਵਰ ਤੇ ਬੱਸ ਕੰਡਕਟਰ ਨੇ ਨੰਗਲਸ਼ਾਮਾ ਚੌਕੀ ਵਿਚ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੀ ਬੱਸ ਨੂੰ ਜਬਰੀ ਰੋਕ ਕੇ ਉਸ ਵਿਚੋਂ ਸਵਾਰੀਆਂ ਉਤਾਰ ਲਈਆਂ ਗਈਆਂ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਜੂਨ 1984 ਦੇ ਘੱਲੂਘਾਰੇ ਦੀ ਯਾਦ 'ਚ ਸਿੱਖ ਡੇ ਪਰੇਡ 7 ਜੂਨ ਨੂੰ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਜੂਨ 1984 ਦੇ ਸਿੱਖ ਘੱਲੂਘਾਰੇ ਦੀ 30ਵੀਂ ਦੁਖਦਾਈ ਯਾਦ ਮਨਾਉਣ ਲਈ ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਵਲੋਂ ਆਉਂਦੀ 7 ਜੂਨ, ਸਨਿਚਰਵਾਰ ਨੂੰ ਇਕ ਸਿੱਖ ਡੇ ਪਰੇਡ ਕੀਤੀ ਜਾਵੇਗੀ। ਇਹ ਪਰੇਡ ਸੈਨ ਫਰਾਂਸਿਸਕੋ ਡਾਊਨ ਟਾਊਨ ਦੀ ਮੇਨ ਸਟਰੀਟ ਅਤੇ ਹੈਰੀਸਨ ਸਟਰੀਟ ਤੋਂ ਸ਼ੁਰੂ ਹੋਵੇਗੀ ਅਤੇ ਮਾਰਕੀਟ ਸਟਰੀਟ ਤੋਂ ਖੱਬੇ ਮੁੜਦੇ ਹੋਏ ਯੂ.ਐਨ. ਪਲਾਜ਼ਾ ਜਾ ਕੇ ਸਮਾਪਤ ਹੋਵੇਗੀ। ਇਸ ਦਾ ਮਨੋਰਥ ਅਮਰੀਕੀ ਮੁੱਖ ਧਾਰਾ ਦੇ ਲੋਕਾਂ ਤੱਕ ਵੀ ਸਿੱਖ ਦਰਦ ਪਹੁੰਚਾਉਣ ਦੀ ਕੋਸ਼ਿਸ਼ ਕਰਨਾ ਵੀ ਹੈ।

ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਦੇਵ ਸਿੰਘ ਅਨੁਸਾਰ ਇਸ ਪਰੇਡ ਵਿਚ ਫਲੋਟ ਵੀ ਸ਼ਾਮਲ ਕੀਤੇ ਜਾਣਗੇ। ਚੋਣਵੇਂ ਬੁਲਾਰੇ ਸ਼ਹੀਦੀ ਯਾਦ ਦੇ ਸਬੰਧ ਵਿਚ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ। ਉਨ੍ਹਾਂ ਕਿਹਾ ਕਿ 30 ਸਾਲ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਭਾਰਤੀ ਫੌਜਾਂ ਨੇ ਸਿੱਖਾਂ ਦੇ ਪਾਕਿ-ਪਵਿੱਤਰ ਮਰਕਜ਼ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲਾ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਿੱਖ ਇਸ ਦੁਖਦਾਈ ਯਾਦ ਨੂੰ ਆਪਣੇ ਮਨਾਂ ਵਿਚੋਂ ਕਦੇ ਨਹੀਂ ਵਿਸਾਰ ਸਕਦੇ। ਭਾਈ ਜਸਦੇਵ ਸਿੰਘ ਨੇ ਕੈਲੀਫੋਰਨੀਆ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਨੂੰ ਇਸ ਪਰੇਡ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਫਲੋਟ, ਲੰਗਰ ਜਾਂ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਭਾਈ ਜਸਦੇਵ ਸਿੰਘ ਨਾਲ ਫੋਨ 650-391-4408 ਅਤੇ ਭਾਈ ਬਲਵਿੰਦਰਪਾਲ ਸਿੰਘ ਨਾਲ ਫੋਨ 510-512-5959 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



ਲੋੜ ਹੈ

ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ ਕੈਸ਼ੀਅਰ ਅਤੇ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ

ਸੰਪਰਕ ਕਰੋ
661-364-0341



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869



When Banks Say-No, We Say-ਹਾਂ ਜੀ

We provide Cash (ਕੈਸ਼) Flow to transport companies any size-**Big or Small**

We will fund the sale of your freight invoice(s) quickly



Compare our **fees and services** with our competitors.

**We will not be undersold.**

*Less paperwork and hassle free approvals*

**Invoice of any size is welcome**
(ਇਨਵਾਇਸ ਦਾ ਸਾਈਜ਼ ਕੋਈ ਵੀ ਹੋਵੇ)

ਸੰਪਰਕ ਕਰੋ
ਬਰਜਿੰਦਰ ਸਿੰਘ, ਫੋਨ: 716-312-1212

American Factoring Group, Inc.

Visit us on the web: www.factor101.com

# ਅਕਾਲੀਆਂ ਨੂੰ ਮੁੜ ਚੇਤੇ ਆਏ ਪੰਜਾਬ ਤੇ ਪੰਜਾਬੀਆਂ ਦੇ ਮੁੱਦੇ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ ਚੋਣ ਮਨੋਰਥ ਪੱਤਰ ਵਿਚ ਪੰਜਾਬ ਤੇ ਪੰਜਾਬੀਆਂ ਦੇ ਮੁੱਦਿਆਂ ਨੂੰ ਉਠਾਉਂਦਿਆਂ ਵਾਅਦਿਆਂ ਦੀ ਝੜੀ ਲਾਈ ਹੈ। ਅਕਾਲੀ ਦਲ ਨੇ ਪੰਜਾਬ ਦੇ ਮੂਲ ਮੁੱਦਿਆਂ ਚੰਡੀਗੜ੍ਹ ਤੇ ਪਾਣੀਆਂ ਦੇ ਮਸਲੇ ਤੋਂ ਇਲਾਵਾ ਪੰਜਾਬੀ ਬੋਲਦੇ ਇਲਾਕਿਆਂ ਦੇ ਹੱਲ ਦੀ ਮੁੜ ਗੱਲ ਕੀਤੀ ਹੈ। 1984 ਦੇ ਸਿੱਖ ਕਤਲੇਆਮ ਦੀ ਪੜਤਾਲ ਲਈ ਜਾਂਚ ਕਮਿਸ਼ਨ ਤੇ ਇਨਸਾਫ਼ ਲਈ ਫਾਸਟ ਟਰੈਕ ਅਦਾਲਤਾਂ ਦੀ ਕਾਇਮੀ ਦਾ ਵਾਅਦਾ ਵੀ ਕੀਤਾ ਗਿਆ ਹੈ। ਚੋਣ ਮਨਰੋਥ ਪੱਤਰ ਵਿੱਚ ਹਕੀਕੀ ਸੰਘੀ ਢਾਂਚੇ ਦੀ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ।

ਉਧਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਚੋਣ ਮਨੋਰਥ ਪੱਤਰ ਜਾਰੀ ਕਰਨ ਦੇ ਸਮਾਗਮਾਂ ਤੋਂ ਦੂਰੀ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪਹਿਲੀ ਦਫ਼ਾ ਬਠਿੰਡਾ ਤੋਂ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚੋਣ ਮਨੋਰਥ ਪੱਤਰ ਜਾਰੀ ਕਰਨ ਦੇ ਸਮਾਗਮਾਂ ਵਿਚੋਂ ਮੁੱਖ ਮੰਤਰੀ ਦੀ ਗੈਰ ਹਾਜ਼ਰੀ ਵੀ ਪਹਿਲੀ ਦਫ਼ਾ ਹੀ ਦਿਖ ਰਹੀ ਹੈ ਹਾਲਾਂਕਿ ਮੁੱਖ ਮੰਤਰੀ ਉਸ ਜਗ੍ਹਾ ਦੇ ਅੱਗਿਓਂ ਲੰਘੇ ਜਿਥੇ ਚੋਣ ਮਨੋਰਥ ਪੱਤਰ ਜਾਰੀ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਠਿੰਡਾ ਵਿਚ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਜਿਸ ਵਿਚ ਵੋਟਰਾਂ ਨਾਲ ਵਾਅਦਾ ਕੀਤਾ ਗਿਆ ਹੈ



ਕਿ ਉਹ ਕੇਂਦਰ ਦੀ ਨਵੀਂ ਸਰਕਾਰ ਤੋਂ ਆਰਥਿਕ ਤੇ ਸਨਅਤੀ ਪੈਕੇਜਾਂ ਤੋਂ ਇਲਾਵਾ ਰਾਜ ਦੇ ਖੇਤੀ ਸੰਕਟ ਦਾ ਮੰਤਰ ਵੀ ਲੈ ਕੇ ਆਉਣਗੇ। ਅਕਾਲੀ ਦਲ ਨੇ ਵਾਅਦਾ ਕੀਤਾ ਹੈ ਕਿ ਰਾਜ ਦੇ ਸਨਅਤੀਕਰਨ ਵਾਸਤੇ ਪਹਾੜੀ ਰਾਜਾਂ ਦੀ ਤਰਜ਼ 'ਤੇ ਸਨਅਤੀ ਪੈਕੇਜ ਤੇ ਖੇਤੀ ਲਈ ਸਸਤੀਆਂ ਦਰਾਂ 'ਤੇ ਕਰਜ਼ਾ, ਫ਼ਸਲੀ ਬੀਮਾ ਸਕੀਮ ਤੋਂ ਇਲਾਵਾ ਡਾ. ਸੁਆਮੀਨਾਥਨ ਦੇ ਸੁਝਾਅ ਅਨੁਸਾਰ ਖੇਤੀ ਜਿਣਸਾਂ ਦੇ ਭਾਅ ਮਿਥਣ ਵੇਲੇ ਲਾਗਤਾਂ ਤੋਂ ਉਪਰ 50 ਫ਼ੀਸਦੀ ਮੁਨਾਫ਼ੇ ਦੇ ਫ਼ਾਰਮੂਲੇ ਨੂੰ ਲਾਗੂ ਕਰਨ ਦਾ ਵਾਅਦਾ ਵੀ ਕੀਤਾ ਗਿਆ ਹੈ। ਖੇਤੀ ਵਿਭਿੰਨਤਾ ਲਈ ਘੱਟੋ ਘੱਟ ਸਮਰਥਨ ਮੁੱਲ, ਠੋਸ ਮੰਡੀਕਰਨ ਦੇ ਪ੍ਰਬੰਧ ਕਰਨ ਤੇ ਸਹਾਇਕ ਧੰਦਿਆਂ ਨੂੰ ਆਮਦਨ ਕਰ ਤੋਂ ਮੁਕਤ ਕਰਨ ਦਾ ਵਾਅਦਾ ਵੀ ਕੀਤਾ ਗਿਆ ਹੈ।

ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਹੇਠ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਜਾਂਚ ਕਮਿਸ਼ਨ ਬਣਾਇਆ ਜਾਵੇਗਾ ਜੋ ਸਾਜ਼ਿਸ਼ੀ ਲੋਕਾਂ ਨੂੰ ਬੇਪਰਦ ਕਰੇਗਾ ਤੇ ਦੋਸ਼ੀਆਂ ਨੂੰ ਬਚਾਉਣ ਵਾਲਿਆਂ ਦੀ ਸ਼ਨਾਖ਼ਤ ਵੀ ਕਰੇਗਾ। ਇਸ ਮਕਸਦ ਲਈ ਬਣਾਏ ਚਾਰ ਨੁਕਾਤੀ ਪ੍ਰੋਗਰਾਮ ਵਿਚ ਫਾਸਟ ਟਰੈਕ ਅਦਾਲਤਾਂ ਦੀ ਕਾਇਮੀ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਹਕੀਕੀ ਸੰਘੀ ਢਾਂਚੇ ਦੀ ਗੱਲ ਕਰਦੇ ਹੋਏ ਕਿਹਾ ਕਿ ਸੂਬਿਆਂ ਨੂੰ ਆਰਥਿਕ ਖ਼ੁਦਮੁਖ਼ਤਿਆਰੀ ਦਿਵਾਈ ਜਾਵੇਗੀ ਤੇ ਕੇਂਦਰੀ ਟੈਕਸਾਂ ਵਿਚੋਂ 50 ਫ਼ੀਸਦੀ ਹਿੱਸਾ ਮੰਗਿਆ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਨੇ ਰਾਜ ਦੇ ਮੂਲ ਮਸਲੇ ਚੇਤੇ ਕੀਤੇ ਹਨ ਤੇ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਤੋਂ ਇਲਾਵਾ ਦਰਿਆਈ ਪਾਣੀਆਂ ਦਾ ਮਸਲਾ ਰਾਇਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਾਉਣ ਦੀ ਗੱਲ ਆਖੀ ਹੈ। ਇਹ ਵੀ ਕਿਹਾ ਹੈ ਕਿ ਜਦੋਂ ਤੱਕ ਚੰਡੀਗੜ੍ਹ, ਪੰਜਾਬ ਨੂੰ ਨਹੀਂ ਮਿਲ ਜਾਂਦਾ ਉਦੋਂ ਤੱਕ ਪੰਜਾਬ ਤੇ ਹਰਿਆਣਾ ਵਿਚੋਂ ਇਥੇ ਨੌਕਰੀਆਂ ਦੇਣ ਦੇ ਮਿਥੇ ਗਏ 60:40 ਦੇ ਅਨੁਪਾਤ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ। ਅਕਾਲੀ ਦਲ ਨੇ ਮਹਿੰਗਾਈ ਨਾਲ ਨਜਿੱਠਣ ਵਾਸਤੇ ਕਾਲਾਬਾਜ਼ਾਰੀ ਨੂੰ ਸਖ਼ਤੀ ਨਾਲ ਰੋਕਣ ਤੇ ਵਿਦੇਸ਼ੀ ਬੈਂਕਾਂ ਵਿਚ ਪਏ ਕਾਲੇ ਧਨ ਦੀ ਵਾਪਸੀ ਲਈ ਮਜ਼ਬੂਤ ਕਦਮ ਚੁੱਕੇ ਜਾਣ ਦਾ ਵਾਅਦਾ ਕੀਤਾ ਹੈ। ਇਸੇ ਤਰ੍ਹਾਂ ਭਾਰਤ-ਪਾਕਿ ਸੀਮਾ 'ਤੇ ਨਵੀਆਂ ਚੈਕਪੋਸਟਾਂ ਦੀ ਕਾਇਮੀ ਤੇ ਫਿਰੋਜ਼ਪੁਰ-ਫਾਜ਼ਿਲਕਾ ਸਰਹੱਦਾਂ ਵੀ ਵਪਾਰ ਲਈ ਖੋਲ੍ਹਣ ਦਾ ਵਾਅਦਾ ਕੀਤਾ ਗਿਆ ਹੈ। ਧਾਰਮਿਕ ਮੁਹਾਜ਼ 'ਤੇ ਪਾਕਿਸਤਾਨ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਲਈ ਇਕ ਵਿਸ਼ੇਸ਼ ਲਾਂਘਾ ਬਣਾਏ ਜਾਣ ਦੀ ਗੱਲ ਕੀਤੀ ਗਈ ਹੈ।

## ਅਕਾਲੀ ਦਲ ਦਾ ਚੋਣ ਮਨੋਰਥ ਪੱਤਰ ਨਿਰਾ ਧੋਖਾ: ਬਾਜਵਾ

**ਗੁਰਦਾਸਪੁਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਲੋਕ ਸਭਾ ਚੋਣਾਂ ਲਈ ਜਾਰੀ ਕੀਤੇ ਚੋਣ ਮਨੋਰਥ ਪੱਤਰ ਨੂੰ ਗੁੰਮਰਾਹਕੁਨ ਤੇ ਆਪਾ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਲੋਕ ਹੁਣ ਪੰਜਾਬ ਦੇ ਕੁਦਰਤੀ ਸਰੋਤਾਂ ਤੇ ਜਵਾਨੀ ਨੂੰ ਲੁੱਟ ਰਹੇ ਅਕਾਲੀ ਹਾਕਮਾਂ ਦੇ ਮਨਸੂਬੇ ਚੰਗੀ ਤਰ੍ਹਾਂ ਜਾਣ ਚੁੱਕੇ ਹਨ। ਇਸ ਲੋਕ ਸਭਾ ਹਲਕੇ ਦੇ ਫਤਹਿਗੜ੍ਹ ਚੂੜੀਆਂ ਖੇਤਰ ਵਿਚ ਚੋਣ ਪ੍ਰਚਾਰ ਕਰਨ ਮੌਕੇ ਸ. ਬਾਜਵਾ ਨੇ ਕਿਹਾ ਕਿ ਅਕਾਲੀ ਦਲ 1984 ਦੇ ਸਿੱਖ ਵਿਰੋਧੀ ਦੰਗਿਆਂ ਦਾ ਚੁਣਾਵੀ ਲਾਹਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਦੀ ਸਰਕਾਰ ਵੇਲੇ ਅਕਾਲੀ ਦਲ ਨੇ ਪੰਜਾਬ ਦੇ ਮੁੱਦਿਆਂ ਬਾਰੇ ਕਦੇ ਵੀ ਜ਼ੁਬਾਨ ਨਹੀਂ ਖੋਲ੍ਹੀ ਸੀ ਤੇ ਪਹਿਲੀ ਵਾਰ ਐਨ.ਡੀ.ਏ. ਸਰਕਾਰ ਨੇ ਹੀ ਹਿਮਾਚਲ ਪ੍ਰਦੇਸ਼ ਨੂੰ ਸਨਅਤੀ ਛੋਟਾਂ ਦਿੱਤੀਆਂ ਸਨ ਜਿਨ੍ਹਾਂ ਦਾ ਪੰਜਾਬ ਨੂੰ ਭਾਰੀ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਨੇ ਗੁਜਰਾਤ ਵਿਚ ਸਾਰੀਆਂ ਘੱਟ-ਗਿਣਤੀਆਂ ਦੇ ਹਿੱਤਾਂ ਦਾ ਦਮਨ ਕੀਤਾ ਤੇ ਅਕਾਲੀਆਂ ਨੇ ਕਦੇ ਵੀ ਇਸ ਬਾਰੇ ਆਵਾਜ਼ ਨਹੀਂ ਉਠਾਈ।

## ਬਾਦਲ ਦਰਿਆਈ ਪਾਣੀਆਂ ਬਾਰੇ ਸਟੈਂਡ ਸਪਸ਼ਟ ਕਰਨ: ਪ੍ਰਨੀਤ

**ਪਟਿਆਲਾ:** ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਪਰਨੀਤ ਕੌਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਰਿਆਈ ਪਾਣੀਆਂ ਬਾਰੇ ਆਪਣਾ ਸਟੈਂਡ ਸਪਸ਼ਟ ਕਰੇ। ਉਨ੍ਹਾਂ ਕਿਹਾ ਕਿ ਜਿਵੇਂ ਨਰਿੰਦਰ ਮੋਦੀ ਆਖ ਰਹੇ ਹਨ, ਉਸ ਤਰ੍ਹਾਂ ਤਾਂ ਪੰਜਾਬ ਦੀ ਖੇਤੀ ਤੇ ਕਿਸਾਨ ਤਬਾਹ ਹੋ ਜਾਣਗੇ। ਉਨ੍ਹਾਂ ਕਿਹਾ ਕਿ ਇਸ ਦੇ ਉਲਟ ਕੈਪਟਨ ਅਮਰਿੰਦਰ ਸਿੰਘ ਨੇ ਦਰਿਆਈ ਪਾਣੀਆਂ ਬਾਰੇ ਸਖ਼ਤ ਸਟੈਂਡ ਲਿਆ ਸੀ।



ਇਸ ਦੌਰਾਨ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਨੇ ਬੀਬੀ ਪਰਨੀਤ ਕੌਰ ਦੀ ਹਮਾਇਤ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜਥੇਬੰਦੀ ਅੰਮ੍ਰਿਤਸਰ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਦਾ ਐਲਾਨ ਕਰ ਚੁੱਕੀ ਹੈ। ਬੀਬੀ ਪਰਨੀਤ ਕੌਰ ਨੇ ਟੈਕਸਸ ਜੇਲ੍ਹ ਵਿਚ ਬੰਦ ਨੌਜਵਾਨਾਂ ਦੇ ਮਾਮਲੇ ਨੂੰ ਨਵਾਂ ਮੋੜ ਦਿੰਦਿਆਂ ਇਸ ਦਾ ਭਾਂਡਾ ਪੰਜਾਬ ਤੇ ਗੁਜਰਾਤ ਸਰਕਾਰ ਦੇ ਸਿਰ ਭੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਅਸਲ ਵਿਚ ਇਨ੍ਹਾਂ ਸਰਕਾਰਾਂ ਤੋਂ ਦੁਖੀ ਹੋ ਕੇ ਹੀ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ ਗਏ ਸਨ। ਇਸ ਕਰਕੇ ਉਹ ਅਜਿਹੇ ਸੰਕਟ ਵਿਚ ਫਸੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੇ ਦੱਸਿਆ ਕਿ ਉਹ ਇਨ੍ਹਾਂ ਸਰਕਾਰਾਂ ਤੋਂ ਦੁਖੀ ਹੋ ਕੇ ਹੀ ਵਿਦੇਸ਼ ਵਿਚ ਪੱਕੇ ਤੌਰ 'ਤੇ ਰਹਿਣ ਲਈ ਗਏ ਸਨ। ਉਨ੍ਹਾਂ ਕਿਹਾ ਕਿ ਜਿਹੜੇ ਅੱਧੀ ਦਰਜਨ ਨੌਜਵਾਨਾਂ ਨੇ ਭਾਰਤ ਪਰਤਣ ਦੀ ਇੱਛਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੂੰ ਭਾਰਤ ਸਰਕਾਰ ਵਤਨ ਲਿਆਉਣ ਲਈ ਯਤਨ ਕਰ ਰਹੀ ਹੈ ਜਦੋਂਕਿ ਬਾਕੀਆਂ ਦੀ ਲਈ ਕਾਨੂੰਨੀ ਪ੍ਰਕਿਰਿਆ ਲਈ ਵਕੀਲ ਤੇ ਭੋਜਨ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

## ਫਿਲੌਰ ਨੂੰ ਕਈ ਥਾਂਈਂ ਲੋਕ ਰੋਹ ਦਾ ਸਾਹਮਣਾ

**ਜਲੰਧਰ:** ਲੋਕ ਸਭਾ ਚੋਣਾਂ ਦੌਰਾਨ ਲੋਕਾਂ ਨੇ ਆਪਣੀ ਤਾਕਤ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਜਦੋਂ ਪਿੰਡਾਂ ਵਿੱਚ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਲਈ ਵੋਟਾਂ ਮੰਗਣ ਲਈ ਜਾਂਦੇ ਹਨ ਤਾਂ ਲੋਕ ਉਨ੍ਹਾਂ ਦੀ ਹਲਕੇ 'ਚੋਂ ਗੈਰਹਾਜ਼ਰੀ 'ਤੇ ਕਿੰਤੂ-ਪ੍ਰੰਤੂ ਕਰਦੇ ਹਨ। ਕਈ ਥਾਵਾਂ 'ਤੇ ਤਾਂ ਔਰਤਾਂ ਨੇ ਕੈਬਨਿਟ ਮੰਤਰੀ ਨੂੰ ਟੀਨੂੰ ਦੀ ਹਾਜ਼ਰੀ 'ਚ ਹੀ ਖਰੀਆਂ-ਖਰੀਆਂ ਸੁਣਾਈਆਂ ਕਿ ਜਦੋਂ ਨੀਲੇ ਕਾਰਡ ਬਣਾਉਣ ਦੀ ਸਾਡੀ ਵਾਰੀ ਸੀ ਉਦੋਂ ਤਾਂ ਸਾਡੀ ਕਿਸੇ ਨੇ ਗੱਲ ਨਹੀਂ ਸੁਣੀ, ਹੁਣ ਵੋਟਾਂ ਕਿਹੜੇ ਮੂੰਹ ਨਾਲ ਮੰਗਣ ਲਈ ਆ ਗਏ?

ਪਿੰਡ ਤਾਜਪੁਰ ਦੇ ਲੋਕ ਵੱਖਰੇ ਤੌਰ 'ਤੇ ਲੋਹੇ-ਲਾਖੇ ਹੋਏ ਫਿਰਦੇ ਹਨ। ਉਹ ਦੋਸ਼ ਲਾਉਂਦੇ ਹਨ ਕਿ ਕੈਬਨਿਟ ਮੰਤਰੀ ਨੇ ਉਨ੍ਹਾਂ ਦੇ ਪਿੰਡ ਵਿੱਚ ਏਨੀ ਧੜੇਬੰਦੀ ਤਿੱਖੀ ਕਰ ਦਿੱਤੀ ਹੈ ਕਿ ਪਿੰਡ ਵਿਚਲਾ ਮਾਹੌਲ ਹੀ ਤਣਾਅਪੂਰਨ ਬਣਿਆ ਰਹਿੰਦਾ ਹੈ। ਜ਼ਿਕਰਯੋਗ ਹੈ ਕਿ ਇਸ ਪਿੰਡ ਵਿੱਚ ਸਰਵਣ ਸਿੰਘ ਫਿਲੌਰ ਬਤੌਰ ਮੰਤਰੀ ਆਏ ਵੀ ਨਹੀਂ ਸਨ, ਫਿਰ ਵੀ ਉਨ੍ਹਾਂ ਦੇ ਨਾਂ ਵਾਲਾ ਨੀਂਹ ਪੱਥਰ ਸਕੂਲ ਦੀ ਕੰਧ 'ਤੇ ਜਬਰੀ ਲਾ ਦਿੱਤਾ ਗਿਆ ਸੀ ਤੇ ਧਰਮਸ਼ਾਲਾ ਲਈ ਬਣਾਇਆ ਗਿਆ ਨੀਂਹ ਪੱਥਰ ਵਿਰੋਧ ਕਰਨ 'ਤੇ ਸਾਬਕਾ ਸਰਪੰਚ ਲੈ ਕੇ ਦੌੜ ਗਿਆ ਸੀ। ਪਿੰਡ ਦੇ ਲੋਕਾਂ ਨੇ ਇਸ ਗੱਲ 'ਤੇ ਏਕਾ ਕੀਤਾ ਹੋਇਆ ਹੈ ਕਿ ਕੈਬਨਿਟ ਮੰਤਰੀ ਨੂੰ ਪਿੰਡ ਦੀ ਜੂਹ ਨਹੀਂ ਟੱਪਣ ਦੇਣੀ। ਨਿੱਝਰਾਂ, ਕਲਿਆਣਪੁਰ, ਬੁਲੰਦਪੁਰ ਅਤੇ ਸਿੰਘਾਂ ਪਿੰਡ ਵਿੱਚ ਵੀ ਮੰਤਰੀ ਨੂੰ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਕਸਬਾ ਕਰਤਾਰਪੁਰ 'ਚ ਯੂਥ ਅਕਾਲੀ ਦਲ ਦੇ ਸਰਕਲ ਪ੍ਰਧਾਨ ਸਤਨਾਮ ਸਿੰਘ ਸੱਤੀ ਨੂੰ ਬਿਨਾਂ ਕਾਰਨ ਹਟਾਏ ਜਾਣ ਨੂੰ ਲੈ ਕੇ ਚੋਣ ਰੈਲੀ ਵਿੱਚ ਉਦੋਂ ਹੰਗਾਮਾ ਹੋ ਗਿਆ ਸੀ ਜਦੋਂ ਸਰਵਣ ਸਿੰਘ ਫਿਲੌਰ ਉਥੇ ਬੈਠੇ ਹੋਏ ਸਨ। ਯੂਥ ਅਕਾਲੀ ਦਲ ਦੇ ਆਗੂਆਂ ਨੇ ਸਰਵਣ ਸਿੰਘ ਫਿਲੌਰ ਦੀ ਹਾਜ਼ਰੀ 'ਚ ਹੀ ਨਾਅਰੇਬਾਜ਼ੀ ਕੀਤੀ ਜਿਸ ਕਾਰਨ ਟੀਨੂੰ ਨੂੰ ਆਪਣਾ ਭਾਸ਼ਣ ਵਿਚੇ ਛੱਡ ਕੇ ਨੌਜਵਾਨਾਂ ਨੂੰ ਸ਼ਾਂਤ ਕਰਾਉਣ ਉਨ੍ਹਾਂ 'ਚ ਆਉਣਾ ਪਿਆ।


## ਕੈਪਟਨ ਝੂਠ ਬੋਲਣ 'ਚ ਮਾਹਰ: ਸੁਖਬੀਰ ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਧਾਨ ਸਭਾ ਵਿਚੋਂ ਗ਼ੈਰਹਾਜ਼ਰ ਰਹਿਣ ਵਾਲੇ ਵਿਧਾਇਕ ਤੇ ਆਮ ਆਦਮੀ ਦੀ ਪਹੁੰਚ ਤੋਂ ਦੂਰ ਰਹਿਣ ਵਾਲੇ ਆਗੂ ਹਨ ਜੋ ਝੂਠ ਬੋਲਣ ਵਿਚ ਵੀ ਮੁਹਾਰਤ ਹਾਸਲ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਹੁਣ ਦਾਅਵਾ ਕਰ ਰਹੇ ਹਨ ਕਿ ਉਹ ਕਦੇ ਵੀ ਅੰਮ੍ਰਿਤਸਰ ਤੋਂ ਚੋਣ ਲੜਨ ਤੋਂ ਇਨਕਾਰੀ ਨਹੀਂ ਸਨ ਜਦਕਿ ਅਸਲੀਅਤ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਮੈਦਾਨ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਸ. ਬਾਦਲ ਨੇ ਕਿਹਾ ਸਾਬਕਾ ਮੁੱਖ ਮੰਤਰੀ ਨੂੰ ਜਾਂ ਤਾਂ ਭੁੱਲਣ ਦੀ ਬਿਮਾਰੀ ਹੈ ਤੇ ਜਾਂ ਫਿਰ ਉਹ ਜਾਣਬੁੱਝ ਕੇ ਝੂਠ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਜੇਕਰ ਉਹ ਅੰਮ੍ਰਿਤਸਰ ਤੋਂ ਚੋਣ ਲੜਦੇ ਹਨ ਤੇ ਜਿੱਤ ਜਾਂਦੇ ਹਨ ਤਾਂ ਉਹ ਹਲਕੇ ਦੇ ਲੋਕਾਂ ਨਾਲ ਨਿਆਂ ਨਹੀਂ ਕਰ ਸਕਣਗੇ। ਇਸ ਦੇ ਨਾਲ ਹੀ ਬਾਹਰੀ ਹੋਣ ਕਾਰਨ ਉਹ ਅੰਮ੍ਰਿਤਸਰ ਨੂੰ ਓਨਾ ਨਹੀਂ ਜਾਣਦੇ ਜਿੰਨਾ ਕੋਈ ਸਥਾਨਕ ਆਗੂ ਸਮਝਦਾ ਹੈ ਤੇ ਉਹ ਇਲਾਕੇ ਦੇ ਲੋਕਾਂ ਲਈ ਲੋੜੀਂਦਾ ਸਮਾਂ ਵੀ ਨਹੀਂ ਕੱਢ ਸਕਣਗੇ।

## ਬਾਜਵਾ ਨੇ ਪੰਜਾਬ ਦੇ ਵਿਕਾਸ ਵਿਚ ਅੜਿੱਕਾ ਡਾਹਿਆ: ਮੁੱਖ ਮੰਤਰੀ ਬਾਦਲ

**ਪਠਾਨਕੋਟ:** ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਕਾਂਗਰਸ ਦੇਸ਼ ਅੰਦਰ ਗਰੀਬੀ ਹਟਾਓ ਆਦਿ ਦੇ ਤਰ੍ਹਾਂ-ਤਰ੍ਹਾਂ ਦੇ ਨਾਅਰੇ ਦੇ ਕੇ ਹੁਣ ਤੱਕ ਵੋਟਾਂ ਬਟੋਰਦੀ ਰਹੀ ਹੈ ਤੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਰਾਜ ਕਰਦੀ ਰਹੀ ਹੈ ਪਰ ਦੇਸ਼ ਦੇ ਲੋਕ ਹੁਣ ਉਸ ਦੀਆਂ ਚਾਲਾਂ ਨੂੰ ਸਮਝ ਚੁੱਕੇ ਹਨ। ਲੋਕ ਬਦਲਾਅ ਚਾਹੁੰਦੇ ਹਨ ਇਸ ਕਰਕੇ ਪੰਜਾਬ ਨੂੰ ਵਧੀਆ ਤੇ ਖ਼ੁਸ਼ਹਾਲ ਸੂਬਾ ਬਣਾਉਣ ਲਈ ਕੇਂਦਰ ਵਿਚ ਨਰਿੰਦਰ ਮੋਦੀ ਦੀ ਸਰਕਾਰ ਬਣਾਓ।

ਸ. ਬਾਦਲ ਨੇ ਕਿਹਾ ਕਿ ਹੁਣ ਤੱਕ ਕਾਂਗਰਸ ਪਾਰਟੀ ਨੇ 50 ਸਾਲ ਰਾਜ ਕੀਤਾ ਹੈ। ਇਸ ਦੌਰਾਨ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਵਰਗੀਆਂ ਅਲਾਮਤਾਂ ਵਿਚ ਹੋਰ ਵਾਧਾ ਹੋਇਆ ਹੈ। ਕਾਂਗਰਸ ਪਾਰਟੀ ਦੀ ਸਰਕਾਰ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਬੋਲੀ ਦੇ ਆਧਾਰ ਉਤੇ ਜਦੋਂ ਪੰਜਾਬੀ ਸੂਬਾ ਬਣਿਆ ਤਾਂ ਕਾਂਗਰਸ ਦੀ ਸਰਕਾਰ



ਨੇ ਪੰਜਾਬ ਦੀ ਰਾਜਧਾਨੀ ਖੋਹ ਲਈ। ਇਥੋਂ ਤਕ ਕਿ ਸਾਰਾ ਪਾਣੀ ਵੀ ਖੋਹ ਲਿਆ ਤੇ ਕਈ ਪੰਜਾਬੀ ਬੋਲਦੇ ਇਲਾਕੇ ਵੀ।

ਸ. ਬਾਦਲ ਨੇ ਗੁਰਦਾਸਪੁਰ ਹਲਕੇ ਤੋਂ ਖੜ੍ਹੇ ਕਾਂਗਰਸ ਪਾਰਟੀ ਦੇ ਉਮੀਦਵਾਰ ਤੇ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਉਪਰ ਸ਼ਬਦੀ ਹਮਲਾ ਬੋਲਦਿਆਂ ਕਿਹਾ ਕਿ ਇਹ ਤਾਂ ਪੰਜਾਬ ਦੇ ਵਿਕਾਸ ਵਿਚ ਰੋੜਾ ਹੈ, ਇਸ ਨੂੰ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਹੋਣ ਕਾਰਨ ਪੰਜਾਬ ਨੂੰ ਕੇਂਦਰ ਤੋਂ ਇਕ ਵੀ ਵੱਡਾ ਪ੍ਰਾਜੈਕਟ ਨਹੀਂ ਮਿਲ ਸਕਿਆ। ਉਨ੍ਹਾਂ ਕਿਹਾ ਕਿ ਕਈ ਸਕੀਮਾਂ ਤਿਆਰ ਕਰਕੇ ਕੇਂਦਰ ਸਰਕਾਰ ਨੂੰ ਮਨਜ਼ੂਰੀ ਲਈ ਭੇਜੀਆਂ ਪਰ ਇਹ ਹਮੇਸ਼ਾ ਰੁਕਾਵਟ ਪਾਉਂਦਾ ਰਿਹਾ ਜਿਸ ਕਾਰਨ ਉਨ੍ਹਾਂ ਵਿਚੋਂ ਅੱਧੀਆਂ ਵੀ ਪੰਜਾਬ ਨੂੰ ਨਹੀਂ ਮਿਲੀਆਂ।

ਸ. ਬਾਦਲ ਨੇ ਕਿਹਾ ਕਿ ਸਪਸ਼ਟ ਹੈ ਕਿ ਦੇਸ਼ ਅੰਦਰ ਕਾਂਗਰਸ ਦੀ ਸਰਕਾਰ ਨਹੀਂ ਬਣ ਸਕਦੀ ਤੇ ਉਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਗਏ ਹਨ ਜਿਸ ਤਰ੍ਹਾਂ ਦੇ 1976 ਵਿਚ ਐਮਰਜੈਂਸੀ ਬਾਅਦ ਉਸ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਚੋਣ ਹਾਰ ਗਈ ਸੀ। ਹੁਣ ਵੀ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੋਵੇਂ ਚੋਣ ਹਾਰ ਜਾਣਗੇ ਕਿਉਂਕਿ ਉਹ ਸਿਆਸਤ ਦੀ ਨਬਜ਼ ਪਛਾਣਦੇ ਹਨ।

## ਅਕਾਲੀ ਕਰ ਰਹੇ ਨੇ ਨਸ਼ਾ ਕਾਰੋਬਾਰ ਦੀ ਪੁਸ਼ਤਪਨਾਹੀ: ਅਮਰਿੰਦਰ ਸਿੰਘ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ ਆਗੂ ਪੰਜਾਬ ਦੀ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਅਣਦੇਖਿਆਂ ਕਰਕੇ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਨੂੰ ਕਾਨੂੰਨੀ ਰੂਪ ਦੇਣ ਦੇ ਇਛੁੱਕ ਹਨ ਤਾਂ ਜੋ ਇਸ ਤੋਂ ਵੀ ਵਧੇਰੇ ਧਨ ਕਮਾਇਆ ਜਾ ਸਕੇ।



ਕੈਪਟਨ ਨੇ ਸੂਬੇ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਲਈ ਹਾਕਮ ਧਿਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਆਖਿਆ ਕਿ ਹਾਲ ਹੀ ਵਿਚ ਫਰੀਦਕੋਟ ਹਲਕੇ ਤੋਂ ਲੋਕ ਸਭਾ ਮੈਂਬਰ ਬੀਬੀ ਪਰਮਜੀਤ ਕੌਰ ਗੁਲਸ਼ਨ ਤੇ ਹੋਰ ਅਕਾਲੀ ਵਿਧਾਇਕਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਸੀ ਕਿ ਰਾਜ ਵਿਚ ਭੁੱਕੀ ਦੇ ਕਾਰੋਬਾਰ ਲਈ ਲਾਇਸੈਂਸ ਜਾਰੀ ਕਰਕੇ ਇਸ ਕਾਰੋਬਾਰ ਨੂੰ ਕਾਨੂੰਨੀ ਰੂਪ ਵਿਚ ਮਾਨਤਾ ਦਿੱਤੀ ਜਾਵੇ।

ਉਨ੍ਹਾਂ ਆਖਿਆ ਕਿ ਅਕਾਲੀ ਆਗੂਆਂ ਦੀ ਇਹ ਕਾਰਵਾਈ ਸਪਸ਼ਟ ਕਰਦੀ ਹੈ ਕਿ ਉਹ ਸਿਰਫ਼ ਪੈਸਾ ਕਮਾਉਣ ਦੀ ਲਾਲਸਾ ਰੱਖਦੇ ਹਨ ਤੇ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਪ੍ਰਤੀ ਕੋਈ ਧਿਆਨ ਨਹੀਂ ਹੈ। ਉਨ੍ਹਾਂ ਆਖਿਆ ਕਿ ਸੂਬੇ ਵਿਚ ਨਸ਼ਿਆਂ ਦਾ ਕਾਰੋਬਾਰ ਹਾਕਮ ਧਿਰ ਦੀ ਨੱਕ ਹੇਠ ਵਧ-ਫੁੱਲ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਦੀ ਸ਼ਹਿ ਹੇਠ ਪਹਿਲਾਂ ਨੌਜਵਾਨ ਪੀੜ੍ਹੀ ਨੂੰ ਨਸ਼ੇ ਲਾਏ ਜਾਂਦੇ ਹਨ ਤੇ ਜਦੋਂ ਉਹ ਨਸ਼ਿਆਂ 'ਤੇ ਨਿਰਭਰ ਹੋ ਜਾਂਦੇ ਹਨ ਤਾਂ ਫਿਰ ਇਸ ਕਾਰੋਬਾਰ ਨਾਲ ਜੁੜ ਜਾਂਦੇ ਹਨ। ਉਨ੍ਹਾਂ ਮੰਗ ਕੀਤੀ ਕਿ ਭੁੱਕੀ ਦੀ ਵਿਕਰੀ ਸਬੰਧੀ ਲਾਈਸੈਂਸ ਜਾਰੀ ਕਰਨ ਦੀ ਮੰਗ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਅਕਾਲੀ ਦਲ (ਮਾਨ) ਵੱਲੋਂ ਖਾਲਿਸਤਾਨ ਦਾ ਹੋਕਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਜਾਰੀ ਚੋਣ ਮੈਨੀਫੈਸਟੋ ਵਿਚ ਖ਼ਾਲਿਸਤਾਨ ਨੂੰ ਪਾਰਟੀ ਦੀ ਮੰਜ਼ਿਲ ਦੱਸਿਆ ਗਿਆ ਹੈ। ਪਾਰਟੀ ਦਾ ਮੈਨੀਫੈਸਟੋ ਸਕੱਤਰ ਜਨਰਲ ਜਸਵੰਤ ਸਿੰਘ ਮਾਨ ਨੇ ਰਿਲੀਜ਼ ਕੀਤਾ ਹੈ। ਮੈਨੀਫੈਸਟੋ ਦੇ ਸ਼ੁਰੂਆਤ 'ਚ ਰਾਜਸੀ ਨਿਸ਼ਾਨੇ ਬਾਰੇ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਦਲ ਸਿੱਖ ਇਤਿਹਾਸ ਦੇ ਘਾਲਣਾਮਈ ਸੰਘਰਸ਼ ਦੇ ਨਿਸਚਿਆਂ ਪ੍ਰਤੀ ਵਚਨਬੱਧ ਹੈ। ਇਸ ਦੇ ਨਾਲ ਹੀ ਹਲੀਮੀ ਰਾਜ ਦੀ ਸਥਾਪਨਾ, ਜਿਸ 'ਚ ਰਾਜਾ ਅਤੇ ਰੰਕ ਇੱਕ ਬਰਾਬਰ ਹੋਣ, ਲਈ ਪ੍ਰਤੀਬੱਧਤਾ ਪ੍ਰਗਟਾਉਂਦਾ ਹੈ। ਇਸ ਤੋਂ ਬਿਨਾਂ ਬੇਗਮਪੁਰਾ ਦੀ ਤਰਜ਼ 'ਤੇ ਰਾਜਸੀ ਢਾਂਚੇ ਨੂੰ ਉਸਾਰਨ ਨੂੰ ਆਪਣਾ ਨਿਸ਼ਾਨਾ ਦੱਸਿਆ ਗਿਆ ਹੈ।

ਮੈਨੀਫੈਸਟੋ ਦੇ ਪਹਿਲੇ ਪੰਨੇ ਉਤੇ 'ਨਾ ਅਸੀਂ ਹਿੰਦੂ, ਨਾ ਮੁਸਲਮਾਨ, ਸਾਡੀ ਮੰਜ਼ਿਲ ਖ਼ਾਲਿਸਤਾਨ' ਦਾ ਨਾਅਰਾ ਲਿਖਿਆ ਗਿਆ ਹੈ। ਸਮਾਜ ਸੁਧਾਰ ਬਾਰੇ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਸ਼ਰਾਬਨੋਸ਼ੀ, ਨਸ਼ਿਆਂ ਦੀ ਵਰਤੋਂ, ਭਰੂਣ ਹੱਤਿਆ ਅਤੇ ਦਹੇਜ ਜਿਹੇ ਕੁਕਰਮਾਂ ਨੂੰ ਖਤਮ ਕੀਤਾ ਜਾਵੇਗਾ। ਪ੍ਰਬੰਧਕੀ ਢਾਂਚੇ ਨੂੰ ਨਵੇਂ ਸਿਰੇ ਤੋਂ ਵਿਉਂਤ ਕੇ ਫਜ਼ੂਲ ਖਰਚੇ ਬੰਦ ਕੀਤੇ ਜਾਣਗੇ। ਸਕੂਲ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਅਤੇ ਫੀਸਾਂ ਘੱਟ ਕਰਨ ਦਾ ਐਲਾਨ ਕੀਤਾ ਗਿਆ ਹੈ। ਕਿਸਾਨਾ ਦੇ ਬੇਲੋੜੇ ਕਰਜ਼ੇ ਤੁਰੰਤ ਮੁਆਫ਼ ਕਰਨ, ਆਸਾਨ ਕਿਸ਼ਤਾਂ 'ਤੇ ਕਰਜ਼ਾ ਦੇਣ, ਬੀਜਾਂ ਅਤੇ ਦਵਾਈਆਂ ਦਾ ਭਾਅ ਘੱਟ ਕਰਨ, ਪੇਂਡੂ ਸਨਅਤਾਂ ਨੂੰ ਪ੍ਰਫੁੱਲਤ ਕਰਨ ਅਤੇ ਟੈਕਸਾਂ ਦਾ ਭਾਰ ਘੱਟ ਕਰਨ ਦਾ ਵਾਅਦੇ ਨੂੰ ਮੁੱਖ ਤੌਰ 'ਤੇ ਉਭਾਰਿਆ ਗਿਆ ਹੈ।

ਬਾਕੀ ਪਾਰਟੀਆਂ ਨਾਲੋਂ ਵੱਖਰੀ ਗੱਲ ਕਰਦਿਆਂ ਇਨਸਾਫ਼ ਨੂੰ ਬੋਝਲ ਨਾ ਰਹਿਣ ਦੇਣ ਦੀ ਵੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਹੀ ਵੱਡੇ-ਵੱਡੇ ਅਜਾਰੇਦਾਰਾਂ ਦੀਆਂ ਬੇਨਿਯਮੀਆਂ ਨੂੰ ਜੜ੍ਹੋਂ ਪੁੱਟਣ ਤੇ ਕੁਝ ਪਰਿਵਾਰਾਂ ਦਾ ਟਰਾਂਸਪੋਰਟ, ਹੋਟਲ, ਟੀ.ਵੀ. ਅਥਵਾ ਮੀਡੀਆ 'ਤੇ ਕਬਜ਼ਾ ਖ਼ਤਮ ਕਰਨ ਦੀ ਗੱਲ ਵੀ ਕੀਤੀ ਗਈ ਹੈ।

ਮੈਨੀਫੈਸਟੋ ਅਨੁਸਾਰ ਸਿੱਖ ਨੌਜੁਆਨਾਂ ਨੂੰ ਬਾਣੇ 'ਚ ਲਿਆਂਦਾ ਜਾਵੇਗਾ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਵਿਸ਼ੇਸ਼ ਸਾਧਨ ਕਾਇਮ ਕੀਤੇ ਜਾਣਗੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਮਾਨ ਨੇ ਦੱਸਿਆ ਕਿ ਪਾਰਟੀ ਵਲੋਂ ਦਸ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਗਏ ਹਨ।






# ਕਾਲੇ ਧਨ ਬਾਰੇ ਕੇਂਦਰ ਦੀ ਝਾੜਝੰਬ

**ਨਵੀਂ ਦਿੱਲੀ:** ਕਾਲੇ ਧਨ ਦੇ ਕੇਸਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਅਤੇ ਜਰਮਨੀ ਦੇ ਲੀਸ਼ਟੈਨਸਟੀਅਨ ਬੈਂਕ ਵਿਚ ਇਹ ਧਨ ਛੁਪਾਉਣ ਵਾਲਿਆਂ ਬਾਰੇ ਜਾਣਕਾਰੀ ਜਨਤਕ ਕਰਨ ਦੇ ਤਿੰਨ ਸਾਲ ਪੁਰਾਣੇ ਹੁਕਮ ਲਾਗੂ ਨਾ ਕਰਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਦੀ ਕਰੜੀ ਝਾੜਝੰਬ ਕੀਤੀ।

ਜਸਟਿਸ ਐਚ.ਐਲ. ਦਾਤੂ ਦੀ ਅਗਵਾਈ ਵਾਲੇ ਬੈਂਚ ਨੇ ਸਾਲਿਸਿਟਰ ਜਨਰਲ ਮੋਹਨ ਪ੍ਰਾਸਰਨ ਦੀ ਦਲੀਲ ਰੱਦ ਕਰਦਿਆਂ ਕਿਹਾ ਕਿ ਇਹ ਤਾਂ ਸੁਪਰੀਮ ਦੇ ਨਿਰਦੇਸ਼ਾਂ ਦੀ ਸਿੱਧੀ ਮਾਣਹਾਨੀ ਹੈ। ਉਨ੍ਹਾਂ ਦਲੀਲ ਦਿੱਤੀ ਸੀ ਕਿ 4 ਜੁਲਾਈ, 2011 ਦੇ ਫੈਸਲੇ 'ਚ ਦਿੱਤੇ ਸਾਰੇ ਨਿਰਦੇਸ਼ ਆਪਸ ਵਿਚ ਸਬੰਧਤ ਹਨ ਅਤੇ ਜਰਮਨੀ ਵੱਲੋਂ ਦਿੱਤੇ ਗਏ ਨਾਮ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਤੋਂ ਮਗਰੋਂ ਨਸ਼ਰ ਕੀਤੇ ਜਾਣਗੇ। ਅਦਾਲਤ ਨੇ ਕਿਹਾ ਕਿ ਸਾਲਿਸਿਟਰ ਜਨਰਲ ਦੇ ਸਪਸ਼ਟੀਕਰਨ ਤੋਂ ਇਹ ਸੰਤੁਸ਼ਟ ਨਹੀਂ ਹੈ। ਅਦਾਲਤ ਨੇ ਸਪਸ਼ਟ ਕੀਤਾ ਕਿ ਸਰਕਾਰ ਨੂੰ ਜਰਮਨੀ ਤੋਂ ਲੀਸ਼ਟੈਨਸਟੀਅਨ ਬੈਂਕ ਦੇ ਖਾਤਾ ਧਾਰਕਾਂ ਬਾਰੇ ਦਿੱਤੀ ਜਾਣਕਾਰੀ ਤੇ ਦਸਤਾਵੇਜ਼ ਦੇਣੇ ਪੈਣੇ ਹਨ। ਦੂਜੀ ਗੱਲ ਕਿ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਕਰਨੀ ਹੈ ਅਤੇ ਤੀਜੀ ਗੱਲ ਇਹ ਹੈ ਕਿ ਜਿਨ੍ਹਾਂ ਦੇ ਖ਼ਿਲਾਫ਼ ਕਾਰਨ ਦੱਸੋ ਨੋਟਿਸ ਜਾਰੀ ਹੋਏ ਹਨ, ਉਨ੍ਹਾਂ ਦੇ ਨਾਮ ਨਸ਼ਰ ਕਰਨੇ ਜ਼ਰੂਰੀ ਹਨ। ਬੈਂਚ ਨੇ 4 ਜੁਲਾਈ, 2011 ਦੇ ਆਪਣੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ ਤੇ ਕਿਹਾ ਕਿ ਕੇਂਦਰ ਇਸ ਬਾਰੇ ਤੁਰੰਤ ਕਾਰਵਾਈ ਕਰੇ।

## ਗਿਆਨ ਸਿੰਘ ਬਰਾੜ ਦਾ ਦੇਹਾਂਤ

**ਡੈਲਸ, ਟੈਕਸਾਸ (ਬਿਊਰੋ):** ਸਥਾਨਕ ਪਤਵੰਤਿਆਂ ਹੈਰੀ ਬਰਾੜ ਅਤੇ ਜੈਸੀ ਬਰਾੜ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਦਾਦਾ ਗਿਆਨ ਸਿੰਘ ਬਰਾੜ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 96 ਸਾਲ ਦੇ ਸਨ ਅਤੇ ਜਿਲ੍ਹਾ ਮੋਗਾ ਦੇ ਪਿੰਡ ਪੱਤੋ ਹੀਰਾ ਸਿੰਘ ਤੋਂ ਸਨ। ਉਹ ਪੱਤਰਕਾਰ ਨੀਟਾ



ਮਾਛੀਕੇ ਦੇ ਨਾਨਾ ਜੀ ਤੇ ਸਮਾਜ ਸੇਵਕਾ ਬਲਵਿੰਦਰ ਕੌਰ ਗਿੱਲ ਦੇ ਪਿਤਾ ਸਨ।

ਮਰਹੂਮ ਸ. ਬਰਾੜ ਦਾ ਅੰਤਿਮ ਸੰਸਕਾਰ 26 ਅਪਰੈਲ, ਸਨਿਚਰਵਾਰ ਨੂੰ ਹੋਵੇਗਾ ਅਤੇ ਭੋਗ 27 ਅਪਰੈਲ, ਐਤਵਾਰ ਨੂੰ ਪਵੇਗਾ। ਪਰਿਵਾਰ ਨਾਲ ਸੰਪਰਕ ਫੋਨ: 510-289-1345 ਰਾਹੀਂ ਕੀਤਾ ਜਾ ਸਕਦਾ ਹੈ।

## ਖ਼ਤਰਾ ਬਣ ਰਹੇ ਨੇ ਰੇਡੀਓ ਕੰਟਰੋਲਡ ਹੈਲੀਕਾਪਟਰ

**ਵੈਨਕੂਵਰ:** ਕੈਨੇਡਾ ਦੇ ਫੈਡਰਲ ਏਅਰ ਸੇਫਟੀ ਦੀ ਰਿਪੋਰਟ ਵਿਚ ਦਸਿਆ ਗਿਆ ਹੈ ਕਿ ਲੋਕਾਂ ਵਲੋਂ ਮਨੋਰੰਜਨ ਵਜੋਂ ਉਡਾਏ ਜਾਂਦੇ ਵੱਡ-ਅਕਾਰੀ ਰੇਡੀਓ ਕੰਟਰੋਲਡ ਹੈਲੀਕਾਪਟਰ ਵੈਨਕੂਵਰ ਹਵਾਈ ਅੱਡੇ ਤੋਂ ਉਡਾਣ ਭਰਨ ਜਾਂ ਉਤਰਨ ਵਾਲੇ ਜਹਾਜ਼ਾਂ ਲਈ ਵੱਡਾ ਖਤਰਾ ਬਣ ਰਹੇ ਹਨ।

ਰਿਪੋਰਟ ਵਿਚ 20 ਮਾਰਚ ਨੂੰ ਉਸ ਹਾਦਸੇ ਤੋਂ ਵਾਲ-ਵਾਲ ਬਚਾਅ ਦਾ ਵਰਣਨ ਕੀਤਾ ਗਿਆ ਹੈ ਜਦ ਏਅਰ ਕੈਨੇਡਾ ਦੇ ਬੋਇੰਗ 777 ਜਹਾਜ਼ ਦੇ ਉਡਾਣ ਭਰਨ ਵੇਲੇ 600 ਮੀਟਰ ਦੀ ਉਚਾਈ 'ਤੇ ਜਾਂਦੇ ਹੋਏ ਅਜਿਹੇ ਹੈਲੀਕਾਪਟਰ ਨਾਲ ਟੱਕਰ ਹੁੰਦੇ ਬਚੀ ਸੀ। ਉਸ ਦੇ ਪਾਇਲਟ ਨੇ ਦੱਸਿਆ ਸੀ ਕਿ ਉਸ ਜਿੰਨੀ ਹੀ ਉਚਾਈ 'ਤੇ ਉੱਡ ਰਿਹਾ ਹੈਲੀਕਾਪਟਰ ਸਿਰਫ 10-15 ਮੀਟਰ ਦੇ ਫਰਕ ਨਾਲ ਹੀ ਉਸ ਨਾਲ ਟਕਰਾਉਣ ਤੋਂ ਬਚਿਆ ਸੀ।


# Convenience Store For Sale

**Turn key convenience store with a lot of potential for sale in Bakersfield. 3400 Sqf. of space. Good location.**

**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ

**ਕੀਮਤ: $129,900+ਇਨਵੈਂਟਰੀ**

*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*

**ਸੰਪਰਕ ਕਰੋ: ਜਿੰਮੀ ਬਸਰਾ**

**Cell: 661-205-5450**

**Miramar International, Fax: 866-605-4167**


## ਮਹਿੰਦਰ ਸਿੰਘ ਧਾਮੀ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸਿੱਖ ਪਤਵੰਤੇ ਸ. ਮਹਿੰਦਰ ਸਿੰਘ ਧਾਮੀ ਲੰਘੀ 18 ਅਪਰੈਲ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 78 ਵਰ੍ਹਿਆਂ ਦੇ ਸਨ ਅਤੇ ਇਥੇ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੰਘਾ ਪਾਸ ਰਹਿੰਦੇ ਸਨ। ਸ. ਧਾਮੀ ਅੰਮ੍ਰਿਤਪਾਲ ਸਿੰਘ ਸੰਘਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਸੰਘਾ ਦੇ ਚਾਚਾ ਜੀ ਸਨ।

ਸ. ਧਾਮੀ ਆਪਣੇ ਪਿਛੇ ਇਕ ਭਰਾ ਕਾਬਲ ਸਿੰਘ ਧਾਮੀ, ਪਤਨੀ ਅਤੇ ਤਿੰਨ ਪੁੱਤਰ ਛੱਡ ਗਏ ਹਨ ਜੋ ਇੰਡੀਆ ਰਹਿੰਦੇ ਹਨ। ਸ. ਧਾਮੀ ਬੋਖਾਰੋ ਸਟੀਲ ਪਲਾਂਟ, ਕਲਕੱਤਾ ਤੋਂ ਰਿਟਾਇਰ ਹੋ ਕੇ 2006 ਵਿਚ ਅਮਰੀਕਾ ਆਏ ਸਨ। ਉਹ ਬਹੁਤ ਹੀ ਧਾਰਮਿਕ ਖਿਆਲਾਂ ਦੇ ਸਨ ਅਤੇ ਲੋਕਾਂ ਵਿਚ ਸੰਤ ਕਰਕੇ ਜਾਣੇ ਜਾਂਦੇ ਸਨ। ਉਹ ਲੰਮਾ ਸਮਾਂ ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ ਨਿਸ਼ਕਾਮ ਸੇਵਾ ਕਰਦੇ ਰਹੇ ਅਤੇ ਸਾਲ ਕੁ ਪਹਿਲਾਂ ਉਨ੍ਹਾਂ ਨੂੰ ਸਟਰੋਕ ਹੋਇਆ ਜਿਸ ਪਿਛੋਂ ਉਹ ਸ਼ਿਕਾਗੋ ਆਪਣੀ ਭਤੀਜੀ ਪਾਸ ਆ ਗਏ ਸਨ।

ਸ. ਧਾਮੀ ਦਾ ਸਸਕਾਰ ਐਤਵਾਰ 20 ਅਪਰੈਲ ਨੂੰ ਕਰ ਦਿੱਤਾ ਗਿਆ ਅਤੇ ਉਨ੍ਹਾਂ ਨਮਿਤ ਅਰਦਾਸ ਬੁੱਧਵਾਰ 23 ਅਪਰੈਲ ਨੂੰ ਸ਼ਾਮੀ 6 ਤੋਂ 8 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਹੋਵੇਗੀ। ਬੀਬੀ ਪਰਮਜੀਤ ਕੌਰ ਸੰਘਾ ਨਾਲ ਸੰਪਰਕ ਫੋਨ 630-673-9000 ਰਾਹੀਂ ਕੀਤਾ ਜਾ ਸਕਦਾ ਹੈ।




# ਚੋਣ ਕਮਿਸ਼ਨ 'ਤੇ ਪੰਜਾਬ ਸਰਕਾਰ ਦਾ ਦਬਾਅ?

**ਚੰਡੀਗੜ੍ਹ:** ਪੰਜਾਬ ਚੋਣ ਕਮਿਸ਼ਨ ਅਕਾਲੀ-ਭਾਜਪਾ ਸਰਕਾਰ ਦੇ ਪ੍ਰਭਾਵ ਹੇਠ ਕੰਮ ਕਰ ਰਿਹਾ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਪੰਜਾਬ ਦੇ ਫ਼ਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ ਵਿਚ ਖ਼ਰਚਾ ਨਿਗਰਾਨ (ਆਬਜ਼ਰਵਰ) ਵਜੋਂ ਤਾਇਨਾਤ 2008 ਬੈਚ ਦੇ ਆਈ.ਆਰ.ਐਸ. ਅਧਿਕਾਰੀ ਐਮ.ਕੇ. ਯਾਦਵ ਦਾ ਚੋਣ ਕਮਿਸ਼ਨ ਨੇ ਆਸਾਮ ਵਿਚ ਤਬਾਦਲਾ ਕਰ ਦਿੱਤਾ ਹੈ। ਇਸ ਨਿਗਰਾਨ ਨੇ ਲੁਧਿਆਣਾ ਤੇ ਫ਼ਤਹਿਗੜ੍ਹ ਸਾਹਿਬ ਦੇ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਸ਼ਾਸਨ 'ਤੇ ਹਾਕਮ ਧਿਰ ਦੇ ਦਬਾਅ ਅਧੀਨ ਕੰਮ ਕਰਨ ਦੇ ਦੋਸ਼ ਲਾਏ ਸਨ।

ਸੂਤਰਾਂ ਅਨੁਸਾਰ ਸ੍ਰੀ ਯਾਦਵ ਨੇ ਉਕਤ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ 'ਤੇ ਹਾਕਮ ਪਾਰਟੀ ਦੇ ਦਬਾਅ ਅਧੀਨ ਕੰਮ ਕਰਨ ਦੇ ਦੋਸ਼ ਲਾਏ ਸਨ। ਉਨ੍ਹਾਂ 8 ਅਪਰੈਲ ਨੂੰ ਦੋਸ਼ਾਂ ਭਰਿਆ ਪੱਤਰ ਚੋਣ ਕਮਿਸ਼ਨ ਨੂੰ ਲਿਖਿਆ ਸੀ। ਉਧਰ ਫ਼ਤਹਿਗੜ੍ਹ ਸਾਹਿਬ ਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰਾਂ ਨੇ ਮੋੜਵਾਂ ਦੋਸ਼ ਲਾਉਂਦਿਆਂ ਸ੍ਰੀ ਯਾਦਵ 'ਤੇ ਕੀਮਤੀ ਮੋਬਾਈਲ ਫੋਨ ਦੀ ਮੰਗ ਕਰਨ ਅਤੇ ਅੰਮ੍ਰਿਤਸਰ, ਸ਼ਿਮਲਾ ਤੇ ਭਾਖੜਾ ਡੈਮ ਦੀ ਯਾਤਰਾ ਦਾ ਪ੍ਰਬੰਧ ਕਰਨ ਲਈ ਦਬਾਅ ਪਾਉਣ ਦੇ ਦੋਸ਼ ਲਾਏ ਹਨ। ਕਮਿਸ਼ਨ ਨੇ ਖ਼ਰਚਾ ਨਿਗਰਾਨ ਦਾ ਤਬਾਦਲਾ ਰਾਜ ਦੇ ਵਧੀਕ ਸੀ.ਈ.ਓ. ਰਾਮਿੰਦਰ ਸਿੰਘ ਦੀ ਪੜਤਾਲੀਆ ਰਿਪੋਰਟ ਦੇ



ਆਧਾਰ 'ਤੇ ਕੀਤਾ ਜੋ ਉਨ੍ਹਾਂ 12 ਅਪਰੈਲ ਨੂੰ ਕਮਿਸ਼ਨ ਨੂੰ ਸੌਂਪੀ ਸੀ।

ਸੂਤਰਾਂ ਮੁਤਾਬਕ ਐਮ ਕੇ ਯਾਦਵ ਵੱਲੋਂ 8 ਅਪਰੈਲ ਨੂੰ ਚੋਣ ਕਮਿਸ਼ਨ ਨੂੰ ਜਿਹੜਾ ਪੱਤਰ ਲਿਖਿਆ ਗਿਆ ਸੀ ਉਸ ਵਿਚ ਦੋਸ਼ ਲਾਇਆ ਗਿਆ ਸੀ ਕਿ ਫ਼ਤਹਿਗੜ੍ਹ ਸਾਹਿਬ ਹਲਕੇ ਵਿਚ ਚੋਣ ਜ਼ਾਬਤੇ ਦੀ ਵੱਡੀ ਪੱਧਰ 'ਤੇ ਉਲੰਘਣਾ ਹੋ ਰਹੀ ਹੈ ਤੇ ਰਾਜ ਸਰਕਾਰ ਦੇ ਅਫ਼ਸਰ ਹਾਕਮ ਪਾਰਟੀ ਦੇ ਦਬਾਅ ਕਾਰਨ ਕੋਈ ਕਾਰਵਾਈ ਨਹੀਂ ਕਰ ਰਹੇ।

ਉਨ੍ਹਾਂ ਇਹ ਵੀ ਦੋਸ਼ ਲਾਇਆ ਸੀ ਕਿ ਖੰਨਾ ਵਿਚ ਜਦੋਂ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ 'ਤੇ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਅਫ਼ਸਰਾਂ ਨੇ ਉਨ੍ਹਾਂ ਦਾ ਬਚਾਅ ਕਰਨ ਦੀ ਥਾਂ ਲੋਕਾਂ ਨੂੰ ਉਕਸਾਇਆ। ਸ੍ਰੀ ਯਾਦਵ ਨੇ ਇਹ ਵੀ ਦੋਸ਼ ਲਾਇਆ ਸੀ ਕਿ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਵਾਲੀਆਂ ਗੱਡੀਆਂ ਦੀ ਚੈਕਿੰਗ ਲਈ ਤਾਇਨਾਤ ਗੱਡੀਆਂ ਵਿਚੋਂ ਇਕ ਪਾਰਟੀ ਦੇ ਝੰਡੇ ਤੇ ਵਾਕੀ-ਟਾਕੀ ਸੈੱਟ ਬਰਾਮਦ ਹੋਏ।

## ਚੋਣ ਪ੍ਰਚਾਰ ਲਈ ਕਲਾਕਾਰਾਂ ਦੀ ਬਣ ਰਹੀ ਹੈ ਚਾਂਦੀ

**ਚੰਡੀਗੜ੍ਹ:** ਸੰਗਰੂਰ ਲੋਕ ਸਭਾ ਹਲਕੇ ਤੋਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਚੋਣ ਲੜ ਰਹੇ ਉਮੀਦਵਾਰਾਂ ਵੱਲੋਂ ਆਪਣੇ ਪ੍ਰਚਾਰ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਪ੍ਰਚਾਰ ਦੌਰਾਨ ਵੋਟਰਾਂ ਨੂੰ ਖਿੱਚਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਵੱਲੋਂ ਹੁਣ ਗਾਇਕਾਂ ਤੇ ਕਾਮੇਡੀ ਕਲਾਕਾਰਾਂ ਨੂੰ ਪਿੜ ਵਿਚ ਵੀ ਉਤਾਰ ਦਿੱਤਾ ਗਿਆ ਹੈ।

ਪ੍ਰਚਾਰ ਦੇ ਸ਼ੁਰੂਆਤੀ ਦੌਰ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ ਦੇ ਜਲਸਿਆਂ ਵਿਚ ਹੀ ਲੋਕਾਂ ਨੂੰ ਖਿੜ-ਖਿੜ ਹੱਸਦੇ ਤੇ ਤਾੜੀਆਂ ਮਾਰਦੇ ਦੇਖਿਆ ਜਾ ਸਕਦਾ ਸੀ ਪਰ ਹੁਣ ਅਕਾਲੀ-ਭਾਜਪਾ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਤੇ ਕਾਂਗਰਸ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਨੇ ਵੀ ਆਪਣੇ ਚੋਣ ਪ੍ਰਚਾਰ ਵਿਚ ਕਾਮੇਡੀ ਕਲਾਕਾਰ ਉਤਾਰ ਦਿੱਤੇ ਹਨ। ਉਹ ਹਾਸਾ-ਠੱਠਾ ਬਿਖੇਰਦੇ ਹੋਏ ਵੋਟਰਾਂ ਦਾ ਮਨੋਰੰਜਨ ਕਰ ਰਹੇ ਹਨ।

ਭਗਵੰਤ ਮਾਨ ਖੁਦ ਕਾਮੇਡੀ ਕਲਾਕਾਰ ਹੈ। ਉਸ ਨੂੰ ਸੁਣਨ ਲਈ ਲੋਕਾਂ ਦੀ ਭੀੜ ਵੀ ਕਾਫ਼ੀ ਜੁੜਦੀ ਹੈ। ਉਹ ਵਿਰੋਧੀਆਂ 'ਤੇ ਵਿਅੰਗਮਈ ਅੰਦਾਜ਼ ਵਿਚ ਖੂਬ ਤੜਕਾ ਲਾਉਂਦਾ ਹੈ। ਮਾਨ ਵੱਲੋਂ ਲਾਏ ਜਾਂਦੇ ਸਿਆਸੀ ਤੜਕਿਆਂ ਦਾ ਉਸੇ ਰੂਪ ਵਿਚ ਜਵਾਬ ਦੇਣ ਲਈ ਅਕਾਲੀ-ਭਾਜਪਾ ਉਮੀਦਵਾਰ ਢੀਂਡਸਾ ਵੱਲੋਂ ਕਾਮੇਡੀ ਕਲਾਕਾਰ ਭਜਨਾ ਅਮਲੀ ਉਰਫ ਗੁਰਦੇਵ ਸਿੰਘ ਢਿੱਲੋਂ ਉਰਫ ਤੇ ਕਾਂਗਰਸੀ ਉਮੀਦਵਾਰ ਵਿਜੈਇੰਦਰ ਸਿੰਗਲਾ ਵੱਲੋਂ ਬੀਬੋ ਭੂਆ ਉਰਫ ਅੰਮ੍ਰਿਤ ਆਲਮ ਨੂੰ ਪ੍ਰਚਾਰ ਵਿਚ ਲਾ ਦਿੱਤਾ ਗਿਆ ਹੈ। ਭਗਵੰਤ ਮਾਨ ਦੇ ਹੱਕ ਵਿਚ ਪੰਜਾਬੀ ਗਾਇਕ ਬਲਕਾਰ ਸਿੱਧੂ, ਪ੍ਰੀਤ ਹਰਪਾਲ ਤੇ ਸਤਵਿੰਦਰ ਬੁੱਗਾ ਵੀ ਚੋਣ ਪ੍ਰਚਾਰ ਕਰ ਰਹੇ ਹਨ।

# ਸਾਂਝੇ ਮੋਰਚੇ ਨੂੰ ਟੁੱਟਣ ਨਹੀਂ ਦਿੱਤਾ ਜਾਵੇਗਾ: ਮਨਪ੍ਰੀਤ ਬਾਦਲ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ



ਕਾਂਗਰਸ ਨਾਲ ਰਲ ਕੇ ਲੜੀਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਪੀ.ਪੀ.ਪੀ. ਤੇ ਕਾਂਗਰਸ ਦਾ ਗੱਠਜੋੜ ਮੌਕਾਪ੍ਰਸਤੀ ਨਹੀਂ ਸਗੋਂ ਸਦੀਵੀ ਸਿਆਸੀ ਸਾਂਝ ਹੈ। ਜ਼ਿਕਰਯੋਗ ਹੈ ਕਿ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਹਨ। ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਕਾਂਗਰਸ ਹਾਈ ਕਮਾਂਡ ਨਾਲ 2017 ਦੀਆਂ ਵਿਧਾਨ ਸਭਾ ਚੋਣਾਂ ਰਲ ਕੇ ਲੜਨ ਲਈ ਗੱਲਬਾਤ ਤੈਅ ਹੋ ਚੁੱਕੀ ਹੈ। ਕਾਂਗਰਸ ਤੇ ਪੀ.ਪੀ.ਪੀ. ਵੱਲੋਂ ਦੂਜੀਆਂ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਸਾਂਝਾ ਮੁਹਾਜ਼ ਕਾਇਮ ਕਰਨ ਦਾ ਫੈਸਲਾ ਲਿਆ ਗਿਆ ਹੈ ਜਿਹੜਾ ਕਿ ਅਕਾਲੀ-ਭਾਜਪਾ ਗੱਠਜੋੜ ਨੂੰ ਸੱਤਾ ਤੋਂ ਲਾਂਭੇ ਕਰਨ ਵਿਚ ਸਹਾਈ ਸਿੱਧ ਹੋਵੇਗਾ। ਲੋਕ ਸਭਾ ਚੋਣਾਂ ਤੋਂ ਬਾਅਦ ਵਿਰੋਧੀ ਪਾਰਟੀਆਂ ਨਾਲ ਸੰਪਰਕ ਸ਼ੁਰੂ ਕਰ ਦਿੱਤਾ ਜਾਵੇਗਾ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਸਾਂਝੇ ਮੋਰਚੇ ਨੂੰ ਟੁੱਟਣ ਨਹੀਂ ਦਿੱਤਾ ਜਾਵੇਗਾ। ਸਾਂਝੇ ਮੋਰਚੇ ਬਾਰੇ ਸ. ਬਾਦਲ ਦਾ ਕਹਿਣਾ ਸੀ ਕਿ ਸੀ.ਪੀ.ਆਈ. (ਐਮ) ਨੂੰ ਛੱਡ ਕੇ ਅੱਜ ਵੀ ਬਾਕੀ ਪਾਰਟੀਆਂ ਇੱਕਮੁੱਠ ਹਨ। ਲੋਕ ਸਭਾ ਹਲਕਾ ਬਠਿੰਡਾ ਦੇਸ਼ ਦਾ ਇਕੋ ਇਕ ਅਜਿਹਾ ਖੇਤਰ ਹੈ ਜਿਥੇ ਪੀ.ਪੀ.ਪੀ. ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਨੂੰ ਸੀ.ਪੀ.ਆਈ. ਦੀ ਹਮਾਇਤ ਪ੍ਰਾਪਤ ਹੈ। ਇਸ ਦਾ ਮਤਲਬ ਇਹ ਲੈਣਾ ਬਣਦਾ ਹੈ ਕਿ ਸਾਂਝੇ ਮੋਰਚੇ ਵਿਚ ਸ਼ਾਮਲ ਪਾਰਟੀਆਂ ਦੀ ਸੋਚ ਤੇ ਟੀਚਾ ਇਕ ਹੈ।

ਸਾਂਝੇ ਮੋਰਚੇ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੀ ਬਗ਼ੈਰ ਸ਼ਰਤ ਨਾਲ ਹੋ ਤੁਰਿਆ ਹੈ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਪੀ.ਪੀ.ਪੀ. ਪਹਿਲਾਂ ਦੀ ਤਰ੍ਹਾਂ ਸਰਗਰਮ ਹੈ ਤੇ ਇਸ ਦਾ ਵਜੂਦ ਕਾਇਮ ਰਹੇਗਾ। ਆਪਣੇ ਸ਼ਰੀਕ ਭਰਾ ਤੇ ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਆਪਣੀ ਪਤਨੀ ਹਰਸਿਮਰਤ ਕੌਰ ਨੂੰ ਜਿਤਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਨੇ ਸੁਖਬੀਰ ਨੂੰ ਸਲਾਹ ਦਿੱਤੀ ਕਿ ਉਹ ਘੱਟੋ-ਘੱਟ ਦੋਸ਼ ਲਾਉਣ ਦਾ ਢੰਗ ਤਾਂ ਸਿੱਖ ਲਵੇ।

ਉਧਰ ਪਤਾ ਲੱਗਾ ਹੈ ਕਿ ਜਿੱਥੇ ਇਕ ਪਾਸੇ ਮਨਪ੍ਰੀਤ ਬਾਦਲ ਤੇ ਉਨ੍ਹਾਂ ਦੇ ਪਰਿਵਾਰ ਦੇ ਜੀਅ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਸਰਕਾਰੀ ਸੂਬਾਈ ਏਜੰਸੀਆਂ 'ਤੇ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਜਾਣਨ ਲਈ ਟੈਲੀਫੋਨ ਟੈਪ ਕੀਤੇ ਜਾਣ ਦੇ ਦੋਸ਼ ਲਾ ਰਹੇ ਹਨ, ਉਥੇ ਦੂਜੇ ਪਾਸੇ ਪੀ.ਪੀ.ਪੀ. ਦਾ ਮੀਡੀਆ ਸੈੱਲ ਖੁਦ ਹੀ ਉਸ ਦੇ ਸਾਰੇ ਪ੍ਰੋਗਰਾਮਾਂ ਦੀ ਜਾਣਕਾਰੀ ਈਮੇਲ ਰਾਹੀਂ ਅਕਾਲੀ ਦਲ-ਭਾਜਪਾ ਲੀਡਰਸ਼ਿਪ ਨੂੰ ਅਗਾਊਂ ਹੀ ਭੇਜੀ ਜਾ ਰਿਹਾ ਹੈ।

## ਦਲ ਖਾਲਸਾ ਵੱਲੋਂ ਚੋਣਾਂ ਦਾ ਬਾਈਕਾਟ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਨੇ ਲੋਕ ਸਭਾ ਚੋਣਾਂ ਤੋਂ ਦੂਰ ਰਹਿਣ ਤੇ ਸਿੱਖਾਂ ਦੀ ਆਜ਼ਾਦੀ ਦੇ ਸੰਘਰਸ਼ ਨੂੰ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਜਥੇਬੰਦੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਜਥੇਬੰਦੀ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਸੁਧਾਰ ਤੇ ਵਿਕਾਸ ਦਾ ਨਾਅਰਾ ਆਜ਼ਾਦੀ ਦਾ ਬਦਲ ਨਹੀਂ ਹੋ ਸਕਦਾ। ਉਨ੍ਹਾਂ ਆਖਿਆ ਕਿ ਸਿੱਖ ਮਸਲਿਆਂ ਦਾ ਹੱਲ ਚੋਣਾਂ ਰਾਹੀਂ ਨਹੀਂ ਸਗੋਂ ਰਾਇਸ਼ੁਮਾਰੀ ਤੇ ਆਜ਼ਾਦੀ ਨਾਲ ਹੀ ਸੰਭਵ ਹੈ।

ਉਨ੍ਹਾਂ ਆਖਿਆ ਕਿ ਆਪਣੇ ਹੱਕ ਦੀ ਪ੍ਰਾਪਤੀ ਲਈ ਕਈ ਸਿੱਖਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ ਜਿਨ੍ਹਾਂ ਨੂੰ ਇਨ੍ਹਾਂ ਚੋਣਾਂ ਵਾਸਤੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਦਹਾਕਿਆਂ ਦੌਰਾਨ 25 ਹਜ਼ਾਰ ਤੋਂ ਵੱਧ ਸਿੱਖ ਮਾਰੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ ਜਥੇਬੰਦੀ ਦਾ ਫੈਸਲਾ ਕਿਸੇ 'ਤੇ ਜਬਰੀ ਨਹੀਂ ਥੋਪਣਾ ਚਾਹੁੰਦੇ ਪਰ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਚੋਣਾਂ ਤੋਂ ਦੂਰ ਰਹਿਣ ਕਿਉਂਕਿ ਇਹ ਚੋਣਾਂ ਸਿਰਫ ਇਕ ਭੁਲੇਖੇ ਤੋਂ ਵਧ ਕੁਝ ਨਹੀਂ ਹੈ। ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਹ ਚੋਣ ਸੰਘਰਸ਼ੀਲ ਲੋਕਾਂ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰਦੀਆਂ ਹਨ। ਇਸ ਲਈ ਇਨ੍ਹਾਂ ਚੋਣਾਂ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਮੰਨਿਆ ਕਿ ਸਿੱਖ ਭਾਈਚਾਰੇ ਦਾ ਵੱਡਾ ਹਿੱਸਾ ਚੋਣ ਪ੍ਰਕਿਰਿਆ ਵਿਚ ਸ਼ਾਮਲ ਹੁੰਦਾ ਰਿਹਾ ਹੈ ਜੋ ਸਿੱਖ ਰਾਜਨੀਤੀ ਵਿਚ ਦੋਗਲੇਪਨ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ 1947 ਤੇ 1984 ਤੋਂ ਬਾਅਦ ਵੀ ਕਈ ਵਾਰ ਸਿੱਖਾਂ ਵੱਲੋਂ ਆਪਣੇ ਨੁਮਾਇੰਦੇ ਸੰਸਦ ਵਿਚ ਭੇਜੇ ਜਾ ਚੁੱਕੇ ਹਨ ਪਰ ਸਿੱਖਾਂ ਦੀ ਸਥਿਤੀ ਵਿਚ ਕੋਈ ਹਾਂਪੱਖੀ ਬਦਲਾਅ ਨਹੀਂ ਆਇਆ।

## ਗਿੱਪੀ ਗਰੇਵਾਲ ਨੇ ਕੀਤੀ ਸਿਆਸੀ ਇਸ਼ਤਿਹਾਰਬਾਜ਼ੀ ਤੋਂ ਤੌਬਾ

**ਸੰਗਰੂਰ:** ਪੰਜਾਬੀ ਫਿਲਮ ਅਦਾਕਾਰ ਤੇ ਗਾਇਕ ਗਿੱਪੀ ਗਰੇਵਾਲ ਨੇ ਕਿਹਾ ਹੈ ਕਿ ਉਹ ਅੱਗੇ ਤੋਂ ਕਿਸੇ ਵੀ ਸਿਆਸੀ ਪਾਰਟੀ ਲਈ ਇਸ਼ਤਿਹਾਰਬਾਜ਼ੀ ਨਹੀਂ ਕਰੇਗਾ ਕਿਉਂਕਿ ਪੰਜਾਬੀ ਦਰਸ਼ਕਾਂ ਨੂੰ ਉਸ ਵੱਲੋਂ ਕੀਤੀ ਇਸ਼ਤਿਹਾਰਬਾਜ਼ੀ ਪਸੰਦ ਨਹੀਂ ਆਈ ਜਿਸ ਕਾਰਨ ਉਸ ਨੂੰ ਸੋਸ਼ਲ ਮੀਡੀਆ 'ਤੇ ਆਪਣੇ ਪ੍ਰਸ਼ੰਸਕਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਹੈ।

ਗਿੱਪੀ ਗਰੇਵਾਲ ਨੇ ਕਿਹਾ ਕਿ ਹੁਣ ਅਜਿਹੀ ਗਲਤੀ ਦੁਬਾਰਾ ਨਹੀਂ ਹੋਵੇਗੀ ਕਿਉਂਕਿ ਉਸ ਦੇ ਸਰੋਤੇ ਤੇ ਦਰਸ਼ਕ ਹੀ ਉਸ ਲਈ ਸਭ ਕੁਝ ਹਨ ਜਿਨ੍ਹਾਂ ਦੇ ਪਿਆਰ ਨੇ ਹੀ ਉਸ ਨੂੰ ਇਸ ਮੁਕਾਮ ਤੱਕ ਪਹੁੰਚਾਇਆ ਹੈ। ਉਸ ਨੇ ਸਪਸ਼ਟ ਕੀਤਾ ਕਿ ਉਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਤੇ ਸੱਤਾਧਾਰੀ ਪਾਰਟੀ ਲਈ ਇਸ਼ਤਿਹਾਰਬਾਜ਼ੀ ਸਿਰਫ਼ ਅਣਜਾਣੇ ਵਿਚ ਹੀ ਹੋਈ ਹੈ। ਉਸ ਨੇ ਫੈਸਲਾ ਕੀਤਾ ਹੈ ਕਿ ਉਹ ਅੱਗੇ ਤੋਂ ਕਿਸੇ ਵੀ ਸਿਆਸੀ ਪਾਰਟੀ ਦੀ ਇਸ਼ਤਿਹਾਰਬਾਜ਼ੀ ਵਿਚ ਨਜ਼ਰ ਨਹੀਂ ਆਵੇਗਾ। ਜ਼ਿਕਰਯੋਗ ਹੈ ਕਿ ਗਿੱਪੀ ਗਰੇਵਾਲ ਨੇ ਪੰਜਾਬ ਸਰਕਾਰ ਲਈ ਇਕ ਇਸ਼ਤਿਹਾਰ ਵਿਚ ਕੰਮ ਕੀਤਾ ਸੀ ਜੋ ਕਿ ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਪ੍ਰਸਾਰਿਤ ਹੋਣ ਕਾਰਨ ਗਿੱਪੀ ਗਰੇਵਾਲ ਨੂੰ ਸੋਸ਼ਲ ਮੀਡੀਆ ਤੇ ਸਰਕਾਰ ਵਿਰੋਧੀ ਦਰਸ਼ਕਾਂ ਤੇ ਸਰੋਤਿਆਂ ਦੀ ਨਾਰਾਜ਼ਗੀ ਝੱਲਣੀ ਪੈ ਰਹੀ ਹੈ।

# ਵੀ.ਆਈ.ਪੀ. ਗੱਡੀਆਂ 'ਤੇ ਬੱਤੀ ਲਈ ਅੜੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਵੀ.ਆਈ.ਪੀਜ਼ ਨੂੰ ਬੱਤੀਆਂ ਵਾਲੀਆਂ ਗੱਡੀਆਂ ਦੇਣ 'ਤੇ ਬਜ਼ਿੱਦ ਸੂਬਾ ਸਰਕਾਰ ਨੇ ਇਸ ਮਸਲੇ ਦਾ ਹੱਲ ਲੱਭ ਲਿਆ ਹੈ। ਸੁਪਰੀਮ ਕੋਰਟ ਦੇ ਫੈਸਲੇ ਦਾ ਤੋੜ ਲੱਭਦਿਆਂ ਸੂਬਾ ਸਰਕਾਰ ਨੇ ਲਾਲ ਬੱਤੀ ਦੀ ਸਹੂਲਤ ਗੁਆ ਚੁੱਕੇ ਆਈ.ਏ.ਐਸ., ਆਈ.ਪੀ.ਐਸ. ਤੇ ਸਿਆਸਤਦਾਨਾਂ ਲਈ ਇਕ ਵੱਖਰਾ ਵੀ.ਆਈ.ਪੀ. ਵਰਗ ਬਣਾ ਦਿੱਤਾ ਹੈ।

ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਮੁਤਾਬਕ ਹੁਣ ਮੁੱਖ ਸੰਸਦੀ ਸਕੱਤਰ, ਪ੍ਰਮੁੱਖ ਸਕੱਤਰ ਰੈਂਕ ਦੇ ਆਈ.ਏ.ਐਸ, ਡਿਵੀਜ਼ਨਲ ਕਮਿਸ਼ਨਰ, ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਪੁਲਿਸ ਅਫ਼ਸਰਾਂ ਵਿਚ ਡੀ.ਜੀ.ਪੀ ਤੇ ਵਧੀਕ ਡੀ.ਜੀ.ਪੀ ਰੈਂਕ ਦੇ ਅਧਿਕਾਰੀ, ਜ਼ੋਨਲ ਆਈ.ਜੀ, ਰੇਂਜਾਂ ਦੇ ਡੀ.ਆਈ.ਜੀ, ਪੁਲਿਸ ਕਮਿਸ਼ਨਰ ਤੇ ਐਸ.ਐਸ.ਪੀ ਆਪਣੇ ਸਰਕਾਰੀ ਵਾਹਨਾਂ 'ਤੇ ਐਂਬਰ (ਸੰਤਰੀ) ਰੰਗ ਦੀ ਬੱਤੀ ਲਗਾ ਸਕਣਗੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਵਾਨਗੀ ਨਾਲ ਹੀ ਟਰਾਂਸਪੋਰਟ ਵਿਭਾਗ ਵੱਲੋਂ ਵਿਸ਼ੇਸ਼ ਵਿਅਕਤੀਆਂ ਦਾ ਇਹ ਵੱਖਰਾ ਵਰਗ ਕਾਇਮ ਕੀਤਾ ਗਿਆ ਹੈ। ਮੁੱਖ ਸਕੱਤਰ ਰਾਕੇਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈਆਂ ਮੀਟਿੰਗਾਂ ਦੌਰਾਨ ਉਕਤ ਅਹਿਮ ਵਿਅਕਤੀਆਂ ਦੀ ਖੁਸ਼ੀ ਬੱਤੀ ਬਹਾਲ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਗਈਆਂ। ਮੁੱਖ ਸਕੱਤਰ ਦੀ ਸਹਿਮਤੀ ਨਾਲ ਇਹੀ ਹੱਲ ਨਿਕਲਿਆ ਕਿ ਅਫ਼ਸਰਾਂ ਨੂੰ ਸੰਤਰੀ ਰੰਗ ਦੀ ਬੱਤੀ ਦਿੱਤੀ ਜਾਵੇ।

ਸੁਪਰੀਮ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਸਰਕਾਰ ਨੇ ਉਕਤ ਅਹੁਦਿਆਂ 'ਤੇ ਤਾਇਨਾਤ ਵਿਅਕਤੀਆਂ ਤੋਂ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਵਾਪਸ ਲੈ ਲਿਆ ਸੀ। ਸੂਬੇ ਵਿਚ ਹੁਣ ਵਾਹਨਾਂ 'ਤੇ ਤਿੰਨ ਰੰਗ ਦੀ ਬੱਤੀ ਵਾਲੇ ਵਰਗ ਦਿਖਾਈ ਦੇਣਗੇ। ਟਰਾਂਸਪੋਰਟ ਵਿਭਾਗ ਨੇ 28 ਫਰਵਰੀ ਨੂੰ ਜਾਰੀ ਕੀਤੇ ਨੋਟੀਫਿਕੇਸ਼ਨ ਮੁਤਾਬਕ ਗਵਰਨਰ, ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਾਰੇ ਮੰਤਰੀ, ਸਾਬਕਾ ਮੁੱਖ ਮੰਤਰੀ, ਡੀ.ਜੀ.ਪੀ ਤੇ ਮੁੱਖ ਸਕੱਤਰ ਆਦਿ ਸ਼ਾਮਲ ਹਨ।

ਸਰਕਾਰ ਨੇ ਨੀਲੇ ਰੰਗ ਦੀ ਬੱਤੀ ਦੀ ਵਰਤੋਂ ਦਾ ਅਧਿਕਾਰ ਉਨ੍ਹਾਂ ਅਧਿਕਾਰੀਆਂ ਨੂੰ ਦਿੱਤਾ ਹੈ ਜਿਨ੍ਹਾਂ ਨੇ ਛਾਪਾਮਾਰੀ ਜਾਂ ਨਿਆਇਕ ਤਾਕਤਾਂ ਦੀ ਵਰਤੋਂ ਕਰਨੀ ਹੁੰਦੀ ਹੈ। ਤਾਜ਼ਾ ਨੋਟੀਫਿਕੇਸ਼ਨ ਵਿਚ ਹੁਣ ਸੰਤਰੀ ਰੰਗ ਦੀ ਬੱਤੀ ਦਾ ਜੁਗਾੜ ਕਰ ਦਿੱਤਾ ਗਿਆ ਹੈ। ਸਰਕਾਰ ਨੇ ਦੋ ਲੇਖਾਕਾਰਾਂ ਨੂੰ ਲਾਲ ਬੱਤੀ ਬਿਨਾਂ ਫਲੈਸ਼ਰ ਵਰਤੋਂ ਦਾ ਅਧਿਕਾਰ ਦਿੱਤਾ ਸੀ। ਟਰਾਂਸਪੋਰਟ ਵਿਭਾਗ ਨੇ ਦੋਹਾਂ ਲੇਖਾਕਾਰਾਂ ਤੋਂ ਲਾਲ ਬੱਤੀ ਦੀ ਵਰਤੋਂ ਦਾ ਅਧਿਕਾਰ ਵਾਪਸ ਲੈ ਲਿਆ ਹੈ।

ਸੰਸਦ ਮੈਂਬਰਾਂ (ਲੋਕ ਸਭਾ ਤੇ ਰਾਜ ਸਭਾ), ਵਿਧਾਇਕਾਂ, ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਮੀਡੀਆ ਤੇ ਹੋਰ ਸਲਾਹਕਾਰ, ਬੋਰਡਾਂ ਨਿਗਮਾਂ ਦੇ ਚੇਅਰਮੈਨਾਂ, ਮੰਤਰੀ ਦੇ ਰੁਤਬੇ ਦੀ ਸਹੂਲਤ ਦਾ ਲਾਭ ਲੈਣ ਵਾਲੇ ਸਿਆਸਤਦਾਨਾਂ, ਪ੍ਰਬੰਧਕੀ ਸਕੱਤਰਾਂ, ਪੁਲਿਸ ਤੇ ਏ.ਡੀ.ਜੀ.ਪੀ ਰੈਂਕ ਤੋਂ ਹੇਠਲੇ ਅਧਿਕਾਰੀਆਂ ਜਾਂ ਵਿਭਾਗਾਂ ਦੇ ਮੁਖੀਆਂ ਨੂੰ ਕਿਸੇ ਵੀ ਰੰਗ ਦੀ ਬੱਤੀ ਦੀ ਵਰਤੋਂ ਬਾਰੇ ਫਿਲਹਾਲ ਵਿਚਾਰ ਨਹੀਂ ਕੀਤਾ ਗਿਆ।

# ਬਠਿੰਡਾ ਲੋਕ ਸਭਾ ਹਲਕੇ ਵਿਚ ਬਾਦਲ ਗੈਰ-ਹਾਜ਼ਰ!

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੋ ਹਫਤੇ ਤੋਂ ਬਠਿੰਡਾ ਹਲਕੇ ਵਿਚੋਂ ਗਾਇਬ ਹਨ ਜਦੋਂਕਿ ਐਤਕੀਂ ਇਸ ਹਲਕੇ ਵਿਚ ਚੋਣ ਮੁਕਾਬਲਾ ਕਾਫ਼ੀ ਸਖ਼ਤ ਬਣਿਆ ਹੋਇਆ ਹੈ। ਉਨ੍ਹਾਂ ਦੀ ਗੈਰਹਾਜ਼ਰੀ ਦੀ ਹਲਕੇ ਵਿਚ ਕਾਫ਼ੀ ਚਰਚਾ ਛਿੜ ਗਈ ਹੈ। 2009 ਦੀਆਂ ਚੋਣਾਂ ਸਮੇਂ ਉਨ੍ਹਾਂ ਨੇ ਬਠਿੰਡਾ ਵਿਚ ਬੈਠ ਕੇ ਪੂਰੇ ਪੰਜਾਬ ਦੀ ਚੋਣ ਮੁਹਿੰਮ ਚਲਾਈ ਸੀ। ਉਹ ਪੰਜਾਬ ਭਰ ਵਿਚ ਸਿਆਸੀ ਰੈਲੀਆਂ ਨੂੰ ਸੰਬੋਧਨ ਕਰਨ ਬਠਿੰਡਾ ਤੋਂ ਹੀ ਜਾਂਦੇ ਸਨ।

ਮੁੱਖ ਮੰਤਰੀ ਬਾਦਲ 7 ਅਪਰੈਲ ਨੂੰ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਨਾਮਜ਼ਦਗੀ ਪੱਤਰ ਦਾਖ਼ਲ ਕਰਾਉਣ ਆਏ ਸਨ। ਉਸ ਦਿਨ ਹੀ ਉਨ੍ਹਾਂ ਨੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਘੂਰਿਆ ਵੀ ਸੀ। ਉਸ ਤੋਂ ਮਗਰੋਂ ਕਈ ਦਿਨ ਸ. ਬਾਦਲ ਬਠਿੰਡਾ ਹਲਕੇ ਵਿਚ ਨਹੀਂ ਆਏ। ਭਾਵੇਂ ਉਹ ਪੰਜਾਬ ਭਰ ਵਿਚ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਹੇ ਹਨ ਪਰ ਉਨ੍ਹਾਂ ਦੀ ਦੋ ਹਫਤੇ ਦੀ ਗੈਰਹਾਜ਼ਰੀ ਨੇ ਲੋਕਾਂ ਨੂੰ ਕਈ ਤਰ੍ਹਾਂ ਦੇ ਕਿਆਸ ਲਾਉਣ ਦਾ ਮੌਕਾ ਦੇ ਦਿੱਤਾ ਹੈ।



ਐਤਕੀਂ ਹਰਸਿਮਰਤ ਬਾਦਲ ਨੂੰ ਪਿੰਡਾਂ ਵਿਚ ਕਾਲੀਆਂ ਝੰਡੀਆਂ ਦਿਖਾਈਆਂ ਗਈਆਂ ਹਨ। ਪਿੰਡ ਕੋਟੜਾ ਕੌੜਿਆਂ ਵਿਚ ਤਾਂ ਉਨ੍ਹਾਂ ਨੂੰ ਦਾਖ਼ਲ ਹੀ ਨਹੀਂ ਹੋਣ ਦਿੱਤਾ ਗਿਆ। ਕਿਸਾਨ ਧਿਰਾਂ ਤੇ ਭੁੱਲਰ ਭਾਈਚਾਰੇ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਵੱਲੋਂ ਇਸ ਵਿਰੋਧ ਨੂੰ ਸ਼ਾਂਤ ਕਰਨ ਵਾਸਤੇ ਖੁਦ ਕੋਈ ਪਹੁੰਚ ਨਹੀਂ ਕੀਤੀ ਹੈ ਤੇ ਨਾ ਹੀ ਕਿਸੇ ਧਿਰ ਨਾਲ ਕੋਈ ਮੀਟਿੰਗ ਤੈਅ ਕੀਤੀ ਗਈ ਹੈ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਹਰ ਵਿਰੋਧ ਨੂੰ ਕਾਬੂ ਹੇਠ ਰੱਖਣ ਦੀ ਸਮਰਥਾ ਰੱਖਦੇ ਹਨ। ਸ਼ਹਿਰੀ ਲੋਕਾਂ ਵਿਚ ਵੀ ਮੁੱਖ ਮੰਤਰੀ ਜ਼ਿਆਦਾ ਪ੍ਰਵਾਨਿਤ ਆਗੂ ਹਨ।

ਮੁੱਖ ਮੰਤਰੀ ਦੀ ਗੈਰਹਾਜ਼ਰੀ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖੁਦ ਚੋਣ ਪ੍ਰਚਾਰ ਵਿਚ ਜੁਟੇ ਹੋਏ ਹਨ। ਪਿਛਲੇ ਦਿਨਾਂ ਵਿਚ ਵੀ ਉਪ ਮੁੱਖ ਮੰਤਰੀ ਦੂਸਰੇ ਹਲਕਿਆਂ ਵਿਚ ਚੋਣ ਪ੍ਰਚਾਰ ਕਰਨ ਮਗਰੋਂ ਬਠਿੰਡਾ ਹਲਕੇ ਲਈ ਸਮਾਂ ਕੱਢ ਰਹੇ ਹਨ ਪਰ ਇਸੇ ਤਰਜ਼ 'ਤੇ ਮੁੱਖ ਮੰਤਰੀ ਨੇ ਐਤਕੀਂ ਸਮਾਂ ਨਹੀਂ ਕੱਢਿਆ। ਪਤਾ ਲੱਗਾ ਹੈ ਮੁੱਖ ਮੰਤਰੀ ਨੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵੀ ਬਠਿੰਡਾ ਹਲਕੇ ਤੋਂ ਬਾਹਰ ਰੱਖਣ ਦਾ ਇਸ਼ਾਰਾ ਕੀਤਾ ਹੋਇਆ ਹੈ।

ਚੋਣ ਪ੍ਰਚਾਰ ਆਖ਼ਰੀ ਦੌਰ ਵਿਚ ਪੁੱਜਣ ਵਾਲਾ ਹੈ ਤੇ ਹਾਲੇ ਤੱਕ ਮਜੀਠੀਆ ਦਾ ਬਠਿੰਡਾ ਹਲਕੇ ਵਿਚ ਕੋਈ ਪ੍ਰੋਗਰਾਮ ਨਹੀਂ ਬਣਿਆ। ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ ਹਲਕੇ ਦੇ ਚੋਣ ਇੰਚਾਰਜ ਪਰਮਜੀਤ ਸਿੰਘ ਸਿੱਧਵਾਂ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਨੇ ਸਾਰੇ ਪੰਜਾਬ ਵਿਚ ਚੋਣ ਪ੍ਰਚਾਰ 'ਤੇ ਜਾਣਾ ਹੁੰਦਾ ਹੈ। ਅਜਿਹੀ ਕੋਈ ਗੱਲ ਨਹੀਂ ਹੈ ਕਿ ਉਹ ਬਠਿੰਡਾ ਤੋਂ ਗਾਇਬ ਹਨ। ਉਨ੍ਹਾਂ ਆਖਿਆ ਕਿ ਸਾਰੇ ਸੂਬੇ ਦੀ ਜ਼ਿੰਮੇਵਾਰੀ ਹੋਣ ਕਰਕੇ ਹੀ ਉਹ ਬਠਿੰਡਾ ਨਹੀਂ ਆ ਸਕੇ ਹਨ ਤੇ ਹੁਣ ਉਹ ਬਠਿੰਡਾ ਹਲਕੇ ਵਿਚ ਸਮਾਂ ਲਾਉਣਗੇ। ਉਨ੍ਹਾਂ ਦੱਸਿਆ ਕਿ ਬਿਕਰਮ ਸਿੰਘ ਮਜੀਠੀਆ ਦਾ ਹਾਲੇ ਕੋਈ ਪ੍ਰੋਗਰਾਮ ਨਹੀਂ ਬਣਿਆ।

# ਦਰਬਾਰ ਸਾਹਿਬ 'ਚ ਅਰੁਣ ਜੇਤਲੀ ਮੁਕਾਬਲੇ ਕੇਜਰੀਵਾਲ ਨਾਲ ਵਿਤਕਰੇ ਦਾ ਗੰਭੀਰ ਨੋਟਿਸ

**ਸੈਨ ਹੋਜ਼ੇ (ਬਿਊਰੋ):** ਸ੍ਰੀ ਦਰਬਾਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲੋਕ ਸਭਾ ਹਲਕਾ ਸ੍ਰੀ ਅੰਮ੍ਰਿਤਸਰ ਦੇ ਭਾਜਪਾ ਉਮੀਦਵਾਰ ਅਰੁਣ ਜੇਤਲੀ ਦੇ ਮੁਕਾਬਲੇ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨਾਲ ਵਿਤਕਰੇ ਵਾਲੇ ਵਿਹਾਰ ਦਾ 'ਵਰਲਡ ਸਿੱਖ ਫੈਡਰੇਸ਼ਨ' ਨੇ ਗੰਭੀਰ ਨੋਟਿਸ ਲਿਆ ਹੈ।

ਜਥੇਬੰਦੀ ਨੇ ਦੋਸ਼ ਲਾਇਆ ਹੈ ਕਿ ਜਦੋਂ ਅਰੁਣ ਜੇਤਲੀ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ, ਤਦ ਸਿੱਖ ਰਵਾਇਤਾਂ ਨੂੰ ਪਾਸੇ ਸੁੱਟਦਿਆਂ ਉਨਾਂ ਦਾ 'ਵਿਸ਼ੇਸ਼ ਸਤਿਕਾਰ' ਕੀਤਾ ਗਿਆ। ਰਾਗੀ ਸਿੰਘਾਂ ਪਿਛੇ ਕੀਰਤਨ ਵਿਚ ਲੀਨ ਹੋਏ ਬੈਠੇ ਸ਼ਰਧਾਲੂਆਂ ਨੂੰ ਅਚਾਨਕ ਜ਼ਬਰਦਸਤੀ ਉਠਾ ਕੇ, ਉਥੇ ਸ੍ਰੀ ਜੇਤਲੀ ਨੂੰ ਬਿਠਾਇਆ ਗਿਆ। ਇਥੇ ਹੀ ਬੱਸ ਨਹੀਂ, ਉਸ ਦੀ ਹਾਜ਼ਰੀ ਨੂੰ ਮੁੱਖ ਰੱਖਦਿਆਂ ਰਾਗੀ ਸਿੰਘਾਂ ਨੂੰ ਉਚੇਚੀ ਹਦਾਇਤ ਦੇ ਕੇ ਉਸ ਦੀ ਜਿੱਤ ਦੀ 'ਕਾਮਨਾ' ਵਜੋਂ 'ਪੂਤਾ ਮਾਤਾ ਕੀ ਆਸੀਸ' ਵਾਲੇ ਸ਼ਬਦ ਦਾ ਗਾਇਨ ਕਰਵਾਇਆ ਗਿਆ। ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਇਕ ਔਰਤ ਨੂੰ 'ਦੁਰਗਾ ਮਾਤਾ' ਦਾ ਖਿਤਾਬ ਦੇ ਕੇ ਖੁਸ਼ੀ ਵਿਚ ਚੜਗਿੱਲੀਆਂ ਪਾਉਣ ਵਾਲਿਆਂ ਨੂੰ ਗੁਰੂ ਘਰੋਂ 'ਅਸੀਸਾਂ' ਦਿਵਾਈਆਂ ਗਈਆਂ। ਯਾਦ ਰਹੇ ਸ੍ਰੀ ਜੇਤਲੀ ਨੇ ਸੰਨ 1978 ਵਾਲੇ ਨਿਰੰਕਾਰੀ ਕਤਲ ਕਾਂਡ ਵਿਚ ਨਿਰੰਕਾਰੀਆਂ ਦੇ ਵਕੀਲ ਵਜੋਂ ਭਾਈ ਰਣਜੀਤ ਸਿੰਘ ਵਿਰੁਧ ਸੁਪਰੀਮ ਕੋਰਟ ਵਿਚ ਕੇਸ ਲੜਿਆ ਸੀ।

ਇਥੇ ਜਾਰੀ ਇਕ ਬਿਆਨ ਵਿਚ ਵਰਲਡ ਸਿੱਖ ਫੈਡਰੇਸ਼ਨ ਨੇ ਸ਼੍ਰੋਮਣੀ ਕਮੇਟੀ ਨੂੰ ਪੁੱਛਿਆ ਹੈ ਕਿ ਉਹ ਉਕਤ ਇਤਿਹਾਸਕ ਸੱਚਾਈਆਂ ਦੇ ਨਾਲ-ਨਾਲ ਸਾਹਮਣੇ ਦਿਖਾਈ ਦੇ ਰਹੇ ਇਸ ਪੱਖ ਨੂੰ ਵੀ ਕਿਉਂ ਨਜ਼ਰ-ਅੰਦਾਜ਼ ਕਰ ਰਹੀ ਹੈ ਕਿ ਅੱਜ ਕੱਲ੍ਹ ਸ੍ਰੀ ਜੇਤਲੀ ਨੇ ਉਸ ਹਰਬੰਸ ਲਾਲ ਖੰਨਾ ਦੀ 'ਯਾਦਗਾਰ' ਵਿਚ ਆਪਣਾ ਚੋਣ ਦਫਤਰ ਖੋਲ੍ਹਿਆ ਹੋਇਆ ਹੈ ਜਿਸ ਨੇ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਇਸ ਪਵਿਤਰ ਸ਼ਹਿਰ ਦੇ ਬਾਨੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਦੀ ਚਿਰਾਂ ਤੋਂ ਲੱਗੀ ਹੋਈ ਤਸਵੀਰ ਭੰਨ੍ਹ ਦਿੱਤੀ ਸੀ ਅਤੇ ਭੜਕਾਊ ਨਾਅਰੇ ਲਾਏ ਸਨ। ਇਸ ਹਕੀਕਤ ਤੋਂ ਵੀ ਕਿਉਂ ਅੱਖਾਂ ਮੀਟੀਆਂ ਜਾ ਰਹੀਆਂ ਨੇ ਕਿ ਜੇਤਲੀ ਉਸੇ ਭਾਜਪਾ ਦਾ ਉਮੀਦਵਾਰ ਹੈ ਜੋ ਸ੍ਰੀ ਦਰਬਾਰ ਸਾਹਿਬ 'ਤੇ ਕਰਵਾਏ ਫੌਜੀ ਹਮਲੇ ਦਾ ਸਿਹਰਾ ਐਲਾਨੀਆਂ ਆਪਣੇ ਸਿਰ ਬੰਨ੍ਹਦੀ ਹੈ।

ਜਥੇਬੰਦੀ ਨੇ ਕਿਹਾ ਹੈ ਕਿ ਇਸ ਦੇ ਉਲਟ ਆਮ ਆਦਮੀ ਦੀ ਬਾਂਹ ਫੜਨ ਵਾਲੇ ਅਤੇ ਭ੍ਰਿਸ਼ਟਾਚਾਰ ਨਾਲ ਨੰਗੇ ਧੜ ਜੂਝ ਰਹੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸ੍ਰੀ ਦਰਬਾਰ ਸਾਹਿਬ ਫੇਰੀ ਮੌਕੇ ਕੀਰਤਨ ਪ੍ਰਸਾਰਨ ਹੀ ਬੰਦ ਕਰ ਦਿੱਤਾ ਗਿਆ। ਨਾ ਹੀ ਉਸ ਨੂੰ ਰਵਾਇਤ ਮੁਤਾਬਕ ਸਿਰੋਪਾ ਦਿੱਤਾ ਗਿਆ। ਚਹੁੰ ਦਰਵਾਜਿਆਂ ਵਾਲੇ ਇਸ ਪਾਵਨ ਅਸਥਾਨ 'ਤੇ ਉਕਤ ਵਿਤਕਰਾ ਕਰ ਕੇ ਸ਼੍ਰੋਮਣੀ ਕਮੇਟੀ ਮਹੰਤਾਂ ਨੂੰ ਵੀ ਮਾਤ ਪਾਉਂਦੀ ਜਾਪ ਰਹੀ ਹੈ। ਉਹ ਗੁਰੂ ਸਾਹਿਬਾਨ ਵਲੋਂ ਸਾਜੇ ਹੋਏ ਇਸ 'ਸਿਫਤੀ ਦੇ ਘਰ' ਨੂੰ ਬਾਦਲ ਪਰਿਵਾਰ ਦਾ 'ਬਾਲਾ ਸਰ' ਬਣਾਉਣ 'ਤੇ ਤੁਲੀ ਹੋਈ ਹੈ।

ਜਥੇਬੰਦੀ ਦੇ ਉਤਰੀ ਅਮਰੀਕਾ ਜ਼ੋਨ ਦੇ ਸਰਗਰਮ ਮੈਂਬਰਾਂ ਭਾਈ ਜਗਪਾਲ ਸਿੰਘ, ਸ਼ੌਕੀਨ ਸਿੰਘ 'ਚੁੱਪ ਕੀਤੀ', ਹਰਜੀਤ ਸਿੰਘ ਬੋਥਲ, ਅਜੈਬ ਸਿੰਘ, ਸਤਪਾਲ ਸਿੰਘ ਪੁਰੇਵਾਲ, ਜੋਗਾ ਸਿੰਘ, ਹਰਨੇਕ ਸਿੰਘ, ਹਰਜੀਤ ਸਿੰਘ (ਸਿਆਟਲ), ਡਾ. ਗੁਰਮੀਤ ਸਿੰਘ ਬਰਸਾਲ, ਹਰਦੀਪ ਸਿੰਘ ਲਿਵਿੰਗਸਟਨ, ਬਲਵਿੰਦਰ ਸਿੰਘ ਬਾਲਟੀਮੋਰ, ਹਰਦੀਪ ਸਿੰਘ ਮਾਣਕ ਰਾਏ, ਗੁਰਵਿੰਦਰ ਸਿੰਘ ਟਰੇਸੀ, ਰਾਜਵੀਰ ਕੌਰ ਢੀਂਡਸਾ, ਹਰਮਿੰਦਰ ਸਿੰਘ ਸੇਖਾ ਅਤੇ ਕੁਲਜੀਤ ਸਿੰਘ ਫਰਿਜ਼ਨੋ ਦੇ ਦਸਤਖਤਾਂ ਹੇਠ ਜਾਰੀ ਇਸ ਬਿਆਨ ਵਿਚ ਇਸ ਗੱਲ 'ਤੇ ਨਿਰਾਸ਼ਾ ਪ੍ਰਗਟਾਈ ਗਈ ਹੈ ਕਿ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਅਤੇ ਖਾਲੜਾ ਮਿਸ਼ਨ ਜਥੇਬੰਦੀ ਤੋਂ ਇਲਾਵਾ ਹੋਰ ਕਿਸੇ ਵੀ ਸਿੱਖ ਸੰਸਥਾ ਨੇ ਉਕਤ ਵਿਤਕਰੇ ਦਾ ਨੋਟਿਸ ਹੀ ਨਹੀਂ ਲਿਆ। 'ਤਖਤਾਂ ਵਾਲੇ ਸਿੰਘ ਸਾਹਿਬਾਨ' ਅਤੇ ਸੰਤ ਸਮਾਜ ਵਾਲੇ 'ਬਾਬੇ ਜੀ' ਵੀ ਸਭ ਕੁਝ ਦੇਖਦਿਆਂ ਖਾਮੋਸ਼ ਬੈਠੇ ਹਨ।


## ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ

ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
*ਸੰਪਰਕ ਕਰੋ:*
316-691-8300 ਜਾਂ 316-518-5382
17-18




## MRP TRAVEL

*Lowest International and Domestic Fares*
ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**
E-mail:mrptravel@gmail.com
2123 Port Way, San Jose, CA 95133
*CST: 2097308-40*

*Passport & Visa services also available*



Emirates, Asiana Airlines, Singapore Airlines, Cathay Pacific, Korean Air, Lufthansa, China Airlines

*India Vacation tour package also available.*



## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
*www.princebarbershop.com*


# ਛਤਵਾਲ ਦੇ ਇਕਬਾਲ-ਏ-ਜੁਰਮ ਕਾਰਨ ਡੈਮੋਕਰੇਟ ਘਿਰੇ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕੀ ਹੋਟਲਰ ਸੰਤ ਸਿੰਘ ਛਤਵਾਲ ਵੱਲੋਂ ਚੋਣ ਫੰਡਾਂ ਵਿਚ ਘਪਲਾ ਕਰਨ ਦੀ ਗੱਲ ਮੰਨਣ ਮਗਰੋਂ ਡੈਮੋਕਰੇਟਿਕ ਪਾਰਟੀ ਦੇ ਕਈ ਉੱਘੇ ਆਗੂ



*ਛਤਵਾਲ ਓਬਾਮਾ ਨਾਲ*

ਉਗਰਾਹੇ ਗਏ ਫੰਡਾਂ ਨੂੰ ਜਾਂ ਤਾਂ ਵਾਪਸ ਕਰ ਰਹੇ ਹਨ ਜਾਂ ਫੇਰ ਫੰਡਾਂ ਨੂੰ ਦਾਨ ਵਜੋਂ ਦੇਣ ਲੱਗੇ ਹਨ। ਨਿਊਯਾਰਕ ਦੇ ਮੇਅਰ ਦੀ ਚੋਣ ਮੁਹਿੰਮ ਚਲਾਉਣ ਵਾਲਿਆਂ ਦਾ ਕਹਿਣਾ ਹੈ ਕਿ ਉਹ ਛਤਵਾਲ ਵੱਲੋਂ ਉਗਰਾਹੇ 15000 ਡਾਲਰ ਮੋੜ ਰਹੇ ਹਨ। ਛਤਵਾਲ ਨੇ ਕਈ ਡੈਮੋਕਰੇਟਿਕ ਆਗੂਆਂ ਲਈ ਚੋਣ ਫੰਡ ਜੁਟਾਏ ਸਨ। ਇਨ੍ਹਾਂ ਵਿਚ ਹਿਲੇਰੀ ਕਲਿੰਟਨ ਵੀ ਸ਼ਾਮਲ ਹੈ ਜਿਨ੍ਹਾਂ ਲਈ ਉਸ ਨੇ 2008 ਵਿਚ ਫੰਡ ਜੁਟਾਏ ਸਨ।

70 ਸਾਲਾ ਸੰਤ ਸਿੰਘ ਛਤਵਾਲ ਨੇ ਸੰਘੀ ਅਦਾਲਤ ਵਿਚ ਮੰਨਿਆ ਸੀ ਕਿ ਉਸ ਨੇ ਗੈਰ-ਕਾਨੂੰਨੀ ਢੰਗ ਨਾਲ ਫੰਡ ਜੁਟਾਏ ਸਨ। ਉਸ ਵੱਲੋਂ 2008 ਵਿਚ ਹਿਲੇਰੀ ਕਲਿੰਟਨ ਲਈ, 2010 ਵਿਚ ਸੈਨੇਟ ਮੈਂਬਰ ਕੈਂਡਰਿਕ ਮੀਕ ਤੇ ਸਾਬਕਾ ਸੈਨੇਟਰ ਕ੍ਰਿਸ ਡੋਡ ਲਈ ਫੰਡ ਜੁਟਾਏ ਸਨ। ਨਿਆਂ ਵਿਭਾਗ ਮੁਤਾਬਕ ਹਾਲੇ ਤੱਕ ਕਿਸੇ ਵੀ ਉਮੀਦਵਾਰ ਦਾ ਨਾਂ ਇਸ ਘਪਲੇ ਵਿਚ ਸ਼ਾਮਲ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਛਤਵਾਲ ਦੇ ਇਸ ਕਾਰਨਾਮੇ ਦਾ ਪਤਾ ਨਹੀਂ ਸੀ।

ਅਮਰੀਕਾ ਦੇ ਸਹਾਇਕ ਅਟਾਰਨੀ ਜਨਰਲ ਡੇਵਿਡ ਓਨੀਲ ਨੇ ਕਿਹਾ ਕਿ ਛਤਵਾਲ ਨੇ ਸਿਆਸਤਦਾਨਾਂ ਦੇ ਨੇੜੇ ਢੁਕਣ ਤੇ ਚੋਣਾਂ ਤੋਂ ਬਾਅਦ ਫਾਇਦਾ ਲੈਣ ਦੇ ਮਕਸਦ ਨਾਲ ਗੁਪਤ ਤਰੀਕੇ ਰਾਹੀਂ ਜਾਅਲੀ ਦਾਨੀਆਂ ਦੇ ਨਾਂ ਵਰਤੇ। ਓਨੀਲ ਮੁਤਾਬਕ ਉਸ ਨੇ ਆਪਣੇ ਜੁਰਮ ਨੂੰ ਛੁਪਾਉਣ ਲਈ ਇਕ ਹੋਰ ਵਿਅਕਤੀ ਨੂੰ ਵੀ ਨਾਲ ਰਲਾਇਆ। ਸ. ਛਤਵਾਲ (70) ਨੇ ਬਰਾਕ ਓਬਾਮਾ ਖ਼ਿਲਾਫ਼ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਲਈ ਹੋਈ ਚੋਣ ਦੌਰਾਨ 2008 ਵਿਚ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੇ ਪੱਖ ਵਿਚ ਘੱਟੋ-ਘੱਟ ਇਕ ਲੱਖ ਡਾਲਰ ਇਕੱਠੇ ਕੀਤੇ ਸਨ।

ਸੰਘੀ ਵਕੀਲਾਂ ਨੇ ਕਿਹਾ ਕਿ ਉਮੀਦਵਾਰਾਂ ਨੂੰ ਛਤਵਾਲ ਦੀ ਯੋਜਨਾ ਬਾਰੇ ਕੋਈ ਜਾਣਕਾਰੀ ਨਹੀਂ ਸੀ। ਛਤਵਾਲ ਨੂੰ ਵੱਧ ਤੋਂ ਵੱਧ ਛੇ ਸਾਲ ਦੀ ਜੇਲ੍ਹ ਹੋ ਸਕਦੀ ਹੈ। ਅਦਾਲਤ ਵੱਲੋਂ 31 ਜੁਲਾਈ ਨੂੰ ਸਜ਼ਾ ਸੁਣਾਈ ਜਾਏਗੀ। ਫਿਲਹਾਲ ਉਹ ਸਾਢੇ ਸੱਤ ਲੱਖ ਡਾਲਰ ਦਾ ਬਾਂਡ ਭਰਨ ਤੋਂ ਬਾਅਦ ਜ਼ਮਾਨਤ 'ਤੇ ਬਾਹਰ ਹਨ। ਸ. ਛਤਵਾਲ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਕਾਰੇ 'ਤੇ ਡੂੰਘਾ ਅਫਸੋਸ ਹੈ ਤੇ ਉਹ ਇਸ ਦੀ ਪੂਰੀ ਜ਼ਿੰਮੇਵਾਰੀ ਲੈਂਦੇ ਹਨ।

ਐਫ.ਬੀ.ਆਈ ਦੇ ਸਹਾਇਕ ਡਾਇਰੈਕਟਰ ਜਾਰਜ ਵੈਨੀਜ਼ੀਲੋਸ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕਰਕੇ ਵੋਟਾਂ ਖਰੀਦਣ ਦੀ ਕੋਸ਼ਿਸ਼ ਨੂੰ ਕਦੇ ਪ੍ਰਵਾਨ ਨਹੀਂ ਕੀਤਾ ਜਾਏਗਾ। ਛਤਵਾਲ ਤੇ ਉਸ ਦੇ ਕਾਰੋਬਾਰੀ ਸਹਾਇਕ ਵਿਚਕਾਰ ਅਕਤੂਬਰ 2010 ਨੂੰ ਹੋਈ ਗੱਲਬਾਤ ਨੂੰ ਸਬੂਤ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਕਾਰੋਬਾਰੀ ਬਾਅਦ ਵਿਚ ਸੂਹੀਆ ਬਣ ਗਿਆ ਸੀ। ਅਦਾਲਤ ਦੀ ਕਾਰਵਾਈ ਮੁਤਾਬਕ ਛਤਵਾਲ ਨੇ ਗਵਾਹਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ ਤਾਂ ਜੋ ਗਰੈਂਡ ਜਿਊਰੀ ਦੀ ਜਾਂਚ ਵਿਚ ਅੜਿੱਕਾ ਡਾਹਿਆ ਜਾ ਸਕੇ।

## ਕੈਨੇਡਾ 'ਚ ਪੰਜਾਬੀ ਵਿਦਿਆਰਥੀ ਦੀ ਮੌਤ

**ਟੋਰਾਂਟੋ:** ਜ਼ਿਲ੍ਹਾ ਅੰਮ੍ਰਿਤਸਰ ਦੇ ਨਗਰ ਬਾਬਾ ਬਕਾਲਾ ਸਥਿਤ ਪਿੰਡ ਚੀਮਾ ਬਾਠ ਤੋਂ ਕੈਨੇਡਾ ਵਿਚ ਟੋਰਾਂਟੋ ਲਾਗੇ ਪੀਟਰਬਰੋ ਸ਼ਹਿਰ ਵਿਚ ਕਾਲਜ ਦੀ ਪੜ੍ਹਾਈ ਕਰਦੇ ਅਮਨਦੀਪ ਸਿੰਘ ਦੀ ਟਰੱਕ ਨਾਲ ਹੋਏ ਹਾਦਸੇ ਮਗਰੋਂ ਮੌਤ ਹੋ ਗਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਕੰਪਿਊਟਰ ਅਪਲਾਇੰਸਜ਼ ਦਾ ਗਰੈਜੂਏਟ 26 ਸਾਲਾ ਨੌਜਵਾਨ ਅਮਨਦੀਪ ਕੈਨੇਡੀਅਨ ਕਾਲਜ ਵਿਚ ਪੜ੍ਹਨ ਲਈ ਕਰੀਬ 12 ਲੱਖ ਰੁਪਏ ਦੀਆਂ ਫੀਸਾਂ ਅਦਾ ਕਰਕੇ ਦਸੰਬਰ 2012 ਵਿਚ ਕੈਨੇਡਾ ਪੁੱਜਾ ਸੀ।

ਉਹ ਮਿਸੀਸਾਗਾ 'ਚ ਬੈਂਕੁਇਟ ਹਾਲ ਦੇ ਕੰਮ 'ਚ ਲੱਗਾ ਹੋਇਆ ਸੀ ਪਰ ਅਚਾਨਕ ਇਕ ਟਰੱਕ ਆ ਵੱਜਣ ਨਾਲ ਉਹ ਕੰਧ ਤੇ ਟਰੱਕ ਵਿਚਕਾਰ ਘੁੱਟਿਆ ਗਿਆ। ਬੀਤੀ 22 ਮਾਰਚ ਨੂੰ ਵਾਪਰੇ ਹਾਦਸੇ ਮਗਰੋਂ ਉਸ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ ਜਿਥੇ ਡਾਕਟਰਾਂ ਨੇ ਉਸ ਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ ਸਨ। ਮ੍ਰਿਤਕ ਦੇ ਪਿਤਾ ਗੁਰਬਚਨ ਸਿੰਘ ਤੇ ਮਾਤਾ ਰਾਜਬੀਰ ਕੌਰ ਤਤਕਾਲ ਪਾਸਪੋਰਟ ਤੇ ਵੀਜ਼ਾ ਲੈ ਕੇ ਬੀਤੀ ਦੋ ਅਪਰੈਲ ਨੂੰ ਚੀਮਾ ਬਾਠ ਤੋਂ ਕੈਨੇਡਾ ਪੁੱਜੇ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ।


## SUPER TRAVEL

**847-676-9090, 773-465-5566**
*E-mail: supertravel2003@yahoo.com*
***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*
*EARLY BIRD SALE!!!!*
India $545
London $250



FARMERS INSURANCE GROUP
Symbol of Superior Service
FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਅਪਰੈਲ 2014*

## ਬਾਦਲ ਦਾ ਭਾਰਤ ਤੇ ਮੋਦੀ ਦਾ ਪੰਜਾਬ

ਭਾਰਤੀ ਲੋਕ ਸਭਾ ਚੋਣਾਂ ਦਾ 9 ਪੜਾਵੀ ਮੇਲਾ ਜਿਉਂ-ਜਿਉਂ ਸਮਾਪਤੀ ਵੱਲ ਵਧ ਰਿਹਾ ਹੈ, ਆਏ ਦਿਨ ਹੋਰ ਦਿਲਚਸਪ ਹੋ ਰਿਹਾ ਹੈ। ਇਸ ਮੇਲੇ ਵਿਚ ਸਭ ਤੋਂ ਵੱਧ ਢੋਲ-ਢਮੱਕਾ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗਠਜੋੜ ਐਨ.ਡੀ.ਏ. ਵਿਚ ਹੈ। ਇਸ ਪਾਰਟੀ ਨੂੰ ਜਾਪ ਰਿਹਾ ਹੈ ਕਿ ਐਤਕੀਂ ਨਰੇਂਦਰ ਮੋਦੀ ਦੀ ਅਗਵਾਈ ਹੇਠ ਇਸ ਦੀ ਸਰਕਾਰ ਬੱਸ, ਵੱਟ ਉਤੇ ਹੀ ਪਈ ਹੈ। ਇਹ ਪਾਰਟੀ ਮੀਡੀਆ ਵਿਚ ਪੈਸੇ ਦੇ ਜ਼ੋਰ ਇਹ ਸਾਬਤ ਕਰਨ ਲਈ ਟਿੱਲ ਲਾ ਰਹੀ ਹੈ ਕਿ ਦੇਸ਼ ਵਿਚ ਮੋਦੀ ਲਹਿਰ ਚੱਲ ਰਹੀ ਹੈ। ਇਸ ਮਾਮਲੇ ਵਿਚ ਮੁੱਖ ਚੋਣ ਕਮਿਸ਼ਨ ਬੜਾ ਵਿਚਾਰਾ ਜਿਹਾ ਬਣਿਆ ਜਾਪ ਰਿਹਾ ਹੈ। ਇਸ ਨੇ ਤਾਂ 'ਨੋਟਾਂ ਵੱਟੇ ਖਬਰਾਂ' ਦੇ ਖਾਤਮੇ ਦਾ ਤਹੱਈਆ ਕੀਤਾ ਸੀ, ਪਰ ਉਥੇ ਤਾਂ 'ਨੋਟਾਂ ਵੱਟੇ ਮੁਹਿੰਮਾਂ' ਹੀ ਚੱਲ ਨਿਕਲੀਆਂ ਹਨ। ਹੋਰ ਤਾਂ ਹੋਰ ਚੋਣ ਕਮਿਸ਼ਨ ਵੱਲੋਂ ਚੋਣ ਸਰਵੇਖਣਾਂ ਉਤੇ ਪਾਬੰਦੀ ਵੀ ਮਖੌਲ ਵਿਚ ਹੀ ਉਡ-ਪੁਡ ਗਈ ਹੈ। ਮੁੱਖ ਟੀ.ਵੀ. ਚੈਨਲ ਅਤੇ ਪ੍ਰਿੰਟ ਮੀਡੀਆ ਵਿਚ ਇਹ ਸਰਵੇਖਣ ਧੜਾਧੜ ਨਸ਼ਰ ਹੋ ਰਹੇ ਹਨ। ਭਾਰਤ ਦੀ ਜਮਹੂਰੀਅਤ ਜਿਸ ਨੂੰ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਮੰਨਿਆ ਜਾਂਦਾ ਹੈ, ਤਾਂ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਸੀ, ਹੁਣ ਰਹਿੰਦੀ-ਖੂੰਹਦੀ ਕਸਰ ਚੋਣ ਢਾਂਚੇ ਦੀ ਬੇਵਸੀ ਨੇ ਕੱਢ ਦਿੱਤੀ ਹੈ। ਭੜਕਾਊ ਭਾਸ਼ਣਾਂ ਬਾਰੇ ਨਿੱਤ ਦਿਨ ਕਿੰਨੇ ਹੀ ਕੇਸ ਸਾਹਮਣੇ ਆ ਰਹੇ ਹਨ, ਪਰ ਇਹ ਢੀਠਤਾਈ ਦੀ ਸਿਖਰ ਹੀ ਹੈ ਕਿ ਲੀਡਰ ਅਜਿਹੇ ਭਾਸ਼ਣ ਦਾਗਣ ਤੋਂ ਰੱਤੀ ਭਰ ਵੀ ਗੁਰੇਜ਼ ਨਹੀਂ ਕਰ ਰਹੇ। ਇਹ ਕਿਸ ਤਰ੍ਹਾਂ ਦੀ ਜਮਹੂਰੀਅਤ ਹੈ, ਜਿਸ ਵਿਚ ਕਾਇਦੇ-ਕਾਨੂੰਨ ਦੀ ਕੋਈ ਪਾਲਣਾ ਹੀ ਨਹੀਂ ਹੋ ਰਹੀ। ਇਨ੍ਹਾਂ ਭੜਕਾਊ ਭਾਸ਼ਣਾਂ ਦੀ ਧਾਰ ਇੰਨੀ ਤਿੱਖੀ ਹੈ ਕਿ ਨਰੇਂਦਰ ਮੋਦੀ ਵਰਗਾ ਬੰਦਾ ਵੀ ਆਪਣੇ ਲੀਡਰਾਂ ਦੀ ਅਜਿਹੀ ਬਿਆਨਬਾਜ਼ੀ ਤੋਂ ਔਖਾ ਹੋ ਗਿਆ ਹੈ। ਅਸਲ ਵਿਚ ਉਹ ਦਿੱਲੀ ਵਾਲੀ ਗੱਦੀ ਲਈ ਬਹੁਤ ਬੁਰੀ ਤਰ੍ਹਾਂ ਤੜਫ ਰਿਹਾ ਹੈ ਅਤੇ ਹੁਣ ਇਸ ਮੋੜ 'ਤੇ ਅਜਿਹੇ ਭਾਸ਼ਣ ਉਸ ਨੂੰ ਇਸ ਗੱਦੀ ਵੱਲ ਪੇਸ਼ਕਦਮੀ ਦੇ ਰਾਹ ਵਿਚ ਰੋੜੇ ਲੱਗ ਰਹੇ ਹਨ। ਉਂਜ ਅਜਿਹੇ ਭਾਸ਼ਣਾਂ ਤੋਂ 'ਮੋਦੀ ਦੇ ਭਾਰਤ' ਵਾਲਾ ਸੱਚ ਸਾਬਤ ਹੋ ਰਿਹਾ ਹੈ। ਮੋਦੀ ਨੇ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਅਜਿਹੇ ਬਥੇਰੇ ਭਾਸ਼ਣ ਦਿੱਤੇ ਹੋਏ ਹਨ ਕਿ 'ਕਾਂਗਰਸ ਨੂੰ ਵੋਟ ਦੇਣ ਦਾ ਮਤਲਬ ਪਾਕਿਸਤਾਨ ਨੂੰ ਖੁਸ਼ ਕਰਨਾ ਹੈ।' ਇਹੀ ਭਾਸ਼ਣ ਹੁਣ ਉਸ ਦਾ ਪਿੱਛਾ ਕਰ ਰਹੇ ਹਨ। ਗੌਰ ਕਰਨ ਵਾਲੀ ਗੱਲ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਮੋਦੀ ਅਜਿਹੇ ਹੋਛੇ ਭਾਸ਼ਣਾਂ ਕਾਰਨ ਨਹੀਂ ਜਿੱਤਦਾ ਰਿਹਾ, ਸਗੋਂ 2002 ਵਾਲੇ ਕਤਲੇਆਮ ਵਿਚ ਬਦਨਾਮ ਹੋਣ ਦੇ ਬਾਵਜੂਦ ਉਹ ਲਗਾਤਾਰ ਇਸ ਕਰ ਕੇ ਜਿੱਤਦਾ ਰਿਹਾ, ਕਿਉਂਕਿ ਗੁਜਰਾਤ ਸੂਬੇ ਵਿਚ ਕਾਂਗਰਸ ਦੀ ਔਕਾਤ ਹੀ ਕੋਈ ਨਹੀਂ ਸੀ ਰਹਿ ਗਈ। ਹੁਣ ਵੀ ਚੋਣ-ਪਿੜ ਵਿਚ ਜੇ ਸੱਚੀ ਜਾਂ ਝੂਠੀ, ਮੋਦੀ-ਮੋਦੀ ਹੋਈ ਹੈ ਤਾਂ ਇਹ ਕਾਂਗਰਸ ਦੀ ਨਿਰੋਲ ਨਾਲਾਇਕੀ ਕਰ ਕੇ ਹੀ ਹੈ।

ਖੈਰ, ਆਪਣੇ ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਇਸੇ ਨਕਲੀ 'ਮੋਦੀ ਲਹਿਰ' ਦੇ ਸਹਾਰੇ ਆਪਣਾ ਬੇੜਾ ਪਾਰ ਲੰਘਾਉਣ ਲਈ ਹੇਠਲੀ ਉਤੇ ਕਰ ਰਿਹਾ ਹੈ। ਬਾਦਲ ਪਿਉ-ਪੁੱਤ ਮੋਦੀ ਦੇ ਨਾਂ ਉਤੇ ਵੋਟਾਂ ਮੰਗ ਰਹੇ ਹਨ। ਵੋਟਰਾਂ ਨੂੰ ਜਚਾਇਆ ਜਾ ਰਿਹਾ ਹੈ ਕਿ ਪੰਜਾਬ ਵਿਚ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ, ਜੇ ਕਿਤੇ ਕੇਂਦਰ ਵਿਚ ਮੋਦੀ ਸਰਕਾਰ ਬਣ ਜਾਵੇ ਤਾਂ ਪੰਜਾਬ ਦੇ ਸਭ ਕਸ਼ਟ ਹੀ ਕੱਟੇ ਜਾਣਗੇ। ਆਪਣੀ ਛੇ ਸਾਲ ਦੀ ਕਾਰਗੁਜ਼ਾਰੀ ਬਾਰੇ ਪ੍ਰਚਾਰ ਕਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਵਰਗੀ ਇਤਿਹਾਸਕ ਜਥੇਬੰਦੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਾਰਾ ਟਿੱਲ ਮੋਦੀ ਦੇ ਸੋਹਲੇ ਗਾਉਣ ਅਤੇ ਕੇਂਦਰ-ਪੰਜਾਬ ਤਾਲਮੇਲ 'ਤੇ ਹੀ ਲੱਗਿਆ ਹੋਇਆ ਹੈ; ਹਾਲਾਂਕਿ ਸੱਚ ਇਹ ਹੈ ਕਿ ਬਾਦਲਾਂ ਨੂੰ ਪਹਿਲਾਂ ਅਜਿਹਾ ਮੌਕਾ ਮਿਲ ਚੁੱਕਾ ਹੈ, ਪਰ ਉਸ ਵਕਤ ਬਾਦਲਾਂ ਨੇ ਪੰਜਾਬ, ਪੰਜਾਬੀ ਜਾਂ ਸਿੱਖਾਂ ਦਾ ਕੋਈ ਮਸਲਾ ਉਭਾਰਨ ਦੀ ਥਾਂ ਆਪਣੇ ਟੱਬਰ ਨੂੰ ਉਭਾਰਨ ਨੂੰ ਤਰਜੀਹ ਦਿੱਤੀ ਸੀ। ਕੇਂਦਰ ਵਿਚ ਮਾਰਚ 1998 ਤੋਂ ਲੈ ਕੇ ਮਈ 2004 ਤੱਕ ਅਟਲ ਬਿਹਾਰੀ ਵਾਜਪਈ ਦੀ ਸਰਕਾਰ ਸੀ; ਇਸੇ ਤਰ੍ਹਾਂ ਪੰਜਾਬ ਵਿਚ ਫਰਵਰੀ 1997 ਤੋਂ ਲੈ ਕੇ ਫਰਵਰੀ 2002 ਤੱਕ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਸੀ। ਤਕਰੀਬਨ ਚਾਰ ਸਾਲ ਕੇਂਦਰ ਅਤੇ ਪੰਜਾਬ ਵਿਚ ਵਾਜਪਈ-ਬਾਦਲ ਸਰਕਾਰਾਂ ਰਹੀਆਂ। ਇਹੀ ਨਹੀਂ, 1998-99 ਦੌਰਾਨ ਸੁਖਬੀਰ ਸਿੰਘ ਬਾਦਲ ਕੇਂਦਰ ਸਰਕਾਰ ਵਿਚ ਮੰਤਰੀ ਵੀ ਰਿਹਾ। ਉਸ ਵਕਤ ਬਾਦਲ ਪਿਉ-ਪੁੱਤ ਨੂੰ ਇਕ ਵੀ ਦਿਨ ਪੰਜਾਬ ਅਤੇ ਸਿੱਖਾਂ ਦੇ ਮਸਲੇ ਯਾਦ ਨਹੀਂ ਆਏ। ਐਨ.ਡੀ.ਏ. ਦੀਆਂ ਹੋਰ ਭਾਈਵਾਲ ਪਾਰਟੀਆਂ ਆਪੋ-ਆਪਣੀ ਖੇਤਰੀ ਹੋਂਦ ਦਰਸਾ ਕੇ ਵਾਜਪਈ ਸਰਕਾਰ ਤੋਂ ਆਪਣੇ ਸੂਬਿਆਂ ਲਈ ਕੁਝ ਨਾ ਕੁਝ ਲੈਂਦੀਆਂ ਰਹੀਆਂ। ਦੂਜੇ ਪਾਸੇ ਬਾਦਲਾਂ ਨੇ ਵਾਜਪਈ ਨੂੰ ਸਦਾ ਬਿਨਾਂ ਸ਼ਰਤ ਹਮਾਇਤ ਦਿੱਤੀ ਅਤੇ ਦਿੱਲੀ ਜਾ ਕੇ ਕਦੀ ਵੀ ਪੰਜਾਬ ਦੀ ਗੱਲ ਨਹੀਂ ਕੀਤੀ। ਤੱਥ ਇਹ ਵੀ ਬੋਲਦੇ ਹਨ ਕਿ ਪੰਜਾਬ ਉਤੇ ਸੰਕਟ ਦੇ ਦਿਨਾਂ ਦੌਰਾਨ ਚੜ੍ਹਿਆ ਕਰਜ਼ਾ ਵੀ ਇੰਦਰ ਕੁਮਾਰ ਗੁਜਰਾਲ ਨੇ ਮੁਆਫ ਕੀਤਾ ਸੀ ਅਤੇ ਸਾਰਾ ਜੱਗ ਜਾਣਦਾ ਹੈ ਕਿ ਸ੍ਰੀ ਗੁਜਰਾਲ ਤੀਜੇ ਫਰੰਟ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਸਨ। ਹੁਣ ਦੋਗਲੇਪਣ ਦੀ ਸਿਖਰ ਇਹ ਹੈ ਕਿ ਬਾਦਲ ਇਕ ਪਾਸੇ ਤਾਂ ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਲਈ ਸਿੱਧੀ ਜ਼ਿੰਮੇਵਾਰ ਕਾਂਗਰਸ ਖਿਲਾਫ ਬਿਆਨਾਂ ਉਤੇ ਬਿਆਨ ਦਾਗ ਰਹੇ ਹਨ, ਦੂਜੇ ਪਾਸੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਨਰੇਂਦਰ ਮੋਦੀ ਦੇ ਸਿਰ ਉਤੇ ਦਸਤਾਰਾਂ ਸਜਾ ਰਹੇ ਹਨ। ਸਾਫ ਜ਼ਾਹਿਰ ਹੈ ਕਿ ਬਾਦਲ ਦਾ ਦਿੱਲੀ ਸਰਕਾਰ ਲਈ ਅਤੇ ਮੋਦੀ ਦਾ ਪੰਜਾਬ ਲਈ ਇਹ ਹੇਜ ਸਿਆਸੀ ਗਿਣਤੀ-ਮਿਣਤੀ ਤੋਂ ਵੱਧ ਕੁਝ ਵੀ ਨਹੀਂ ਹੈ। ਅਜਿਹਾ ਇਸ ਕਰ ਕੇ ਹੋ ਰਿਹਾ ਹੈ, ਕਿ ਛੇ ਦਹਾਕਿਆਂ ਬਾਅਦ ਵੀ ਭਾਰਤ ਵਿਚ ਜਮਹੂਰੀ ਕਦਰਾਂ-ਕੀਮਤਾਂ ਲਈ ਕੋਈ ਖਾਸ ਥਾਂ ਨਹੀਂ ਬਣੀ ਹੈ। ਜਿਸ ਦਿਨ ਆਮ ਲੋਕ ਇਸ ਬਾਰੇ ਜਾਗਰੂਕ ਹੋ ਗਏ, ਉਸ ਦਿਨ ਸਿਆਸੀ ਗਿਣਤੀ-ਮਿਣਤੀ ਕਰਨ ਵਾਲੇ ਅਜਿਹੇ ਲੀਡਰਾਂ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵੋਟਾਂ ਦੀ ਸੇਲ!*

ਪੰਜ ਸਾਲ ਲਈ ਚੁਣੀ ਸਰਕਾਰ ਜਾਣੀ, ਜਿੰਮੇਵਾਰੀ ਦਾ ਕੰਮ, ਨਹੀਂ ਖੇਲ੍ਹ ਮੀਆਂ।
ਹੋਣਾ 'ਪਾਸ' ਜੇ ਸੋਚ ਕੇ ਵੋਟ ਪਾਇਓ, ਪਿਛ-ਲਗੂ ਸਭ ਹੋਣਗੇ 'ਫੇਲ੍ਹ' ਮੀਆਂ।
ਨਸ਼ੇ-ਨੋਟ ਜੋ ਵੰਡ ਕੇ ਵੋਟ ਮੰਗਣ, ਉਹ ਤਾਂ ਚਾਹੀਦੇ ਪਹੁੰਚਣੇ ਜੇਲ੍ਹ ਮੀਆਂ।
ਲੋਕੋ 'ਆਪ' ਦਾ ਫਰਜ਼ ਪਹਿਚਾਣਿਓ ਜੀ, ਲੋਕ-ਰਾਜ ਦੀ ਵਧੂਗੀ ਵੇਲ ਮੀਆਂ।
ਚੜ੍ਹਨੈਂ ਸੱਚ ਦਾ ਸੂਰਜ ਤੇ ਰਾਤ ਮੁੱਕੂ, ਇਨ੍ਹਾਂ ਤਿਲਾਂ 'ਚ ਹੋਇਆ ਜੇ ਤੇਲ ਮੀਆਂ।
ਵੈਰੀ ਦੇਸ਼ ਦੇ ਸਮਝੋ ਬੇ-ਗੈਰਤੇ ਉਹ, ਜਿਹੜੇ ਲਾਉਣਗੇ ਵੋਟਾਂ ਦੀ 'ਸੇਲ' ਮੀਆਂ!

# 2014 ਦੀਆਂ ਚੋਣਾਂ ਦਾ ਨਵਾਂ ਤੇ ਨਿਰਾਲਾ ਮਿਜ਼ਾਜ

1952 ਵਿਚ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਨੂੰ ਜਦੋਂ ਨਹਿਰੂ ਨੇ ਰਾਮਪੁਰ (ਯੂ.ਪੀ.) ਤੋਂ ਚੋਣ ਲੜਨ ਲਈ ਕਿਹਾ ਤਾਂ ਉਸ ਨੇ ਨਹਿਰੂ ਨੂੰ ਸਵਾਲ ਕੀਤਾ ਸੀ ਕਿ ਉਸ ਨੂੰ ਮੁਸਲਿਮ ਬਹੁ-ਗਿਣਤੀ ਵਾਲੇ ਰਾਮਪੁਰ ਹਲਕੇ ਤੋਂ ਚੋਣ ਨਹੀਂ ਲੜਨੀ ਚਾਹੀਦੀ। ਅਬਦੁੱਲ ਕਲਾਮ ਕਿਉਂਕਿ ਹਿੰਦੁਸਤਾਨ ਦੇ ਹੱਕ 'ਚ ਸੀ, ਤੇ ਜੇ ਉਹ ਰਾਮਪੁਰ ਤੋਂ ਚੋਣ ਲੜਦਾ ਸੀ ਤਾਂ ਲੋਕਾਂ ਨੇ ਇਹੀ ਸਮਝਣਾ ਸੀ ਕਿ ਉਹ ਮਹਿਜ਼ ਹਿੰਦੁਸਤਾਨ ਦੇ ਉਨ੍ਹਾਂ ਮੁਸਲਮਾਨਾਂ ਦਾ ਨੁਮਾਇੰਦਾ ਹੈ ਜੋ ਪਾਕਿਸਤਾਨ ਨਹੀਂ ਗਏ, ਪਰ ਨਹਿਰੂ ਨਹੀਂ ਮੰਨਿਆ। ਆਜ਼ਾਦੀ ਤੋਂ ਬਾਅਦ ਇਹ ਪਹਿਲੀ ਚੋਣ ਸੀ ਅਤੇ ਉਸ ਵਕਤ ਮੁਲਕ ਵਿਚ ਕੁਲ 17 ਕਰੋੜ ਵੋਟਰ ਸਨ। ਸੰਜੋਗ ਨਾਲ 2014 ਦੀਆਂ ਚੋਣਾਂ ਮੌਕੇ ਮੁਲਕ ਵਿਚ ਮੁਸਲਮਾਨ ਵੋਟਰਾਂ ਦੀ ਤਾਦਾਦ 17 ਕਰੋੜ ਹੈ। ਉਂਝ, 1952 ਵਿਚ ਮੁਲਕ ਦੇ ਮੁਸਲਮਾਨਾਂ

ਪੁਨਿਆ ਪ੍ਰਸੂਨ ਵਾਜਪਾਈ

ਪੇਸ਼ਕਸ਼ ਤੇ ਅਨੁਵਾਦ: ਬੂਟਾ ਸਿੰਘ

ਅੱਗੇ ਇਹ ਸਾਬਤ ਕਰਨ ਦੀ ਚੁਣੌਤੀ ਸੀ ਕਿ ਉਹ ਨਹਿਰੂ ਦੇ ਨਾਲ ਹਨ। 2014 'ਚ ਜੋ ਹਾਲਾਤ ਬਣ ਰਹੇ ਹਨ, ਉਸ ਵਿਚ ਪਹਿਲੀ ਦਫ਼ਾ ਖੁੱਲ੍ਹੇ ਤੌਰ 'ਤੇ ਮੁਸਲਿਮ ਧਰਮ-ਗੁਰੂਆਂ 'ਤੋਂ ਲੈ ਕੇ ਸ਼ਾਹੀ ਇਮਾਮ ਅਤੇ ਦਿਓਬੰਦ ਸੰਸਥਾ ਨਾਲ ਜੁੜੇ ਮੌਲਾਨਾ ਵੀ ਇਹ ਬੇਝਿਜਕ ਕਹਿ ਰਹੇ ਹਨ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਲਟਾਪੀਂਘ ਹੋ ਰਹੇ ਨਰੇਂਦਰ ਮੋਦੀ ਤੋਂ ਉਨ੍ਹਾਂ ਨੂੰ ਭੈਅ ਆਉਂਦਾ ਹੈ, ਜਾਂ ਫਿਰ ਮੋਦੀ ਪ੍ਰਧਾਨ ਮੰਤਰੀ ਬਣਿਆ ਤਾਂ ਫਿਰਕਾਪ੍ਰਸਤ ਤਾਕਤਾਂ ਹਾਵੀ ਹੋ ਜਾਣਗੀਆਂ।

ਕੀ ਆਜ਼ਾਦੀ ਤੋਂ ਬਾਅਦ ਪਹਿਲੀ ਦਫ਼ਾ ਮੁਲਕ ਦੇ ਮੁਸਲਮਾਨ ਖੌਫ਼ਜ਼ਦਾ ਹਨ? ਜਾਂ ਫਿਰ ਪਹਿਲੀ ਦਫ਼ਾ ਹਿੰਦੁਸਤਾਨੀ ਸਮਾਜ ਵਿਚ ਨਰੇਂਦਰ ਮੋਦੀ ਦੇ ਨਾਂ 'ਤੇ ਐਨੀ ਗੂੜ੍ਹੀ ਲਕੀਰ ਖਿੱਚੀ ਜਾ ਚੁੱਕੀ ਹੈ ਜਿਥੇ ਚੋਣਾਂ ਜਮਹੂਰੀਅਤ ਤੋਂ ਪਾਸੇ ਜਾ ਕੇ ਸੱਤਾ ਦਾ ਐਸਾ ਚਿੰਨ੍ਹ ਬਣ ਚੁੱਕੀਆਂ ਹਨ ਜਿਥੇ ਜਿੱਤ ਤਾਂ ਪ੍ਰਧਾਨ ਮੰਤਰੀ ਦੀ ਗੱਦੀ ਦੀ ਹੋਣੀ ਹੈ ਅਤੇ ਹਾਰ ਇਸ ਮੁਲਕ ਦੀ ਹੋਵੇਗੀ; ਭਾਵ ਜਿੰਨੀ ਵੱਡੀ ਤਾਦਾਦ ਵਿਚ ਮੁਲਕ ਦਾ ਅਵਾਮ ਆਪਣੇ ਨੁਮਾਇੰਦਿਆਂ ਨੂੰ ਚੁਣ ਕੇ ਸੰਸਦ ਵਿਚ ਭੇਜਦਾ ਹੈ, ਉਸ ਵਿਆਪਕ ਅਮਲ 'ਤੇ ਹੀ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਦੁਨੀਆਂ ਦੇ ਸਭ ਤੋਂ ਵੱਡੇ ਜਮਹੂਰੀ ਕਹਾਉਣ ਵਾਲੇ ਮੁਲਕ ਵਿਚ ਜੇ ਵਾਕਈ ਮੁਸਲਿਮ ਸਮਾਜ ਸਿਰਫ਼ ਮੋਦੀ ਦੇ ਖ਼ਿਲਾਫ਼ ਇਕਜੁੱਟ ਹੈ, ਤੇ ਇਹੀ ਇਕਜੁੱਟਤਾ ਜਾਤਪਾਤੀ ਸਮੀਕਰਨ ਤੋੜ ਕੇ ਹਿੰਦੂ ਵੋਟਰਾਂ ਦੀ ਪਾਲਾਬੰਦੀ ਵੀ ਕਰ ਰਹੀ ਹੈ, ਤਾਂ ਫਿਰ 2014 ਦੀਆਂ ਚੋਣਾਂ ਦਾ ਨਤੀਜਾ ਕੁਝ ਵੀ ਹੋਵੇ ਰਸਤਾ, ਜਮਹੂਰੀਅਤ ਤੋਂ ਭਟਕ ਗਿਆ ਹੈ! ਇਸ ਗੱਲ ਨੂੰ ਭਲਾ ਕਿਵੇਂ ਨਕਾਰਿਆ ਜਾ ਸਕਦਾ ਹੈ!!

ਨਾਲ ਹੀ ਵੱਡਾ ਸਵਾਲ ਰਾਸ਼ਟਰੀ ਸਿਆਸੀ ਪਾਰਟੀ ਭਾਜਪਾ ਬਾਬਤ ਵੀ ਹੈ ਜਿਸ ਦੀ ਸਿਆਸੀ ਸਰਗਰਮੀ ਸੰਘ ਪਰਿਵਾਰ ਦੇ ਅੱਗੇ ਠੱਪ ਹੋ ਕੇ ਰਹਿ ਹੋ ਗਈ ਹੈ। ਪਹਿਲੀ ਦਫ਼ਾ ਭਾਜਪਾ ਕਾਰਕੁਨਾਂ ਨੂੰ ਨਹੀਂ, ਸਗੋਂ ਸਮਾਜੀ-ਸਭਿਆਚਾਰਕ ਜਥੇਬੰਦੀ-ਆਰ.ਐਸ.ਐਸ., ਦੇ ਸੋਇਮ ਸੇਵਕਾਂ ਨੂੰ ਬੂਥ ਜਿੱਤਣ ਦਾ ਟੀਚਾ ਦਿੱਤਾ ਗਿਆ ਹੈ। ਇਸ ਦੇ ਤਹਿਤ ਮੁਲਕ ਦੇ ਹਰ ਪਿੰਡ ਤਕ ਹੀ ਨਹੀਂ, ਸਗੋਂ ਹਰ ਬੂਥ ਪੱਧਰ ਤਕ ਸੋਇਮ ਸੇਵਕਾਂ ਦੀ ਮੌਜੂਦਗੀ ਨਿਸ਼ਚਿਤ ਕੀਤੀ ਗਈ ਹੈ। ਹਰ ਸੂਬੇ ਵਿਚ ਸੰਘ ਦੇ ਸੂਬਾਈ ਪ੍ਰਚਾਰਕਾਂ ਕੋਲ ਆਨ-ਲਾਈਨ ਟੈਬ ਹੈ ਜਿਸ ਵਿਚ ਹਰ ਸੂਬੇ ਦੇ ਹਰ ਸੰਸਦੀ ਹਲਕੇ ਦਾ ਵੇਰਵਾ ਹੈ। ਸੰਸਦੀ ਹਲਕੇ 'ਚ ਪੈਂਦੇ ਹਰ ਪਿੰਡ ਦੀ ਜਾਣਕਾਰੀ ਹੈ। ਹਰ ਬੂਥ ਪੱਧਰ ਦੇ ਸੋਇਮ ਸੇਵਕਾਂ ਕੋਲ ਵੋਟਰ ਸੂਚੀ ਹੈ। ਹਰ ਕਾਰਕੁਨ ਨੂੰ 200 ਘਰਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਹਰ ਘਰ ਦੇ ਵੋਟਰਾਂ ਨੂੰ ਬੂਥ ਤਕ ਲਿਜਾਣ ਦਾ ਜ਼ਿੰਮਾ ਵੀ ਸੋਇਮ ਸੇਵਕਾਂ ਦਾ ਹੈ। ਕੀ ਪਹਿਲੀ ਦਫ਼ਾ ਹਿੰਦੁਸਤਾਨ ਦੀ ਸਿਆਸਤ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਰਿਹਾ ਹੈ?... ਜਾਂ ਫਿਰ 2014 ਦੀਆਂ ਚੋਣਾਂ ਸੰਸਦ ਦੇ ਅੰਦਰ-ਬਾਹਰ ਮੁਲਕ ਦੀ ਤਸਵੀਰ ਪੂਰੀ ਤਰ੍ਹਾਂ ਬਦਲ ਦੇਣਗੀਆਂ? ਮੋਦੀ ਜਿਸ ਉਡਾਣ 'ਤੇ ਸਵਾਰ ਹੈ, ਸੰਘ ਪਰਿਵਾਰ ਜਿਸ ਕਦਰ ਸਰਗਰਮ ਹੈ, ਤੇ ਮੁਸਲਿਮ ਸਮਾਜ ਦੇ ਨੁਮਾਇੰਦਿਆਂ ਦੇ ਜਿਸ ਤਰ੍ਹਾਂ ਦੇ ਤਿੱਖੇ ਤੇਵਰ ਹਨ, ਉਸ ਵਿਚ ਕੀ ਮੁਲਕ ਵਿਚ ਇਸ ਤੋਂ ਪਹਿਲਾਂ ਜੋ ਸਿਆਸੀ ਲਾਮਬੰਦੀ ਹਿੰਦੂਤਵ ਜਾਂ ਮੰਡਲ ਕਮਿਸ਼ਨ ਜ਼ਰੀਏ ਹੋਈ ਸੀ, ਉਹ ਟੁੱਟ ਜਾਵੇਗੀ?... ਜਾਂ ਦਲਿਤਾਂ ਨੂੰ ਲੈ ਕੇ ਜੋ ਨਵਾਂ ਤਾਕਤਵਰ ਵੋਟ ਬੈਂਕ ਹੋਂਦ ਵਿਚ ਆਇਆ ਸੀ, ਕੀ ਉਹ ਖ਼ਤਮ ਹੋ ਜਾਵੇਗਾ?

ਗ਼ੌਰਤਲਬ ਹੈ ਕਿ ਹਿੰਦੁਸਤਾਨੀ ਸਮਾਜ ਵਿਚ ਉਦਾਰਵਾਦੀ ਆਰਥਿਕਤਾ ਨੇ ਮੱਧ ਵਰਗ ਦਾ ਵਿਸਤਾਰ ਕੀਤਾ ਅਤੇ ਸ਼ਹਿਰੀਕਰਨ ਨੇ ਸਿਆਸੀ ਮੰਤਰ ਦੇ ਅੰਦਰ ਰਾਜ-ਪ੍ਰਸ਼ਾਸਨ ਤੋਂ ਲੈ ਕੇ ਲੋਕ-ਭਲਾਈ ਯੋਜਨਾਵਾਂ ਅਤੇ ਭ੍ਰਿਸ਼ਟਾਚਾਰ ਤੋਂ ਲੈ ਕੇ ਵਿਕਾਸ ਦੀ ਧਾਰਨਾ ਤਕ ਨੂੰ ਹੀ ਮੁੱਦੇ ਦੀ ਤਰਜ਼ 'ਤੇ ਬਦਲ ਦਿੱਤਾ। ਪਹਿਲੀ ਦਫ਼ਾ ਇਨ੍ਹਾਂ ਦੋ ਦਾਇਰਿਆਂ ਨੇ ਮੁਲਕ ਦੇ ਅੰਦਰ ਇਕ ਐਸੇ ਵੋਟ ਬੈਂਕ ਨੂੰ ਤਾਕਤਵਰ ਬਣਾ ਕੇ ਖੜ੍ਹਾ ਕਰ ਦਿੱਤਾ, ਜਿਥੇ ਰਵਾਇਤੀ ਵੋਟ ਬੈਂਕ ਹੀ ਨਹੀਂ, ਸਗੋਂ ਵੋਟ ਬੈਂਕ ਨਾਲ ਜੁੜੇ ਮੁੱਦੇ ਹੀ ਹਾਸ਼ੀਏ 'ਤੇ ਧੱਕੇ ਜਾਣੇ ਸ਼ੁਰੂ ਹੋ ਗਏ। ਦਰਅਸਲ, ਮੋਦੀ ਨੇ ਇਸੇ ਮਾਹੌਲ ਨੂੰ ਆਪਣਾ ਸਿਆਸੀ ਹਥਿਆਰ ਬਣਾਇਆ ਹੋਇਆ ਹੈ। ਵਿਕਾਸ ਦਾ ਜੋ ਖਾਕਾ ਮੋਦੀ ਆਪਣੇ ਮਿਸ਼ਨ-272 ਤਹਿਤ ਗੁਜਰਾਤ ਨੂੰ ਨਮੂਨਾ ਬਣਾ ਕੇ ਯੂ.ਪੀ., ਬਿਹਾਰ ਜਾਂ ਪੂਰੇ ਮੁਲਕ ਅੱਗੇ ਪਰੋਸ ਰਿਹਾ ਹੈ, ਉਹ ਆਪਣੇ ਆਪ 'ਚ ਹੀ ਨਿਆਰਾ ਹੈ। ਬੀਤੇ ਢਾਈ ਦਹਾਕਿਆਂ ਵਿਚ ਮੁਲਕ ਦੀ ਹਰ ਵਿਧਾਨ ਸਭਾ ਚੋਣ ਜਾਂ ਲੋਕ ਸਭਾ ਚੋਣ ਦੇ ਚੋਣ ਸਮੀਕਰਨਾਂ ਨੂੰ ਦੇਖਿਆ ਜਾਵੇ, ਤਾਂ ਵਿਕਾਸ ਦਾ ਖਾਕਾ ਬਿਜਲੀ-ਪਾਣੀ-ਸੜਕ ਤੋਂ ਅਗਾਂਹ ਗਿਆ ਹੀ ਨਹੀਂ। ਸਿਆਸੀ ਤੌਰ 'ਤੇ ਕਾਰਪੋਰੇਟਾਂ ਵਲੋਂ ਸਿੱਧੀ ਪਹਿਲ ਇਸ ਤੋਂ ਪਹਿਲਾਂ ਕਦੇ ਨਹੀਂ ਕੀਤੀ ਗਈ। ਕਰੋਨੀ ਕੈਪੀਟਲਿਜ਼ਮ, ਭਾਵ ਹਕੂਮਤ ਜਾਂ

> ***ਜੇ ਚੋਣ ਹਵਾ ਦਾ ਰੁਖ਼ ਅਜਿਹਾ ਹੈ ਤਾਂ ਇਸ ਦੇ ਮਾਇਨੇ ਮਨਮੋਹਨ ਸਿੰਘ ਹਕੂਮਤ ਨਾਲ ਜੋੜ ਕੇ ਦੇਖਣੇ ਹੋਣਗੇ... ਜੇ ਅੱਜ ਮੁਸਲਿਮ ਭਾਈਚਾਰਾ ਦਾਅ 'ਤੇ ਲੱਗਿਆ ਹੋਇਆ ਹੈ, ਕੱਲ੍ਹ ਨੂੰ ਕਿਸੇ ਹੋਰ ਨੂੰ ਲਗਾ ਦਿੱਤਾ ਜਾਵੇਗਾ।***

ਮੰਤਰੀਆਂ ਨਾਲ ਸਨਅਤੀ ਘਰਾਣਿਆਂ ਜਾਂ ਕਾਰਪੋਰੇਟਾਂ ਦਾ ਖੁੱਲ੍ਹ-ਮ-ਖੁੱਲ੍ਹਾ ਮੇਲਜੋਲ ਪਹਿਲਾਂ ਕਦੇ ਐਨਾ ਖੁੱਲ੍ਹ ਕੇ ਸਾਹਮਣੇ ਨਹੀਂ ਆਇਆ, ਪਰ ਮੋਦੀ ਨੇ ਜਿਵੇਂ ਭਾਜਪਾ ਦੀ ਹੀ ਸਿਆਸਤ ਨੂੰ ਬਦਲ ਕੇ ਮੌਜੂਦਾ ਦੌਰ ਦਾ ਸਿਆਸੀਕਰਨ ਨਵੇਂ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ, ਉਸ ਵਿਚ ਵਾਕਈ ਇਹ ਵੱਡਾ ਸਵਾਲ ਬਣ ਰਿਹਾ ਹੈ ਕਿ 2014 ਦੀਆਂ ਚੋਣਾਂ ਤੋਂ ਪਿਛੋਂ ਦੀ ਸਿਆਸਤ ਕਿਹੋ ਜਿਹੀ ਹੋਵੇਗੀ? ਮਾਇਆਵਤੀ ਜਿਸ ਦਲਿਤ ਵਿਸਤਾਰ ਦੇ ਆਸਰੇ ਸੱਤਾ ਤਕ ਪਹੁੰਚਦੀ ਰਹੀ, ਜਾਂ ਜਿਸ ਦੇ ਆਸਰੇ ਸੰਸਦ ਵਿਚ ਦਖ਼ਲ ਦੇਣ ਦੀ ਹਾਲਤ ਤਕ ਪਹੁੰਚੀ; ਜੇ ਉਹ ਦਲਿਤ ਵਿਸਤਾਰ ਮੋਦੀ ਦੀ ਸਿਆਸਤ ਨਾਲ ਤਿੜਕ ਰਿਹਾ ਹੈ, ਤਾਂ ਇਹ ਖ਼ੁਦ-ਬ-ਖ਼ੁਦ ਹੀ 21ਵੀਂ ਸਦੀ ਦਾ ਸਭ ਤੋਂ ਵੱਡਾ ਬਦਲਾਅ ਹੋਵੇਗਾ!

ਕਿਉਂ?... ਕਿਉਂਕਿ ਅੰਬੇਡਕਰ ਨੂੰ ਹਿੰਦੂਤਵੀ ਪ੍ਰਬੰਧ ਮਨਜ਼ੂਰ ਨਹੀਂ ਸੀ। ਉਸ ਨੇ ਸੰਘ ਦਾ ਬ੍ਰਾਹਮਣਵਾਦੀ ਪ੍ਰਬੰਧ ਵੀ ਸਵੀਕਾਰ ਨਹੀਂ ਕੀਤਾ। ਸਿੱਧਾ ਕਿਹਾ ਜਾਵੇ ਤਾਂ ਜਾਤਪਾਤੀ ਪ੍ਰਬੰਧ ਦੇ ਖ਼ਿਲਾਫ਼ ਅੰਬੇਡਕਰ ਸਮਾਜੀ ਬਰਾਬਰੀ ਵਾਲੇ ਪ੍ਰਬੰਧ ਦਾ ਚਿੰਨ੍ਹ ਬਣੇ, ਪਰ ਨਵੇਂ ਹਾਲਾਤ ਵਿਚ ਰਾਮਦਾਸ ਆਠਵਲੇ ਹੋਵੇ ਜਾਂ ਰਾਮਵਿਲਾਸ ਪਾਸਵਾਨ ਤੇ ਜਾਂ ਫਿਰ ਰਾਮ ਰਾਜ ਉਰਫ਼ ਉਦਿਤ ਰਾਜ ਹੋਵੇ, ਤਿੰਨੇ ਹੀ ਅੰਬੇਡਕਰ ਦੇ ਬਰਾਬਰੀ ਦੇ ਸਿਧਾਂਤ ਦਾ ਪੱਲਾ ਛੱਡ ਕੇ ਸੰਘ ਪਰਿਵਾਰ ਦੇ ਉਸ ਪ੍ਰਬੰਧ ਦੀ ਛਤਰੀ ਹੇਠ ਜਾ ਖੜ੍ਹੇ ਹੋਏ, ਜਿਥੇ ਮੋਦੀ ਦੇ ਵਿਕਾਸ ਦੀ ਪਟਾਰੀ ਨੂੰ ਅੰਬੇਡਕਰ ਦੀ 1956 ਦੀ ਧਰਮ-ਬਦਲੀ ਤੋਂ ਅੱਗੇ ਸਮਝਿਆ ਜਾ ਰਿਹਾ ਹੈ। ਇਹ ਹਿੰਦੂਤਵੀ ਸਿਧਾਂਤਕਾਰ ਗੋਵਿੰਦਾਚਾਰੀਆ ਦੀ ਸੋਸ਼ਲ ਇੰਜੀਨੀਅਰਿੰਗ (ਸਮਾਜ ਦੀ ਢਾਹ-ਭੰਨ) ਤੋਂ ਵੀ ਅਗਲੀ ਸੋਸ਼ਲ ਇੰਜੀਨੀਅਰਿੰਗ ਹੈ; ਕਿਉਂਕਿ ਗੋਵਿੰਦਾਚਾਰੀਆ ਨੇ ਸੋਸ਼ਲ ਇੰਜੀਨੀਅਰਿੰਗ ਦੇ ਜ਼ਰੀਏ ਮੁੱਦਿਆਂ ਨੂੰ ਸਿਰੇ ਲਾਉਣਾ ਸਿਖਾਇਆ, ਚਾਹੇ ਕਲਿਆਣ ਸਿੰਘ ਜ਼ਰੀਏ ਬਾਬਰੀ ਮਸਜਿਦ ਨੂੰ ਢਾਹ-ਢੇਰੀ ਹੀ ਕਿਉਂ ਨਾ ਕਰਨਾ ਪਿਆ!... ਪਰ ਨਰੇਂਦਰ ਮੋਦੀ ਦੇ ਦੌਰ ਵਿਚ ਭਾਜਪਾ ਦੀ ਸੋਸ਼ਲ ਇੰਜੀਨੀਅਰਿੰਗ ਸੱਤਾ ਹਾਸਲ ਕਰ ਕੇ ਹਰ ਮੁੱਦੇ ਨੂੰ ਆਪਣੇ ਅਨੁਸਾਰ ਪ੍ਰਭਾਸ਼ਿਤ ਕਰਦੀ ਹੋਈ ਸਿਰੇ ਲਾਉਣ ਦੀ ਸੋਚ ਰੱਖਦੀ ਹੈ।

ਕੀ ਦਲਿਤ ਵਰਤਾਰੇ ਤੋਂ ਬਾਅਦ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਚੋਂ ਪੈਦਾ ਹੋਏ ਰਾਜਿਆਂ ਦੀ ਸੱਤਾ ਵੀ 2014 ਦੀ ਚੋਣ ਵਿਚ ਤਹਿਸ-ਨਹਿਸ ਹੋ ਜਾਵੇਗੀ? ਦਲਿਤ ਵੋਟ ਬੈਂਕ ਦੀ ਤਾਕਤ ਤੋਂ ਬਾਅਦ ਯਾਦਵ ਅਤੇ ਕੁਰਮੀ ਜਾਤਾਂ ਐਸਾ ਵੋਟ ਬੈਂਕ ਹਨ ਜੋ ਇਕ-ਮੁਸ਼ਤ ਇਕੋ ਜਗ੍ਹਾ ਟਿਕਿਆ ਰਹਿੰਦਾ ਹੈ, ਪਰ ਮੋਦੀ ਦੇ ਮੁਸਲਿਮ ਹੇਜ ਦਾ ਸਿਧਾਂਤ ਇਸ ਨੂੰ ਵੀ ਤੋੜ ਦੇਵੇਗਾ, ਤੇ ਪਹਿਲੀ ਦਫ਼ਾ ਕਰਨਾਟਕ ਹੋਵੇ ਜਾਂ ਤਾਮਿਲਨਾਡੂ ਜਾਂ ਕੇਰਲਾ, ਉਥੇ ਵੀ ਭਾਜਪਾ ਦਸਤਕ ਦੇਵੇਗੀ; ਭਾਵ ਦੱਖਣ ਦੇ ਜਾਤਪਾਤੀ ਸਮੀਕਰਨ ਵੀ ਟੁੱਟਣਗੇ!

ਜੇ ਚੋਣ ਹਵਾ ਦਾ ਰੁਖ਼ ਅਜਿਹਾ ਹੈ ਤਾਂ ਇਸ ਦੇ ਮਾਇਨੇ ਮਨਮੋਹਨ ਸਿੰਘ ਹਕੂਮਤ ਨਾਲ ਜੋੜ ਕੇ ਦੇਖਣੇ ਹੋਣਗੇ; ਕਿਉਂਕਿ ਬੀਤੇ ਦਸ ਵਰ੍ਹਿਆਂ ਦੀ ਸੱਤਾ ਦੇ ਇਸ ਦੌਰ ਦਾ ਸੱਚ ਇਹ ਵੀ ਹੈ ਕਿ ਸਰਮਾਏ ਨੇ ਸਮਾਜ ਨੂੰ ਮੰਡੀ ਨਾਲ ਜੋੜ ਕੇ ਜੋ ਵਿਸਤਾਰ ਦਿੱਤਾ, ਉਸ ਵਿਚ ਨਾ ਸਿਰਫ਼ ਪੁਰਾਣੀ ਤਰਜ਼ੇ-ਜ਼ਿੰਦਗੀ ਬਦਲ ਗਈ, ਸਗੋਂ ਇਸੇ ਦੌਰ ਵਿਚ 14 ਕਰੋੜ ਵੋਟਰਾਂ ਦਾ ਇਕ ਐਸਾ ਤਬਕਾ ਵੀ ਉਭਰ ਆਇਆ ਜਿਸ ਲਈ ਨਹਿਰੂ ਦੀ ਮਿਸ਼ੀ ਆਰਥਿਕਤਾ ਤੋਂ ਲੈ ਕੇ ਲੋਹੀਆ ਦਾ ਸਮਾਜਵਾਦ ਕੋਈ ਮਾਇਨੇ ਨਹੀਂ ਰੱਖਦਾ। ਇਹ ਤਬਕਾ ਜੈਪ੍ਰਕਾਸ਼ ਜਾਂ ਵਿਸ਼ਵਨਾਥ ਪ੍ਰਤਾਪ ਸਿੰਘ ਦੇ ਅੰਦੋਲਨ ਤੋਂ ਵੀ ਕੋਰਾ ਹੈ। ਜਿਸ ਲਈ ਅਯੁੱਧਿਆ ਜਾਂ ਮੰਡਲ, ਖੇਤੀ ਜਾਂ ਸਨਅਤੀ ਪੈਦਾਵਾਰ 'ਤੇ ਆਧਾਰਤ ਅਰਥਚਾਰਾ ਵੀ ਕੋਈ ਮਾਇਨੇ ਨਹੀਂ ਰੱਖਦੇ। ਉਸ ਦੇ ਸੋਚ ਪ੍ਰਬੰਧ ਵਿਚ ਤਾਂ ਜਿਉਣ ਦੇ ਤੌਰ-ਤਰੀਕੇ ਬੇਰੋਕ-ਟੋਕ ਹੋਣੇ ਚਾਹੀਦੇ ਹਨ। ਉਸ ਨੂੰ ਮੰਡੀ ਦਾ ਖ਼ਪਤਕਾਰ ਬਣਨਾ ਵੀ ਕਬੂਲ ਹੈ ਅਤੇ ਸਮਾਜੀ ਤਾਣੇ-ਬਾਣੇ ਦੀ ਢਾਹ-ਭੰਨ ਕਰ ਕੇ ਸਵੱਛਤਾ ਹਾਸਲ ਕਰਨਾ ਵੀ ਮਨਜ਼ੂਰ ਹੈ। ਜੇ ਗੌਰ ਨਾਲ ਦੇਖਿਆ ਜਾਵੇ ਤਾਂ ਇਸ ਸੋਚ ਨੂੰ ਫੈਲਾਉਣ ਵਾਲਾ ਮਨਮੋਹਨ ਸਿੰਘ ਦਾ ਦੌਰ ਹੀ ਹੈ ਅਤੇ ਪਹਿਲੀ ਦਫ਼ਾ ਮੁੱਦਿਆਂ ਨੂੰ ਲੈ ਕੇ ਸ਼ਹਿਰ ਜਾਂ ਪੇਂਡੂ ਖੇਤਰ ਦੇ ਵਿਚਾਰ ਵੀ ਇਕੋ ਤਰ੍ਹਾਂ ਦੇ ਹੋਣ ਜਾ ਰਹੇ ਹਨ; ਭਾਵ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਨੂੰ 20 ਤੋਂ ਲੈ ਕੇ 30 ਕਰੋੜ ਦੇ ਉਸ ਇੰਡੀਆ ਦੇ ਹਵਾਲੇ ਕੀਤਾ ਜਾ ਰਿਹਾ ਹੈ ਜੋ ਪੂਰੇ ਮੁਲਕ ਨੂੰ ਨਾਲ ਲੈ ਕੇ ਚੱਲਣ ਜਾਂ ਮਿਲ-ਜੁਲ ਕੇ ਜਿਉਣ ਲਈ ਵੀ ਤਿਆਰ ਨਹੀਂ ਹੈ। ਵੋਟਰਾਂ ਦੀ ਸੂਚੀ ਵਿਚ ਵੀ ਕਿਸ ਤਬਕੇ ਦੇ ਭਰੋਸੇ ਕਿੰਨੀ ਥੋੜ੍ਹੀ ਤਾਦਾਦ ਵਿਚ ਸੱਤਾ 'ਤੇ ਪਹੁੰਚਿਆ ਜਾ ਸਕਦਾ ਹੈ, ਇਸ ਦਾ ਹਿਸਾਬ ਵੀ ਪਹਿਲੀ ਦਫ਼ਾ ਉਸੇ ਜਮਹੂਰੀਅਤ ਉਪਰ ਹਾਵੀ ਹੁੰਦਾ ਜਾਂਦਾ ਹੈ ਜੋ ਇਹ ਮੰਨ ਕੇ ਚਲਦੀ ਰਹੀ ਹੈ ਕਿ ਸੰਸਦ ਵਿਚ ਹਰ ਤਬਕੇ ਦੀ ਨੁਮਾਇੰਦਗੀ ਇਸੇ ਨਾਲ ਹੋ ਸਕਦੀ ਹੈ ਕਿ ਇਥੇ ਹਰ ਵਰਗ, ਹਰ ਤਬਕੇ, ਹਰ ਭਾਈਚਾਰੇ ਦਾ ਆਪਣਾ ਨੁਮਾਇੰਦਾ ਹੋਵੇ। 2009 'ਚ ਮਹਿਜ਼ ਸਾਢੇ ਗਿਆਰਾਂ ਕਰੋੜ ਵੋਟ ਲੈ ਕੇ ਕਾਂਗਰਸ ਸੱਤਾ ਵਿਚ ਪਹੁੰਚੀ ਸੀ। 2014 ਵਿਚ ਵੋਟਰਾਂ ਦੀ ਤਾਦਾਦ ਵਿਚ ਇੰਨੇ ਹੀ ਨਵੇਂ ਵੋਟਰਾਂ ਦਾ ਵਾਧਾ ਹੋ ਗਿਆ ਹੈ; ਭਾਵ ਪੁਰਾਣੇ ਹਿੰਦੁਸਤਾਨ ਨੂੰ ਤਾਕ 'ਤੇ ਰੱਖ ਕੇ ਨਵਾਂ ਇੰਡੀਆ ਬਣਾਉਣ ਦਾ ਖ਼ਵਾਬ ਮੌਜੂਦਾ ਚੋਣਾਂ ਦਾ ਪ੍ਰਤੀਕ ਬਣ ਗਿਆ ਹੈ... ਕਿਉਂਕਿ ਸਵਾ ਸੌ ਕਰੋੜ ਦਾ ਮੁਲਕ ਬਰਾਬਰੀ ਦੀ ਮੰਗ ਦੇ ਆਧਾਰ 'ਤੇ ਨਹੀਂ ਚੱਲ ਸਕਦਾ! ਇਹ ਨਹਿਰੂ ਤੋਂ ਲੈ ਕੇ ਮਨਮੋਹਨ ਸਿੰਘ ਦੀ ਨਾ-ਕਾਮਯਾਬੀ ਦਾ ਕੱਚਾ ਚਿੱਠਾ ਹੈ। ਜੇ ਅੱਜ ਮੁਸਲਿਮ ਭਾਈਚਾਰਾ ਦਾਅ 'ਤੇ ਲੱਗਿਆ ਹੋਇਆ ਹੈ, ਕੱਲ੍ਹ ਨੂੰ ਕਿਸੇ ਹੋਰ ਨੂੰ ਲਗਾ ਦਿੱਤਾ ਜਾਵੇਗਾ। ਇਹੀ 2014 ਦੀਆਂ ਚੋਣਾਂ ਦਾ ਨਵਾਂ ਮਿਜ਼ਾਜ ਹੈ।

# ਸਮਾਜੀ ਸਰੋਕਾਰ ਬਨਾਮ ਜਮਹੂਰੀਅਤ

*ਸਵਾਲ ਇਹ ਹੈ ਕਿ ਸਾਢੇ ਛੇ ਦਹਾਕਿਆਂ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦੀਆਂ ਦਾਅਵੇਦਾਰ ਹੁਕਮਰਾਨ ਜਮਾਤਾਂ ਨੇ ਜਿਸ ਤਰ੍ਹਾਂ ਖ਼ਾਸ ਹਿੱਤਾਂ ਨੂੰ ਮਹਿਫ਼ੂਜ਼ ਕਰਨ ਵਾਲਾ ਰਾਜਤੰਤਰ ਸਿਰਜਿਆ ਹੈ ਅਤੇ ਜਿਵੇਂ ਘੋਰ ਸੰਕਟ ਦੇ ਮੂੰਹ ਆਏ ਇਸ ਰਾਜਤੰਤਰ ਨੂੰ ਸਲਾਮਤ ਰੱਖਣ ਦੀ ਸੌੜੀ ਜ਼ਰੂਰਤ ਵਿਚੋਂ ਇਸ ਨੂੰ ਹੋਰ ਵਧੇਰੇ ਦਮਨਕਾਰੀ ਬਣਾਉਣ ਦੀ ਅਮੋੜ ਧੁਸ ਜਾਰੀ ਹੈ, ਇਥੇ ਥੋੜ੍ਹੀ ਗਿਣਤੀ ਜਰਵਾਣਿਆਂ ਦੀ ਧਿਰ ਅਤੇ ਬੇਸ਼ੁਮਾਰ ਦੱਬੇ-ਕੁਚਲੇ ਅਵਾਮ ਦਰਮਿਆਨ ਕੀ ਰਿਸ਼ਤਾ ਹੈ? ਕੀ ਘੋਰ ਨਾਬਰਾਬਰੀ, ਨੰਗੇ ਅਨਿਆਂ ਅਤੇ ਹਿੱਤਾਂ ਦੇ ਸਿੱਧੇ ਵਿਰੋਧ ਦੀ ਵਿਆਪਕ ਖਾਈ ਨੂੰ ਮਹਿਜ਼ ਚੋਣਾਂ ਦੀ ਸੰਵਿਧਾਨਕ ਰਸਮੀ ਕਵਾਇਦ ਨਾਲ ਢੱਕਿਆ ਜਾ ਸਕਦਾ ਹੈ! ਇਸ ਨੂੰ ਸਾਰਿਆਂ ਲਈ ਜਮਹੂਰੀਅਤ ਦਾ ਨਾਂ ਕਿਵੇਂ ਦਿੱਤਾ ਜਾ ਸਕਦਾ ਹੈ ਜਿਥੇ ਵਿਸ਼ਾਲ ਲੋਕਾਈ ਦੀ ਜ਼ਿੰਦਗੀ ਦੀ ਬਿਹਤਰੀ ਦੇ ਸਰੋਕਾਰਾਂ ਵਿਚੋਂ ਪ੍ਰਸ਼ਾਂਤ ਰਾਹੀ ਵਾਂਗ ਸਮਾਜਕ ਕਾਰਕੁਨ ਹੋਣਾ ਵੀ ਗੁਨਾਹ ਹੈ? ਜਿਸ ਦੀ ਸਜ਼ਾ ਸਾਲਾਂ ਬੱਧੀ 'ਬਿਨਾ ਦਲੀਲ-ਬਿਨਾ ਵਕੀਲ-ਬਿਨਾ ਅਪੀਲ' ਜੇਲ੍ਹ ਵਿਚ ਸੜਨਾ ਹੈ।*

**ਬੂਟਾ ਸਿੰਘ**
**ਫੋਨ: 91-94634-74342**

ਪ੍ਰਸ਼ਾਂਤ ਰਾਹੀ ਹਕੂਮਤ ਵਿਰੁੱਧ ਜੰਗ ਛੇੜਨ ਅਤੇ ਪਾਬੰਦੀਸ਼ੁਦਾ ਜਥੇਬੰਦੀ ਨਾਲ ਸਬੰਧਤ ਹੋਣ ਦੇ ਨਾਂ ਹੇਠ ਜੇਲ੍ਹ ਵਿਚ ਸੁੱਟਿਆ ਸਿਰਕੱਢ ਸਮਾਜਕ ਕਾਰਕੁਨ ਹੈ ਜੋ ਇਸ ਵਕਤ ਦੂਜੀ ਵਾਰ ਹਕੂਮਤੀ ਸਾਜ਼ਿਸ਼ ਤਹਿਤ ਜੇਲ੍ਹ ਵਿਚ ਬੰਦ ਹੈ। ਉਸ ਦੇ ਮਾਮਲੇ ਨੂੰ ਥੋੜ੍ਹਾ ਤਫ਼ਸੀਲ 'ਚ ਜਾਣ ਕੇ ਇਹ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਮੁਲਕ ਵਿਚ ਜਮਹੂਰੀ ਹੱਕਾਂ ਦੀ ਤਾਂ ਗੱਲ ਛੱਡੋ, ਮਨੁੱਖੀ ਹੱਕਾਂ ਦੀ ਹਾਲਤ ਵੀ ਕਿੰਨੀ ਚਿੰਤਾਜਨਕ ਹੈ!

ਮੱਧਵਰਗੀ ਪਰਿਵਾਰ ਵਿਚ ਪੈਦਾ ਹੋਇਆ ਪ੍ਰਸ਼ਾਂਤ ਰਾਹੀ ਰੌਸ਼ਨ ਦਿਮਾਗ ਵਿਦਿਆਰਥੀ ਸੀ ਜਿਸ ਨੇ ਬੀ. ਟੈਕ. (ਇਲੈਕਟ੍ਰੀਕਲ ਇੰਜੀਨੀਅਰਿੰਗ) ਦੀ ਪੜ੍ਹਾਈ ਪੂਰੀ ਕਰਨ ਪਿੱਛੋਂ ਆਈ.ਆਈ.ਟੀ. (ਬਨਾਰਸ ਹਿੰਦੂ ਯੂਨੀਵਰਸਿਟੀ) ਤੋਂ ਐਮ.ਟੈਕ. ਦੀ ਡਿਗਰੀ 1991 ਵਿਚ ਲਈ। ਵਿਦਿਆਰਥੀ ਜੀਵਨ ਦੌਰਾਨ ਹੀ ਉਹ ਯੂਨੀਵਰਸਿਟੀ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਦੀ ਜ਼ਿੰਦਗੀ ਦੀ ਬਿਹਤਰੀ ਲਈ ਸਰਗਰਮ ਹੋ ਗਿਆ ਸੀ। ਉਸ ਨੇ ਵੱਡੀ ਡਿਗਰੀ ਲੈ ਕੇ ਵੀ ਕਾਰਪੋਰੇਟ ਕੰਪਨੀਆਂ ਵਿਚ ਮੋਟੀ ਤਨਖ਼ਾਹ ਵਾਲੀ ਨੌਕਰੀ ਲੈਣ ਦੀ ਦੌੜ ਦਾ ਹਿੱਸਾ ਬਣਨ ਅਤੇ ਨਿੱਜ ਕੇਂਦਰਤ ਜ਼ਿੰਦਗੀ ਜਿਉਣ ਵਾਲੇ ਪਾਸੇ ਤੁਰਨ ਦੀ ਬਜਾਏ ਸਮਾਜੀ ਕਾਰਕੁਨ ਅਤੇ ਆਜ਼ਾਦ ਪੱਤਰਕਾਰ ਬਣ ਕੇ ਕੰਮ ਕਰਨ ਦਾ ਬਿਖੜਾ ਰਾਹ ਚੁਣਿਆ। ਉਸ ਨੇ ਉਤਰਖੰਡ ਨੂੰ ਆਪਣੀ ਕਰਮਭੂਮੀ ਬਣਾ ਲਿਆ।

ਉਤਰਖੰਡ ਵਿਚ ਸਮਾਜੀ ਅਤੇ ਸਿਆਸੀ ਪੱਤਰਕਾਰ ਵਜੋਂ ਕੰਮ ਕਰਦਿਆਂ ਪ੍ਰਸ਼ਾਂਤ ਰਾਹੀ ਦੇ ਲੇਖ 'ਸਟੇਟਸਮੈਨ' ਵਰਗੇ ਕਈ ਉੱਘੇ ਅਖ਼ਬਾਰਾਂ ਵਿਚ ਬਾਕਾਇਦਗੀ ਨਾਲ ਛਪਦੇ। ਉਤਰਖੰਡ ਨੂੰ ਵੱਖਰਾ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਚੱਲੀ ਲਹਿਰ ਵਿਚ ਉਸ ਨੇ ਸਿਰਕੱਢ ਭੂਮਿਕਾ ਨਿਭਾਈ। ਟੀਹਰੀ ਡੈਮ ਵਲੋਂ ਉਜਾੜੇ ਪਿੰਡਾਂ ਦੇ ਲੋਕਾਂ ਅਤੇ ਕਬਾਇਲੀਆਂ ਦੇ ਹੱਕਾਂ ਅਤੇ ਜ਼ਮੀਨ ਦੀ ਰਾਖੀ ਲਈ ਲਹਿਰ ਜਥੇਬੰਦ ਕਰਨ ਵਿਚ ਵੀ ਉਸ ਦੀ ਆਗੂ ਭੂਮਿਕਾ ਰਹੀ। ਸੰਖੇਪ ਵਿਚ ਉਹ ਲੋਕ ਭਲਾਈ ਲਈ ਅਤੇ ਵਾਂਝੇ ਤੇ ਹਾਸ਼ੀਏ 'ਤੇ ਧੱਕੇ ਅਵਾਮ ਦੇ ਹੱਕਾਂ ਲਈ ਸਰਗਰਮੀ ਨਾਲ ਜੂਝਣ ਵਾਲੀ ਅਹਿਮ ਸ਼ਖ਼ਸੀਅਤ ਹੈ। ਉਸ ਦਾ ਇਹੀ ਨਿਧੜਕ ਅਤੇ ਨਿਸ਼ਕਾਮ ਲੋਕ ਸੇਵਾ ਦਾ ਜਜ਼ਬਾ ਹੀ ਡਾਢਿਆਂ ਨੂੰ ਰੋੜ ਬਣ ਰੜਕਦਾ ਸੀ ਜਿਨ੍ਹਾਂ ਦੇ ਸੌੜੇ ਮੁਫ਼ਾਦਾਂ ਦੀ ਪੂਰਤੀ ਦੇ ਰਾਹ ਵਿਚ ਉਸ ਦੀ ਸਰਗਰਮੀ ਵੱਡਾ ਅੜਿੱਕਾ ਬਣਦੀ ਸੀ। ਇਹੀ ਵਜ੍ਹਾ ਹੈ ਕਿ 17 ਦਸੰਬਰ 2007 ਤੋਂ ਲੈ ਕੇ ਹੁਣ ਤਕ ਉਹ ਹਕੂਮਤੀ ਦਮਨ ਦੇ ਅੱਤਿਆਚਾਰੀ ਸਿਲਸਿਲੇ ਦੀ ਮਾਰ ਹੇਠ ਆਇਆ ਹੋਇਆ ਹੈ।

1991 ਤੋਂ ਉਹ ਦੇਹਰਾਦੂਨ ਵਿਚ ਰਹਿੰਦਿਆਂ ਸਰਗਰਮੀਆਂ ਕਰ ਰਿਹਾ ਸੀ। 17 ਦਸੰਬਰ 2007 ਨੂੰ ਜਦੋਂ ਉਹ ਸ਼ਹਿਰ ਵਿਚ ਆਰਾ ਘਰ ਕੋਲੋਂ ਗੁਜ਼ਰ ਰਿਹਾ ਸੀ, ਤਾਂ ਸਾਦਾ ਕੱਪੜਿਆਂ ਵਿਚ ਚਾਰ-ਪੰਜ ਅਣਪਛਾਤੇ ਬੰਦਿਆਂ ਦੇ ਗਰੋਹ ਨੇ ਉਸ ਨੂੰ ਦਿਨ-ਦਿਹਾੜੇ ਆ ਦਬੋਚਿਆ, ਜੋ ਉਸ ਨੂੰ ਅੱਖਾਂ 'ਤੇ ਪੱਟੀ ਬੰਨ੍ਹ ਕੇ ਬਿਨਾਂ ਨੰਬਰ ਪਲੇਟ ਗੱਡੀ ਵਿਚ ਸੁੱਟ ਕੇ ਉਥੋਂ ਭੱਜ ਨਿਕਲੇ। ਪਹਿਲਾਂ ਉਸ ਨੂੰ ਗੁਆਂਢੀ, ਹਰਦਵਾਰ ਜ਼ਿਲ੍ਹੇ ਵਿਚ ਲਿਜਾ ਕੇ ਰਾਤ ਨੂੰ ਲਾਠੀਆਂ ਨਾਲ ਕੁੱਟ-ਕੁੱਟ ਕੇ ਅਧਮੋਇਆ ਕੀਤਾ ਗਿਆ। ਅਗਲੇ ਦਿਨ ਉਸ ਨੂੰ ਹਰਦਵਾਰ ਦੇ ਰੋਸ਼ਨਾਬਾਦ ਸਥਿਤ ਹਥਿਆਰਬੰਦ ਪੁਲਿਸ (ਪੀ.ਏ.ਸੀ.) ਕੈਂਪਸ ਦੀ ਐਸੀ ਥਾਂ ਲਿਜਾਇਆ ਗਿਆ ਜਿਥੇ ਬਿਨਾਂ ਇਜਾਜ਼ਤ ਚਿੜੀ ਵੀ ਨਹੀਂ ਫੜਕ ਸਕਦੀ। ਉਸ ਨੂੰ 'ਪੀ.ਏ.ਸੀ. ਦੇ ਕਾਨਫਰੰਸ ਰੂਮ' ਵਿਚ ਲਿਜਾਇਆ ਗਿਆ ਜਿਥੇ ਪਹਿਲੀ ਵਾਰ 18 ਦਸੰਬਰ ਦੀ ਰਾਤ ਨੂੰ ਉਸ ਦੀਆਂ ਅੱਖਾਂ ਤੋਂ ਪੱਟੀ ਖੋਲ੍ਹੀ ਗਈ। ਉਥੇ 20 ਦਸੰਬਰ ਸਵੇਰ ਤਕ ਉਸ ਨੂੰ ਤਸੀਹੇ ਦਿੱਤੇ ਗਏ। ਇਸੇ ਸਵੇਰ ਉਸ ਦੀਆਂ ਅੱਖਾਂ 'ਤੇ ਦੁਬਾਰਾ ਪੱਟੀ ਬੰਨ੍ਹ ਕੇ, ਕਾਰ ਵਿਚ ਸੁੱਟ ਕੇ ਹਰਦਵਾਰ ਤੋਂ 350 ਕਿਲੋਮੀਟਰ ਦੂਰ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਨਾਨਕਮਤਾ ਥਾਣੇ ਦੇ ਰਿਹਾਇਸ਼ੀ ਕੁਆਰਟਰਾਂ ਵਿਚ ਲਿਜਾਇਆ ਗਿਆ। ਉਥੇ ਉਸ ਨੂੰ ਵੱਖੋ-ਵੱਖਰੇ ਪੁਲਿਸ ਅਧਿਕਾਰੀਆਂ ਦੀਆਂ ਟੋਲੀਆਂ ਵਲੋਂ ਤਸੀਹੇ ਦੇਣ ਦਾ ਸਿਲਸਿਲਾ ਚਲਦਾ ਰਿਹਾ। ਫਿਰ 22 ਦਸੰਬਰ ਨੂੰ ਉਸ ਦੀ ਗ੍ਰਿਫ਼ਤਾਰੀ ਪਾਉਣ ਲਈ ਉਸੇ ਤਰ੍ਹਾਂ ਦੀ ਕਹਾਣੀ ਘੜ ਲਈ ਗਈ ਜਿਸ ਨੂੰ ਘੜਨ ਲਈ ਹਿੰਦੁਸਤਾਨ ਦੇ ਪੁਲਿਸ ਅਧਿਕਾਰੀ ਬਾਖ਼ੂਬੀ ਪ੍ਰਵੀਨ ਹਨ।

ਉਸੇ 20 ਦਸੰਬਰ ਨੂੰ ਉਤਰਖੰਡ ਦੇ ਮੁੱਖ ਮੰਤਰੀ ਬੀ.ਸੀ. ਖੰਡੂਰੀ ਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਮੰਤਰੀਆਂ ਦੇ ਸੰਮੇਲਨ ਵਿਚ ਹਾਜ਼ਰੀ ਭਰ ਕੇ ਆਪਣੇ ਸੂਬੇ ਵਿਚ ਨਕਸਲਵਾਦ ਦੇ ਖ਼ਤਰੇ ਨਾਲ ਨਜਿੱਠਣ ਲਈ 208 ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦੀ ਮੰਗ ਕਰਨਾ ਵੀ ਗ਼ੌਰਤਲਬ ਹੈ ਜੋ ਇਤਫ਼ਾਕ ਨਹੀਂ ਸੀ। ਇਸ ਤੋਂ ਮਹਿਜ਼ ਦੋ ਦਿਨ ਪਿੱਛੋਂ 22 ਦਸੰਬਰ ਨੂੰ ਨਕਸਲੀਆਂ ਦੇ 'ਜ਼ੋਨਲ ਕਮਾਂਡਰ' ਪ੍ਰਸ਼ਾਂਤ ਰਾਹੀ ਨੂੰ ਨਾਨਕਮਤਾ ਥਾਣੇ ਦੀ ਹੱਦੂਦ ਅੰਦਰੋਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕਰਦੀ ਖ਼ਬਰ, ਪੁਲਿਸ ਵਲੋਂ ਨਸ਼ਰ ਕਰ ਦਿੱਤੀ ਗਈ।

ਉਸ ਦੇ ਖ਼ਿਲਾਫ਼ ਧਾਰਾ 121 (ਰਾਜ ਵਿਰੁੱਧ ਜੰਗ ਛੇੜਨ), 121-ਏ (ਰਾਜ ਖ਼ਿਲਾਫ਼ ਸਾਜ਼ਿਸ਼ ਰਚਣ), 124-ਏ (ਰਾਜਧ੍ਰੋਹ), 153-ਏ (ਮੁਲਕ ਦੀ ਏਕਤਾ ਤੇ ਪ੍ਰਭੂਸੱਤਾ ਦੀ ਸਲਾਮਤੀ ਲਈ ਖ਼ਤਰਾ ਹੋਣ), 120-ਬੀ (ਮੁਜਰਮਾਨਾ ਸਾਜ਼ਿਸ਼ ਦੇ ਹਿੱਸੇ ਵਜੋਂ ਉਪਰੋਕਤ ਜੁਰਮ ਕਰਨ), ਅਤੇ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ ਦੀ ਧਾਰਾ 20 (ਦਹਿਸ਼ਤਗਰਦ ਜਥੇਬੰਦੀ ਦਾ ਮੈਂਬਰ ਹੋਣ) ਤਹਿਤ ਸੰਗੀਨ ਮਾਮਲਾ ਦਰਜ ਕੀਤਾ ਗਿਆ। ਪੰਜ ਦਿਨ ਤੇ ਪੰਜ ਰਾਤਾਂ ਉਸ ਨੂੰ ਗ਼ੈਰ-ਕਾਨੂੰਨੀ ਹਿਰਾਸਤ ਵਿਚ ਨਾ ਸਿਰਫ਼ ਅਣਮਨੁੱਖੀ ਢੰਗ ਨਾਲ ਤਸੀਹੇ ਦਿੱਤੇ ਗਏ, ਸਗੋਂ ਉਸ ਨੂੰ ਆਪਣੇ ਕਿਸੇ ਵਾਕਫ਼ਕਾਰ ਨਾਲ ਸੰਪਰਕ ਕਰਨ ਦੇ ਮੁੱਢਲੇ ਸੰਵਿਧਾਨਕ ਹੱਕ ਤੋਂ ਵੀ ਮਹਿਰੂਮ ਰੱਖਿਆ ਗਿਆ। 22 ਦਸੰਬਰ ਦੀ ਸ਼ਾਮ ਨੂੰ ਉਸ ਨੂੰ ਆਪਣੀ ਧੀ ਸ਼ਿਖਾ ਨੂੰ ਫ਼ੋਨ ਕਰਨ ਦੀ ਇਜਾਜ਼ਤ ਦਿੱਤੀ ਗਈ, ਤੇ 23 ਦਸੰਬਰ ਨੂੰ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਗ੍ਰਿਫ਼ਤਾਰੀ ਦੀ ਕਹਾਣੀ ਇਹ ਘੜੀ ਗਈ ਕਿ ਉਸ ਨੂੰ ਨਾਨਕਮਤਾ ਨੇੜਲੇ ਜੰਗਲਾਂ ਵਿਚ ਪੁਲਿਸ ਵਲੋਂ ਤਲਾਸ਼ੀ ਮੁਹਿੰਮ ਦੌਰਾਨ ਫੜਿਆ ਗਿਆ। ਉਸ ਨੂੰ ਅਖੌਤੀ, ਤਿੰਨ ਮਹੀਨਾ ਚੱਲੇ ਮਾਓਵਾਦੀ ਸਿਖਲਾਈ ਕੈਂਪ ਵਿਚ ਸ਼ਾਮਲ ਦਰਸਾਇਆ ਗਿਆ। ਉਸ ਦੇ ਨਾਲ ਚਾਰ ਜਣੇ ਭਗੌੜੇ ਦੱਸੇ ਗਏ। ਕਹਾਣੀ ਦਾ ਅਗਲਾ ਹਿੱਸਾ ਇਹ ਹੈ ਕਿ ਤਫ਼ਤੀਸ਼ ਦੌਰਾਨ ਉਸ ਨੇ ਉਸੇ ਜੰਗਲ ਵਿਚੋਂ ਇਕ ਖ਼ਰਾਬ ਲੈਪਟਾਪ, ਇਕ ਪੈੱਨ ਡਰਾਈਵ ਅਤੇ ਛਪੀ ਸਮੱਗਰੀ ਪੁਲਿਸ ਨੂੰ ਬਰਾਮਦ ਕਰਾਏ। ਇਸ ਮਨਘੜਤ ਕਹਾਣੀ ਦੇ ਆਧਾਰ 'ਤੇ ਮੁਕੱਦਮੇ ਦੀ ਕਾਰਵਾਈ ਅੱਠ ਮਹੀਨੇ ਜਾਰੀ ਰਹੀ। ਮੁਕੱਦਮਾ ਅਜੇ ਵੀ ਕਿਸੇ ਤਣ-ਪੱਤਣ ਨਹੀਂ ਲੱਗਿਆ। ਜਮਹੂਰੀ ਹੱਕਾਂ ਦੀਆਂ ਅਤੇ ਹੋਰ ਸਮਾਜਕ ਜਥੇਬੰਦੀਆਂ ਦੇ ਅਣਥੱਕ ਯਤਨਾਂ ਸਦਕਾ ਤਿੰਨ ਸਾਲ ਅੱਠ ਮਹੀਨੇ ਬਾਅਦ 21 ਅਗਸਤ 2011 ਨੂੰ ਉਸ ਦੀ ਜ਼ਮਾਨਤ ਮਨਜ਼ੂਰ ਕੀਤੀ ਗਈ। ਇਹ ਜ਼ਮਾਨਤ ਵੀ ਇਸ ਕਾਰਨ ਸੰਭਵ ਹੋਈ, ਕਿਉਂਕਿ ਪ੍ਰਸ਼ਾਂਤ ਅਤੇ ਸਹਿ-ਦੋਸ਼ੀ ਬਣਾਏ ਵਿਅਕਤੀਆਂ ਉਪਰ ਯੂ.ਏ.ਪੀ.ਏ. ਕਾਨੂੰਨ 2004 ਲਗਾਇਆ ਗਿਆ ਸੀ। ਜੇ ਇਸ ਕਾਨੂੰਨ ਦਾ 2008 ਵਿਚ ਸੋਧਿਆ ਰੂਪ ਉਨ੍ਹਾਂ ਉਪਰ ਲਗਾਇਆ ਗਿਆ ਹੁੰਦਾ, ਤਾਂ ਅਜੇ ਵੀ ਜ਼ਮਾਨਤ ਨਹੀਂ ਸੀ ਮਿਲਣੀ। ਪ੍ਰਸ਼ਾਂਤ ਵਾਂਗ ਹੀ ਤਿੰਨ ਹੋਰ ਜਾਣੇ-ਪਛਾਣੇ ਸਮਾਜਕ ਕਾਰਕੁਨਾਂ- ਗੋਪਾਲ ਭੱਟ, ਦਿਨੇਸ਼ ਪਾਂਡੇ ਅਤੇ ਚੰਦਰਕਲਾ, ਨੂੰ ਕ੍ਰਮਵਾਰ ਵਿਹੜੇ, ਅਦਾਲਤ ਦੇ ਅਹਾਤੇ ਵਿਚੋਂ ਅਤੇ ਇਕ ਨੂੰ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਕੇ ਇਸੇ ਮੁਕੱਦਮੇ ਵਿਚ ਸ਼ਾਮਲ ਕੀਤਾ ਗਿਆ ਸੀ।

ਇਸ ਦੌਰਾਨ ਪ੍ਰਸ਼ਾਂਤ ਦਾ ਜੇਲ੍ਹ ਦੇ ਅਣਮਨੁੱਖੀ ਅਤੇ ਭਿਆਨਕ ਹਾਲਾਤ ਨਾਲ ਸਿੱਧਾ ਵਾਹ ਪਿਆ। ਉਸ ਨੇ ਯੂ.ਏ.ਪੀ.ਏ. ਅਤੇ ਹੋਰ ਦਮਨਕਾਰੀ ਕਾਨੂੰਨਾਂ ਤਹਿਤ ਜੇਲ੍ਹਾਂ ਵਿਚ ਸੜ ਰਹੇ ਬੇਵੱਸ ਤੇ ਬੇਸਹਾਰਾ ਸਿਆਸੀ ਕੈਦੀਆਂ ਨਾਲ ਘੋਰ ਅਨਿਆਂ ਨੂੰ ਨੇੜਿਓਂ ਡਿੱਠਾ। ਉਹ ਉਨ੍ਹਾਂ ਦੀ ਸਹਾਇਤਾ ਕਰਨ ਦੇ ਉਦੇਸ਼ ਨਾਲ ਕਾਨੂੰਨੀ ਪੈਰਵਾਈ ਦੇ ਕੰਮ ਵਿਚ ਸਰਗਰਮੀ ਨਾਲ ਜੁੱਟ ਗਿਆ। ਉਸ ਦੀ ਅਣਥੱਕ ਅਤੇ ਲਗਾਤਾਰ ਮਿਹਨਤ ਦੇ ਸਿੱਟੇ ਵਜੋਂ ਬਹੁਤ ਸਾਰੇ ਕੈਦੀਆਂ ਦੀ ਜ਼ਮਾਨਤ ਹੋ ਗਈ, ਜਾਂ ਉਨ੍ਹਾਂ ਦੇ ਮੁਕੱਦਮਿਆਂ ਦੀ ਸੁਣਵਾਈ ਦੀ ਰਫ਼ਤਾਰ ਤੇਜ਼ ਹੋ ਗਈ ਜਿਸ ਨਾਲ ਉਨ੍ਹਾਂ ਦਾ ਬਰੀ ਹੋਣਾ ਸੰਭਵ ਹੋ ਗਿਆ, ਪਰ ਪ੍ਰਸ਼ਾਂਤ ਨੂੰ ਇਸ ਦਾ ਖਮਿਆਜ਼ਾ ਰਾਜਕੀ ਕਰੋਪੀ ਦਾ ਦੁਬਾਰਾ ਸ਼ਿਕਾਰ ਹੋਣ ਦੀ ਸ਼ਕਲ 'ਚ ਭੁਗਤਣਾ ਪਿਆ।

ਜਦੋਂ ਉਹ ਕਾਨੂੰਨੀ ਪੈਰਵਾਈ ਦੇ ਇਸ ਕਾਜ ਲਈ ਸਰਗਰਮ ਸੀ, ਜੋ ਨਜ਼ਰਬੰਦਾਂ ਦਾ ਸੰਵਿਧਾਨਕ ਹੱਕ ਹੈ, ਤਾਂ ਪਹਿਲੀ ਸਤੰਬਰ 2013 ਨੂੰ ਉਸ ਨੂੰ ਸਾਜ਼ਿਸ਼ ਤਹਿਤ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਤੋਂ ਮਹਾਰਾਸ਼ਟਰ ਪੁਲਿਸ ਦੀ ਇਕ ਟੋਲੀ ਵੱਲੋਂ ਅਗਵਾ ਕਰ ਲਿਆ ਗਿਆ।



ਪ੍ਰਸ਼ਾਂਤ ਰਾਹੀ

ਇਥੇ ਉਹ ਇਕ ਮੁਕੱਦਮੇ ਦੇ ਕੁਝ ਕਾਗਜ਼-ਪੱਤਰ ਲੈਣ ਲਈ ਗਿਆ ਸੀ ਜਿਨ੍ਹਾਂ ਨੂੰ ਤਰਜਮਾ ਕਰ ਕੇ ਉਸ ਨੇ ਆਪਣੇ ਮੁਕੱਦਮੇ ਨਾਲ ਬਾਵਸਤਾ ਵਕੀਲ ਨੂੰ ਸੌਂਪਣਾ ਸੀ, ਜਿਸ ਨੇ ਇਹ ਇਸੇ 2 ਸਤੰਬਰ ਨੂੰ ਊਧਮ ਸਿੰਘ ਨਗਰ ਅਦਾਲਤ ਵਿਚ ਮਾਮਲੇ ਦੀ ਅਹਿਮ ਸੁਣਵਾਈ ਮੌਕੇ ਪੇਸ਼ ਕਰਨੇ ਸਨ।

ਇੱਥੋਂ ਹੀ ਹਿੰਦੁਸਤਾਨੀ ਪੁਲਿਸ ਦੀਆਂ ਮਨਮਾਨੀਆਂ ਦੀ ਕਥਾ ਦਾ ਅਗਲਾ ਗੇੜ ਸ਼ੁਰੂ ਹੋ ਜਾਂਦਾ ਹੈ। ਉਸ ਦੀ ਗ੍ਰਿਫ਼ਤਾਰੀ 2 ਸਤੰਬਰ ਨੂੰ ਗੋਂਡੀਆ ਤੋਂ ਦਿਖਾਈ ਗਈ, ਜਦਕਿ ਉਸ ਨੂੰ ਪਹਿਲੀ ਸਤੰਬਰ ਨੂੰ ਰਾਏਪੁਰ ਤੋਂ ਅਗਵਾ ਕੀਤਾ ਗਿਆ ਸੀ। ਪੁਲਿਸ ਟੁਕੜੀ ਉਸ ਨੂੰ ਕਾਲੇ ਸ਼ੀਸ਼ਿਆਂ ਵਾਲੀ ਬਿਨਾਂ ਨੰਬਰ ਪਲੇਟਾਂ ਤੋਂ ਵੈਨ ਵਿਚ ਸੁੱਟ ਕੇ ਲੈ ਗਈ। ਬਾਅਦ ਵਿਚ ਪਤਾ ਲੱਗਿਆ ਕਿ ਉਹ ਮਹਾਰਾਸ਼ਟਰ ਪੁਲਿਸ ਦੀ ਟੋਲੀ ਸੀ ਜਿਸ ਨੇ ਆਪਣੇ ਆਲਾ ਅਫ਼ਸਰਾਂ ਦੇ ਇਸ਼ਾਰੇ 'ਤੇ ਸਾਰੇ ਕਾਇਦੇ-ਕਾਨੂੰਨ ਛਿੱਕੇ 'ਤੇ ਟੰਗ ਕੇ ਪ੍ਰਸ਼ਾਂਤ ਨੂੰ ਆਪਣੇ ਕਾਰਜ-ਖੇਤਰ ਦੇ ਬਾਹਰ ਜਾ ਕੇ, ਲਾਕਾਨੂੰਨੀ ਢੰਗ ਨਾਲ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰੀ ਸਬੰਧੀ ਮੁਲਕ ਦੀ ਸੁਪਰੀਮ ਕੋਰਟ ਦੇ ਕੁਲ ਦਿਸ਼ਾ-ਨਿਰਦੇਸ਼ਾਂ ਦੀਆਂ ਧੱਜੀਆਂ ਉਡਾ ਕੇ ਉਸ ਨੂੰ ਦਿਨ-ਰਾਤ ਵੈਨ ਚਲਾਉਂਦੇ ਹੋਏ ਕਈ ਜ਼ਿਲ੍ਹਿਆਂ ਅਤੇ ਸੂਬਾਈ ਹੱਦਾਂ ਪਾਰ ਕਰ ਕੇ ਮਹਾਰਾਸ਼ਟਰ ਦੇ ਅਹੀਰੀ (ਜ਼ਿਲ੍ਹਾ ਗੜ੍ਹਚਿਰੌਲੀ) ਥਾਣੇ ਲਿਜਾਇਆ ਗਿਆ ਜੋ ਮਾਓਵਾਦੀਆਂ ਦਾ ਗੜ੍ਹ ਹੈ। ਉਥੇ ਪੁਲਿਸ ਨੇ ਉਸ ਨੂੰ ਸਿੱਧਾ ਅਦਾਲਤ ਵਿਚ ਪੇਸ਼ ਕਰ ਕੇ ਉਸ ਦੀ ਗ੍ਰਿਫ਼ਤਾਰੀ ਅਤੇ ਇਲਜ਼ਾਮਾਂ ਦੀ ਮਨਘੜਤ ਕਹਾਣੀ ਉਪਰ ਚਲਾਕੀ ਨਾਲ ਅਦਾਲਤੀ ਮੋਹਰ ਲਵਾ ਲਈ, ਕਿ ਉਹ ਰਾਜ ਖ਼ਿਲਾਫ਼ ਸਾਜ਼ਿਸ਼ ਦਾ ਘਾੜਾ ਹੈ (ਆਈ.ਪੀ.ਸੀ. ਧਾਰਾ 120-ਬੀ.), ਗ਼ੈਰ-ਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਹੈ (ਯੂ.ਏ.ਪੀ.ਏ. ਸੈਕਸ਼ਨ 13), ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੈ (ਯੂ.ਏ.ਪੀ.ਏ. ਸੈਕਸ਼ਨ 20), ਤੇ ਸੀ.ਪੀ.ਆਈ.-ਮਾਓਵਾਦੀ ਦੀ ਮਦਦ ਕਰਦਾ ਹੈ (ਯੂ.ਏ.ਪੀ.ਏ. ਸੈਕਸ਼ਨ 39)। ਫਿਰ ਉਸ ਨੂੰ ਪਹਿਲਾਂ ਹੀ ਘੜੇ ਇਕ ਹੋਰ ਮੁਕੱਦਮੇ ਵਿਚ ਸ਼ਾਮਲ ਕਰ ਲਿਆ ਗਿਆ ਜੋ ਦਿੱਲੀ ਤੋਂ ਕਲਾਕਾਰ/ ਕਾਰਕੁਨ ਹੇਮ ਮਿਸ਼ਰਾ, ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਦੇ ਪਾਂਡੂ ਨਰੋਟੀ ਅਤੇ ਛੱਤੀਸਗੜ੍ਹ ਦੇ ਕਾਂਕੇਰ ਜ਼ਿਲ੍ਹੇ ਤੋਂ ਮਹੇਸ਼ ਟਿਰਕੀ ਉਪਰ ਪਾਇਆ ਗਿਆ ਸੀ। ਇਨ੍ਹਾਂ ਨੂੰ ਵੱਖ-ਵੱਖ ਥਾਵਾਂ ਤੋਂ 20 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਫਿਰ ਪੁਲਿਸ ਰਿਮਾਂਡ ਤਹਿਤ ਪ੍ਰਸ਼ਾਂਤ ਅਤੇ ਬਾਕੀ ਤਿੰਨਾਂ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਡੀ.ਐਸ.ਪੀ. ਸੁਹਾਸ ਬਾਵਾਚੇ, ਡੀ.ਆਈ.ਜੀ. ਰਵਿੰਦਰ ਕਾਦਮ ਅਤੇ ਆਈ.ਜੀ. ਅਨੂਪ ਕੁਮਾਰ ਵਲੋਂ ਅਣਮਨੁੱਖੀ ਤਸੀਹੇ ਦੇਣ ਦਾ ਸਿਲਸਿਲਾ ਹਫ਼ਤਿਆਂ ਬੱਧੀ ਚਲਦਾ ਰਿਹਾ। ਅਖ਼ਬਾਰਾਂ ਵਿਚ ਪੁਲਿਸ ਵਲੋਂ ਪੇਸ਼ ਕੀਤੀ ਫ਼ਰਜ਼ੀ ਕਹਾਣੀ ਛਪਦੀ ਰਹੀ, ਪਰ ਜਿਨ੍ਹਾਂ ਉਪਰ ਦੋਸ਼ ਆਇਦ ਕੀਤੇ ਗਏ ਸਨ, ਉਨ੍ਹਾਂ ਨੂੰ ਕਿਸੇ ਪੱਤਰਕਾਰ ਨੂੰ ਮਿਲ ਕੇ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਵੀ ਨਹੀਂ ਦਿੱਤਾ ਗਿਆ।

ਇਸ ਵਾਰ ਪ੍ਰਸ਼ਾਂਤ ਬਾਰੇ ਪੁਲਿਸ ਦੀ ਕਹਾਣੀ ਇਉਂ ਸੀ: ਕਾਂਕੇਰ (ਛੱਤੀਸਗੜ੍ਹ) ਦਾ ਆਦਿਵਾਸੀ ਵਿਜੇ ਟਿਰਕੀ ਉਸ ਨੂੰ ਰਾਏਪੁਰ (ਛੱਤੀਸਗੜ੍ਹ) ਵਿਚ ਆ ਕੇ ਮਿਲਿਆ ਅਤੇ ਗੋਂਡੀਆ (ਮਹਾਰਾਸ਼ਟਰ) ਤੋਂ ਹੁੰਦਾ ਹੋਇਆ ਮਾਓਵਾਦੀ ਸਦਰ ਮੁਕਾਮ 'ਅਬੂਝਮਾੜ' ਵਿਚ ਮਾਓਵਾਦੀ ਆਗੂਆਂ ਨਾਲ ਮਿਲਾਉਣ ਲਈ ਉਸ ਨੂੰ ਲਿਜਾ ਰਿਹਾ ਸੀ ਜਦੋਂ ਉਨ੍ਹਾਂ ਨੂੰ ਦੇਵਰੀ-ਚਿਚਗੜ੍ਹ ਟੀ-ਪੁਆਇੰਟ ਤੋਂ ਗ੍ਰਿਫ਼ਤਾਰ ਕੀਤਾ ਗਿਆ। ਹਕੀਕਤ ਇਹ ਸੀ ਕਿ ਪ੍ਰਸ਼ਾਂਤ ਨੇ ਵਿਜੇ ਨਾਂ ਦੇ ਬੰਦੇ ਨੂੰ ਪਹਿਲੀ ਵਾਰ ਉਦੋਂ ਦੇਖਿਆ ਜਦੋਂ ਗ੍ਰਿਫ਼ਤਾਰੀ ਤੋਂ ਕਈ ਘੰਟੇ ਪਿੱਛੋਂ ਉਸ ਨੂੰ ਅਹੀਰੀ ਥਾਣੇ ਦੀ ਹਵਾਲਾਤ 'ਚ ਲਿਜਾ ਕੇ ਸੁੱਟਿਆ ਗਿਆ।

ਇਥੇ ਰਾਜ (ਸਟੇਟ) ਦੇ ਇਸ਼ਾਰੇ 'ਤੇ ਪੁਲਿਸ ਅਧਿਕਾਰੀਆਂ ਦੀਆਂ ਮਨਮਾਨੀਆਂ ਦਾ ਪਹਿਲੂ ਵੀ ਗ਼ੌਰਤਲਬ ਹੈ ਜੋ ਦਮਨਕਾਰੀ ਕਾਨੂੰਨਾਂ ਦੀ ਆੜ ਲੈ ਕੇ ਕੀਤੀਆਂ ਜਾਂਦੀਆਂ ਹਨ। ਆਈ.ਪੀ.ਸੀ. ਵਿਚ ਅਖੌਤੀ ਦੋਸ਼ੀ ਦੇ ਮਾਮਲੇ ਦੀ ਜਾਂਚ 90 ਦਿਨ ਤਕ ਕਰਨ ਦੀ ਕਾਨੂੰਨੀ ਵਿਵਸਥਾ ਹੈ। ਇਸ ਤਹਿਤ ਤਫ਼ਤੀਸ਼ੀ ਅਧਿਕਾਰੀ ਅੰਤ੍ਰਿਮ ਤਫ਼ਤੀਸ਼ ਰਿਪੋਰਟ ਅਦਾਲਤ ਵਿਚ ਪੇਸ਼ ਕਰ ਕੇ ਜਾਂਚ ਦਾ ਸਮਾਂ 90 ਦਿਨ ਹੋਰ ਵਧਾਉਣ ਦੇ ਨਾਂ ਹੇਠ ਹਿਰਾਸਤ ਵਿਚ ਲਏ ਬੰਦੇ ਨੂੰ 90 ਦਿਨ ਲਈ ਹੋਰ ਪੁਲਿਸ ਹਿਰਾਸਤ ਵਿਚ ਰੱਖਣ ਦਾ ਅਦਾਲਤੀ ਹੁਕਮ ਅਸਾਨੀ ਨਾਲ ਹੀ ਹਾਸਲ ਕਰ ਸਕਦਾ ਹੈ। ਜਿਨ੍ਹਾਂ ਦੇ ਹੱਥ ਵਿਚ ਨਿਆਂ ਦੀ ਕਲਮ ਫੜਾਈ ਹੋਈ ਹੈ, ਉਨ੍ਹਾਂ ਦੀ ਜ਼ਿਹਨੀਅਤ ਹੀ ਐਨੀ ਤੁਅੱਸਬੀ ਬਣ ਚੁੱਕੀ ਹੈ ਕਿ ਖ਼ਾਸ ਕਰ ਕੇ ਦਹਿਸ਼ਤਗਰਦੀ ਜਾਂ ਗ਼ੈਰ-ਕਾਨੂੰਨੀ ਜਥੇਬੰਦੀਆਂ ਨਾਲ ਜੁੜੇ ਹੋਣ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਦਰਸਾਏ ਵਿਅਕਤੀਆਂ ਬਾਰੇ ਪੁਲਿਸ ਵਲੋਂ ਪੇਸ਼ ਕੀਤੀ ਕਹਾਣੀ ਨੂੰ ਘੋਖਣ ਜਾਂ ਅਖੌਤੀ ਦੋਸ਼ੀ ਦਾ ਪੱਖ ਸੁਣਨ ਦੀ ਜੱਜ ਲੋੜ ਹੀ ਨਹੀਂ ਸਮਝਦੇ, ਸਗੋਂ ਸੁਣ ਕੇ ਵੀ ਅਣਸੁਣਿਆ ਕਰ ਦਿੰਦੇ ਹਨ ਅਤੇ ਪੁਲਿਸ ਦੀ ਕਹਾਣੀ ਨੂੰ ਸੌ ਫ਼ੀਸਦੀ ਸਹੀ ਮੰਨ ਕੇ ਰਿਮਾਂਡ ਦਾ ਸਮਾਂ ਵਧਾ ਦਿੰਦੇ ਹਨ। ਬਹੁਤ ਹੀ ਮਕਬੂਲ ਡਾ. ਬਿਨਾਇਕ ਸੇਨ ਅਤੇ ਆਦਿਵਾਸੀ ਅਧਿਆਪਕਾ ਸੋਨੀ ਸੋਰੀ ਦੇ ਮਾਮਲੇ ਅਦਾਲਤੀ ਵਤੀਰੇ ਦੀ ਉਘੜਵੀਂ ਮਿਸਾਲ ਰਹੇ ਹਨ।

ਪ੍ਰਸ਼ਾਂਤ ਦੀ ਗ੍ਰਿਫ਼ਤਾਰੀ ਤੋਂ 90 ਦਿਨ ਬਾਅਦ ਨਵੰਬਰ ਦੇ ਅਖ਼ੀਰ 'ਚ ਤਫ਼ਤੀਸ਼ੀ ਅਧਿਕਾਰੀ ਡੀ.ਐਸ.ਪੀ. ਨੇ ਗੜ੍ਹਚਿਰੌਲੀ ਦੇ ਪ੍ਰਮੁੱਖ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਦੀ ਅਦਾਲਤ ਵਿਚ ਆਪਣੀ ਤਫ਼ਤੀਸ਼ ਦੀ ਅੰਤ੍ਰਿਮ ਰਿਪੋਰਟ ਪੇਸ਼ ਕਰ ਕੇ ਚਾਰਜ ਸ਼ੀਟ ਪੇਸ਼ ਕਰਨ ਲਈ 90 ਦਿਨ ਦੀ ਹੋਰ ਮੋਹਲਤ ਮੰਗ ਲਈ। ਜੱਜ ਨੇ ਇਸ ਦੇ ਵਿਰੋਧ 'ਚ ਪ੍ਰਸ਼ਾਂਤ ਦੀਆਂ ਦਲੀਲਾਂ ਨੂੰ ਤਾਂ ਗ਼ੌਰ ਨਾਲ ਸੁਣਿਆ, ਪਰ ਤਫ਼ਤੀਸ਼ੀ ਅਧਿਕਾਰੀ ਕੋਲ ਯੂ.ਏ.ਪੀ.ਏ. ਕਾਨੂੰਨ ਦਾ ਸੈਕਸ਼ਨ 43(ਡੀ)2 ਅਚੂਕ ਹਥਿਆਰ ਸੀ ਜਿਸ ਤਹਿਤ ਪੁਲਿਸ ਨੂੰ ਬਿਨਾਂ ਚਾਰਜ ਸ਼ੀਟ ਪੇਸ਼ ਕੀਤਿਆਂ ਉਸ ਦੀ ਹਿਰਾਸਤ ਦਾ ਸਮਾਂ 90 ਦਿਨ ਹੋਰ ਵਧਾਉਣ ਦਾ ਹੱਕ ਹਾਸਲ ਹੋ ਗਿਆ। ਚੇਤੇ ਰਹੇ ਕਿ ਇਸੇ ਹੀ ਅਦਾਲਤ ਵਲੋਂ ਹੇਮ ਮਿਸ਼ਰਾ ਤੇ ਉਸ ਦੇ ਮਾਮਲੇ 'ਚ ਸ਼ਾਮਲ ਕੀਤੇ ਦੋ ਆਦਿਵਾਸੀਆਂ ਦੀ ਚਾਰਜ ਸ਼ੀਟ ਪੇਸ਼ ਨਾ ਕਰ ਸਕਣ ਦੀ ਸੂਰਤ ਵਿਚ ਇਸੇ ਪੁਲਿਸ ਨੂੰ 90 ਦਿਨ ਲਈ ਉਨ੍ਹਾਂ ਨੂੰ ਹੋਰ ਹਿਰਾਸਤ ਵਿਚ ਰੱਖਣ ਦੀ ਮੋਹਲਤ ਦਿੱਤੀ ਗਈ ਸੀ। ਤੇ ਤਫ਼ਤੀਸ਼ੀ ਅਧਿਕਾਰੀ ਨੇ ਇਸੇ ਅਦਾਲਤੀ ਫ਼ੈਸਲੇ ਦੀ ਕਾਪੀ ਪ੍ਰਸ਼ਾਂਤ ਦੀ ਹਿਰਾਸਤ 90 ਦਿਨ ਹੋਰ ਵਧਾਉਣ ਦੇ ਪੱਖ 'ਚ ਭੁਗਤਾਈ।


ਲਿਹਾਜ਼ਾ ਯੂ.ਏ.ਪੀ.ਏ. ਵਰਗੇ ਖ਼ਾਸ ਦਮਨਕਾਰੀ ਕਾਨੂੰਨ ਸਥਾਪਤੀ ਵਿਰੋਧੀ ਕਿਸੇ ਬੰਦੇ ਨੂੰ ਸਬਕ ਸਿਖਾਉਣ ਲਈ ਜ਼ਮਾਨਤ ਦੇਣ ਤੋਂ ਨਾਂਹ ਕਰ ਕੇ ਜੇਲ੍ਹ ਵਿਚ ਸਾੜਨ ਦਾ ਹੁਕਮਰਾਨਾਂ ਦੇ ਹੱਕ ਵਿਚ ਜ਼ਬਰਦਸਤ ਹਥਿਆਰ ਹਨ। ਪ੍ਰਸ਼ਾਂਤ ਦੇ ਮਾਮਲੇ ਵਿਚ ਅਜੇ ਇਸੇ ਕਾਨੂੰਨ ਤਹਿਤ ਅਗਲੇਰੀ ਨਜ਼ਰਸਾਨੀ, ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਵਾਲੀ ਅਥਾਰਟੀਜ਼- ਸੂਬਾ ਜਾਂ ਕੇਂਦਰੀ ਸਰਕਾਰ, ਦੀ ਦਖ਼ਲਅੰਦਾਜ਼ੀ ਦਾ ਅਮਲ ਬਾਕੀ ਹੈ। ਇਸ ਦੇ ਪੂਰਾ ਹੋਣ ਦੀ ਸੂਰਤ ਵਿਚ, ਜੇ ਹੁਕਮਰਾਨ ਉਨ੍ਹਾਂ ਉਪਰ ਇਸ ਕਾਨੂੰਨ ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇ ਦਿੰਦੇ ਹਨ ਤਾਂ ਉਚੇਰੀ ਅਦਾਲਤ ਵੀ ਯੂ.ਏ.ਪੀ.ਏ. ਵਿਚ 2008 ਵਿਚ ਸ਼ਾਮਲ ਕੀਤੇ ਸੈਕਸ਼ਨ 43(ਡੀ), ਉਪ-ਸੈਕਸ਼ਨ 5 ਤਹਿਤ ਉਨ੍ਹਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਨਾਮਨਜ਼ੂਰ ਕਰਨ ਦੀ ਪਾਬੰਦ ਹੋ ਜਾਵੇਗੀ।

ਮਾਮਲੇ ਦੀ ਇਸ ਸੰਖੇਪ ਤਫ਼ਸੀਲ ਵਿਚੋਂ ਇਹ ਪੱਖ ਉਘੜ ਕੇ ਸਾਹਮਣੇ ਆ ਜਾਂਦਾ ਹੈ ਕਿ ਪ੍ਰਸ਼ਾਂਤ ਰਾਹੀ ਦੀ ਪਹਿਲੀ ਗ੍ਰਿਫ਼ਤਾਰੀ ਤੇ ਪਹਿਲਾ ਫ਼ਰਜ਼ੀ ਮੁਕੱਦਮਾ ਮਹਿਜ਼ ਉਸ ਦੀਆਂ ਉਨ੍ਹਾਂ ਸਰਗਰਮੀਆਂ ਨੂੰ ਬੰਦ ਕਰਨ ਦੀ ਸਾਜ਼ਿਸ਼ ਸੀ ਜੋ ਸਥਾਪਤੀ ਦੀਆਂ ਖ਼ਾਸ-ਮ-ਖ਼ਾਸ ਤਾਕਤਾਂ ਨੂੰ ਗਵਾਰਾ ਨਹੀਂ ਸਨ। ਦੂਜੀ ਗ੍ਰਿਫ਼ਤਾਰੀ ਅਤੇ ਅਗਲੇ ਫ਼ਰਜ਼ੀ ਮੁਕੱਦਮੇ ਦੀ ਸਾਜ਼ਿਸ਼ ਰਾਜਤੰਤਰ ਵਲੋਂ ਖ਼ਾਸ ਮਕਸਦ ਨਾਲ ਜੇਲ੍ਹਾਂ ਵਿਚ ਡੱਕੇ ਨਿਰਦੋਸ਼ ਨਜ਼ਰਬੰਦਾਂ ਦੀ ਰਿਹਾਈ ਲਈ ਉਸ ਵਲੋਂ ਕੀਤੀ ਜਾ ਰਹੀ ਪੈਰਵਾਈ ਨੂੰ ਠੁੱਸ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਘੜੀ ਗਈ ਸੀ ਕਿ ਪਹਿਲਾ ਫ਼ਰਜ਼ੀ ਮੁਕੱਦਮਾ ਖ਼ਾਰਜ ਹੋਣ ਨਾਲ ਉਹ ਬਰੀ ਨਾ ਹੋ ਸਕੇ। ਜੇ ਉਸ ਨੂੰ ਦੂਜੇ ਮੁਕੱਦਮੇ ਵਿਚ ਨਾ ਫਸਾਇਆ ਗਿਆ ਹੁੰਦਾ, ਉਸ ਨੇ 2013 ਦੇ ਅਖ਼ੀਰ ਵਿਚ ਪਹਿਲੇ ਮੁਕੱਦਮੇ ਵਿਚੋਂ ਬਰੀ ਹੋ ਜਾਣਾ ਸੀ।

ਸਵਾਲ ਇਹ ਹੈ ਕਿ ਸਾਢੇ ਛੇ ਦਹਾਕਿਆਂ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦੀਆਂ ਦਾਅਵੇਦਾਰ ਹੁਕਮਰਾਨ ਜਮਾਤਾਂ ਨੇ ਜਿਸ ਤਰ੍ਹਾਂ ਖ਼ਾਸ ਹਿੱਤਾਂ ਨੂੰ ਮਹਿਫ਼ੂਜ਼ ਕਰਨ ਵਾਲਾ ਰਾਜਤੰਤਰ ਸਿਰਜਿਆ ਹੈ ਅਤੇ ਜਿਵੇਂ ਘੋਰ ਸੰਕਟ ਦੇ ਮੂੰਹ ਆਏ ਇਸ ਰਾਜਤੰਤਰ ਨੂੰ ਸਲਾਮਤ ਰੱਖਣ ਦੀ ਸੌੜੀ ਜ਼ਰੂਰਤ ਵਿਚੋਂ ਇਸ ਨੂੰ ਹੋਰ ਵਧੇਰੇ ਦਮਨਕਾਰੀ ਬਣਾਉਣ ਦੀ ਅਮੋੜ ਧੁਸ ਜਾਰੀ ਹੈ, ਇਥੇ ਥੋੜ੍ਹੀ ਗਿਣਤੀ ਜਰਵਾਣਿਆਂ ਦੀ ਧਿਰ ਅਤੇ ਬੇਸ਼ੁਮਾਰ ਦੱਬੇ-ਕੁਚਲੇ ਅਵਾਮ ਦਰਮਿਆਨ ਕੀ ਰਿਸ਼ਤਾ ਹੈ? ਕੀ ਘੋਰ ਨਾਬਰਾਬਰੀ, ਨੰਗੇ ਅਨਿਆਂ ਅਤੇ ਹਿੱਤਾਂ ਦੇ ਸਿੱਧੇ ਵਿਰੋਧ ਦੀ ਵਿਆਪਕ ਖਾਈ ਨੂੰ ਮਹਿਜ਼ ਚੋਣਾਂ ਦੀ ਸੰਵਿਧਾਨਕ ਰਸਮੀ ਕਵਾਇਦ ਨਾਲ ਢੱਕਿਆ ਜਾ ਸਕਦਾ ਹੈ? ਇਸ ਨੂੰ ਸਾਰਿਆਂ ਲਈ ਜਮਹੂਰੀਅਤ ਦਾ ਨਾਂ ਕਿਵੇਂ ਦਿੱਤਾ ਜਾ ਸਕਦਾ ਹੈ ਜਿਥੇ ਵਿਸ਼ਾਲ ਲੋਕਾਈ ਦੀ ਜ਼ਿੰਦਗੀ ਦੀ ਬਿਹਤਰੀ ਦੇ ਸਰੋਕਾਰਾਂ ਵਿਚੋਂ ਪ੍ਰਸ਼ਾਂਤ ਰਾਹੀ ਵਾਂਗ ਸਮਾਜਕ ਕਾਰਕੁਨ ਹੋਣਾ ਵੀ ਗੁਨਾਹ ਹੈ? ਜਿਸ ਦੀ ਸਜ਼ਾ ਸਾਲਾਂ ਬੱਧੀ 'ਬਿਨਾ ਦਲੀਲ-ਬਿਨਾ ਵਕੀਲ-ਬਿਨਾ ਅਪੀਲ' ਜੇਲ੍ਹ ਵਿਚ ਸੜਨਾ ਹੈ।

# ਸਿਆਸਤ, ਸਿਆਸਤਦਾਨ ਤੇ ਸ਼ਾਇਰਾਂ ਦੇ ਸ਼ਿਕਵੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਇਲਾਹੀ ਬਾਣੀ ਵਿਚ ਸ਼ਾਇਰਾਂ/ਲਿਖਾਰੀਆਂ ਨੂੰ 'ਧੰਨੁ ਲੇਖਾਰੀ ਨਾਨਕਾ' ਆਖ ਕੇ ਸਤਿਕਾਰਨ ਵਡਿਆਉਣ ਵਾਲੇ ਗੁਰੂ ਨਾਨਕ ਦੇਵ ਜੀ ਖੁਦ ਵੀ ਇਨਕਲਾਬੀ ਸ਼ਾਇਰ ਸਨ ਜਿਨ੍ਹਾਂ ਮੌਕੇ ਦੇ ਧੱਕੜ ਹਾਕਮ ਬਾਬਰ ਨੂੰ ਵੰਗਾਰਦਿਆਂ ਉਸ ਨੂੰ ਐਲਾਨੀਆਂ 'ਪਾਪ ਕੀ ਜੰਞ' ਦਾ ਲਾੜਾ ਕਰਾਰ ਦਿੱਤਾ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਤਤਕਾਲੀ ਹੁਕਮਰਾਨ ਨਿਰਦਈ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਦੇ ਅਣਿਆਲੇ ਬੋਲਾਂ ਰਾਹੀਂ ਚਿੱਤ ਕਰ ਦਿੱਤਾ। ਉਸ ਨੂੰ 'ਸ਼ਰੱਈ' ਹੋਣ ਦਾ ਕਪਟ ਕਰਦੇ ਨੂੰ 'ਬੇਈਮਾਨ' ਆਖਿਆ। ਉਹ ਕਲਮ ਹੀ ਕਾਹਦੀ ਜੋ 'ਸੱਚ ਸੁਣਾਇਸੀ ਸੱਚ ਕੀ ਵੇਲਾ' ਦੀ ਹਮਸਫਰ ਨਾ ਬਣੇ! ਜੇ ਕੋਈ ਕਵੀ/ਲਿਖਾਰੀ ਆਪਣੇ ਆਲੇ-ਦੁਆਲੇ ਆਪਣੇ ਸਮਾਜ ਦੇ ਮਨੁੱਖੀ ਸਮੂਹ ਦੀਆਂ ਉਥ ਦੀਆਂ ਪਤਾਲ ਹੀ ਮਾਰੀ ਜਾਵੇ, ਤਾਂ ਉਹ 'ਲੋਕਾਂ ਦਾ ਲਿਖਾਰੀ' ਨਹੀਂ ਮੰਨਿਆ ਜਾ ਸਕਦਾ। ਲੇਖਕਾਂ ਵਿਚ ਭਾਵੇਂ ਉਹ ਆਪਣੇ-ਆਪ ਨੂੰ ਸ਼ੁਮਾਰ ਕਰਦਾ ਫਿਰੇ; ਉਸ ਦੀਆਂ ਲਿਖਤਾਂ ਦਾ ਉਹਦੇ ਆਲੇ-ਦੁਆਲੇ ਨੂੰ ਕੀ ਭਾਅ?

ਇਸ ਦੇ ਉਲਟ ਉਹ ਲਿਖਤਾਂ ਜੋ ਸਮੇਂ-ਸਮੇਂ ਕਿਸੇ ਜਬਰ-ਜ਼ੁਲਮ ਖਿਲਾਫ ਲਿਖੀਆਂ ਗਈਆਂ, ਜਾਂ ਤਤਕਾਲੀ ਸਿਆਸੀ ਧੱਕੇਸ਼ਾਹੀਆਂ ਦੇ ਬਖੀਏ ਉਧੇੜਦੀਆਂ ਹੋਈਆਂ ਲੋਕ ਮਨਾਂ ਨੂੰ ਚੇਤੰਨ ਬਣਾਉਂਦੀਆਂ ਰਹੀਆਂ, ਉਹ ਸਦ-ਹਰਿਆਵਲ ਰਚਨਾਵਾਂ ਬਣ ਜਾਂਦੀਆਂ ਨੇ। ਉਹ ਸਮਾਂ ਸਥਾਨ ਦੀਆਂ ਹੱਦਾਂ ਉਲੰਘ ਕੇ ਤ੍ਰੈ-ਕਾਲ ਪ੍ਰਭਾਵੀ ਹੋ ਨਿਬੜਦੀਆਂ ਹਨ।

ਮੇਰੇ ਸਾਹਮਣੇ ਪੰਜਾਬੀ ਸ਼ਾਇਰੀ ਦੀ ਕਿਤਾਬ ਪਈ ਹੈ, 'ਕਲਮਾਂ ਦੀ ਕਸਤੂਰੀ' ਜੋ ਮਰਹੂਮ ਵਿਧਾਤਾ ਸਿੰਘ 'ਤੀਰ' ਦੇ ਸਾਥੀ ਰਹੇ ਸ. ਈਸ਼ਰ ਸਿੰਘ 'ਮੋਮਿਨ' ਦੀ ਲਿਖੀ ਹੋਈ ਹੈ। ਸ. ਮੋਮਿਨ ਪਿਛੋਂ ਪੰਜਾਬ ਤੋਂ ਵੀ ਮੇਰੇ ਗਵਾਂਢੀ ਪਿੰਡ ਲੰਗੜੋਆ ਤੋਂ ਹਨ ਅਤੇ ਇਥੇ ਅਮਰੀਕਾ ਵਿਚ ਵੀ ਸੈਨ ਹੋਜ਼ੇ ਸ਼ਹਿਰ 'ਚ ਰਹਿੰਦਿਆਂ ਮੇਰੇ ਗਵਾਂਢੀ ਹੀ ਹਨ। ਉਮਰ ਦੇ ਨੌਵੇਂ ਦਹਾਕੇ ਨੂੰ ਢੁੱਕ ਚੁੱਕੇ, ਸ਼ਾਂਤ-ਚਿੱਤ ਤੇ ਸਦ-ਪ੍ਰਸੰਨ ਰਹਿਣ ਵਾਲੇ ਸ. ਮੋਮਿਨ, ਡੰਗੋਰੀ ਹੱਥ 'ਚ ਲੈ ਕੇ ਸੈਰ ਕਰਦੇ ਹੁੰਦੇ ਨੇ ਸੈਨ ਹੋਜ਼ੇ ਦੇ ਪਾਰਕ ਵਿਚ; ਪਰ ਉਨ੍ਹਾਂ ਦੀਆਂ ਕਵਿਤਾਵਾਂ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਉਹ ਇਨ੍ਹਾਂ ਵਿਚ ਅੱਜ ਕੱਲ੍ਹ ਪੰਜਾਬ 'ਚ ਭਖੇ ਹੋਏ ਚੋਣ ਪ੍ਰਚਾਰ ਦਾ ਅੱਖੀਂ ਡਿੱਠਾ ਸੱਚ ਬਿਆਨ ਕਰ ਰਹੇ ਹਨ। ਇਹ ਸ਼ਾਇਰੀ ਪੜ੍ਹਦਿਆਂ ਚੇਤਾ ਈ ਭੁੱਲ ਜਾਂਦਾ ਹੈ ਕਿ ਇਸ ਦਾ ਰਚਨਾ ਕਾਲ ਸੰਨ 2000 ਤੋਂ ਵੀ ਕਿਤੇ ਪਹਿਲਾਂ ਦਾ ਹੈ, ਜਦੋਂ ਇਹ ਕਿਤਾਬੀ ਰੂਪ ਵਿਚ ਸੰਭਾਲੀ ਗਈ। ਚਰਮ ਸੀਮਾ 'ਤੇ ਪਹੁੰਚੇ ਹੋਏ ਚੋਣ ਦੰਗਲ ਵਿਚ ਕਿਵੇਂ ਸਿਆਸੀ ਆਗੂ ਧੂੰਆਂ-ਧਾਰ ਤਕਰੀਰਾਂ ਰਾਹੀਂ ਨਵੇਂ ਤੋਂ ਨਵੇਂ ਗੱਪ-ਗੋਲੇ ਛੱਡ ਰਹੇ ਨੇ, ਉਨ੍ਹਾਂ ਦਾ ਹੂ-ਬ-ਹੂ ਨਕਸ਼ਾ ਖਿੱਚਦਿਆਂ ਸ. ਮੋਮਿਨ ਨੇ ਲਿਖਿਆ ਹੈ,

ਰੰਗ ਬਿਰੰਗੇ ਭਾਸ਼ਣ ਦਈਏ,
ਭਾਸ਼ਣ ਦਈਏ ਪੂਰੇ,
ਜਿੱਤਣ ਦੇ ਲਈ ਤਰਲੇ ਕਰੀਏ,
ਜਿੱਤ ਕੇ ਮੁੱਕਰ ਜਾਈਏ।
ਇਕ ਨਾ ਸੁਣੀਏ ਦੂਜੇ ਦੀ ਗੱਲ,
ਆਪਣੀ ਗੱਲ ਸੁਣਾਈਏ,
ਲੀਡਰ ਬਣ ਕੇ ਲੀਡਰ ਵਾਂਗੂੰ
ਗੱਲਾਂ ਦਾ ਗੁੜ ਖਾਈਏ।

ਸਾਧਾਂ ਵਾਂਗੂ ਗੱਲਾਂ ਕਰੀਏ,
ਚੋਰਾਂ ਵਾਂਗੂੰ ਚਾਲਾਂ,
ਉਚੀ-ਉਚੀ ਭਾਸ਼ਣ ਦੇ ਕੇ
ਲੋਕਾਂ ਦਾ ਸਿਰ ਖਾਈਏ।
ਅੰਦਰੋਂ ਭਾਵੇਂ ਕਾਫ਼ਰ ਰਹੀਏ,
ਬਾਹਰੋਂ ਰਹੀਏ ਮੋਮਿਨ,
ਮੇਜ਼ ਉਰਾਂ ਨੂੰ ਕਰ ਕੇ ਥੋੜ੍ਹਾ
ਕੁਰਸੀ ਨੂੰ ਸਰਕਾਈਏ।

ਚੋਣ ਪ੍ਰਚਾਰ ਦੇ ਨਾਂ ਹੇਠ ਮਚੇ ਪਏ ਘਮਾਸਾਣ ਵਿਚ ਕੋਈ ਲੀਡਰ ਮੱਥੇ ਉਤੇ ਤਿਲਕ ਲਗਾ ਕੇ ਵੱਡਾ ਧਰਮੀ ਬਣਿਆ ਫਿਰਦਾ ਹੈ, ਕੋਈ ਚਿੱਟੀਆਂ, ਨੀਲੀਆਂ, ਪੀਲੀਆਂ ਪੱਗਾਂ ਅਤੇ ਬੀਬੀਆਂ ਦਾੜ੍ਹੀਆਂ ਨੂੰ ਨੁਮਾਇਸ਼ ਵਾਂਗ ਵਰਤਦਾ ਮੋਮੋਠਗਣੀਆਂ ਮਾਰਦਾ ਫਿਰਦਾ ਹੈ। ਕੋਈ ਸਿਆਸਤਦਾਨ, ਬੇਦੋਸ਼ਿਆਂ ਦੇ ਖੂਨ ਨਾਲ ਰੰਗੇ ਆਪਣੇ ਹੱਥਾਂ ਨੂੰ ਕਥਿਤ ਵਿਕਾਸ ਦੇ ਪਰਦਿਆਂ ਹੇਠ ਲੁਕਾਉਣ ਦੀ ਕੋਸ਼ਿਸ਼ ਵਿਚ ਕਿਤੇ ਇਕ ਖਾਸ ਫਿਰਕੇ ਨੂੰ ਭਰਮਾਉਣ ਹਿਤ, ਉਨ੍ਹਾਂ ਆਗੂਆਂ ਦੇ ਸਿਰਾਂ ਉਪਰ ਬੰਨ੍ਹੀਆਂ ਬੰਨ੍ਹਾਈਆਂ ਪੱਗਾਂ ਬਦੋ-ਬਦੀ ਰੱਖੀਆਂ ਜਾਂਦੀਆਂ ਨੇ, ਜਿਨ੍ਹਾਂ ਕਦੇ ਸੁਪਨੇ ਵਿਚ ਵੀ ਪੱਗ ਨਹੀਂ ਬੰਨ੍ਹੀ ਹੁੰਦੀ। ਅਜਿਹੇ ਬਹਿਰੂਪੀਏ ਫਿਰਦੇ ਸਿਆਸੀ ਲੀਡਰਾਂ ਦੇ ਕਪਟ ਨੂੰ ਬੇਪਰਦ ਕਰਦਾ ਕਿਸੇ ਪੁਰਾਣੇ ਸ਼ਾਇਰ ਦਾ ਸ਼ਿਅਰ ਹੈ,

ਅੰਮ੍ਰਿਤ ਦੇ ਵਿਚ ਜ਼ਹਿਰਾਂ ਜਿੱਦਾਂ,
ਪਾਣੀ ਦੇ ਵਿਚ ਅੱਗਾਂ ਨੇ।
ਜਿੱਧਰ ਵੇਖੋ ਸੱਜਣਾਂ ਦਾ ਹੈ,
ਭੇਸ ਬਣਾਇਆ ਠੱਗਾਂ ਨੇ।

ਆਮ ਦਸਤੂਰ ਹੈ ਕਿ ਗਲੀ-ਮੁਹੱਲੇ ਦੇ 'ਰਿੰਡ ਪ੍ਰਧਾਨ ਚੌਧਰੀ ਚਮਚੇ' ਅੱਗੇ ਐਮ.ਐਲ.ਏ.-ਐਮ.ਪੀ. ਸਾਹਿਬਾਨ ਦੇ ਦਰੀਂ-ਘਰੀਂ ਕੌਡੀ ਫੇਰਾ ਰੱਖਦੇ ਨੇ। ਵਿਧਾਨਕਾਰ ਤੇ ਐਮ.ਪੀ. ਅਗਾਂਹ ਮੁੱਖ ਮੰਤਰੀ ਦੇ ਘਰ-ਦਫ਼ਤਰ ਸਵੇਰੇ-ਸ਼ਾਮ ਹਾਜ਼ਰੀਆਂ ਭਰਦੇ ਨੇ। ਮੁੱਖ ਮੰਤਰੀ ਅੱਗੇ ਕਿਸੇ ਹੋਰ ਰਾਸ਼ਟਰੀ ਪਾਰਟੀ ਦਾ ਜੀ ਹਜ਼ੂਰੀਆ ਹੁੰਦਾ ਹੈ। ਇਕ-ਇਕ 'ਕੀਮਤੀ ਵੋਟ' ਦੀ ਮਾਲਕ ਭੋਲੀ ਜਨਤਾ ਵਿਚਾਰੀ ਉਕਤ ਆਗੂਆਂ ਨੂੰ ਹੀ ਆਪਣੇ 'ਰਹਿਬਰ' ਸਮਝਦੀ ਰਹਿੰਦੀ ਹੈ। ਖੁਦਗਰਜ਼ੀਆਂ ਦੀ ਪੂਰਤੀ ਅਧੀਨ ਬਣੀ ਇਸ ਸਿਆਸੀ ਅੰਗਲੀ-ਸੰਗਲੀ ਵਿਚ ਫਸੀ ਜਨਤਾ ਦੀ ਤਰਸਯੋਗ ਹਾਲਤ, ਇਕ ਕਵੀ ਨੇ ਇੰਜ ਬਿਆਨੀ ਹੈ,

ਭਟਕੇ ਰਹਿਬਰ, ਭਟਕਿਆਂ ਦੇ
ਦਰ ਭਰਦੇ ਹਾਜ਼ਰੀਆਂ,
ਭੋਲੀ ਜਨਤਾ ਐਸਿਆਂ ਤੋਂ ਵੀ
ਭਾਲੇ ਰਹਿਬਰੀਆਂ।

ਮਾਇਕ ਲਾਭਾਂ, ਟਿਕਟਾਂ ਜਾਂ ਅਹੁਦਿਆਂ ਦੀਆਂ ਬੁਰਕੀਆਂ ਖਾਤਰ ਚਿੱਟਿਆਂ ਤੋਂ ਨੀਲੇ, ਨੀਲਿਆਂ ਤੋਂ ਮੁੜ ਚਿੱਟੇ ਬਣ ਕੇ ਡੱਡੂ-ਟਪੂਸੀਆਂ ਮਾਰਨ ਵਾਲੇ ਸ੍ਰੀਮਾਨ 'ਚੁਫੇਰਗੜ੍ਹੀਆਂ' ਦੀ ਫਿਤਰਤ ਬਾਬਤ ਲਿਖੀ ਗਈ ਸ਼ਾਇਰੀ ਦਾ ਲੁਤਫ਼ ਉਠਾਓ,

ਤੁਹਾਨੂੰ ਬੇ-ਵਫ਼ਾ ਕਹਿਣਾ,
ਸਰਾਸਰ ਨਾ ਮੁਨਾਸਿਬ ਹੈ,
ਤੁਸੀਂ ਵਾਅਦਾ ਨਿਭਾਉਂਦੇ ਹੋ,
ਕਦੇ ਏਧਰ ਕਦੇ ਉਧਰ।
ਝੋਲੀ ਚੁੱਕਾਂ ਦਾ ਹੈ
ਕਿਹੜਾ ਧਰਮ ਭਲਾ?
ਮਿਲ ਜਾਂਦੇ ਨੇ
ਵਕਤ ਦੀਆਂ ਸਰਕਾਰਾਂ ਨਾਲ।

ਸਿਪਾਹੀ ਮੋਰਚੇ ਸੇ ਉਮਰ ਭਰ
ਪੀਛੇ ਨਹੀਂ ਹਟਤਾ,
ਸਿਆਸਤਦਾਂ ਜ਼ੁਬਾਂ ਦੇ ਕਰ,
ਬਾ-ਆਸਾਨੀ ਪਲਟਤਾ ਹੈ।

ਹਰ ਵਾਰ ਵਾਂਗ ਇਸ ਵਾਰੀ ਵੀ ਕਿਸੇ ਤਬਦੀਲੀ ਦੀ ਆਸ ਰੱਖਣ ਵਾਲਿਆਂ ਨੂੰ ਜਿਹੜਾ ਝੋਰਾ ਮਾਰ ਰਿਹਾ ਹੈ, ਉਸ ਚਿੰਤਾ ਦੀ ਗੱਲ ਕਰਦਿਆਂ ਸ਼ਾਇਰਾਂ ਨੇ ਕੈਸਾ ਖ਼ੂਬ ਲਿਖਿਆ ਹੋਇਐ,

ਦੀਨ ਧਰਮ ਈਮਾਨ ਖ੍ਰੀਦਣ,
ਉਹ ਨੋਟਾਂ ਦੇ ਬਲ 'ਤੇ,
ਚੁੱਪ ਦੀ ਚਾਬੀ ਲਾ ਕੇ
ਬੰਦ ਕਰ ਜਾਂਦੇ ਮੂੰਹ ਦੇ ਜਿੰਦੇ ਨੂੰ।

ਉਲਟੇ ਹੋ ਗਏ ਸਾਰੇ ਵੋਟਰ,
ਨੋਟੋਂ ਨੇ ਵੋਹ ਕਾਮ ਕੀਆ,
ਆਖ਼ਰ 'ਲਾਲਾ ਲੱਖੀ ਮਲ' ਨੇ
ਮੇਰਾ ਕਾਮ ਤਮਾਮ ਕੀਆ।

ਕਿਸੇ ਖ਼ਾਸ ਫਿਰਕੇ ਨੂੰ ਤੁਅਸੱਬੀ ਸੋਚ ਅਧੀਨ 'ਸਬਕ ਸਿਖਾਉਣ' ਲਈ ਉਨ੍ਹਾਂ ਦੇ ਪੂਜਾ ਸਥਾਨ ਨੂੰ ਢਾਹ ਕੇ ਜਾਂ ਦੰਗੇ ਫਸਾਦਾਂ ਰਾਹੀਂ ਕਤਲੇਆਮ ਕਰਵਾਉਣ ਵਾਲਾ ਕੋਈ ਲੀਡਰ ਬੀਬਾ ਰਾਣਾ ਬਣ ਕੇ ਲੋਕਾਂ ਪਾਸੋਂ ਵੋਟਾਂ ਮੰਗਣ ਲਗ ਪੈਂਦਾ ਹੈ। ਵੋਟਾਂ ਲਈ ਝੋਲੀ ਅੱਡਣ ਵੇਲੇ ਉਹ 'ਨਿਮਰਤਾ ਦਾ ਪੁੰਜ' ਬਣ ਬਣ ਦਿਖਾਉਂਦਾ ਹੈ। ਸਾਰੇ ਧਰਮਾਂ ਦਾ 'ਸਤਿਕਾਰ ਕਰਨ' ਦੇ ਗਪੌੜ ਮਾਰਦਾ ਉਹ ਦੇਸ਼ ਦਾ ਰਾਖਾ ਹੋਣ ਦਾ ਦਾਅਵਾ ਜਤਾਉਂਦਾ ਹੈ। ਗੋਲ-ਮੋਲ ਲਫ਼ਜ਼ਾਂ ਵਿਚ ਉਹ ਆਪਣੇ ਖ਼ੂਨੀ ਕਾਰਨਾਮਿਆਂ 'ਤੇ ਪਰਦਾ ਪਾਉਂਦਿਆਂ ਪੀੜਤ ਲੋਕਾਂ ਦਾ 'ਹਿੱਤਕਾਰੀ' ਹੋਣ ਦਾ ਢੌਂਗ ਕਰਦਾ ਹੈ। ਅਜਿਹੀਆਂ ਲੂੰਬੜ ਚਾਲਾਂ ਚੱਲਣ ਵਾਲੇ ਸਿਆਸਤਦਾਨਾਂ 'ਤੇ ਸੱਟ ਮਾਰਦੀ ਸ਼ਾਇਰੀ ਦਾ ਕਮਾਲ ਦੇਖੋ,

ਵੋ ਖ਼ੁਸ਼ ਗੁਫ਼ਤਾਰ ਹੈ,
ਬੇ-ਮਿਸਲ ਹੈ ਉਸ ਕੀ ਅਦਾਕਾਰੀ,
ਜੜ੍ਹੇਂ ਭੀ ਕਾਟਤਾ ਹੈ,
ਦੋਸਤੀ ਕਾ ਦਮ ਭੀ ਭਰਤਾ ਹੈ।

ਉਹ ਬਣਿਆ ਬਾਗ ਦਾ ਰਾਖਾ,
ਜਿਦ੍ਹੇ ਹੱਥਾਂ 'ਚ ਆਰੀ ਹੈ।
ਮਸੀਹਾ ਉਹ ਹੈ ਅੱਜ ਸਾਡਾ,
ਜਿਦ੍ਹੇ ਹੱਥ ਵਿਚ ਕਟਾਰੀ ਹੈ।

ਘੁੱਗੀ ਦਾ ਭੇਸ ਧਾਰ ਕੇ
ਨੀਯਤ ਉਕਾਬ ਰੱਖ,
ਸਿਆਸਤ ਇਹੋ ਹੈ ਸੱਚ,
ਤੇ ਪਾ ਕੇ ਨਕਾਬ ਰੱਖ।

ਮੱਕਾਰ ਸਿਆਸਤਦਾਨਾਂ ਵਲੋਂ ਘਸਿਆਰੇ ਬਣਾਏ ਗਏ ਅਤੇ ਛੋਟੀਆਂ-ਛੋਟੀਆ ਗਰਜ਼ਾਂ ਖਾਤਰ ਬੇ-ਜ਼ਮੀਰ ਬਣੇ ਲੋਕਾਂ ਨੂੰ ਹਲੂਣੇ ਦੇਣ ਲਈ, ਕੁੱਝ ਸ਼ਾਇਰਾਂ ਦੇ ਸ਼ਿਅਰ ਕਾਬਿਲ-ਏ-ਗੌਰ ਨੇ,

ਗਰੀਬਾਂ ਦੇ ਗਲ ਕੱਟਦੈ,
ਉਹਦੇ ਗਲ ਹਾਰ ਨਾ ਪਾ ਤੂੰ,
ਇਹ ਗਲ ਰੱਸੇ ਦੇ ਕਾਬਿਲ,
ਇਹ ਗਲ ਤਲਵਾਰ ਦੇ ਕਾਬਿਲ।
ਜਦ ਹਾਕਮ ਨੇ ਖੋਹ ਲਈ
ਹੱਥੋਂ ਮਾਲਾ ਵੀ,
ਫੇਰ ਬੜਾ ਤਰਸੇਂਗਾ
ਇਕ ਤਲਵਾਰ ਲਈ।
ਸਿਤਮ ਸਹਿੰਦੇ ਹੋ ਬੇ-ਅਣਖੋ,
ਤੁਸੀਂ ਮਰ ਕਿਉਂ ਨਹੀਂ ਜਾਂਦੇ,
ਅਜ਼ਲ ਨੇ ਆ ਹੀ ਜਾਣਾ ਹੈ,
ਅਜ਼ਲ ਤੋਂ ਡਰਦਿਉ ਲੋਕੋ।

ਕਾਲੇ ਧਨ ਦੇ ਅੰਬਾਰਾਂ ਦੀ ਬਦੌਲਤ ਚੋਣਾਂ ਵਿਚ ਪੁੱਠੇ-ਸਿੱਧੇ ਹਰਬੇ ਵਰਤ ਕੇ ਸਿਆਸਤਦਾਨ ਅਕਸਰ ਜਿੱਤ ਹੀ ਜਾਂਦੇ ਹਨ, ਤੇ ਵੋਟਰਾਂ ਦੀ ਹੋ ਜਾਂਦੀ ਏ ਹਾਰ। ਅਥਾਹ ਕੁਰਬਾਨੀਆਂ ਦੇ ਕੇ ਮਿਲੇ ਵੋਟ ਦੇ ਮਾਲਕ ਵੋਟਰ ਰਹਿ ਜਾਂਦੇ ਨੇ ਪੰਜਾਂ ਸਾਲਾਂ ਲਈ ਮੰਗ ਪੱਤਰ ਲੈ ਕੇ ਦਰ-ਦਰ ਘੁੰਮਣ ਜੋਗੇ।... ਧਰਨੇ ਮਾਰਨ ਅਤੇ ਪੁਤਲੇ ਫੂਕਣ ਜੋਗੇ। ਪੰਜੀਂ ਸਾਲੀਂ ਫਿਰ ਉਹੀ ਚੋਣਾਂ ਦਾ ਧਮੱਚੜ।

ਇਸ ਲੋਕਰਾਜੀ ਚੱਕਰਵਿਊ ਨੂੰ ਤ੍ਰਾਸ ਭਰੀਆਂ ਨਜ਼ਰਾਂ ਨਾਲ ਤੱਕਦਿਆਂ ਸ਼ਾਇਰ ਅਰਜ਼ ਕਰਦਾ ਹੈ,

ਸ਼ਹਿਰ ਅਸਾਡੇ 'ਸਰਕਸ' ਚੱਲਦੀ,
ਚੱਲਦੀ ਹੈ ਦਿਨ ਰਾਤੀਂ,
ਇਸ ਸਰਕਸ ਵਿਚ ਖੋਤੇ ਕਰਦੇ
ਸ਼ੇਰਾਂ ਦੀ ਅਸਵਾਰੀ।

ਲੇਕਿਨ ਇਸ ਰੌਲ-ਘਚੌਲੇ ਵਿਚ ਜਦ ਕਦੇ ਅਸਮਾਨੀ ਬਿਜਲੀ ਵਾਂਗ ਕਿਸੇ 'ਕੇਜਰੀਵਾਲ' ਦੀ ਆਮਦ ਹੋ ਜਾਂਦੀ ਹੈ, ਤੇ ਉਹ ਆ ਕੇ ਗਰਦ-ਗੁਬਾਰ ਵਿਚ ਆਸ ਦੀ ਕਿਰਨ ਜਗਾ ਦਿੰਦਾ ਹੈ, ਤਦ ਹੈਰਾਨੀ ਅਤੇ ਅਨੰਦ ਦੀ ਅਵਸਥਾ 'ਚ ਆਇਆ ਸ਼ਾਇਰ ਗਾ ਉਠਦਾ ਹੈ,

ਹੈ ਅਜਬ ਦਿਲਕਸ਼ੀ ਇਹ
ਅੱਜ ਕਲ੍ਹ ਮਾਹੌਲ ਅੰਦਰ,
ਨ੍ਹੇਰੀ ਵੀ ਚੱਲ ਰਹੀ ਹੈ,
ਦੀਵੇ ਵੀ ਬਲ ਰਹੇ ਨੇ।

## ਗੱਲ ਬਣੀ ਕਿ ਨਹੀਂ

### ਚੋਣਾਂ ਦੇ ਹਾਲਾਤ

ਤਪਿਆ ਪਿਆ ਲੁਹਾਰ ਦੀ ਭੱਠ ਵਾਂਗੂ
ਮੇਰੇ ਮੁਲਕ 'ਚ ਚੋਣ ਮੈਦਾਨ ਮੀਆਂ।
ਗਲ ਲੱਗ ਕੇ ਪੰਜੇ ਦੇ ਕਮਲ ਰੋਵੇ
ਕੱਢੀ ਤੱਕੜੀ ਦੀ ਝਾੜੂ ਨੇ ਜਾਨ ਮੀਆਂ।
ਸੋਚਿਆ ਹੋਰ ਸੀ ਹੋਣ ਕੁਝ ਹੋਰ ਲੱਗਾ
ਟੱਬਰ ਬਾਦਲਾਂ ਦਾ ਬੜਾ ਪ੍ਰੇਸ਼ਾਨ ਮੀਆਂ।
ਮਸਲਾ ਬਹੂ ਦਾ ਪੈ ਗਿਆ ਬਹੁਤ ਭਾਰੀ
ਪਗਾਉਣੀ ਜੇਤਲੀ ਨਾਲ ਜ਼ੁਬਾਨ ਮੀਆਂ।
ਤੇ ਪਿਓ-ਪੁੱਤ ਕਵੀਸ਼ਰੀ ਕਰਨ ਲੱਗੇ
ਰਾਜਨੀਤੀ ਵਿਚ ਹੁੰਦਾ ਨਹੀਂ ਸਕਾ ਕੋਈ
ਬੀਵੀ ਨਹੀਂ ਪਛਾਣਦੀ ਕੰਤ ਮੀਆਂ।
ਉਧਰ ਢੀਂਡਸਾ ਫਿਰਦਾ ਵਿਲਕਦਾ ਏ
ਰਾਤੀਂ ਸੌਣ ਨਹੀਂ ਦੇਂਵਦਾ ਭਗਵੰਤ ਮੀਆਂ।

-ਐਸ. ਅਸ਼ੋਕ ਭੌਰਾ

# ਡੇਢ ਸਾਲ 'ਚ ਵਜ਼ੀਰਾਂ ਦੇ ਸਫਰ 'ਤੇ 27 ਕਰੋੜ ਉਡਾਏ

**ਚੰਡੀਗੜ੍ਹ:** ਆਰਥਿਕ ਸੰਕਟ ਦੇ ਬਾਵਜੂਦ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਵਜ਼ੀਰ ਸਰਕਾਰੀ ਖਜ਼ਾਨੇ ਦਾ ਬਿਲਕੁਲ ਲਿਹਾਜ਼ ਨਹੀਂ ਕਰ ਰਹੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਵਜ਼ੀਰਾਂ ਨੇ 18 ਮਹੀਨਿਆਂ ਦੌਰਾਨ 27.8 ਕਰੋੜ ਰੁਪਏ ਸੜਕੀ ਸਫਰ 'ਤੇ ਹੀ ਫੂਕ ਦਿੱਤੇ ਹਨ। ਆਰ.ਟੀ.ਆਈ ਕਾਰਕੁਨ ਤੇ ਕਾਂਗਰਸੀ ਆਗੂ ਸੰਜੇ ਸਹਿਗਲ ਨੇ ਪੰਜਾਬ ਦੇ ਟਰਾਂਸਪੋਰਟ ਕਮਿਸ਼ਨਰ ਕੋਲੋਂ ਸੂਚਨਾ ਦੇ ਅਧਿਕਾਰ ਤਹਿਤ 18 ਮਹੀਨਿਆਂ ਦੀ ਜਾਣਕਾਰੀ ਮੰਗੀ ਸੀ।

ਵਿਭਾਗ ਵੱਲੋਂ ਇਕ ਅਪਰੈਲ 2012 ਤੋਂ 31 ਅਕਤੂਬਰ 2013 ਤੱਕ ਦਿਤੀ ਗਈ ਜਾਣਕਾਰੀ ਅਨੁਸਾਰ ਇਸ ਸਮੇਂ ਦੌਰਾਨ ਸਭ ਤੋਂ ਵੱਧ ਰਕਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖਰਚੀ ਹੈ। ਉਨ੍ਹਾਂ ਇਸ ਸਮੇਂ 'ਚ 8.22 ਕਰੋੜ ਰੁਪਏ ਖਰਚ ਕੀਤੇ ਹਨ। ਇਸ ਹਿਸਾਬ ਨਾਲ ਮੁੱਖ ਮੰਤਰੀ ਹਰ ਮਹੀਨੇ 45.66 ਲੱਖ ਰੁਪਏ ਸੜਕੀ ਸਫ਼ਰ 'ਤੇ ਹੀ ਖਰਚ ਕਰਦੇ ਆ ਰਹੇ ਹਨ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 5.09 ਕਰੋੜ ਰੁਪਏ ਇਸ ਸਮੇਂ ਦੌਰਾਨ ਖਰਚੇ ਹਨ। ਤੀਜਾ ਨੰਬਰ ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ ਦਾ ਹੈ, ਜਿਨ੍ਹਾਂ ਨੇ ਇਸ ਸਮੇਂ 'ਚ 59.90 ਲੱਖ ਰੁਪਏ ਖਰਚੇ। ਭਾਜਪਾ ਦੇ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ 58.18 ਲੱਖ ਰੁਪਏ ਸੜਕੀ ਸਫ਼ਰ 'ਤੇ ਖਰਚੇ। ਮੁੱਖ ਮੰਤਰੀ ਦੇ ਜਵਾਈ ਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਕੈਰੋਂ ਨੇ 29.07 ਲੱਖ, ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ 28.75 ਲੱਖ, ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ 42.91 ਲੱਖ ਰੁਪਏ ਖਰਚੇ ਹਨ।

ਇਨ੍ਹਾਂ ਮੰਤਰੀਆਂ ਨੇ ਇਹ ਪੈਸੇ ਪੰਜਾਬ ਵਿਚ ਕੀਤੇ ਗਏ ਦੌਰਿਆਂ ਦੌਰਾਨ ਹੀ ਖਰਚੇ ਹਨ। ਇਸੇ ਤਰ੍ਹਾਂ ਮੋਟੀ ਰਕਮ ਖਰਚ ਕਰਨ ਵਾਲਿਆਂ ਵਿਚ ਭਗਤ ਚੂਨੀ ਲਾਲ, ਜਨਮੇਜਾ ਸਿੰਘ ਸੇਖੋਂ, ਪਰਮਿੰਦਰ ਸਿੰਘ ਢੀਂਡਸਾ, ਮਦਨ ਮੋਹਨ ਮਿੱਤਲ, ਸਰਵਨ ਸਿੰਘ ਫਿਲੌਰ, ਸੁਰਜੀਤ ਸਿੰਘ ਰੱਖੜਾ, ਸ਼ਰਨਜੀਤ ਸਿੰਘ ਢਿੱਲੋਂ, ਅਨਿਲ ਜੋਸ਼ੀ ਤੇ ਗੁਲਜ਼ਾਰ ਸਿੰਘ ਰਣੀਕੇ ਸ਼ਾਮਲ ਹਨ।

ਆਰ.ਟੀ.ਆਈ ਕਾਰਕੁੰਨ ਮੁਤਾਬਕ ਉਨ੍ਹਾਂ ਨੇ ਮੰਤਰੀਆਂ ਦੇ ਹਵਾਈ ਸਫ਼ਰ, ਮੈਡੀਕਲ ਤੇ ਹੋਰ ਭੱਤਿਆਂ ਬਾਰੇ ਵੱਖ ਵੱਖ ਵਿਭਾਗਾਂ ਤੋਂ ਜਾਣਕਾਰੀ ਮੰਗੀ ਹੈ। ਹਾਲ ਦੀ ਘੜੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਦੋ ਵਿਦੇਸ਼ੀ ਦੌਰਿਆਂ ਬਾਰੇ ਜਾਣਕਾਰੀ ਮਿਲੀ ਹੈ। ਇਨ੍ਹਾਂ ਵਿਚ ਨਿਊ ਯਾਰਕ ਤੇ ਲੰਡਨ ਦੇ ਦੌਰੇ ਸ਼ਾਮਲ ਹਨ ਜਿਨ੍ਹਾਂ 'ਤੇ ਸ. ਕੈਰੋਂ ਨੇ 4.32 ਲੱਖ ਰੁਪਏ ਤੋਂ ਵੱਧ ਖਰਚੇ ਹਨ।

# ਪੰਜਾਬ ਨੇ ਸ਼ਰਾਬ ਦੇ ਕਾਰੋਬਾਰ 'ਚ ਤੋੜੇ ਰਿਕਾਰਡ

**ਚੰਡੀਗੜ੍ਹ:** ਪੰਜਾਬ ਨੇ ਪਿਛਲੇ 20 ਸਾਲਾਂ ਦੌਰਾਨ ਸ਼ਰਾਬ ਦੇ ਧੰਦੇ ਵਿਚ ਸਭ ਤੋਂ ਵੱਧ ਤਰੱਕੀ ਕੀਤੀ ਹੈ। ਠੇਕਿਆਂ 'ਤੇ ਸ਼ਰਾਬ ਦੀ ਵਿਕਰੀ ਵਿਚ ਹੋਇਆ ਬੇਤਹਾਸ਼ਾ ਵਾਧਾ ਦੱਸਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ ਵਿਚ ਤਾਂ ਭਾਵੇਂ ਪਿਛਲੇ 20 ਸਾਲਾਂ ਦੌਰਾਨ ਮਸਾਂ 50 ਫੀਸਦੀ ਵਾਧਾ ਹੋਇਆ ਹੋਵੇਗਾ ਪਰ ਸ਼ਰਾਬ ਤੋਂ ਸਰਕਾਰ ਨੂੰ ਆਮਦਨ ਵਿਚ ਪੰਜ ਗੁਣਾ ਨਾਲੋਂ ਵਧੇਰੇ ਫਾਇਦਾ ਹੋਇਆ ਹੈ। ਇੰਨਾ ਭਾਰੀ ਵਾਧਾ ਸਨਅਤ, ਖੇਤੀ ਤੇ ਹੋਰ ਕਿਸੇ ਵੀ ਖੇਤਰ ਵਿਚ ਨਹੀਂ ਹੋਇਆ।

ਪੰਜਾਬ ਵਿਚ ਕਰ ਤੇ ਆਬਕਾਰੀ ਵਿਭਾਗ ਦੀ ਕੁੱਲ ਮਾਲੀਆ ਉਗਰਾਹੀ ਤਕਰੀਬਨ 25 ਹਜ਼ਾਰ ਕਰੋੜ ਰੁਪਏ ਹੈ ਤੇ ਇਸ ਵਿਚੋਂ 4700 ਕਰੋੜ ਰੁਪਏ ਇਕੱਲੇ ਸ਼ਰਾਬ ਤੋਂ ਮਿਲਦੇ ਹਨ ਤੇ ਬਾਕੀ 20 ਹਜ਼ਾਰ ਕਰੋੜ ਰੁਪਏ ਦੀ ਟੈਕਸ ਉਗਰਾਹੀ ਵਪਾਰ ਤੇ ਸਨਅਤ ਤੋਂ ਹੋ ਰਹੀ ਹੈ। ਇਸ ਦਾ ਮਤਲਬ ਹੈ ਕਿ ਮਾਲੀਆ ਉਗਰਾਹੀ ਵਿਚ ਸ਼ਰਾਬ ਦਾ ਹਿੱਸਾ ਤਕਰੀਬਨ 20 ਫੀਸਦੀ ਹੈ। ਦੇਸ਼ ਦੇ ਹੋਰ ਕਿਸੇ ਵੀ ਸੂਬੇ ਦੀ ਆਮਦਨ ਵਿਚ ਸ਼ਰਾਬ ਤੋਂ ਇੰਨੀ ਕਮਾਈ ਨਹੀਂ ਹੁੰਦੀ।

ਮਿਲੇ ਅੰਕੜਿਆਂ ਮੁਤਾਬਕ 1995-96 ਵਿਚ 766 ਕਰੋੜ ਰੁਪਏ ਸ਼ਰਾਬ ਦੇ ਠੇਕਿਆਂ ਦੀ ਉਗਰਾਹੀ ਤੋਂ ਮਿਲੇ ਸਨ ਤੇ ਉਸ ਸਮੇਂ ਸ਼ਰਾਬ ਦੀ ਲਾਗਤ ਸੂਬੇ ਅੰਦਰ ਤਿੰਨ ਲੱਖ ਪਰੂਫ ਲਿਟਰ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਅੰਦਰ ਸ਼ਰਾਬ ਦੀ ਵਿਕਰੀ ਅਗਲੇ ਪੰਜ ਸਾਲ ਵਿਚ ਢਾਈ ਗੁਣਾ ਵਧ ਗਈ। 1995 ਵਿਚ ਤਿੰਨ ਲੱਖ ਪਰੂਫ ਲਿਟਰ ਵਾਲਾ ਕੋਟਾ ਸਾਲ 2000 ਵਿਚ ਵਧ ਕੇ



10 ਲੱਖ ਪਰੂਫ ਲਿਟਰ ਹੋ ਗਿਆ।

ਇਸ ਸਾਲ ਵਿਚ ਠੇਕਿਆਂ ਤੋਂ ਆਮਦਨ ਵੀ ਤਕਰੀਬਨ ਦੁੱਗਣੀ ਹੋ ਗਈ। ਸਾਲ 2000-01 ਵਿਚ ਠੇਕੇ 1385 ਕਰੋੜ ਰੁਪਏ ਵਿਚ ਨਿਲਾਮ ਹੋਏ ਸਨ ਤੇ ਉਸ ਸਮੇਂ ਠੇਕਿਆਂ ਦੀ ਗਿਣਤੀ ਵੀ ਤਕਰੀਬਨ ਦੁੱਗਣੀ 4912 ਹੋ ਗਈ। ਸਾਲ 2010-11 ਵਿਚ ਸ਼ਰਾਬ ਦੇ ਠੇਕੇ 2500 ਕਰੋੜ ਰੁਪਏ ਵਿਚ ਨਿਲਾਮ ਹੋਏ ਸਨ, ਪਰ ਸ਼ਰਾਬ ਦੇ ਕੋਟੇ ਤੇ ਠੇਕਿਆਂ ਦੀ ਗਿਣਤੀ ਵਿਚ ਕੋਈ ਖਾਸ ਵਾਧਾ ਨਹੀਂ ਸੀ ਹੋਇਆ।

ਅਗਲੇ ਦੋ ਸਾਲਾਂ ਵਿਚ ਸ਼ਰਾਬ ਤੋਂ ਆਮਦਨੀ ਤੇ ਸ਼ਰਾਬ ਦੀ ਵਿਕਰੀ ਵਿਚ ਰਿਕਾਰਡ ਤੋੜ ਵਾਧਾ ਹੋਇਆ। ਸਾਲ 2014-15 ਲਈ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ 4700 ਕਰੋੜ ਰੁਪਏ ਦੀ ਹੋਈ ਹੈ ਤੇ ਦੇਸੀ ਤੇ ਅੰਗਰੇਜ਼ੀ ਸ਼ਰਾਬ ਦਾ ਕੋਟਾ 14 ਲੱਖ ਪਰੂਫ ਲਿਟਰ (ਕਰੀਬ 40 ਕਰੋੜ ਬੋਤਲਾਂ) ਮਿੱਥਿਆ ਗਿਆ। ਇਸ ਸਮੇਂ ਠੇਕਿਆਂ ਦੀ ਗਿਣਤੀ ਵੀ ਵਧ ਕੇ ਛੇ ਹਜ਼ਾਰ ਹੋ ਗਈ ਹੈ।

ਹੈਰਾਨੀ ਦੀ ਗੱਲ ਇਹ ਵੀ ਹੈ ਕਿ ਉੱਚ-ਅਦਾਲਤ ਨੇ ਹੁਕਮ ਜਾਰੀ ਕੀਤਾ ਹੈ ਕਿ ਹਰ ਤਰ੍ਹਾਂ ਦੇ ਸੂਬਾਈ ਤੇ ਕੌਮੀ ਹਾਈਵੇਜ਼ ਉਪਰ ਸ਼ਰਾਬ ਦੇ ਠੇਕੇ ਖੋਲ੍ਹਣ ਦੀ ਪੂਰਨ ਮਨਾਹੀ ਹੈ। ਦੇਸ਼ ਅੰਦਰ ਪੰਜਾਬ ਸੂਬਾ ਅਜਿਹਾ ਹੈ ਜਿਸ ਦੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਵਿਸ਼ੇਸ਼ ਲੀਵ ਪਟੀਸ਼ਨ ਪਾ ਕੇ ਮੰਗ ਕੀਤੀ ਹੈ ਕਿ ਸੂਬਾਈ ਹਾਈਵੇਜ਼ ਉੱਪਰ ਠੇਕੇ ਖੋਲ੍ਹਣ ਦੀ ਛੋਟ ਦਿੱਤੀ ਜਾਵੇ। ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਹੈ ਜਿਥੇ ਸਵੇਰੇ ਪੰਜ ਵਜੇ ਤੋਂ ਰਾਤ 11 ਵਜੇ ਤੱਕ ਠੇਕੇ ਖੁੱਲ੍ਹੇ ਰੱਖਣ ਦੀ ਇਜਾਜ਼ਤ ਹੈ। ਸ਼ਰਾਬ ਦੀਆਂ ਕੀਮਤਾਂ ਵੀ ਪਿਛਲੇ ਦੋ ਦਹਾਕੇ ਦੌਰਾਨ ਤਕਰੀਬਨ 4-5 ਗੁਣਾ ਵਧ ਗਈਆਂ ਹਨ।

# ਭਾਰਤ ਦੇ ਲੋਕਾਂ ਨੂੰ ਉਲੂ ਬਣਾਉਣ ਦੀ ਖੇਡ-'ਉਲੂ ਨਹੀਂ ਬਨਾਵਿੰਗ'

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

*ਇਸ ਰਾਜਨੀਤੀ ਵਿਚ ਇੱਕ ਸਾਧਵੀ ਉਮਾ ਭਾਰਤੀ ਹੈ। ਉਸ ਦੀ ਇੱਕ ਪੁਰਾਣੀ ਸੀ ਡੀ ਕਾਂਗਰਸ ਵਾਲਿਆਂ ਨੇ ਹੁਣੇ ਜਿਹੇ ਬਾਹਰ ਕੱਢੀ ਹੈ, ਜਿਸ ਵਿਚ ਉਹ ਕਹਿੰਦੀ ਸੁਣੀ ਜਾਂਦੀ ਹੈ ਕਿ ਨਰਿੰਦਰ ਮੋਦੀ 'ਵਿਕਾਸ ਪੁਰਸ਼' ਨਹੀਂ, ਉਹ 'ਵਿਨਾਸ਼-ਪੁਰਸ਼' ਹੈ ਤੇ ਉਸ ਦੇ ਵਿਕਾਸ ਦੇ ਦਾਅਵੇ ਇੱਕ ਗੁਬਾਰੇ ਵਾਂਗ ਹਨ, ਜਿਹੜਾ ਛੇਤੀ ਹੀ ਫਟ ਜਾਵੇਗਾ। ਇਹੋ ਗੱਲਾਂ ਹੁਣ ਰਾਹੁਲ ਗਾਂਧੀ ਕਹਿ ਰਿਹਾ ਹੈ। ਉਮਾ ਨੇ ਇਹ ਗੱਲਾਂ ਉਦੋਂ ਕਹੀਆਂ ਸਨ, ਜਦੋਂ ਉਹ ਭਾਜਪਾ ਤੋਂ ਕੱਢੀ ਗਈ ਸੀ ਤੇ ਉਸ ਨੇ ਵੱਖਰੀ ਪਾਰਟੀ ਬਣਾ ਕੇ ਭਾਜਪਾ ਦੇ ਮੁਕਾਬਲੇ ਚੋਣ ਲੜੀ ਤੇ ਹਾਰੀ ਸੀ। ਅੱਜ ਉਮਾ ਵੀ ਕਹਿੰਦੀ ਹੈ ਕਿ ਪੁਰਾਣੀ ਸੀ ਡੀ ਵਿਖਾ ਕੇ ਕਾਂਗਰਸ ਪਾਰਟੀ ਲੋਕਾਂ ਨੂੰ ਉਲੂ ਬਣਾ ਰਹੀ ਹੈ।*

ਰਾਹੁਲ ਗਾਂਧੀ ਲੀਡਰ ਹੈ ਇੱਕ ਪਾਰਟੀ ਦਾ, ਭਾਰਤ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਦਾ, ਪਰ ਲੀਡਰੀ ਉਸ ਦੇ ਸਿਰ ਉਦੋਂ ਪਈ, ਜਦੋਂ ਪਾਰਟੀ ਦੀ ਹੋਂਦ ਖਤਰੇ ਵਿਚ ਕਹੀ ਜਾ ਰਹੀ ਹੈ। ਰਾਜਨੀਤੀ ਵਿਚ ਆਉਣ ਦਾ ਉਸ ਦੇ ਬਾਪ ਰਾਜੀਵ ਗਾਂਧੀ ਦਾ ਵੀ ਇਰਾਦਾ ਨਹੀਂ ਸੀ, ਪਰ ਛੋਟੇ ਭਰਾ ਸੰਜੇ ਗਾਂਧੀ ਦੀ ਹਵਾਈ ਹਾਦਸੇ ਵਿਚ ਮੌਤ ਮਗਰੋਂ ਇੰਦਰਾ ਗਾਂਧੀ ਨੇ ਜਦੋਂ ਆਲੇ-ਦੁਆਲੇ ਫਿਰਦੇ ਮਤਲਬੀ ਲੋਕਾਂ ਵਿਚ ਭਰੋਸੇ ਦੇ ਕਾਬਲ ਕੋਈ ਨਾ ਵੇਖਿਆ ਤਾਂ ਰਾਜੀਵ ਨੂੰ ਰਾਜਨੀਤੀ ਵਿਚ ਖਿੱਚ ਲਿਆਈ ਸੀ। ਰਾਜੀਵ ਦੀ ਮੌਤ ਪਿੱਛੋਂ ਉਸ ਦੀ ਪਤਨੀ ਸੋਨੀਆ ਗਾਂਧੀ ਵੀ ਰਾਜਨੀਤੀ ਵਿਚ ਨਹੀਂ ਸੀ ਆਉਣਾ ਚਾਹੁੰਦੀ। ਉਹ ਪਤੀ ਦੀ ਮੌਤ ਤੋਂ ਬਾਅਦ ਦੇ ਸੱਤ ਸਾਲ ਘਰੋਂ ਨਹੀਂ ਸੀ ਨਿਕਲੀ। ਫਿਰ ਰਾਜੀਨੀਤੀ ਵਿਚ ਆ ਗਈ। ਅਸਲ ਵਿਚ ਉਹ ਆਈ ਨਹੀਂ ਸੀ, ਉਸ ਨੂੰ ਆਉਣਾ ਪਿਆ ਸੀ। ਪਹਿਲਾਂ ਨਰਸਿਮਹਾ ਰਾਓ ਤੇ ਫਿਰ ਸੀਤਾ ਰਾਮ ਕੇਸਰੀ ਦੀ ਅਗਵਾਈ ਨੇ ਕਾਂਗਰਸ ਪਾਰਟੀ ਦਾ ਜਿਹੜਾ ਮੰਦਾ ਹਾਲ ਕਰ ਦਿੱਤਾ ਸੀ, ਉਸ ਵਿਚ ਕਾਂਗਰਸ ਦੇ ਕਈ ਆਗੂ ਚਾਹੁੰਦੇ ਸਨ ਕਿ ਸੋਨੀਆ ਗਾਂਧੀ ਅੱਗੇ ਆ ਕੇ ਪਾਰਟੀ ਦੀ ਕਮਾਨ ਸੰਭਾਲੇ। ਜਦੋਂ ਉਹ ਨਾਂਹ ਕਰ ਗਈ ਤਾਂ ਇੱਕ ਅਖਬਾਰ ਵਿਚ ਇੱਕ ਉਘੇ ਕਾਲਮਨਵੀਸ ਨੇ ਇਹ ਟਿੱਪਣੀ ਵੀ ਕਰ ਦਿੱਤੀ ਸੀ ਕਿ ਵਿਦੇਸ਼ਣ ਨਾ ਹੁੰਦੀ ਤਾਂ ਇਸ ਨੂੰ ਪਰਿਵਾਰ ਦੀ ਵਿਰਾਸਤ ਸੰਭਾਲਣ ਦੀ ਚਿੰਤਾ ਹੋਣੀ ਸੀ। ਇਸ ਟਿੱਪਣੀ ਨੇ ਉਸ ਲਈ ਧਰਮ ਸੰਕਟ ਪੈਦਾ ਕਰ ਦਿੱਤਾ ਕਿ ਉਹ ਰਾਜਨੀਤੀ ਵਿਚ ਆਵੇ, ਪਰ ਜਦੋਂ ਆਈ ਤਾਂ ਇਹ ਕਿਹਾ ਜਾਣ ਲੱਗ ਪਿਆ ਕਿ ਸੱਤਾ ਦਾ ਸੁਖ ਮਾਣਨ ਲਈ ਆਈ ਹੈ। ਬੜੇ ਵਾਦ-ਵਿਵਾਦ ਵਾਲੇ ਦੌਰ ਲੰਘਣ ਦੇ ਬਾਅਦ ਅੱਜ ਦੇ ਭਾਰਤ ਵਿਚ ਉਸ ਦੀ ਭੂਮਿਕਾ ਦੀ ਚਰਚਾ ਬਹੁਤੀ ਨਹੀਂ ਹੁੰਦੀ, ਉਸ ਦੇ ਉਸ ਪੁੱਤਰ ਰਾਹੁਲ ਦੀ ਹੁੰਦੀ ਹੈ, ਜਿਹੜਾ ਸਿਆਸਤ ਨਹੀਂ ਸੀ ਜਾਣਦਾ, ਆਪਣੇ ਬਾਪ ਰਾਜੀਵ ਗਾਂਧੀ ਵਾਂਗ ਹਾਲਾਤ ਦੇ ਵਹਿਣ ਵਿਚ ਫਸ ਕੇ ਇਸ ਰਾਹ ਆਇਆ ਹੈ। ਜਦੋਂ ਆ ਗਿਆ ਤਾਂ ਲੋਕਾਂ ਨੂੰ ਉਲੂ ਬਣਾਉਣ ਸਮੇਤ ਰਾਜਨੀਤੀ ਦੇ ਸਾਰੇ ਗੁਣ ਗ੍ਰਹਿਣ ਕਰਦਾ ਗਿਆ ਹੈ।

ਪਿਛਲੇ ਦਿਨੀਂ ਉਸ ਨੇ ਦੋ ਥਾਂਈਂ ਆਪਣੇ ਭਾਸ਼ਣਾਂ ਵਿਚ ਇਹ ਗੱਲ ਆਖੀ ਕਿ ਨਰਿੰਦਰ ਮੋਦੀ ਅਤੇ ਭਾਜਪਾ ਦੇ ਹੋਰ ਆਗੂ ਇਸ ਦੇਸ਼ ਦੇ ਲੋਕਾਂ ਨੂੰ ਉਲੂ ਨਾ ਬਣਾਉਣ। ਇਹ ਟਿੱਪਣੀ ਏਨੀ ਚਰਚਿਤ ਹੋਈ ਕਿ ਇੱਕ ਮੋਬਾਈਲ ਫੋਨ ਕੰਪਨੀ ਨੇ ਆਪਣੀ ਇਸ਼ਤਿਹਾਰਬਾਜ਼ੀ ਵਿਚ 'ਉਲੂ ਨਾ ਬਨਾਵਿੰਗ' ਦੀ ਗੱਲ ਜੋੜ ਲਈ। ਆਪਣਾ ਮਾਲ ਵੇਚਣ ਲਈ ਉਹ ਕੰਪਨੀ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ, ਜਦੋਂ ਤੱਕ ਕਾਨੂੰਨ ਨਾ ਤੋੜੇ, ਇਹ ਉਸ ਦਾ ਹੱਕ ਹੈ, ਪਰ ਲੋਕਾਂ ਲਈ ਸੋਚਣ ਦਾ ਸਵਾਲ ਇਹ ਨਹੀਂ ਕਿ ਕੰਪਨੀ ਕੀ ਕਹਿੰਦੀ ਹੈ, ਸਗੋਂ ਇਹ ਹੈ ਕਿ ਉਲੂ ਬਣਾਉਣ ਵਾਲਾ ਕੰਮ ਕੌਣ ਕਿੰਨਾ ਕਰ ਰਿਹਾ ਹੈ? ਸਾਡੀ ਸਮਝ ਹੈ ਕਿ ਸੱਤਾ ਦੀ ਦੌੜ ਵਿਚ ਲੱਗੀ ਹੋਈ ਕੋਈ ਧਿਰ ਵੀ ਇਸ ਪੱਖੋਂ ਪਿੱਛੇ ਨਹੀਂ ਰਹੀ।

ਸਭ ਤੋਂ ਪਹਿਲਾਂ ਰਾਹੁਲ ਗਾਂਧੀ ਦੀ ਪਾਰਟੀ ਹੈ, ਜਿਹੜੀ ਕਹਿੰਦੀ ਹੈ ਕਿ ਉਸ ਨੇ ਪੇਂਡੂ ਗਰੀਬਾਂ ਨੂੰ ਰੁਜ਼ਗਾਰ ਗਾਰੰਟੀ ਸਕੀਮ 'ਮਨਰੇਗਾ' ਦਿੱਤੀ ਹੈ। ਇਹ ਸਕੀਮ 'ਮਨਰੇਗਾ' ਤੋਂ ਪਹਿਲਾਂ 'ਨਰੇਗਾ' ਹੁੰਦੀ ਸੀ ਅਤੇ ਇਸ ਦੇ ਪਿੱਛੇ ਕਾਂਗਰਸ ਪਾਰਟੀ ਦੀ ਲੋਕ ਭਲਾਈ ਦੀ ਸੋਚ ਨਹੀਂ, ਉਸ ਵੇਲੇ ਕੇਂਦਰ ਸਰਕਾਰ ਨੂੰ ਹਮਾਇਤ ਦਿੰਦੇ ਖੱਬੇ-ਪੱਖੀਆਂ ਦਾ ਦਬਾਅ ਕੰਮ ਕਰ ਗਿਆ ਸੀ। ਜਦੋਂ ਉਨ੍ਹਾਂ ਤੋਂ ਰਸਤੇ ਵੱਖ ਹੋ ਗਏ ਤਾਂ ਖੱਬੇ-ਪੱਖੀਆਂ ਵਾਲੀ ਸਾਂਝ ਨੂੰ ਤੋੜਨ ਦਾ ਸੰਕੇਤ ਦੇਣ ਲਈ ਇਸ ਸਕੀਮ, ਨੈਸ਼ਨਲ ਰੂਰਲ ਇੰਪਲਾਇਮੈਂਟ ਗਾਰੰਟੀ' ਦੀ ਸਕੀਮ ਦੇ ਸ਼ੁਰੂ ਵਿਚ 'ਮਹਾਤਮਾ ਗਾਂਧੀ' ਜੋੜ ਕੇ ਇਸ ਨੂੰ 'ਨਰੇਗਾ' ਤੋਂ 'ਮਨਰੇਗਾ' ਬਣਾ ਦਿੱਤਾ ਗਿਆ। ਇਸ ਵਿਚ ਮਹਾਤਮਾ ਗਾਂਧੀ ਦਾ ਨਾਂ ਸ਼ਾਮਲ ਕੀਤਾ ਜਾਣਾ ਲੋਕਾਂ ਨੂੰ ਉਲੂ ਬਣਾਉਣ ਦੀ ਖੇਡ ਤੋਂ ਵੱਧ ਕੁਝ ਨਹੀਂ ਸੀ। ਰਾਹੁਲ ਗਾਂਧੀ ਦੂਸਰਿਆਂ ਉਤੇ ਦੋਸ਼ ਲਾਉਂਦਾ ਹੈ ਕਿ ਪੈਸੇ ਕੇਂਦਰ ਨੇ ਦਿੱਤੇ ਤੇ ਸਕੀਮਾਂ ਦਾ ਸਿਹਰਾ ਲੈ ਕੇ ਲੋਕਾਂ ਨੂੰ ਰਾਜਾਂ ਦੇ ਹਾਕਮ ਉਲੂ ਬਣਾ ਰਹੇ ਹਨ, ਪਰ 'ਨਰੇਗਾ' ਨੂੰ 'ਮਨਰੇਗਾ' ਬਣਾ ਕੇ ਉਸ ਦੀ ਪਾਰਟੀ ਨੇ ਵੀ ਇਹੋ ਕੀਤਾ ਹੈ। ਹੁਣ ਉਹ ਲੋਕਾਂ ਨੂੰ ਉਲੂ ਬਣਾਉਣ ਲਈ ਕਹਿੰਦਾ ਹੈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕੋਲ ਸਾਰੀ ਤਾਕਤ ਸੀ, ਸੋਨੀਆ ਗਾਂਧੀ ਜਾਂ ਹੋਰ ਕੋਈ ਸੱਤਾ ਦਾ ਕੇਂਦਰ ਨਹੀਂ ਸੀ। ਮਨਮੋਹਨ ਸਿੰਘ ਨੇ ਖੁਦ ਕਈ ਵਾਰੀ ਕਿਹਾ ਹੈ ਕਿ ਸੋਨੀਆ ਗਾਂਧੀ ਮੇਰੀ ਪਾਰਟੀ ਪ੍ਰਧਾਨ ਹੈ, ਲੋਕਤੰਤਰ ਵਿਚ ਪਾਰਟੀ ਆਗੂ ਨਾਲ ਮੁੱਦੇ ਵਿਚਾਰਨਾ ਪ੍ਰਧਾਨ ਮੰਤਰੀ ਵਜੋਂ ਮੇਰਾ ਹੱਕ ਹੈ। ਫਿਰ ਮੁੱਕਰਨ ਦੀ ਕੀ ਲੋੜ ਰਹਿ ਜਾਂਦੀ ਹੈ?

ਦੂਸਰੇ ਪਾਸੇ ਜਿਹੜੇ ਭਾਜਪਾ ਵਾਲੇ ਇਹ ਮੁੱਦਾ ਚੁੱਕ ਰਹੇ ਹਨ, ਉਹ ਵੀ ਲੋਕਾਂ ਨੂੰ ਉਲੂ ਬਣਾ ਰਹੇ ਹਨ। ਉਨ੍ਹਾਂ ਦਾ ਆਪਣਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵੀ ਨੀਤੀ-ਗਤ ਫੈਸਲੇ ਆਪ ਨਹੀਂ ਸੀ ਕਰ ਸਕਦਾ, ਅੰਤਮ ਫੈਸਲੇ ਤੋਂ ਪਹਿਲਾਂ ਕਿਸੇ ਹੋਰ ਥਾਂ ਤੋਂ ਪੁੱਛਣਾ ਪੈਂਦਾ ਸੀ। ਇਸ ਦੀ ਬਹਿਸ ਪਾਰਲੀਮੈਂਟ ਵਿਚ ਚੱਲੀ ਤਾਂ ਉਸ ਨੇ ਸਾਫ ਕਹਿ ਦਿੱਤਾ ਸੀ ਕਿ ਸਾਡਾ ਇੱਕ 'ਪਰਿਵਾਰ' ਹੈ, ਉਸ ਵਿਚ ਅਸੀਂ ਕੀ ਕਰਦੇ ਹਾਂ, ਇਸ ਬਾਰੇ ਕੋਈ ਦਖਲ ਨਾ ਦੇਵੇ। 'ਪਰਿਵਾਰ' ਉਹ ਕਿਹੜਾ ਸੀ, ਸਾਰਾ ਦੇਸ਼ ਜਾਣਦਾ ਹੈ। ਕਾਰਗਿਲ ਦੀ ਜੰਗ ਦੌਰਾਨ ਫੌਜ ਦੇ ਵੱਡੇ ਅਫਸਰਾਂ ਨੂੰ ਇੱਕ ਦਿਨ ਭਾਰਤੀ ਜਨਤਾ ਪਾਰਟੀ ਦੀ ਮੀਟਿੰਗ ਵਿਚ ਜੰਗ ਦੇ ਹਾਲਤ ਦੀ ਜਾਣਕਾਰੀ ਦੇਣ ਲਈ ਉਸ ਦੇ ਦਫਤਰ ਭੇਜਿਆ ਗਿਆ ਸੀ ਤੇ ਉਦੋਂ ਦਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਕਹਿੰਦਾ ਸੀ ਕਿ ਦੇਸ਼ ਦੀ ਅਗਵਾਈ ਕਰ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਇਹ ਜਾਣਨ ਦਾ ਹੱਕ ਹੈ ਕਿ ਕੀ ਹੋ ਰਿਹਾ ਹੈ? ਜੇ ਉਦੋਂ ਇਹ ਹੱਕ ਸੀ ਤਾਂ ਮਨਮੋਹਨ ਸਿੰਘ ਦੇ ਵਕਤ ਇਹ ਗਲਤ ਕਿਵੇਂ ਸੀ? ਦੋਵਾਂ ਧਿਰਾਂ ਦੀ ਇਹ ਬਹਿਸ ਉਵੇਂ ਹੀ ਲੀਹ ਤੋਂ ਲੱਥੀ ਪਈ ਹੈ, ਜਿਵੇਂ ਸਾਡੇ ਦੇਸ਼ ਦੀ ਸਿਆਸਤ ਲੋਕਾਂ ਦੇ ਮੁੱਦਿਆਂ ਤੋਂ ਹਟ ਕੇ ਨਿੱਜੀ ਦੂਸ਼ਣਬਾਜ਼ੀ ਦੇ ਕੰਡਿਆਲੇ ਰਾਹ ਉਤੇ ਡਾਂਡੇ-ਮੀਂਡੇ ਤੁਰੀ ਫਿਰਦੀ ਹੈ।

ਇਸ ਰਾਜਨੀਤੀ ਵਿਚ ਇੱਕ ਸਾਧਵੀ ਉਮਾ ਭਾਰਤੀ ਹੈ। ਉਸ ਦੀ ਇੱਕ ਪੁਰਾਣੀ ਸੀ ਡੀ ਕਾਂਗਰਸ ਵਾਲਿਆਂ ਨੇ ਹੁਣੇ ਜਿਹੇ ਬਾਹਰ ਕੱਢੀ ਹੈ, ਜਿਸ ਵਿਚ ਉਹ ਕਹਿੰਦੀ ਸੁਣੀ ਜਾਂਦੀ ਹੈ ਕਿ ਨਰਿੰਦਰ ਮੋਦੀ 'ਵਿਕਾਸ ਪੁਰਸ਼' ਨਹੀਂ, ਉਹ 'ਵਿਨਾਸ਼-ਪੁਰਸ਼' ਹੈ ਤੇ ਉਸ ਦੇ ਵਿਕਾਸ ਦੇ ਦਾਅਵੇ ਇੱਕ ਗੁਬਾਰੇ ਵਾਂਗ ਹਨ, ਜਿਹੜਾ ਛੇਤੀ ਹੀ ਫਟ ਜਾਵੇਗਾ। ਇਹੋ ਗੱਲਾਂ ਹੁਣ ਰਾਹੁਲ ਗਾਂਧੀ ਕਹਿ ਰਿਹਾ ਹੈ। ਉਮਾ ਨੇ ਇਹ ਗੱਲਾਂ ਉਦੋਂ ਕਹੀਆਂ ਸਨ, ਜਦੋਂ ਉਹ ਭਾਜਪਾ ਤੋਂ ਕੱਢੀ ਗਈ ਸੀ ਤੇ ਉਸ ਨੇ ਵੱਖਰੀ ਪਾਰਟੀ ਬਣਾ ਕੇ ਭਾਜਪਾ ਦੇ ਮੁਕਾਬਲੇ ਚੋਣ ਲੜੀ ਤੇ ਹਾਰੀ ਸੀ। ਅੱਜ ਉਮਾ ਵੀ ਕਹਿੰਦੀ ਹੈ ਕਿ ਪੁਰਾਣੀ ਸੀ ਡੀ ਵਿਖਾ ਕੇ ਕਾਂਗਰਸ ਪਾਰਟੀ ਲੋਕਾਂ ਨੂੰ ਉਲੂ ਬਣਾ ਰਹੀ ਹੈ। ਰਾਮਦੇਵ ਨਾਂ ਦਾ ਸਾਧ ਆਪਣੇ ਆਪ ਵਿਚ ਕਾਲੇ ਧਨ ਦਾ ਭੜੋਲਾ ਕਿਹਾ ਜਾਂਦਾ ਹੈ, ਉਹ ਵੀ ਲੋਕਾਂ ਵਿਚ ਕਾਲੇ ਧਨ ਦੇ ਖਿਲਾਫ ਮੁਹਿੰਮ ਚਲਾ ਕੇ ਇੱਕ ਭਰਮ ਪੈਦਾ ਕਰਦਾ ਹੈ। ਇਸ ਹਫਤੇ ਉਹ ਇੱਕ ਥਾਂ ਇੱਕ ਭਾਜਪਾ ਉਮੀਦਵਾਰ ਦੇ ਮੰਚ ਉਤੇ ਉਸ ਨਾਲ ਮਾਇਆ ਦੀ ਚਰਚਾ ਕਰਦਾ ਕੈਮਰਿਆਂ ਦੀ ਰਿਕਾਰਡਿੰਗ ਵਿਚ ਆ ਗਿਆ। ਰਾਮਦੇਵ ਨਾਲ ਗੱਲਾਂ ਕਰਦਾ ਉਮੀਦਵਾਰ ਭਾਜਪਾ ਵੱਲੋਂ ਉਸ ਦੇ ਕੋਟੇ ਵਿਚੋਂ ਖੜਾ ਕੀਤਾ ਗਿਆ ਹੈ। ਉਸ ਉਮੀਦਵਾਰ ਨੇ ਕਿਹਾ ਕਿ ਚੋਣ ਜ਼ਾਬਤੇ ਕਾਰਨ ਏਧਰ-ਓਧਰ ਪੈਸੇ ਲਿਜਾਣੇ ਬੜੇ ਔਖੇ ਹਨ, ਮੇਰੇ ਪੈਸੇ ਫੜੇ ਵੀ ਗਏ ਹਨ। ਰਾਮਦੇਵ ਨੇ ਕਿਹਾ, 'ਮੂਰਖ ਹੈਂ, ਸਟੇਜ ਉਤੇ ਏਦਾਂ ਦੀ ਗੱਲ ਨਾ ਕਰ, ਏਥੇ ਕੈਮਰੇ ਲੱਗੇ ਹੋਏ ਹਨ।' ਫਿਰ ਇਹ ਰਿਕਾਰਡਿੰਗ ਟੀ ਵੀ ਚੈਨਲਾਂ ਨੇ ਵਿਖਾ ਦਿੱਤੀ। ਭਾਜਪਾ ਆਗੂ ਇਹ ਕਹਿੰਦੇ ਰਹੇ ਕਿ ਬਾਬਾ ਰਾਮਦੇਵ ਦੀ ਆਵਾਜ਼ ਹੀ ਨਹੀਂ, ਕਾਂਗਰਸ ਵਾਲੇ ਉਲੂ ਬਣਾਉਣ ਲਈ ਸ਼ੋਸ਼ਾ ਛੱਡ ਰਹੇ ਹਨ, ਪਰ ਰਾਮਦੇਵ ਨੇ ਮੰਨ ਲਿਆ ਕਿ ਆਵਾਜ਼ ਸਾਡੀ ਹੈ, ਗੱਲਾਂ ਕਿਸੇ ਹੋਰ ਦੇ ਪੈਸੇ ਬਾਰੇ ਸਨ। ਲੋਕਾਂ ਨੂੰ ਉਲੂ ਕੌਣ ਬਣਾ ਰਿਹਾ ਹੈ? ਸਾਫ ਹੈ ਕਿ ਸਾਧ ਵੀ ਸਾਧਗਿਰੀ ਦੇ ਚੋਲੇ ਹੇਠ ਲੋਕਾਂ ਨੂੰ ਉਲੂ ਬਣਾ ਰਿਹਾ ਹੈ।

ਕਲਿਆਣ ਸਿੰਘ ਨਾਂ ਦਾ ਇੱਕ ਬੰਦਾ ਭਾਜਪਾ ਨੇ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਸੀ ਅਤੇ ਉਸ ਦੀ ਸਰਕਾਰ ਵੇਲੇ ਬਾਬਰੀ ਮਸਜਿਦ ਢਾਹੀ ਗਈ ਸੀ, ਜਿਸ ਤੋਂ ਉਹ ਮੁੱਕਰਦਾ ਰਿਹਾ ਸੀ। ਭਾਜਪਾ ਨਾਲ ਵਿਗਾੜ ਪਏ ਤੋਂ ਵੱਖ ਹੋ ਗਿਆ ਤਾਂ ਜਾ ਕੇ ਜਾਂਚ ਕਮਿਸ਼ਨ ਸਾਹਮਣੇ ਬਿਆਨ ਦੇ ਦਿੱਤੇ ਕਿ ਮਸਜਿਦ ਸਾਜ਼ਿਸ਼ ਕਰ ਕੇ ਢਾਹੀ ਗਈ ਸੀ ਅਤੇ ਇਹ ਸਾਜ਼ਿਸ਼ ਆਰ ਐਸ ਐਸ ਦੇ ਫਲਾਣੇ-ਫਲਾਣੇ ਲੀਡਰਾਂ ਦੀ ਹਾਜ਼ਰੀ ਵਿਚ ਬਣੀ ਸੀ। ਕਈ ਗਲੀਆਂ ਗਾਹ ਕੇ ਫੇਰ ਭਾਜਪਾ ਵਿਚ ਆ ਗਿਆ ਤਾਂ ਨਵਾਂ ਬਿਆਨ ਦੇ ਦਿੱਤਾ ਕਿ ਪਹਿਲਾ ਬਿਆਨ ਮੈਂ ਆਪਣੇ ਮਨ ਦੇ ਗੁੱਸੇ ਵਿਚ ਦਿੱਤਾ ਸੀ। ਦੇਸ਼ ਦੇ ਲੋਕਾਂ ਨੂੰ ਉਲੂ ਕਿਸ ਨੇ ਬਣਾਇਆ ਸੀ? ਏਸੇ ਕਲਿਆਣ ਸਿੰਘ ਦੀ ਸਰਕਾਰ ਜਦੋਂ ਬਸਪਾ ਨਾਲੋਂ ਟੁੱਟ ਕੇ ਬਣੀ ਤਾਂ ਕਾਂਗਰਸ ਆਗੂ ਨਰੇਸ਼ ਅਗਰਵਾਲ ਵੀਹ ਕੁ ਵਿਧਾਇਕ ਤੋੜ ਕੇ ਇਸ ਨਾਲ ਆ ਜੁੜਿਆ ਸੀ। ਫਿਰ ਸਾਜ਼ਿਸ਼ ਕਰ ਕੇ ਕਲਿਆਣ ਸਿੰਘ ਦੀ ਸਰਕਾਰ ਤੋੜੀ ਤੇ ਜਗਦੰਬਿਕਾ ਪਾਲ ਦੀ ਸਰਕਾਰ ਬਣਾ ਕੇ ਨਰੇਸ਼ ਅਗਰਵਾਲ ਡਿਪਟੀ ਮੁੱਖ ਮੰਤਰੀ ਬਣ ਗਿਆ। ਹਾਈ ਕੋਰਟ ਨੇ ਜਗਦੰਬਿਕਾ ਪਾਲ ਦੀ ਸਰਕਾਰ ਡਿੱਸਮਿੱਸ ਕਰ ਦਿੱਤੀ। ਨਰੇਸ਼ ਅਗਰਵਾਲ ਛੇਵੇਂ ਦਿਨ ਫਿਰ ਭਾਜਪਾ ਵਿਚ ਆ ਗਿਆ। ਹੁਣ ਉਹ ਸਮਾਜਵਾਦੀ ਪਾਰਟੀ ਦਾ ਸੀਨੀਅਰ ਆਗੂ ਬਣ ਕੇ ਕਹਿੰਦਾ ਹੈ ਕਿ ਭਾਜਪਾ ਅਤੇ ਕਾਂਗਰਸ-ਦੋਵਾਂ ਦੇ ਆਗੂ ਸਾਡੇ ਲੋਕਾਂ ਨੂੰ ਉਲੂ ਬਣਾ ਰਹੇ ਹਨ। ਉਲੂ ਤਾਂ ਉਹ ਖੁਦ ਵੀ ਬਣਾਈ ਜਾ ਰਿਹਾ ਹੈ।

ਲੋਕਾਂ ਨੂੰ ਉਲੂ ਬਣਾਉਣ ਦੇ ਇਸ ਮੁਕਾਬਲੇ ਵਿਚ ਅੱਗੇ ਨਿਕਲਣ ਲਈ ਸਭ ਤੋਂ ਵੱਧ ਜ਼ੋਰ ਨਰਿੰਦਰ ਮੋਦੀ ਲਾ ਰਿਹਾ ਹੈ ਤੇ ਲੋਕਾਂ ਨੂੰ ਪਤਾ ਵੀ ਨਹੀਂ ਲੱਗਦਾ। ਪਹਿਲਾਂ ਉਹ ਕਹਿੰਦਾ ਸੀ ਕਿ ਮੇਰੇ ਰਾਜ ਦੌਰਾਨ ਗੁਜਰਾਤ ਨੇ ਤਰੱਕੀ ਦੀਆਂ ਏਨੀਆਂ ਮੰਜ਼ਲਾਂ ਛੂਹੀਆਂ ਹਨ ਕਿ ਹੁਣ ਦਿੱਲੀ ਦੇ ਲੋਕ ਗੁਜਰਾਤ ਦਾ ਦੁੱਧ ਪੀਂਦੇ ਹਨ। ਆਨੰਦ ਸ਼ਹਿਰ ਦੀ ਦੁੱਧ ਸਪਲਾਈ ਕਰਨ ਵਾਲੀ ਅਮੁੱਲ, ਆਨੰਦ ਮਿਲਕ ਯੂਨੀਅਨ, 1946 ਵਿਚ ਸ਼ੁਰੂ ਹੋਈ ਸੀ ਤੇ ਨਰਿੰਦਰ ਮੋਦੀ ਦਾ ਜਨਮ 1950 ਵਿਚ ਉਸ ਤੋਂ ਚਾਰ ਸਾਲ ਬਾਅਦ ਹੋਇਆ ਸੀ। ਇਸ ਹਫਤੇ ਉਸ ਦਾ ਜਿਹੜਾ ਇੰਟਰਵਿਊ ਬਹੁਤ ਚਰਚਿਤ ਹੋਇਆ, ਉਸ ਵਿਚ ਦੋ ਗੱਲਾਂ ਨਵੀਂਆਂ ਕਹਿ ਦਿੱਤੀਆਂ ਹਨ। ਇੱਕ ਇਹ ਕਿ ਉਸ ਦੀ ਪਾਰਟੀ ਨੇ ਪਹਿਲੀ ਵਾਰੀ ਚੋਣਾਂ ਤੋਂ ਪਹਿਲਾਂ ਹੀ ਅਠਾਈ ਪਾਰਟੀਆਂ ਦਾ ਗੱਠਜੋੜ ਬਣਾ ਲਿਆ ਹੈ, ਜਿਹੜਾ ਅੱਜ ਤੱਕ ਨਹੀਂ ਸੀ ਬਣਿਆ। ਦੂਸਰੀ ਇਹ ਕਿ ਉਸ ਦੀ ਅਗਵਾਈ ਹੇਠ ਭਾਜਪਾ 180 ਸੀਟਾਂ ਆਪ ਜਿੱਤ ਜਾਵੇਗੀ ਤੇ ਭਾਈਵਾਲਾਂ ਦੀਆਂ ਸੀਟਾਂ ਜੋੜ ਕੇ ਤਿੰਨ ਸੌ ਨੂੰ ਪਹੁੰਚ ਜਾਵੇਗੀ। ਦੋਵੇਂ ਦਾਅਵੇ ਖੋਖਲੇ ਹਨ। ਪਾਰਟੀਆਂ ਅਠਾਈ ਤੋਂ ਵਧ ਕੇ ਉਨੱਤੀ ਹੋ ਗਈਆਂ, ਪਰ ਇਨ੍ਹਾਂ ਵਿਚ ਛੇ ਉਹ ਮ੍ਰਾਤੜ ਪਾਰਟੀਆਂ ਹਨ, ਜਿਹੜੀਆਂ ਆਪ ਕੋਈ ਸੀਟ ਨਹੀਂ ਲੜ ਰਹੀਆਂ, ਭਾਜਪਾ ਦੀ ਮਦਦ ਉਵੇਂ ਹੀ ਕਰ ਰਹੀਆਂ ਹਨ, ਜਿਵੇਂ ਸਹਿਜਧਾਰੀ ਸਿੱਖ ਪਾਰਟੀ ਨੇ ਆਮ ਆਦਮੀ ਪਾਰਟੀ ਦੀ ਮਦਦ ਦਾ ਐਲਾਨ ਕੀਤਾ ਹੈ। ਇਹੋ ਜਿਹੀਆਂ ਪਾਰਟੀਆਂ ਦਾ ਹੋਣਾ ਨਾ ਹੋਣਾ ਕੋਈ ਅਰਥ ਨਹੀਂ ਰੱਖਦਾ ਹੁੰਦਾ। ਦੂਸਰੀ ਗੱਲ ਇਹ ਕਿ ਜੇ ਭਾਜਪਾ ਦੀਆਂ 180 ਸੀਟਾਂ ਆ ਕੇ ਗੱਠਜੋੜ ਦੀਆਂ ਤਿੰਨ ਸੌ ਬਣਨੀਆਂ ਹਨ ਤਾਂ ਇਹ ਤਦੇ ਬਣਨਗੀਆਂ, ਜੇ ਉਸ ਦੇ ਭਾਈਵਾਲ 120 ਸੀਟਾਂ ਜਿੱਤ ਕੇ ਆਉਣਗੇ। ਕਦੀ ਕੋਈ ਪੰਜ ਸੀਟਾਂ ਲੜ ਕੇ ਸੱਤ ਸੀਟਾਂ ਨਹੀਂ ਜਿੱਤ ਸਕਦਾ। ਜਦੋਂ ਭਾਜਪਾ ਨੇ ਖੁਦ 429 ਸੀਟਾਂ ਲੜਨੀਆਂ ਹਨ ਤੇ ਪਾਰਲੀਮੈਂਟ ਦੀਆਂ ਕੁੱਲ 543 ਸੀਟਾਂ ਵਿਚੋਂ ਭਾਈਵਾਲਾਂ ਨੂੰ ਸਿਰਫ 114 ਸੀਟਾਂ ਛੱਡੀਆਂ ਹਨ ਤਾਂ ਸਿਰਫ 114 ਸੀਟਾਂ ਲੜ ਕੇ ਉਨ੍ਹਾਂ ਭਾਈਵਾਲਾਂ ਦੀਆਂ 120 ਸੀਟਾਂ ਆਉਣ ਦੀ ਗੱਲ ਦੇਸ਼ ਦੇ ਪ੍ਰਧਾਨ ਮੰਤਰੀ ਲਈ ਭਾਜਪਾ ਵੱਲੋਂ ਅੱਗੇ ਕੀਤਾ ਗਿਆ ਉਮੀਦਵਾਰ ਨਰਿੰਦਰ ਮੋਦੀ ਹੀ ਕਹਿ ਸਕਦਾ ਹੈ।

ਹੈਰਾਨੀ ਹੁੰਦੀ ਹੈ ਕਿ ਕਿਸੇ ਟੀ ਵੀ ਚੈਨਲ ਨੇ ਨਰਿੰਦਰ ਮੋਦੀ ਦੀ ਇਸ ਭਵਿੱਖਵਾਣੀ ਵਿਚ ਸੀਟਾਂ ਦੇ ਇਸ ਪੱਖ ਨੂੰ ਲੈ ਕੇ ਕੋਈ ਚਰਚਾ ਨਹੀਂ ਕੀਤੀ। ਸ਼ਾਇਦ ਇਸ ਲਈ ਨਹੀਂ ਕੀਤੀ ਹੋਣੀ ਕਿ 'ਉਲੂ ਨਹੀਂ ਬਨਾਵਿੰਗ' ਦੇ ਝੰਡੇ ਹੇਠ ਉਲੂ ਬਣਾਉਣ ਦੀ ਜਿਹੜੀ ਰਾਜਨੀਤੀ ਭਾਰਤ ਦੇ ਲੋਕਾਂ ਸਾਹਮਣੇ ਇਸ ਵਾਰ ਦੀ ਚੋਣ ਵਿਚ ਕੀਤੀ ਜਾ ਰਹੀ ਹੈ, ਉਸ ਦੇ ਵਹਿਣ ਵਿਚ ਅੱਜਕੱਲ੍ਹ ਮੀਡੀਆ ਵਾਲੇ ਵੀ ਵਗੇ ਪਏ ਹਨ।

## ਲਾਲ ਕ੍ਰਿਸ਼ਨ ਅਡਵਾਨੀ ਦੀ ਵੈਬਸਾਈਟ ਹੈਕ

**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਵੈਬਸਾਈਟ ਨੂੰ ਪਾਕਿਸਤਾਨੀ ਹੈਕਰਾਂ ਨੇ ਹੈਕ ਕਰਕੇ ਉਸ 'ਤੇ ਕਸ਼ਮੀਰ ਨੂੰ ਆਜ਼ਾਦ ਕਰਨ ਦੇ ਸੁਨੇਹੇ ਪਾ ਦਿੱਤੇ।

ਆਪਣੇ ਆਪ ਨੂੰ ਮੁਹੰਮਦ ਬਿਲਾਲ ਦੱਸਣ ਵਾਲੇ ਹੈਕਰ ਨੇ ਸਾਈਟ 'ਤੇ 'ਪਾਕਿਸਤਾਨ ਜ਼ਿੰਦਾਬਾਦ' ਦਾ ਸੁਨੇਹਾ ਲਿਖਦਿਆਂ ਕਸ਼ਮੀਰ ਵਿਚੋਂ ਫੌਜੀ ਸ਼ਾਸਨ ਨੂੰ ਖਤਮ ਕਰਨ ਦਾ ਸੱਦਾ ਦਿੱਤਾ।

*punjabtimesusa.com*




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਸਾਲ 2013 ਦੌਰਾਨ ਗੁਰਦੁਆਰਾ ਫਰੀਮਾਂਟ ਦੀ ਕੁਲ ਆਮਦਨ ਕਰੀਬ 14 ਲੱਖ ਰਹੀ

**ਫਰੀਮਾਂਟ (ਬਿਊਰੋ):** ਸਾਲ 2013 ਦੌਰਾਨ ਗੁਰਦੁਆਰਾ ਫਰੀਮਾਂਟ ਦੀ ਕੁਲ ਆਮਦਨ 14,36706.56 ਡਾਲਰ ਸੀ। ਇਸ ਵਿਚ ਗੋਲਕ ਤੋਂ 8,37918.82 ਡਾਲਰ, ਰਸੀਦ ਭੇਟਾ ਰਾਹੀਂ 5,55535.74 ਡਾਲਰ ਅਤੇ ਖਾਲਸਾ ਸਕੂਲ ਦਾਖਲਾ ਫੀਸ ਵਜੋਂ ਆਈ ਮਾਇਆ 43252.00 ਡਾਲਰ ਸ਼ਾਮਲ ਹੈ। ਇਸ ਅਰਸੇ ਦੌਰਾਨ ਗੁਰੂ ਘਰ ਦੇ ਕੁਲ ਖਰਚੇ 9,87379.23 ਡਾਲਰ ਸਨ ਜਿਨ੍ਹਾਂ ਵਿਚ ਛਪਾਈ, ਸਫਾਈ, ਕਰਜ਼ੇ ਦਾ ਵਿਆਜ, ਲੰਗਰ, ਗੁਰਦੁਆਰਾ ਸਾਹਿਬ ਦਾ ਬਾਗ, ਮਿਸ਼ਨ ਬੁਲੇਵਾਰਡ ਉਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਦਾ ਮੁਆਇਨਾ ਤੇ ਉਸ ਉਤੇ ਫੀਸ, ਬੀਮੇ ਦੇ ਖਰਚੇ, ਅੱਗ ਬੁਝਾਊ ਖਰਚੇ ਅਤੇ ਆਮ ਖਰਚੇ ਸ਼ਾਮਲ ਹਨ। ਵੱਡਾ ਖਰਚ ਰਾਗੀ, ਢਾਡੀ, ਕਵੀਸ਼ਰੀ ਤੇ ਕਥਾਕਾਰਾਂ ਨੂੰ ਦਿੱਤੀ ਜਾਣ ਵਾਲੀ ਭੇਟਾ ਦਾ ਬਣਦਾ ਹੈ। ਇਹ ਵੇਰਵੇ ਲੰਘੇ ਐਤਵਾਰ ਹਫਤਾਵਾਰੀ ਦੀਵਾਨ ਉਪਰੰਤ ਹੋਈ ਸਾਲਾਨਾ ਜਨਰਲ ਬਾਡੀ ਮੀਟਿੰਗ ਵਿਚ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਹਰਜੀਤ ਸਿੰਘ ਨੇ ਪੇਸ਼ ਕੀਤੇ।

ਭਾਈ ਹਰਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਬੈਂਕਾਂ ਵਿਚ 31 ਦਸੰਬਰ 2013 ਨੂੰ ਨਕਦ ਅਸਾਸੇ 6,54334.41 ਡਾਲਰ ਅਤੇ ਫਿਕਸਡ ਅਸਾਸੇ 43,25656.35 ਡਾਲਰ ਪਏ ਸਨ। ਕੁੱਲ ਅਸਾਸਿਆਂ ਦਾ ਜੋੜ 49,79970.76 ਡਾਲਰ ਬਣਦਾ ਹੈ। ਇਸ ਸਾਰੇ ਵੇਰਵੇ ਗੁਰਦੁਆਰਾ ਸਾਹਿਬ ਦੇ ਸੂਚਨਾ ਬੋਰਡ ਉਤੇ ਵੀ ਲਿਖੇ ਗਏ ਹਨ। ਆਮਦਨ/ਖਰਚ ਦੇ ਸਾਰੇ ਵੇਰਵੇ ਛਾਪ ਕੇ ਵੀ ਸੰਗਤਾਂ ਲਈ ਰੱਖੇ ਗਏ ਸਨ, ਜਿਸ ਨੂੰ ਕੋਈ ਵੀ ਲੈ ਸਕਦਾ ਸੀ। ਭਾਈ ਹਰਜੀਤ ਸਿੰਘ ਨੇ ਦੱਸਿਆ ਕਿ ਕੋਈ ਵੀ ਆਪਣੀ ਸ਼ੰਕਾ ਦੂਰ ਕਰਨ ਲਈ ਸੰਪਰਕ ਕਰ ਸਕਦਾ ਹੈ।

ਭਾਈ ਸਾਹਿਬ ਸਿੰਘ ਨੇ ਕਥਾ ਵਿਆਖਿਆ ਅਤੇ ਭਾਈ ਸਤਨਾਮ ਸਿੰਘ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਲਖਬੀਰ ਸਿੰਘ ਕੋਮਲ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ। ਸਕੱਤਰ ਦੀ ਸੇਵਾ ਭਾਈ ਗੁਰਿੰਦਰ ਸਿੰਘ ਨੇ ਨਿਭਾਈ। ਗੁਰਦੁਆਰਾ ਸਾਹਿਬ ਵੱਲੋਂ ਗਿਆਨੀ ਸਾਹਿਬ ਸਿੰਘ ਹੁਰਾਂ ਨੂੰ ਸਿਰੋਪਾ ਸਾਹਿਬ ਦੀ ਬਖਸ਼ਿਸ਼ ਨਾਲ ਵਿਦਾਇਗੀ ਦਿਤੀ ਗਈ।

ਇਸ ਦੌਰਾਨ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਡਾਕਟਰਾਂ ਦੀ ਇਕ ਟੀਮ ਡਾ. ਗੁਰਿੰਦਰ ਸਿੰਘ ਵਧਵਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਪਹੁੰਚੀ ਜਿਸ ਨੇ ਸੰਗਤਾਂ ਦਾ ਬਲੱਡ ਪ੍ਰੈਸ਼ਰ, ਸ਼ੂਗਰ ਟੈਸਟ ਅਤੇ ਹੋਰ ਟੈਸਟ ਕਰਕੇ ਡਾਕਟਰੀ ਮਸ਼ਵਰਾ ਦਿੱਤਾ।













ਸਿੱਖ ਵੂਮੈਨ ਅਲਾਇੰਸ ਦੀ ਇਕ ਮੀਟਿੰਗ ਉਪਰੰਤ ਖਿੱਚੀ ਗਈ ਤਸਵੀਰ

# ਸਿੱਖ ਵੂਮੈਨ ਅਲਾਇੰਸ ਸਿੱਖ ਪਛਾਣ ਲਈ ਹੋਰ ਸਰਗਰਮ ਹੋਵੇਗੀ

**ਫਰਿਜ਼ਨੋ (ਬਿਊਰੋ):** ਗੈਰ ਮੁਨਾਫਾ ਸੰਸਥਾ ਸਿੱਖ ਵੂਮੈਨ ਅਲਾਇੰਸ ਵੱਲੋਂ 'ਕੌਰ ਸੇਵਾ' ਦੇ ਨਾਂ ਹੇਠ ਆਪਣੀ ਸੰਸਥਾ ਦੀ ਸਾਲਾਨਾ ਦੂਸਰੀ ਵਿਸ਼ੇਸ਼ ਮੀਟਿੰਗ ਇਥੇ ਹੋਲੀਡੇ ਇਨ ਐਕਸਪ੍ਰੈਸ ਵਿਚ ਕੀਤੀ ਗਈ ਜਿਸ ਵਿਚ ਸਿੱਖ ਧਰਮ ਅਤੇ ਇਸ ਦੇ ਬੱਚਿਆਂ ਵਿਚ ਪ੍ਰਚਾਰ ਨੂੰ ਲੈ ਕੇ ਬਹੁਤ ਸਾਰੇ ਬੁੱਧੀਜੀਵੀ ਵਿਦਵਾਨਾਂ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਸੰਸਥਾ ਦੀ ਮੁੱਖ ਮੈਂਬਰ ਪ੍ਰਿੰਸੀਪਲ ਦਵਿੰਦਰ ਕੌਰ ਸਿੱਧੂ ਨੇ ਸਭ ਨੂੰ ਜੀ ਆਇਆਂ ਆਖਿਆ। ਇਸ ਮੌਕੇ ਪ੍ਰਮੁੱਖ ਬੁਲਾਰੇ ਵਜੋਂ ਬੀਬੀ ਨਵਕਿਰਨ ਕੌਰ ਖਾਲੜਾ (ਸਪੁਤਰੀ ਸ਼ਹੀਦ ਸ. ਜਸਵੰਤ ਸਿੰਘ ਖਾਲੜਾ) ਨੇ ਸਿੱਖ ਇਤਿਹਾਸ ਅੰਦਰ ਔਰਤ ਦੀ ਮੁੱਖ ਭੂਮਿਕਾ ਦੀ ਗੱਲ ਕਰਦੇ ਹੋਏ ਉਸ ਦੇ ਰਾਜਨੀਤਕ ਅਤੇ ਸਮਾਜਿਕ ਫੈਸਲਿਆਂ ਦੀ ਵੀ ਸ਼ਲਾਘਾ ਕੀਤੀ। ਸਿੱਖ ਕੁਲੀਸ਼ਨ ਸੰਸਥਾ ਵਲੋਂ ਸਿਮਰਨ ਕੌਰ ਨੇ ਇਥੋਂ ਦੇ ਸਕੂਲਾਂ ਅੰਦਰ ਬੱਚਿਆਂ ਨੂੰ ਆਪਣੀ ਪਹਿਚਾਣ ਪੱਗੜੀ ਅਤੇ ਬਾਕੀ ਪਹਿਰਾਵੇ ਨੂੰ ਲੈ ਕੇ ਆ ਰਹੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ।

ਸੰਸਥਾ ਵੱਲੋਂ ਤਿੰਨ ਬੱਚਿਆਂ-ਹਰਮਾਲਾ ਕੌਰ, ਗਗਨਦੀਪ ਸਿੰਘ ਅਤੇ ਮਨਦੀਪ ਕੌਰ ਬਾਠ ਨੂੰ ਇਕ-ਇਕ ਹਜ਼ਾਰ ਡਾਲਰ ਦਾ ਸਕਾਲਰਸ਼ਿਪ ਪੜ੍ਹਾਈ ਦੇ ਚੰਗੇ ਗਰੇਡ ਲੈਣ ਅਤੇ ਸ੍ਰੇਸ਼ਟ ਸਮਾਜਕ ਸਰਗਰਮੀਆਂ ਬਦਲੇ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸੰਸਥਾ ਨੇ ਪਿਛਲੇ ਨਵੰਬਰ ਮਹੀਨੇ ਨੂੰ ਸਿੱਖ ਅਵੇਅਰਨੈਸ ਮਹੀਨੇ ਵਜੋਂ ਮਨਾਉਂਦਿਆਂ ਸਿੱਖ ਪਛਾਣ ਨੂੰ ਉਭਾਰਨ ਵਾਸਤੇ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ 'ਫਾਈਵ ਕੇ ਸੋਝੀ ਵਾਕ' ਦਾ ਪ੍ਰਬੰਧ ਕੀਤਾ ਸੀ। ਇਸੇ ਦੌਰਾਨ ਇਕੱਤਰ ਹੋਈ ਰਾਸ਼ੀ ਨੂੰ ਸਕਾਲਰਸ਼ਿਪ ਅਤੇ ਹੋਰ ਲੋੜਵੰਦਾਂ ਲਈ ਵਰਤਿਆ ਗਿਆ। ਪ੍ਰਿੰਸੀਪਲ ਸਿੱਧੂ ਨੇ ਦੱਸਿਆ ਕਿ ਇਸ ਸਾਲ ਵੀ ਹੋਰ ਸੰਸਥਾਵਾਂ ਦੇ ਸਹਿਯੋਗ ਨਾਲ ਸਿੱਖ ਜਾਗਰੂਕਤਾ ਲਈ ਨਵੰਬਰ ਮਹੀਨੇ ਦੇ ਪ੍ਰੋਗਰਾਮ ਉਲੀਕੇ ਜਾਣਗੇ।

## ਭਗਵੰਤ ਮਾਨ ਦੇ ਗਲੇ ਵਿਚ ਇਨਫੈਕਸ਼ਨ

**ਸੰਗਰੂਰ:** ਸੰਗਰੂਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਭਗਵੰਤ ਮਾਨ ਦਾ ਗਲਾ ਖਰਾਬ ਹੋਣ ਕਾਰਨ ਡਾਕਟਰਾਂ ਨੇ ਉਨ੍ਹਾਂ ਨੂੰ ਤੁਰੰਤ ਗਲੇ ਦਾ ਅਪਰੇਸ਼ਨ ਕਰਾਉਣ ਤੇ ਆਰਾਮ ਕਰਨ ਦੀ ਸਲਾਹ ਦਿੱਤੀ ਹੈ।

ਭਗਵੰਤ ਮਾਨ ਦੇ ਗਲੇ ਵਿਚ ਇਨਫੈਕਸ਼ਨ ਤੇ ਸੋਜ਼ਸ਼ ਹੈ ਜਿਸ ਕਰਕੇ ਉਨ੍ਹਾਂ ਨੂੰ ਆਪਣੇ ਚੋਣ ਪ੍ਰਚਾਰ ਦੌਰਾਨ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੋਟਾਂ ਦੇ ਦਿਨ ਨੇੜੇ ਹੋਣ ਕਾਰਨ ਪ੍ਰਚਾਰ ਪੂਰੇ ਸਿਖ਼ਰਾਂ 'ਤੇ ਹੈ ਜਿਸ ਕਰਕੇ ਮਾਨ ਕਿਸੇ ਵੀ ਹਾਲਤ ਵਿਚ ਲਾਂਭੇ ਨਹੀਂ ਹੋਣਾ ਚਾਹੁੰਦੇ।

## ਬੀਬੀ ਸਲੂਜਾ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਮਿਡਵੈਸਟ ਦੇ ਸਭ ਤੋਂ ਪੁਰਾਣੇ ਗੁਰੂ ਘਰ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਨਵੇਂ ਮੈਂਬਰਾਂ ਦੀ ਸਰਬਸੰਮਤੀ ਨਾਲ ਹੋਈ ਚੋਣ ਵਿਚ ਬੀਬੀ ਜਸਬੀਰ ਕੌਰ ਸਲੂਜਾ ਪ੍ਰਧਾਨ ਚੁਣੇ ਗਏ ਹਨ ਜਦੋਂਕਿ ਬੀਬੀ ਸੁਰਿੰਦਰ ਕੌਰ ਸੈਣੀ ਖਜ਼ਾਨਚੀ, ਕੰਵਰਜੀਤ ਸਿੰਘ ਮਹਿਤਾ ਕਾਰਜਕਾਰੀ ਸਕੱਤਰ ਅਤੇ ਗਿਆਨ ਸਿੰਘ ਸੀਹਰਾ ਧਾਰਮਿਕ ਸਕੱਤਰ ਚੁਣੇ ਗਏ ਹਨ। ਡਾ. ਬਲਵੰਤ ਸਿੰਘ ਹੰਸਰਾ ਸੀ ਆਈ ਸੀ ਦੇ ਮੈਂਬਰ ਵਜੋਂ ਲਏ ਗਏ ਹਨ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਅੰਦਰ ਧੜੇਬੰਦੀ ਖਤਮ ਕਰਨ ਦੇ ਮਨੋਰਥ ਨਾਲ ਵਖ ਵਖ ਧਿਰਾਂ ਦੀ ਸਹਿਮਤੀ 'ਤੇ ਇਕ ਕਮੇਟੀ ਬਣਾ ਕੇ ਉਮੀਦਵਾਰਾਂ ਵਿਚੋਂ ਸਰਬਸੰਮਤੀ ਨਾਲ ਬੋਰਡ ਲਈ ਪੰਜ ਅਤੇ ਸੰਵਿਧਾਨ ਅਮਲ ਕਮੇਟੀ (ਸੀ ਆਈ ਸੀ) ਲਈ ਇਕ ਨਵਾਂ ਮੈਂਬਰ ਲਏ ਗਏ ਸਨ। ਮਹਾਂਬੀਰ ਸਿੰਘ ਬਰਾੜ ਜੋ ਪਹਿਲੇ ਬੋਰਡ ਵਿਚ ਵੀ ਸਨ, ਮੁੜ ਮੈਂਬਰ ਚੁਣੇ ਗਏ। ਇਨ੍ਹਾਂ ਵਿਚੋਂ ਹੀ ਆਪਸੀ ਸਹਿਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਹੈ। ਬੋਰਡ ਦੇ ਪਹਿਲੇ ਮੈਂਬਰਾਂ ਵਿਚ ਹਰਵਿੰਦਰ ਸਿੰਘ, ਪਾਲ ਸਿੰਘ, ਗੁਰਦੀਪ ਸਿੰਘ ਸੰਘਾ ਤੇ ਦਲਜੀਤ ਸਿੰਘ ਦਿਓਲ ਸ਼ਾਮਲ ਹਨ। ਸੰਗਤ ਵਿਚ ਧੜੇਬੰਦੀ ਰੋਕਣ ਦੇ ਮਨੋਰਥ ਨਾਲ ਇਸ ਵਾਰ ਇਕ ਕਮੇਟੀ ਬਣਾ ਕੇ ਸਰਬਸੰਮਤੀ ਦੀ ਵਿਧੀ ਅਪਨਾਈ ਗਈ ਸੀ।







ਡਾ. ਜਸਦੀਪ ਕੌਰ ਗਿੱਲ (ਸਪੁੱਤਰੀ ਸ. ਜੋਗਿੰਦਰ ਸਿੰਘ ਗਿੱਲ ਐਡਵੋਕੇਟ ਤੇ ਸਰਦਾਰਨੀ ਗੁਰਬਚਨ ਕੌਰ ਗਿੱਲ) ਦਾ ਸ਼ੁਭ ਅਨੰਦ ਕਾਰਜ ਕਾਕਾ ਹਰਤੇਜ ਸਿੰਘ ਧਾਮੀ (ਸਪੁੱਤਰ ਸ. ਕਮਲਜੀਤ ਸਿੰਘ ਧਾਮੀ ਤੇ ਸਰਦਾਰਨੀ ਗੁਰਦਿਆਲ ਕੌਰ ਧਾਮੀ) ਨਾਲ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ।


ਇਸ ਮੌਕੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਲੋਂ ਸ. ਜੋਗਿੰਦਰ ਸਿੰਘ ਗਿੱਲ ਐਡਵੋਕੇਟ, ਜਗਰਾਓਂ ਦਾ ਉਨ੍ਹਾਂ ਵਲੋਂ ਸਿੱਖ ਸੰਘਰਸ਼ ਦੌਰਾਨ ਪਾਏ ਗਏ ਯੋਗਦਾਨ ਲਈ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ. ਗਿੱਲ ਨੇ ਧਰਮ ਯੁਧ ਮੋਰਚੇ ਅਤੇ ਜੁਝਾਰੂ ਖਾੜਕੂ ਲਹਿਰ ਦੇ ਸਿੰਘਾਂ ਦੇ ਕੇਸ ਬਿਨਾ ਫੀਸ ਤੋਂ ਲੜੇ ਜਿਨ੍ਹਾਂ ਵਿਚ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਜਸਬੀਰ ਸਿੰਘ ਰੋਡੇ ਵੀ ਸ਼ਾਮਲ ਸਨ।

ਜਸਵਿੰਦਰ (ਜੱਸੀ) ਸਿੰਘ ਗਿੱਲ ਨੇ ਪਰਿਵਾਰ ਦੀ ਤਰਫੋਂ ਇਸ ਸਨਮਾਨ ਬਦਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

# ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਨੇ ਮਨਾਇਆ ਖਾਲਸਾ ਸਾਜਨਾ ਦਿਵਸ







**ਸੈਨ ਹੋਜ਼ੇ:** ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਲੰਘੇ ਐਤਵਾਰ ਗੁਰਦੁਆਰਾ ਸੈਨ ਹੋਜ਼ੇ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਲੰਘੇ 13 ਅਪਰੈਲ ਤੋਂ ਸ਼ੁਰੂ ਹੋਏ ਸਮਾਗਮਾਂ ਦੇ ਅਖੀਰ 'ਤੇ ਲੜੀਵਾਰ ਅਖੰਡ ਪਾਠ ਦੇ ਭੋਗ ਉਪਰੰਤ ਨਿਸ਼ਾਨ ਸਾਹਿਬ ਦਾ ਚੋਲਾ ਬਦਲ ਕੇ ਨਗਰ ਕੀਰਤਨ ਸਜਾਇਆ ਗਿਆ।

ਇਸ ਤੋਂ ਪਹਿਲਾਂ 13 ਅਪਰੈਲ ਨੂੰ ਅੰਮ੍ਰਿਤ ਸੰਚਾਰ ਹੋਇਆ ਜਿਸ ਵਿਚ ਅਨੇਕਾਂ ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਗੁਰਦੁਆਰਾ ਸੈਨ ਹੋਜ਼ੇ ਦੇ ਹਜ਼ੂਰੀ ਰਾਗੀ ਜਥਿਆਂ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ। ਪੰਥ ਪ੍ਰਸਿੱਧ ਢਾਡੀ ਭਾਈ ਲਖਵੀਰ ਸਿੰਘ ਕੋਮਲ ਦੇ ਜਥੇ ਨੇ ਖਾਲਸੇ ਦੇ ਇਤਿਹਾਸ ਨਾਲ ਸਬੰਧਤ ਵਾਰਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਦੋਂਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਵਿਸ਼ੇਸ਼ ਗੁਰਮਤਿ ਦੀਵਾਨ ਸਜਾਏ।

ਇਨ੍ਹਾਂ ਸਮਾਗਮਾਂ ਦੌਰਾਨ ਪ੍ਰਬੰਧਕਾਂ ਨੇ ਦਸਤਾਰ ਸਜਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਿਸ ਵਿਚ ਬੱਚਿਆਂ ਦੇ ਭਾਰੀ ਗਿਣਤੀ ਵਿਚ ਦਸਤਾਰਾਂ ਸਜਾਈਆਂ ਗਈਆਂ। ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਹੇਠ ਚੱਲ ਰਹੇ ਗੁਰੂ ਨਾਨਕ ਖਾਲਸਾ ਸਕੂਲ ਦੇ ਬੱਚਿਆਂ ਨੇ ਬੁਆਏ ਸਕਾਟ ਅਤੇ ਕੀਰਤਨ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੇ ਕਾਰ ਪਾਰਕਿੰਗ ਦਾ ਵੀ ਵਿਸ਼ੇਸ ਪ੍ਰਬੰਧ ਸੀ। ਸੈਨ ਹੋਜ਼ੇ, ਫਤਿਹਗੜ੍ਹ ਸਾਹਿਬ ਅਤੇ ਹੋਲਿਸਰ ਦੀਆਂ ਸੰਗਤਾਂ ਵੱਲੋਂ ਵਿਸ਼ੇਸ਼ ਲੰਗਰ ਲਾਏ ਗਏ।

## ਮਹਿੰਦਰ ਸਿੰਘ ਕੇ ਪੀ ਨੂੰ ਜਿਤਾਉਣ ਦੀ ਅਪੀਲ

**ਸੈਕਰਾਮੈਂਟੋ (ਬਿਊਰੋ):** ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਮਹਿੰਦਰ ਸਿੰਘ ਕੇ ਪੀ ਦੇ ਕੈਲੀਫੋਰਨੀਆ ਵਸਦੇ ਹਮਾਇਤੀਆਂ ਨੇ ਵੋਟਰਾਂ ਨੂੰ ਸ੍ਰੀ ਕੇ ਪੀ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਇਲਾਕਾ ਨਿਵਾਸੀਆਂ ਨੂੰ ਉਨ੍ਹਾਂ ਦੇ ਹੱਕ ਵਿਚ ਡਟਣ ਲਈ ਕਿਹਾ ਹੈ।

ਇਥੇ ਹੋਈ ਇਕ ਮੀਟਿੰਗ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਹੁਸ਼ਿਆਰਪੁਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਸਦੇ ਆਪਣੇ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਸ੍ਰੀ ਕੇ ਪੀ ਦੇ ਹੱਕ ਵਿਚ ਵੋਟ ਪਾਉਣ ਲਈ ਆਖਣ। ਜ਼ਿਕਰਯੋਗ ਹੈ ਕਿ ਸ੍ਰੀ ਮਹਿੰਦਰ ਸਿੰਘ ਜਲੰਧਰ ਤੋਂ ਵਿਧਾਨ ਸਭਾ ਮੈਂਬਰ ਰਹਿ ਚੁਕੇ ਦਰਸ਼ਨ ਸਿੰਘ ਕੇ ਪੀ ਦੇ ਸਪੁੱਤਰ ਹਨ। ਇਸ ਇਕੱਤਰਤਾ ਨੂੰ ਹੋਰਨਾਂ ਤੋਂ ਇਲਾਵਾ ਉਘੀ ਪ੍ਰਚਾਰਕ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਸ. ਸਤਨਾਮ ਸਿੰਘ ਸੈਣੀ ਨੇ ਸੰਬੋਧਨ ਕੀਤਾ। ਓਵਰਸੀਜ਼ ਕਾਂਗਰਸ ਕਮੇਟੀ ਦੇ ਬੈਨਰ ਥੱਲੇ ਹੋਏ ਇਸ ਇਕੱਠ ਵਿਚ ਬੋਲਦਿਆਂ ਉਨ੍ਹਾਂ ਆਖਿਆ ਕਿ ਸ੍ਰੀ ਕੇ ਪੀ ਲੋਕ ਸਭਾ ਵਿਚ ਪੰਜਾਬ ਦੇ ਹਿਤਾਂ ਲਈ ਜ਼ੋਰਦਾਰ ਆਵਾਜ਼ ਉਠਾਉਣਗੇ। ਇਸ ਲਈ ਮੌਜੂਦਾ ਅਕਾਲੀ-ਭਾਜਪਾ ਗਠਜੋੜ ਦੇ ਮੁਕਾਬਲੇ ਉਨ੍ਹਾਂ ਨੂੰ ਜਿਤਾਉਣਾ ਜ਼ਰੂਰੀ ਹੈ।



## 39 ਪਤਨੀਆਂ ਵਾਲਾ 127 ਬੱਚਿਆਂ ਦਾ ਪਿਓ

**ਆਈਜ਼ੋਲ:** ਮਿਜ਼ੋਰਮ ਦੀ ਇਕ ਮਾਤਰ ਲੋਕ ਸਭਾ ਸੀਟ ਲਈ ਹੋਣ ਵਾਲੇ ਮਤਦਾਨ ਲਈ ਜਿਯੋਂਘਾਕਾ ਚਾਨਾ ਨਾਂ ਦਾ ਇਕ ਵਿਅਕਤੀ ਵੋਟਰਾਂ ਤੇ ਨੇਤਾਵਾਂ ਵਿਚਕਾਰ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ ਚਾਨਾ ਦੀਆਂ 39 ਪਤਨੀਆਂ ਤੇ ਪੋਤੇ-ਪੋਤਰੀਆਂ ਸਣੇ ਕੁੱਲ 127 ਬੱਚੇ ਹਨ। ਇਸ ਪਰਿਵਾਰ ਵਿਚ ਕੁੱਲ 166 ਵੋਟਾਂ ਹਨ। ਇਹ ਪਰਿਵਾਰ ਪਿੰਡ ਵਿਚ 100 ਕਮਰਿਆਂ ਵਾਲੀ ਹਵੇਲੀ ਵਿਚ ਰਹਿੰਦਾ ਹੈ। 70 ਸਾਲਾ ਚਾਨਾ ਦੱਸਦੇ ਹਨ ਕਿ ਇਸ ਸੀਟ 'ਤੇ 100 ਵੋਟਾਂ ਦਾ ਫ਼ਰਕ ਕਿਸੇ ਵੀ ਉਮੀਦਵਾਰ ਦਾ ਪਲੜਾ ਭਾਰੀ ਕਰ ਸਕਦਾ ਹੈ।


Truck Driver's Drug Testing

ਤੁਹਾਡੇ ਕੰਮ ਦੀ ਥਾਂ 'ਤੇ ਪ੍ਰਾਈਵੇਸੀ ਵਿਚ ਡਰਗ ਟੈਸਟਿੰਗ

- DOT ਅਤੇ Non-DOT ਆਨ ਸਾਈਟ ਡਰਗ ਕੁਲੈਕਸ਼ਨ
- ਸ਼ਰਾਬ ਦੀ ਸਾਹ ਰਾਹੀਂ ਟੈਸਟਿੰਗ
- ਸਰਟੀਫਾਈਡ ਪ੍ਰੋਫੈਸ਼ਨਲ ਕੁਲੈਕਟਰ
- ਆਫ ਸਾਈਟ ਫੈਸਿਲਿਟੀ ਤੇ ਕੋਈ ਉਡੀਕ ਨਹੀਂ
- DOT ਤੋਂ ਮਾਨਤਾ ਪ੍ਰਾਪਤ ਟੈਸਟਿੰਗ ਯੰਤਰ
- MRO ਸਰਵਿਸ
- ਭਰੋਸੇਯੋਗ, ਫੌਰੀ ਅਤੇ ਵਾਜਬ ਰੇਟ



ਅਸੀਂ ਤੁਹਾਡੇ ਪਾਸ ਖੁਦ ਆ ਸਕਦੇ ਹਾਂ

ਫੋਨ: 510-470-0268

www.MDTbayarea.com

MOBILE DRUGTESTING

Mobile Drug Testing


5178 Mowry Ave., Suite #2160, Fremont, CA 94538



Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted




*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਵਿਲੱਖਣ ਪੈੜਾਂ ਪਾਈਆਂ ਪੀ ਸੀ ਐਸ ਸੈਕਰਾਮੈਂਟੋ ਦੇ 25ਵੇਂ ਵਿਸਾਖੀ ਮੇਲੇ ਨੇ

**ਸੈਕਰਾਮੈਂਟੋ (ਬਿਊਰੋ):** ਕਿਧਰੇ ਨਿੱਕੇ ਨਿੱਕੇ ਬੱਚੇ ਤੁਰਲਿਆਂ ਵਾਲੀਆਂ ਪੱਗਾਂ ਤੇ ਨਿੱਕੇ ਨਿੱਕੇ ਚਾਦਰੇ ਲਾਈ ਟਪੂਸੀਆਂ ਮਾਰਦੇ ਫਿਰ ਰਹੇ ਸਨ, ਕਿਧਰੇ ਮੁਟਿਆਰਾਂ ਰਵਾਇਤੀ ਭੰਗੜੇ ਤੇ ਗਿੱਧੇ ਵਾਲੀਆਂ ਪੁਸ਼ਾਕਾਂ ਪਾਈ ਮਾਹੌਲ ਵਿਚ ਇਕ ਨਿਵੇਕਲਾ ਸਭਿਆਚਾਰਕ ਰੰਗ ਭਰ ਰਹੀਆਂ ਸਨ ਤੇ ਕਿਧਰੇ ਗਾਇਕ ਗੀਤ-ਸੰਗੀਤ ਦੀ ਛਹਿਬਰ ਲਾਉਣ ਲਈ ਆਪਣੇ ਕੰਠ ਸੁਰ ਕਰ ਰਹੇ ਸਨ। ਪ੍ਰਬੰਧਕ ਹੁਮ ਹੁਮਾ ਕੇ ਪਹੁੰਚ ਰਹੇ ਦਰਸ਼ਕਾਂ ਨੂੰ ਦੇਖ ਕੇ ਫੁੱਲੇ ਨਹੀਂ ਸਨ ਸਮਾ ਰਹੇ। ਇਹ ਨਜ਼ਾਰਾ ਸੀ ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ 19 ਅਪਰੈਲ ਨੂੰ ਇਥੇ ਐਲਕਗਰੋਵ ਦੇ ਐਸ ਈ ਐਸ ਹਾਲ ਵਿਚ ਕਰਵਾਏ ਗਏ ਇਸ ਦੇ ਸਿਲਵਰ ਜੁਬਲੀ 25ਵੇਂ ਵਿਸਾਖੀ ਮੇਲੇ ਦਾ। ਅਮਰੀਕਾ ਵਿਚ



*ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਪ੍ਰਬੰਧਕ ਗੁਬਾਰੇ ਛੱਡ ਕੇ ਮੇਲੇ ਦਾ ਉਦਘਾਟਨ ਕਰਦੇ ਹੋਏ*



*ਰਛਪਾਲ ਸਿੰਘ ਫਰਵਾਲਾ*

ਪੰਜਾਬੀ ਸਭਿਆਚਾਰ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਵਿਚ ਇਸ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਇਹ ਸੰਸਥਾ 25 ਸਾਲ ਪਹਿਲਾਂ ਉਦੋਂ ਬਣਾਈ ਗਈ ਸੀ ਜਦੋਂ ਕੈਲੀਫੋਰਨੀਆ ਵਿਚ ਪੰਜਾਬੀ ਸਭਿਆਚਾਰਕ ਸੰਸਥਾਵਾਂ ਬਸ ਗਿਣਤੀ ਦੀਆਂ ਹੀ ਸਨ।

ਮੇਲੇ ਦਾ ਉਦਘਾਟਨ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ 26 ਰੰਗਦਾਰ ਗੁਬਾਰੇ ਉਡਾਉਂਦਿਆਂ ਕੀਤਾ ਗਿਆ। ਇਸ ਪ੍ਰੋਗਰਾਮ ਦਾ ਅਰੰਭ ਮੰਚ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਕੀਤਾ। ਉਪਰੰਤ ਜਸਵਿੰਦਰ ਲਾਲ ਨੇ ਆਪਣੀ ਬੁਲੰਦ ਆਵਾਜ਼ ਵਿਚ ਇਕ ਧਾਰਮਿਕ ਗੀਤ ਪੇਸ਼ ਕੀਤਾ। ਇਸ ਉਪਰੰਤ ਕਰੀਬ ਚਾਰ ਘੰਟੇ ਚੱਲੇ ਪ੍ਰੋਗਰਾਮ ਦੌਰਾਨ ਨਵੇਂ ਮਾਹੌਲ ਵਿਚ ਪਲ ਰਹੇ ਛੋਟੇ ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨ ਮੁੰਡਿਆਂ-ਕੁੜੀਆਂ ਨੇ ਭੰਗੜੇ ਅਤੇ ਗਿੱਧੇ ਦੀਆਂ ਆਈਟਮਾਂ ਪੇਸ਼ ਕੀਤੀਆਂ। ਇਸ ਦੌਰ ਦਾ ਅਰੰਭ 'ਪੁੰਗਰਦੇ ਗੱਭਰੂ' ਨਾਂ ਦੀ ਛੋਟੇ ਬੱਚਿਆਂ ਦੀ ਟੀਮ ਨੇ ਕੀਤਾ ਅਤੇ ਇਸ ਪਿਛੋਂ ਚੱਲ ਸੋ ਚੱਲ-ਗਿੱਧੇ-ਭੰਗੜੇ ਦੀਆਂ 23 ਟੀਮਾਂ ਨੇ ਅਜਿਹਾ ਰੰਗ ਬੰਨ੍ਹਿਆ ਕਿ ਹਾਲ ਵਿਚ ਬੈਠੇ ਸਰੋਤਿਆਂ ਨੂੰ ਆਪਣੇ ਨਾਲ ਥਿਰਕਣ ਲਾ ਲਿਆ। ਇਨ੍ਹਾਂ ਟੀਮਾਂ ਦੀਆਂ ਕਲਾਕਾਰ ਕੁੜੀਆਂ ਰੰਗ-ਬੰਰਗੀਆਂ ਰਵਾਇਤੀ ਪੁਸ਼ਾਕਾਂ, ਕਢਾਈਦਾਰ ਸੂਟਾਂ, ਚੁੰਨੀਆਂ-ਫੁਲਕਾਰੀਆਂ, ਰੰਗ-ਬਰੰਗੀਆਂ ਚੂੜੀਆਂ, ਡੋਰੀਏ, ਸੱਗੀਫੁਲ ਤੇ ਹੋਰ ਹਾਰ-ਹਮੇਲਾਂ ਨਾਲ ਸਜੀਆਂ ਹੋਈਆਂ ਸਨ। ਛੋਟੇ ਛੋਟੇ ਗੱਭਰੂ ਵੀ ਪੂਰੀ ਪੰਜਾਬੀ ਠੁੱਕ ਨਾਲ ਫਬਵੇਂ ਕੰਨੀਦਾਰ ਚਾਦਰੇ, ਖੁੱਲ੍ਹੇ ਕਢਾਈਦਾਰ ਕੁੜਤੇ, ਜੈਕਟਾਂ, ਤੁਰਲੇਦਾਰ ਪੱਗਾਂ ਤੇ ਪੰਜਾਬੀ ਜੁੱਤੀਆਂ ਦੀ ਮੜ੍ਹਕ ਦਿਖਾ ਰਹੇ ਸਨ।



'ਅਜੈ ਅਕੈਡਮੀ' ਦੇ ਵਖ ਵਖ ਗਰੁਪਾਂ ਨੇ ਗਿੱਧੇ-ਭੰਗੜੇ ਦੇ ਜੌਹਰ ਵਿਖਾਏ ਜਿਨ੍ਹਾਂ ਦੀ ਸਖਤ ਮਿਹਨਤ ਉਨ੍ਹਾਂ ਦੇ ਪੈਰਾਂ ਦੀ ਧਮਕ ਅਤੇ ਸਰੀਰਾਂ ਦੇ ਮਟਕ ਵਿਚੋਂ ਸਾਫ ਨਜ਼ਰ ਆ ਰਹੀ ਸੀ। ਦੋ ਬੱਚੀਆਂ ਅਮਨਪ੍ਰੀਤ ਕੌਰ ਸੰਧੂ ਤੇ ਅਸ਼ਲੀਨ ਕੌਰ ਸੰਘਾ ਨੇ ਪੰਜਾਬੀ ਨਾਚ ਤੇ ਬੋਲੀਆਂ ਨਾਲ ਰੰਗ ਬੰਨਿਆ। ਭੰਗੜੇ ਤੇ ਗਿਧੇ ਦੀਆਂ ਟੀਮਾਂ-'ਸਿੰਘ ਸੂਰਮੇ', 'ਸੈਕ ਭੰਗੜਾ ਕੁਈਨਜ਼', 'ਅਣਖੀਲੇ ਗੱਭਰੂ', 'ਰੂਹ ਪੰਜਾਬ ਦੀ', 'ਵੈਸਟ ਸਾਈਡ ਭੰਗੜਾ', 'ਜੀ ਐਚ ਜੀ ਸੰਗੀਤ ਐਂਡ ਡਾਂਸ ਅਕੈਡਮੀ, ਫਰਿਜ਼ਨੋ' ਦੇ ਕਲਾਕਾਰਾਂ ਨੇ ਆਪੋ ਆਪਣੇ ਫਨ ਦਾ ਮੁਜਾਹਰਾ ਕੀਤਾ। 'ਮਲਵਈ ਗਿੱਧਾ' ਜਿਸ ਨੂੰ ਬਾਬਿਆਂ ਦਾ ਗਿਧਾ ਕਰਕੇ ਵੀ ਜਾਣਿਆ ਜਾਂਦਾ ਹੈ, ਨੇ ਮਲਵਈ ਸਭਿਆਚਾਰ ਦਾ ਇਕ ਖਾਸ ਰੰਗ ਪੇਸ਼ ਕੀਤਾ। ਯੂ ਸੀ ਡੇਵਿਸ ਦੀ ਟੀਮ ਦਾ ਗਿੱਧਾ ਮਜਾਜਣਾਂ ਦਾ ਸੱਚ ਮੁੱਚ ਕਲਾਕਾਰਾਂ ਦਾ ਮਜਾਜ ਦੱਸ ਰਿਹਾ ਸੀ। ਪੰਜਾਬਣਾਂ ਦਾ ਡਾਂਸ, ਅਜੇ ਪਾਲ ਤੇ ਪੂਜਾ ਸੋਲੰਕੀ ਦਾ ਦੋਗਾਣਾ ਖੂਬ ਸਲਾਹੇ ਗਏ। ਸੁਲਤਾਨ ਅਖਤਰ ਜੋੜੀ ਨੇ ਵੀ ਆਪਣੇ ਇਕ ਦੋਗਾਣੇ ਨਾਲ ਖੂਬ ਰੰਗ ਬੰਨਿਆ।

ਲੋਕ ਰੰਗ ਮੰਚ ਦੀ ਟੀਮ ਵਲੋਂ ਪੇਸ਼ ਕੀਤੀ ਗਈ ਸਕਿਟ ਪੰਜਾਬ ਦੇ ਅਜੋਕੇ ਹਾਲਾਤ 'ਤੇ ਭਰਵੀਂ ਟਕੋਰ ਸੀ। ਪੂਨਮ ਮਲਹੋਤਰਾ ਨੇ ਆਪਣੀ ਸੁਰੀਲੀ ਆਵਾਜ਼ ਵਿਚ 'ਲੰਘ ਆ ਜਾ ਪੱਤਣ ਝਨਾਂ ਦਾ...' ਗੀਤ ਰਾਹੀਂ ਲੋਕ ਰੰਗ ਪੇਸ਼ ਕੀਤਾ। ਪੀ ਸੀ ਐਸ ਸੈਂਟਰਲ ਵੈਲੀ ਵਲੋਂ ਮਿੱਕੀ ਸਰਾਂ ਨੇ 'ਕੌਮ ਦੇ ਗੱਦਾਰਾਂ' 'ਤੇ ਕਰਾਰੀ ਚੋਟ ਲਾਉਂਦਾ ਇਕ ਗੀਤ ਪੇਸ਼ ਕੀਤਾ। ਪੰਜਾਬੀ ਕਲਚਰਲ ਸੁਸਾਇਟੀ ਦੇ ਰੂਹੇ ਰਵਾਂ ਰਛਪਾਲ ਸਿੰਘ ਫਰਵਾਲਾ ਨੇ ਵਿਸਰੇ ਪੰਜਾਬ ਦੀ ਯਾਦ ਦਿਵਾਉਂਦਾ 'ਕਿਵੇ ਭੁਲਾਵਾਂ ਰੱਬ ਵਰਗੇ ਮੇਰੇ ਵਸਦੇ ਪਿੰਡਾਂ ਨੂੰ' ਗੀਤ ਗਾ ਕੇ ਪੁਰਾਣੇ ਪੇਂਡੂ ਸਭਿਆਚਾਰ ਦੀ ਝਲਕ ਦਿਖਾਈ।

ਮੰਚ ਦੀ ਬੈਕ ਡਰਾਪ ਵਿਚ ਲਾਏ ਗਏ ਕੰਧ ਚਿੱਤਰ ਵਿਚਲੇ ਕੱਚੇ ਕੋਠੇ, ਗਹੀਰੇ, ਕੁੱਪ ਅਤੇ ਛੱਪੜ ਪੁਰਾਣੇ ਪੰਜਾਬੀ ਪਿੰਡਾਂ ਦਾ ਦ੍ਰਿਸ਼ ਬੰਨ੍ਹ ਰਹੇ ਸਨ।

ਸਮਾਗਮ ਵਿਚ ਕੋਈ 200 ਕਲਾਕਾਰਾਂ ਦੀ ਪ੍ਰਬੰਧਕਾਂ ਵਲੋਂ ਹੌਸਲਾ ਅਫਜ਼ਾਈ ਵਜੋਂ ਮਾਣ-ਸਨਮਾਨ ਕੀਤਾ ਗਿਆ। ਲੜਕੀਆਂ ਦੀਆਂ ਗਿੱਧੇ ਦੀਆਂ ਪੇਸ਼ਕਾਰੀਆਂ, ਗਿੱਧਾ ਯੂ ਸੀ ਡੇਵਿਸ ਅਤੇ ਗਿੱਧਾ ਮਜਾਜਣਾਂ ਦੀ ਪੇਸ਼ਕਾਰੀ ਮੌਕੇ ਸਟੇਜ ਸੰਭਾਲਦਿਆਂ ਬੀਬੀ ਮਨਦੀਪ ਕੌਰ ਫਰਵਾਲਾ ਨੇ ਖੂਬਸੂਰਤ ਢੰਗ ਨਾਲ ਨਿਭਾਈ। ਪ੍ਰਬੰਧਕ ਕਮੇਟੀ ਨੇ ਪਿਛਲੇ ਵਰ੍ਹਿਆਂ ਦੀ ਆਪਣੀ ਰਵਾਇਤ ਨੂੰ ਜਾਰੀ ਰੱਖਦਿਆਂ ਵੱਖ ਵੱਖ ਖੇਤਰਾਂ ਵਿਚ ਨਾਵਾਂ ਕਮਾਉਣ ਵਾਲੀਆਂ ਕੁਝ ਸ਼ਖਸੀਅਤਾਂ ਅਤੇ ਸੰਸਥਾਵਾਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਬਖਸ਼ੀਸ਼ ਸਿੰਘ ਗਿੱਲ ਅਤੇ ਸਤਨਾਮ ਸਿੰਘ ਤਾਤਲਾ ਨੂੰ ਲਾਈਫ ਅਚੀਵਮੈਂਟ ਅਵਾਰਡ, ਪੰਜਾਬੀ ਪੱਤਰਕਾਰੀ ਵਿਚ ਵਿੱਲਖਣ ਪਹਿਚਾਣ ਬਣਾਉਣ ਲਈ ਪੰਜਾਬ ਟਾਈਮਜ਼, ਯੂਬਾ ਸਿਟੀ ਦੇ ਕੌਂਸਲਰ ਤਜਿੰਦਰ ਸਿੰਘ ਮਾਨ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ) ਅਤੇ ਚੇਤਿੰਨ ਸਿੰਘ ਬੋਪਾਰਾਏ ਸ਼ਾਮਲ ਸਨ।

ਮੇਲੇ ਦੀ ਸਫਲਤਾ ਲਈ ਕਮੇਟੀ ਦੇ ਮੈਂਬਰਾਂ-ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜਾਇਬ ਕਾਹਲੋਂ, ਰਛਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁਕੀ, ਪਵਿਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਸਿੰਘ ਡੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹਦੀ, ਪਾਲ ਸਿੰਘ ਸੰਧੂ, ਮਨੋਹਰ ਲਾਲ ਰੱਤੀ, ਜਰਨੈਲ ਮੰਦਰ ਅਤੇ ਜਗਜੀਤ ਕੰਦੋਲਾ, ਵਿਜੇ ਪਰਹਾਰ, ਹਰਜਿੰਦਰ ਸੰਧੂ, ਰਾਜ ਬਰਾੜ, ਬਖਸ਼ੀਸ਼ ਗਿੱਲ,

*(ਅਗਲੇ ਸਫੇ 'ਤੇ ਜਾਰੀ)*
















## ਪੀ ਸੀ ਐਸ ਸੈਕਰਾਮੈਂਟੋ

ਦਲਜੀਤ ਸਿੰਘ ਲੋਪੋਂ, ਕਰਮਜੀਤ ਮਿਨਹਾਸ, ਭੀਲੀ ਸਿੰਘ, ਯਾਦਵਿੰਦਰ ਗਿੱਲ, ਬਲਵੰਤ ਸਿੰਘ ਕੰਦੋਲਾ ਅਤੇ ਪ੍ਰੇਮ ਕੁਮਾਰ ਚੁੰਬਰ ਨੇ ਭਰਪੂਰ ਯੋਗਦਾਨ ਪਾਇਆ।

ਅੰਤ ਵਿਚ ਸ. ਰਛਪਾਲ ਸਿੰਘ ਫਰਵਾਲਾ ਨੇ ਦਰਸ਼ਕਾਂ, ਵਿੱਤੀ ਯੋਗਦਾਨ ਪਾਉਣ ਵਾਲੇ ਸਪਾਂਸਰਾਂ, ਗਾਇਕਾਂ, ਕਲਾਕਾਰਾਂ, ਮੀਡੀਏ ਅਤੇ ਲਾਈਟ ਐਂਡ ਸਾਊਂਡ ਵਾਲਿਆਂ ਦਾ ਧੰਨਵਾਦ ਕਰਦਿਆਂ ਅਗਸਤ ਮਹੀਨੇ ਵਿਚ ਆਉਣ ਵਾਲੇ ਤੀਆਂ ਦੇ ਮੇਲੇ ਦਾ ਐਲਾਨ ਵੀ ਕੀਤਾ।







ਮੈਂ ਹਾਂ ਜੱਟ ਪੰਜਾਬੀ...
























## ਸ਼ਬਦਾਂ ਨਾਲ ਜਾਦੂ ਕਰਨ ਵਾਲਾ

# ਗੈਬਰੀਅਲ ਮਾਰਕੁਏਜ਼

***ਕੋਲੰਬੀਆ ਦਾ ਸੰਸਾਰ ਪ੍ਰਸਿੱਧ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ 87 ਵਰ੍ਹਿਆਂ ਦੀ ਉਮਰ ਵਿਚ 17 ਅਪਰੈਲ ਨੂੰ ਸਦੀਵੀ ਅਲਵਿਦਾ ਆਖ ਗਿਆ, ਪਰ ਉਸ ਨੇ ਸਾਹਿਤ ਦੇ ਖੇਤਰ ਵਿਚ ਆਪਣੀਆਂ ਰਚਨਾਵਾਂ ਨਾਲ ਇੰਨੀ ਭਰਵੀਂ ਹਾਜ਼ਰੀ ਲੁਆਈ ਹੈ ਕਿ ਉਸ ਨੂੰ ਕਦੀ ਭੁਲਾਇਆ ਨਹੀਂ ਜਾ ਸਕੇਗਾ। ਇਸ ਰਚਨਾ ਰਾਹੀਂ ਅਸੀਂ 'ਪੰਜਾਬ ਟਾਈਮਜ਼' ਵੱਲੋਂ ਉਸ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ। -ਸੰਪਾਦਕ***


**ਕਲਾ ਪਰਿਕਰਮਾ**



ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਨੇ ਆਪਣੀਆਂ ਲਿਖਤਾਂ ਰਾਹੀਂ ਸੰਸਾਰ ਭਰ ਦੇ ਕਰੋੜਾਂ ਲੋਕਾਂ ਨੂੰ ਲਾਤੀਨੀ ਅਮਰੀਕਾ ਦੇ ਲੋਕਾਂ ਦੀਆਂ ਬਾਤਾਂ ਸੁਣਾਈਆਂ। ਇਹ ਬਾਤਾਂ ਸੁਣਾਉਂਦਿਆਂ ਉਸ ਨੇ ਲਾਤੀਨੀ ਅਮਰੀਕੀਆਂ ਦੀ ਅੰਨੀ ਸ਼ਰਧਾ, ਹਿੰਸਾ ਅਤੇ ਸਮਾਜਕ ਨਾ-ਬਰਾਬਰੀ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੇ ਵਾਕਿਆ ਬਿਆਨ ਕੀਤੇ। ਇਹ ਸਾਰੇ ਵਾਕਿਆ ਬਿਆਨ ਕਰਨ ਵੇਲੇ ਉਸ ਨੇ 'ਜਾਦੂਈ ਯਥਾਰਥਵਾਦ' ਦਾ ਜਿਸ ਢੰਗ ਨਾਲ ਸਹਾਰਾ ਲਿਆ, ਉਸ ਨੇ ਸਮੁੱਚੇ ਸੰਸਾਰ ਨੂੰ ਦੰਗ ਕਰ ਕੇ ਰੱਖ ਦਿੱਤਾ। ਇਸ ਜਾਦੂਈ ਯਥਾਰਥਵਾਦ ਨਾਲ ਉਸ ਨੇ ਜੀਵਨ ਦੀ ਗੁੰਝਲਾਂ ਨੂੰ ਸੌਖੇ ਅਤੇ ਸਰਲ ਸਰੂਪ ਵਿਚ ਪਾਠਕਾਂ ਅੱਗੇ ਰੱਖਿਆ। ਇਸੇ ਕਰ ਕੇ ਉਸ ਦੀਆਂ ਰਚਨਾਵਾਂ ਨੂੰ ਬੇਅੰਤ ਪਾਠਕ ਜੁੜੇ। 17ਵੀਂ ਸਦੀ ਦੇ ਲੇਖਕ ਮਿਗੂਏਰ ਡੀ. ਸਰਵੈਂਟਸ ਤੋਂ ਮਗਰੋਂ ਸਪੇਨੀ ਭਾਸ਼ਾ ਵਿਚ ਉਹ ਸਭ ਤੋਂ ਲੋਕਪ੍ਰਿਯਾ ਲੇਖਕ ਹੋ ਨਿਬੜਿਆ ਅਤੇ ਕੋਲੰਬੀਆ ਦਾ ਜਨਮਿਆ ਮਾਰਕੁਏਜ਼ ਛੇਤੀ ਹੀ ਸੰਸਾਰ ਦੀ ਸਾਹਿਤਕ ਹਸਤੀ ਬਣ ਗਿਆ। ਉਸ ਦੀ ਤੁਲਨਾ ਮਾਰਕ ਟਵੇਨ ਤੇ ਚਾਰਲਸ ਡਿਕਨਜ਼ ਵਰਗੇ ਚੋਟੀ ਦੇ ਲੇਖਕਾਂ ਨਾਲ ਹੋਣ ਲੱਗ ਪਈ।

ਮਾਰਕੁਏਜ਼ ਦੇ ਨਾਵਲ 'ਕਰੋਨੀਕਲ ਆਫ 2 ਡੈੱਥ ਫੋਰਟੋਲਡ', 'ਲਵ ਇਨ ਦਿ ਟਾਇਮ ਆਫ ਕਾਲਰਾ', 'ਆਟਮ ਆਫ ਪੈਟਰੀਆਰਕ' ਸਪੇਨੀ ਭਾਸ਼ਾ ਵਿਚ ਛਪੇ ਤੇ ਹੱਥੋ-ਹੱਥ ਵਿਕ ਗਏ। ਉਸ ਦੇ ਵੱਡ-ਆਕਾਰੀ ਨਾਵਲ 'ਵੰਨ ਹੰਡਰਡ ਈਅਰਜ਼ ਆਫ ਸੌਲੀਟਿਊਡ' ਦੀਆਂ 25 ਭਾਸ਼ਾਵਾਂ ਵਿਚ 5 ਕਰੋੜ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ। ਉਹ ਕਹਾਣੀਆਂ ਦੀ ਅਜਿਹੀ ਬੁਣਤੀ ਬੁਣਦਾ ਕਿ ਉਸ ਨੂੰ ਜਾਦੂਈ (ਮੈਜਿਕ) ਯਥਾਰਥ ਦੀ ਸਰਵੋਤਮ ਮਿਸਾਲ ਮੰਨਿਆ ਜਾਣ ਲੱਗਿਆ। ਉਹ ਰੋਜ਼ਮਰਾ ਦੀਆਂ ਘਟਨਾਵਾਂ ਬਾਰੇ ਲਿਖਦਿਆਂ ਅਲੋਕਾਰ ਫੈਂਟਸੀ ਘੜਦਾ। ਲੋਕ ਪੜ੍ਹਦੇ ਤਾਂ ਅਸ਼-ਅਸ਼ ਕਰ ਉਠਦੇ।

'ਵੰਨ ਹੰਡਰਡ ਈਅਰਜ਼ ਆਫ ਸੌਲੀਟਿਊਡ' ਅਜਿਹਾ ਪਹਿਲਾ ਨਾਵਲ ਸੀ ਜਿਸ ਵਿਚ ਲਾਤੀਨੀ ਅਮਰੀਕੀਆਂ ਨੇ ਆਪਣੇ-ਆਪ ਨੂੰ ਦੇਖਿਆ ਜਿਸ ਤਰ੍ਹਾਂ ਕੋਈ ਦਰਪਣ ਦੇਖਦਾ ਹੈ। ਇਸ ਵਿਚ ਮਨ ਦੇ ਵੇਗ ਉਛਾਲੇ ਮਾਰਦੇ ਦਿਸਦੇ ਹਨ।



1982 ਵਿਚ ਜਦੋਂ ਮਾਰਕੁਏਜ਼ ਨੂੰ ਸਾਹਿਤ ਲਈ ਨੋਬੇਲ ਪੁਰਸਕਾਰ ਦਿੱਤਾ ਗਿਆ, ਤਾਂ ਉਸ ਨੇ ਲਾਤੀਨੀ ਅਮਰੀਕਾ ਨੂੰ ਅਥਾਹ ਰਚਨਾਤਮਿਕਤਾ ਦਾ ਸਰੋਤ ਦੱਸਿਆ। 'ਗਾਬੋ' ਵਜੋਂ ਮਸ਼ਹੂਰ ਮਾਰਕੁਏਜ਼ ਖੱਬੇ ਪੱਖੀਆਂ ਲਈ ਨਾਇਕ ਸੀ। ਉਹ ਸਾਰੀ ਉਮਰ ਕਿਊਬਾ ਦੇ ਇਨਕਲਾਬੀ ਫੀਦਲ ਕਾਸਤਰੋ ਦਾ ਭਾਈਵਾਲ ਰਿਹਾ। ਅਮਰੀਕਾ ਦੀਆਂ ਵੀਅਤਨਾਮ ਅਤੇ ਚਿੱਲੀ ਵਿਚਲੀਆਂ ਦਖਲਅੰਦਾਜ਼ੀਆਂ ਦੀ ਉਸ ਨੇ ਡਟ ਕੇ ਆਲੋਚਨਾ ਕੀਤੀ।

ਮਾਰਕੁਏਜ਼ ਕੋਲੰਬੀਆ ਦੇ ਨਿੱਕੇ ਜਿਹੇ ਕਸਬੇ ਅਰਾਕਾਟਾਕਾ ਵਿਚ 6 ਮਾਰਚ 1927 ਨੂੰ ਪੈਦਾ ਹੋਇਆ। ਉਹ ਲੂਈਸਾ ਸਾਂਤਿਆਗਾ ਮਾਰਕੁਏਜ਼ ਅਤੇ ਗੈਬਰੀਅਲ ਇਲੀਜੀਉ ਗਾਰਸ਼ੀਆ ਦੇ 11 ਬੱਚਿਆਂ ਵਿਚੋਂ ਸਭ ਤੋਂ ਵੱਡਾ ਸੀ। ਉਹ ਦਸ ਸਾਲ ਆਪਣੇ ਨਾਨਾ-ਨਾਨੀ ਕੋਲ ਪਲਿਆ। ਉਸ ਦਾ ਨਾਨਾ ਫੌਜ ਵਿਚ ਕਰਨਲ ਸੀ ਅਤੇ ਉਹਨੇ ਜੰਗ ਵਿਚ ਹਿੱਸਾ ਲਿਆ ਸੀ। ਨਾਨੇ-ਨਾਨੀ ਦੀ ਇਹ ਕਹਾਣੀ ਹੀ ਅਗਾਂਹ ਜਾ ਕੇ 'ਵੰਨ ਹੰਡਰਡ ਈਅਰਜ਼ ਆਫ ਸੌਲੀਟਿਊਡ' ਨਾਵਲ ਦਾ ਰੂਪ ਧਾਰ ਗਈ। ਆਪਣੇ ਇਕ ਮੁਲਾਕਾਤੀ ਨਾਲ ਗੁਫਤਗੂ ਦੌਰਾਨ ਮਾਰਕੁਏਜ਼ ਨੇ ਕਿਹਾ ਸੀ- "ਘਰਦੇ ਅਕਸਰ ਦੱਸਦੇ ਸਨ ਕਿ ਮੈਂ ਕਹਾਣੀਆਂ ਬਚਪਨ ਵਿਚ ਹੀ ਜੋੜਨ ਲੱਗ ਪਿਆ ਸਾਂ। ਅਸਲ ਵਿਚ ਨਾਨੇ-ਨਾਨੀ ਦੀ ਕਹਾਣੀ ਪਹਿਲੇ ਦਿਨ ਤੋਂ ਹੀ ਮੇਰੇ ਅੰਦਰ ਉਸਲਵੱਟੇ ਲੈ ਰਹੀ ਸੀ ਅਤੇ ਵਕਤ ਪਾ ਕੇ ਨਾਵਲ ਬਣ ਗਈ।"

ਮਾਰਕੁਏਜ਼ ਉਦੋਂ ਵੀਹ ਵਰ੍ਹਿਆਂ ਦਾ ਸੀ ਅਤੇ ਅਜੇ ਪੜ੍ਹਦਾ ਹੀ ਸੀ ਜਦੋਂ ਉਸ ਦੀ ਪਹਿਲੀ ਕਹਾਣੀ 1947 ਵਿਚ ਇਕ ਅਖਬਾਰ ਵਿਚ ਛਪੀ। ਉਹਦਾ ਪਿਉ ਤਾਂ ਚਾਹੁੰਦਾ ਸੀ ਕਿ ਉਹ ਕਾਨੂੰਨ ਦੀ ਪੜ੍ਹਾਈ ਕਰੇ, ਪਰ ਉਸ ਨੇ ਪੱਤਰਕਾਰੀ ਦਾ ਰੁਖ ਕੀਤਾ। ਛੇਤੀ ਹੀ ਉਸ ਦਾ ਝੁਕਾਅ ਖੱਬੇ ਪੱਖੀਆਂ ਵੱਲ ਹੋ ਗਿਆ। ਉਹਨੇ ਸਰਕਾਰੀ ਭ੍ਰਿਸ਼ਟਾਚਾਰ ਬਾਰੇ ਕਹਾਣੀ 'ਸਟੋਰੀ ਆਫ ਏ ਸ਼ਿਪਰੈਕਡ ਸੇਲਰ' ਲਿਖੀ ਤਾਂ ਉਸ ਨੂੰ ਸਰਕਾਰੀ ਘੇਰਾ ਪੈ ਗਿਆ। ਆਖਰਕਾਰ ਉਸ ਨੂੰ ਵਤਨ ਤੱਕ ਛੱਡਣਾ ਪਿਆ। 1955 ਵਿਚ ਉਹ ਇਟਲੀ ਪੁੱਜਾ ਅਤੇ ਉਤੇ ਸਿਨੇਮਾ ਬਾਰੇ ਅਧਿਐਨ ਕੀਤਾ। ਫਿਰ ਸਾਰੀ ਉਮਰ ਸਿਨੇਮਾ ਉਹਦੇ ਨਾਲੋ-ਨਾਲ ਚੱਲਿਆ। 1958 ਵਿਚ ਉਹ ਵਤਨ ਪਰਤਿਆ ਅਤੇ ਮਰਸਿਡੀਜ਼ ਬਰਸ਼ਾ ਨਾਲ ਵਿਆਹ ਕਰਵਾ ਲਿਆ। ਬਰਸ਼ਾ ਉਹਦੀ ਬਚਪਨ ਦੀ ਗੁਆਂਢਣ ਸੀ।

ਬਾਗੀਆਂ ਨਾਲ ਸਬੰਧਾਂ ਦੇ ਦੋਸ਼ਾਂ ਕਰ ਕੇ ਮਾਰਕੁਏਜ਼ ਨੂੰ 1981 ਵਿਚ ਫਿਰ ਵਤਨ ਛੱਡਣਾ ਪੈ ਗਿਆ ਪਰ 1998 ਵਿਚ ਉਹ ਆਪਣੀ ਜ਼ਿੰਦਗੀ ਦਾ ਇਕ ਸੁਪਨਾ ਪੂਰਾ ਕਰ ਸਕਿਆ। ਉਸ ਨੇ ਨਿਊਜ਼ ਮੈਗਜ਼ੀਨ 'ਕੈਂਬੀਓ' ਖਰੀਦਿਆ ਅਤੇ ਨਾਲ ਹੀ ਕਾਰਟਜੀਨਾ ਵਿਚ ਪੱਤਰਕਾਰੀ ਸੰਸਥਾ ਆਰੰਭ ਕੀਤੀ। ਉਹ ਇਸੇ ਸਾਲ ਮਾਰਚ ਵਿਚ 87 ਸਾਲ ਦਾ ਹੋਇਆ ਤਾਂ ਉਸ ਦੇ ਮਿੱਤਰ-ਪਿਆਰੇ ਕੇ ਉਸ ਨੂੰ ਘਰੇ ਕੇਕ ਅਤੇ ਫੁੱਲ ਦੇਣ ਪੁੱਜੇ। ਉਹ ਖੁਸ਼ੀ ਨਾਲ ਫੁੱਲ ਗਿਆ ਪਰ ਉਦੋਂ ਉਹ ਬਿਮਾਰ ਸੀ। ਉਸ ਨੇ ਕੋਈ ਲੈਕਚਰ ਨਹੀਂ ਦਿੱਤਾ ਪਰ ਉਸ ਦੀਆਂ ਅੱਖਾਂ ਦੱਸ ਰਹੀਆਂ ਸਨ ਕਿ ਉਹ ਕਿੰਨਾ ਖੁਸ਼ ਹੈ!



*ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਕਿਊਬਾਈ ਲੀਡਰ ਫੀਦਲ ਕਾਸਤਰੋ ਨਾਲ।*

***ਕਿਊਬਾ ਦੇ ਮਿਸਾਲੀ ਲੀਡਰ ਫੀਦਲ ਕਾਸਤਰੋ ਨਾਲ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਦੀ ਦੋਸਤੀ ਕਿਸੇ ਤੋਂ ਛੁਪੀ ਹੋਈ ਨਹੀਂ। ਮਾਰਕੁਏਜ਼ ਡਟ ਕੇ ਕਿਊਬਾ ਤੇ ਫੀਦਲ ਕਾਸਤਰੋ ਦੇ ਹੱਕ ਵਿਚ ਖੜ੍ਹਿਆ ਅਤੇ ਅਮਰੀਕਾ ਦੀਆਂ ਕਿਊਬਾ ਨਾਲ ਜ਼ਿਆਦਤੀਆਂ ਖਿਲਾਫ ਆਵਾਜ਼ ਬੁਲੰਦ ਕੀਤੀ।***

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਮਈ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-114



ਤਸਵੀਰ: ਰਵਿੰਦਰ ਰਵੀ

***ਹੱਡ ਗੋਡੇ ਰਗੜਾ ਕੇ ਫਿਰ ਵੀ ਗਾਉਂਦੇ ਸਾਂ!***
***ਕੈਂਚੀ ਸਾਈਕਲ ਆਪਾਂ ਜਦੋਂ ਚਲਾਉਂਦੇ ਸਾਂ!***

### ਕੈਪਸ਼ਨ ਮੁਕਾਬਲਾ-112



ਅਸੀਂ ਗੁਰੂ ਦੀ ਫ਼ੌਜ ਲਾਡਲੀ,
ਮਨ ਦੀ ਮਰਜੀ ਸਦਾ ਪੁਗਾਈਏ।
ਖਾਣ ਪੀਣ ਹੈ ਬੜਾ ਨਿਰਾਲਾ,
ਨਾਲ ਜੋਰ ਦੇ ਰਗੜੇ ਲਾਈਏ।
ਸੁੱਖ-ਨਿਧਾਨ ਦਾ ਭੋਗ ਲਗਾ ਕੇ,
ਵਿਚ ਅਸਮਾਨੀ ਉਡਦੇ ਜਾਈਏ।
***-ਜਗਮੀਤ ਸਿੰਘ ਪੰਧੇਰ***

ਸਾਡੇ ਕੂੰਡਿਆਂ 'ਚ ਭੰਗ
ਨਾ ਹੀ ਝੋਰਾ ਕੋਈ ਸੰਗ।
ਰਹੀਏ ਮਸਤ ਮਲੰਗ
ਸਾਡਾ ਨਾਉਂ ਐ ਨਿਹੰਗ!
***-ਫਕੀਰ ਚੰਦ ਸੈਂਪਲਾ***
***ਲਾਸ ਏਂਜਲਸ।***

---

ਸੁੱਖਾ ਪੀ ਕੇ ਹੋਣੀਆਂ
'ਛਾਉਣੀਆਂ' ਬਾਵਰੀਆਂ!
ਕਾਹਤੋਂ ਕਹੀਏ ਇਨ੍ਹਾਂ ਨੂੰ
'ਫੌਜਾਂ ਲਾਡਲੀਆਂ?'
***-ਬੱਲੀ ਸਿੰਘ ਸੈਨ ਹੋਜ਼ੇ***

---

ਰਹੇ ਨਾ ਫੂਲਾ ਸਿੰਘ ਜਿਹੇ,
ਬਣੇ ਨਸ਼ੇੜੀ ਨਿਹੰਗ।
ਹੁਣ ਨੀ ਮਾਈਆਂ ਕਹਿੰਦੀਆਂ
ਬੂਹਾ ਖੋਲ੍ਹ ਨਿਸੰਗ!
***-ਸਤਵੰਤ ਕੌਰ ਸੱਗਰਾਂ ਵਾਲੀ***

---

ਲਾਡਲੀਆਂ ਫੌਜਾਂ ਨੇ ਖਿੱਚੀ
ਚੜ੍ਹਦੇ ਦਿਨ ਹੀ ਤਿਆਰੀ।
ਤਿਆਰ ਹੋਣ ਲਈ ਕਰਨ ਮਿਹਨਤਾਂ
ਕੀ ਸੌਖੀ ਕੀ ਭਾਰੀ।
***-ਪਲਵਿੰਦਰ ਸਿੰਘ ਮਿਲਪੀਟਸ***

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**




34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.
Asking: $849,000




199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.




1498 Columbine Way,
Livermore, CA 94550
6 Bedrooms, 3 Bathrooms,
3 Car Garage
Area: 3159Sq. Ft.
Lot: 26700 Sq. Ft.




4326 San Juan Ave.,
Fremont, CA 94536
4 Bedrooms, 2 Bathrooms,
2 Car Garage
Area: 1740 Sq. Ft.
Lot: 6000 Sq. Ft.

### JUST SOLD

1. 1826 Mary Augusta St., Manteca, CA 95337
2. 1498 Columbine Way, Livermore, CA 94551
3. 1820 De Vaca Way, Livermore, CA 94550
4. 1379 Michael Dr., Tracy, CA 95377
5. 4124 Polaris Ave., Union City, CA 94587
6. 2995 Masonwood St., San Jose, CA 95148
7. 4019 Villa Comez Ln., Stockton, CA 95206
8. 2809 Glen Sharon Way, San Jose, CA 95148
9. 2385 Patricia Dr., Santa Clara, CA 95050
10. 43881 Cameron Hills Dr., Fremont CA 94539
11. 1098 Phelps Ave., San Jose, CA 95117
12. 2712 Sea Drift ln., Hayward, CA 94545
13. 27659 Persimmon Dr., Hayward, CA 94544
14. 2980 Glen Alden Ct., San Jose, CA 95148

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA DRE Lic.#01180969
NMLS# 352095

# ਸਿੱਖ ਕੈਦੀਆਂ ਦੀ ਰਿਹਾਈ ਲਈ ਮਾਰਚ ਜਬਰੀ ਡੱਕਿਆ

**ਬਠਿੰਡਾ:** ਸਿੱਖ ਸੰਘਰਸ਼ ਕਮੇਟੀ ਵੱਲੋਂ ਪੰਥਕ ਸੇਵਾ ਲਹਿਰ ਦੇ ਸਹਿਯੋਗ ਨਾਲ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਕੱਢੇ ਜਾਣ ਵਾਲੇ ਮਾਰਚ ਨੂੰ ਪੁਲਿਸ ਨੇ ਰੋਕ ਦਿੱਤਾ ਤੇ ਪੰਥਕ ਸੇਵਾ ਲਹਿਰ ਦੇ ਮੁੱਖੀ ਸੰਤ ਬਾਬਾ ਬਲਜੀਤ ਸਿੰਘ ਖਾਲਸਾ ਦਾਦੂਵਾਲ ਨੂੰ ਉਨ੍ਹਾਂ ਦੇ ਹੈੱਡਕੁਆਟਰ ਗੁਰਦੁਆਰਾ ਜੰਡਾਲੀਸਰ ਸਾਹਿਬ ਕੋਟਸ਼ਮੀਰ ਵਿਖੇ ਨਜ਼ਰਬੰਦ ਕਰ ਦਿੱਤਾ।

ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਲਈ ਸਿੱਖ ਸੰਘਰਸ਼ ਕਮੇਟੀ ਨੇ ਬਠਿੰਡਾ ਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਦੋ ਮਾਰਚ ਕੱਢਣ ਦਾ ਫੈਸਲਾ ਕੀਤਾ ਸੀ ਤੇ 16 ਤੇ 18 ਅਪਰੈਲ ਨੂੰ ਇਹ ਮਾਰਚ ਰਵਾਨਾ ਹੋਣੇ ਸਨ। 16 ਅਪਰੈਲ ਨੂੰ ਬਠਿੰਡਾ ਤੋਂ ਕੱਢੇ ਜਾਣ ਵਾਲੇ ਮਾਰਚ ਨੂੰ ਵੀ ਪੁਲਿਸ ਨੇ ਰੋਕ ਲਿਆ ਸੀ ਤੇ ਮਾਰਚ ਦੇ ਮੁੱਖ ਪ੍ਰਬੰਧਕਾਂ ਨੂੰ ਸੰਤ ਦਾਦੂਵਾਲ ਸਮੇਤ ਗੁਰਦੁਆਰਾ ਸਾਹਿਬ ਵਿਚ ਸ਼ਾਮ ਤੱਕ ਨਜ਼ਰਬੰਦ ਕਰਕੇ ਰੱਖਿਆ ਗਿਆ ਸੀ।



ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋਣ ਵਾਲੇ ਮਾਰਚ ਵਿਚ ਸੰਤ ਦਾਦੂਵਾਲ ਦੀ ਸ਼ਮੂਲੀਅਤ ਦੇ ਮੱਦੇਨਜਰ ਉਨ੍ਹਾਂ ਦੇ ਹੈੱਡਕੁਆਟਰ ਗੁਰਦੁਆਰਾ ਜੰਡਾਲੀਸਰ ਸਾਹਿਬ ਦੇ ਆਲੇ ਦੁਆਲੇ ਭਾਰੀ ਪੁਲਿਸ ਤਾਇਨਾਤ ਕਰ ਦਿੱਤੀ ਸੀ, ਜਦੋਂ ਤੈਅ ਸਮੇਂ 'ਤੇ ਸੰਤ ਦਾਦੂਵਾਲ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋ ਕੇ ਗੇਟ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਪੁਲਿਸ ਵੱਲੋਂ ਗੇਟ 'ਤੇ ਹੀ ਰੋਕ ਲਿਆ ਗਿਆ ਤੇ ਗੁਰਦੁਆਰਾ ਸਾਹਿਬ ਅੰਦਰ ਹੀ ਨਜ਼ਰਬੰਦ ਕਰਨ ਦੇ ਹੁਕਮ ਸੁਣਾ ਦਿੱਤੇ ਗਏ।

ਇਸ ਮੌਕੇ ਸੰਤ ਦਾਦੂਵਾਲ ਨੇ ਪੁਲਿਸ ਅਧਿਕਾਰੀਆਂ ਨਾਲ ਬਹਿਸ ਵੀ ਕੀਤੀ ਤੇ ਗ੍ਰਿਫਤਾਰੀ ਦੇਣ ਦੀ ਪੇਸ਼ਕਸ ਵੀ ਕੀਤੀ ਪਰ ਪੁਲਿਸ ਨੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਅੰਦਰ ਨਜ਼ਰਬੰਦ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ। ਪੰਥਕ ਸੇਵਾ ਲਹਿਰ ਦੇ ਸਰਪ੍ਰਸਤ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਤੋਂ ਰੋਸ ਮਾਰਚ ਦੀ ਪ੍ਰਵਾਨਗੀ ਲਈ ਪੱਤਰ ਵੀ ਦਿੱਤਾ ਸੀ ਪਰ ਪ੍ਰਸ਼ਾਸਨ ਨੇ ਪ੍ਰਵਾਨਗੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਮਾਰਚ ਦਾ ਮਕਸਦ ਲੋਕਾਂ ਨੂੰ ਸਿੱਖ ਬੰਦੀਆਂ ਬਾਰੇ ਜਾਗਰੂਕ ਕਰਨਾ ਸੀ।

ਦੱਸਣਯੋਗ ਹੈ ਕਿ ਸਿੱਖ ਆਗੂ 25 ਮਾਰਚ ਨੂੰ ਮੁੱਖ ਮੰਤਰੀ ਦੇ ਨਾਂ 118 ਬੰਦੀ ਸਿੱਖ ਕੈਦੀਆਂ ਦੇ ਕੇਸਾਂ ਦੀ ਮੁੜ ਤੋਂ ਨਜ਼ਰਸਾਨੀ ਕਰਨ ਬਾਰੇ ਮੰਗ ਪੱਤਰ ਡਿਪਟੀ ਕਮਿਸ਼ਨਰ ਬਠਿੰਡਾ ਰਾਹੀਂ ਦੇ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜ਼ਿਆਦਾ ਸਿੱਖ ਕੈਦੀਆਂ ਖ਼ਿਲਾਫ਼ ਝੂਠੇ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਬੰਦ ਕੀਤਾ ਹੋਇਆ ਹੈ। ਆਗੂਆਂ ਨੇ ਦੱਸਿਆ ਕਿ ਬਲਜੀਤ ਸਿੰਘ ਭਾਊ ਪੁੱਤਰ ਕੈਪਟਨ ਦਲੀਪ ਸਿੰਘ ਖ਼ਿਲਾਫ਼ ਛੇ ਮੁਕੱਦਮੇ ਦਰਜ ਕੀਤੇ ਗਏ ਜਿਨ੍ਹਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਪਰ ਉਨ੍ਹਾਂ ਨੂੰ ਪਟਿਆਲਾ ਤੋਂ ਦਿੱਲੀ ਪੁਲਿਸ ਚੁੱਕ ਕੇ ਲੈ ਗਈ ਤੇ ਉਹ ਹੁਣ ਤਿਹਾੜ ਜੇਲ੍ਹ ਅੰਦਰ ਬੰਦ ਹੈ।

ਇਸੇ ਤਰ੍ਹਾਂ ਦਇਆ ਸਿੰਘ ਲਾਹੌਰੀਆ, ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਮੀਤ ਸਿੰਘ ਤੇ ਭਾਈ ਲਖਵਿੰਦਰ ਸਿੰਘ ਨੂੰ ਇਕ ਮਹੀਨੇ ਦੀ ਪੈਰੋਲ ਦਿੱਤੀ ਗਈ ਪਰ ਰਿਹਾਈ ਨਹੀਂ ਹੋਈ। ਇਹ ਸਿੱਖ ਸਜ਼ਾ ਪੂਰੀ ਕਰ ਚੁੱਕੇ ਹਨ ਪਰ ਉਨ੍ਹਾਂ ਨੂੰ ਛੱਡਿਆ ਨਹੀਂ ਜਾ ਰਿਹਾ। ਆਗੂਆਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਿੱਖ ਕੈਦੀਆਂ ਦੇ ਕੇਸਾਂ 'ਤੇ ਮੁੜ ਤੋਂ ਨਜ਼ਰਸਾਨੀ ਕੀਤੀ ਜਾਵੇ ਤੇ ਇਨ੍ਹਾਂ ਦੀ ਰਿਹਾਈ ਲਈ ਪੰਜਾਬ ਸਰਕਾਰ, ਕੈਬਨਿਟ ਤੇ ਵਿਧਾਨ ਸਭਾ ਅੰਤਰ ਮਤਾ ਪਾਸ ਕਰੇ।

# ਸਿੱਖੀ ਨੂੰ ਆਪਸੀ ਧੜੇਬੰਦੀ ਤੋਂ ਸਭ ਤੋਂ ਵੱਧ ਖਤਰਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸਮੁੱਚੇ ਸਿੱਖ ਪੰਥ ਨੂੰ ਇਕਮੁੱਠ ਹੋ ਕੇ ਕੌਮ ਦਾ ਵਿਸਥਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਬਾਹਰਲੀਆਂ ਸ਼ਕਤੀਆਂ ਨਾਲੋਂ ਆਪਸੀ ਧੜੇਬੰਦੀ ਤੋਂ ਵਧੇਰੇ ਖਤਰਾ ਪੈਦਾ ਹੋ ਰਿਹਾ ਹੈ। ਨਿਪਾਲ ਦੀ ਰਾਜਧਾਨੀ ਕਾਠਮੰਡੂ ਸਥਿਤ ਸ੍ਰੀ ਗੁਰੂ ਨਾਨਕ ਦੇਵ ਦੇ ਅਸਥਾਨ ਗੁਰਦੁਆਰਾ ਗੁਰੂ ਨਾਨਕ ਮੱਠ ਬਾਲਾਜੂ ਵਿਖੇ ਖਾਲਸਾ ਪੰਥ ਦੇ ਸਿਰਜਣਾ ਦਿਵਸ ਵਿਸਾਖੀ ਨੂੰ ਸਮਰਪਿਤ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ (ਕੈਲੀਫੋਰਨੀਆ) ਵੱਲੋਂ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਤਕਰੀਬਨ 545 ਸਾਲ ਪਹਿਲਾਂ ਸ਼ੁਰੂ ਕੀਤੇ ਗਏ ਸਿੱਖ ਧਰਮ ਦੇ ਉਪਾਸ਼ਕ ਇਸ ਵੇਲੇ ਬੁਰੀ ਤਰ੍ਹਾਂ ਧੜਿਆਂ ਵਿਚ ਵੰਡੇ ਹੋਏ ਹਨ, ਜਿਸ ਨਾਲ ਸਿੱਖੀ ਦੇ ਵਿਕਾਸ ਨੂੰ ਕਾਫੀ ਢਾਹ ਲੱਗ ਰਹੀ ਹੈ।

ਇਸ ਮੌਕੇ ਸਿੰਘ ਸਾਹਿਬ ਨੂੰ ਨਿਪਾਲਗੰਜ਼ ਦੇ ਪਿੰਡ ਸਿੱਖਣਪੁਰਾ ਤੋਂ ਆਏ ਇਕ ਵਫਦ ਨੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਨੇ ਇਕ ਪਿੰਡ ਭਾਰਤ ਨਿਪਾਲ ਸਰਹੱਦ ਦੇ ਨਜ਼ਦੀਕ ਵਸਾਇਆ ਸੀ ਜਿਹੜਾ ਅੱਜ ਕਾਫੀ ਫੈਲ ਗਿਆ ਹੈ। ਉਨ੍ਹਾਂ ਦੇ ਬੱਚੇ ਪੰਜਾਬੀ ਪੜ੍ਹਨਾ ਤੇ ਬੋਲਣਾ ਨਹੀਂ ਜਾਣਦੇ ਹਨ ਪਰ ਗੁਰਸਿੱਖੀ ਵਿਚ ਪੂਰੀ ਤਰ੍ਹਾਂ ਪ੍ਰਪੱਕ ਹਨ। ਬੱਚੇ ਵਧੇਰੇ ਕਰਕੇ ਅਨਪੜ੍ਹ ਹਨ ਜਿਸ ਕਰਕੇ ਉਹ ਸਿਰਫ ਮਿਹਨਤ ਮਜ਼ਦੂਰੀ ਕਰਨ ਤੱਕ ਹੀ ਸੀਮਤ ਰਹਿ ਜਾਂਦੇ ਹਨ। ਗਿਆਨੀ ਗੁਰਬਚਨ ਸਿੰਘ ਨੇ ਸੇਵਾ ਸੁਸਾਇਟੀ ਨੂੰ ਅਪੀਲ ਕੀਤੀ ਕਿ ਪਿੰਡ ਵਿਚ ਸਕੂਲ ਖੋਲ੍ਹਣ ਦਾ ਬੰਦੋਬਸਤ ਕਰਨ ਜਿਥੇ ਗੁਰਮੁੱਖੀ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ ਜਾਵੇ।

## ਵਪਾਰੀ ਦੇ ਢਿੱਡ ਵਿਚੋਂ ਮਿਲੇ 12 ਸੋਨੇ ਦੇ ਬਿਸਕੁਟ

**ਨਵੀਂ ਦਿੱਲੀ:** ਇਕ ਅਨੋਖੇ ਮਾਮਲੇ ਵਿਚ ਇਥੋਂ ਦੇ ਹਸਪਤਾਲ ਵਿਚ 63 ਸਾਲਾ ਵਪਾਰੀ ਦੇ ਪੇਟ ਵਿਚੋਂ 33-33 ਗ੍ਰਾਮ ਭਾਰ ਵਾਲੇ 12 ਸੋਨੇ ਦੇ ਬਿਸਕੁਟ ਮਿਲੇ ਹਨ। ਵਪਾਰੀ ਨੇ ਦੱਸਿਆ ਸੀ ਕਿ ਉਸ ਦੇ ਅੰਦਰ ਬੋਤਲ ਦਾ ਡਟ ਲੰਘ ਗਿਆ ਹੈ ਤੇ ਉਹ ਉਸ ਨੂੰ ਕਢਵਾਉਣਾ ਚਾਹੁੰਦਾ ਹੈ।

ਸਰ ਗੰਗਾ ਰਾਮ ਹਸਪਤਾਲ ਵਿਖੇ ਸੀਨੀਅਰ ਡਾਕਟਰ ਸੀ. ਐਸ. ਰਾਮਚੰਦਰਨ ਨੇ ਦੱਸਿਆ ਕਿ ਵਪਾਰੀ ਦਾ ਐਕਸਰੇ ਕੀਤਾ ਤਾਂ ਇਹ ਬੋਤਲ ਦਾ ਡਟ ਨਾ ਲੱਗਾ। ਸੋਨੇ ਦੇ ਬਿਸਕੁਟ ਇਕ ਦੂਸਰੇ ਦੇ ਪਿੱਛੇ ਜੁੜੇ ਹੋਣ ਕਾਰਨ ਇਹ ਇਕ ਧਾਤ ਮਹਿਸੂਸ ਹੋਈ। ਹਸਪਤਾਲ ਦੇ ਸੂਤਰਾਂ ਮੁਤਾਬਕ ਇਸ ਵਿਅਕਤੀ ਨੇ 10 ਦਿਨ ਪਹਿਲਾਂ ਸਿੰਗਾਪੁਰ ਤੋਂ 12 ਲੱਖ ਰੁਪਏ ਦੇ ਬਿਸਕੁਟ ਭਾਰਤ ਨੂੰ ਸਮਗਲ ਕਰਨ ਲਈ ਨਿਗਲ ਲਏ ਸਨ। ਜਦੋਂ ਇਹ ਬਿਸਕੁਟ ਮਲਤਿਆਗ ਰਸਤੇ ਨਾ ਨਿਕਲੇ ਤਾਂ ਉਸ ਨੂੰ ਤਕਲੀਫ਼ ਹੋਣ ਲੱਗੀ ਤਦ ਉਸ ਨੇ ਡਾਕਟਰਾਂ ਤਕ ਪਹੁੰਚ ਕੀਤੀ।

# ਅਜਨਾਲਾ ਦੇ ਸ਼ਹੀਦਾਂ ਵਾਲੇ ਖ਼ੂਹ ਬਾਰੇ ਰਿਪੋਰਟ ਪਛੜੀ



**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਅਜਨਾਲਾ ਖੂਹ ਵਿਚ 157 ਵਰ੍ਹਿਆਂ ਤੋਂ ਦਫ਼ਨ ਰਾਸ਼ਟਰੀ ਵਿਦਰੋਹ ਦੇ ਸੈਨਿਕਾਂ ਦੀਆਂ ਕੱਢੀਆਂ ਗਈਆਂ ਅਸਥੀਆਂ ਤੇ ਉਥੇ ਉਸਾਰੀ ਜਾਣ ਵਾਲੀ ਯਾਦਗਾਰ ਬਾਰੇ ਬਣਾਈ ਪੰਜ ਮੈਂਬਰੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਿਚੋਂ ਤੈਅ ਕੀਤੇ ਦਿਨ ਤੱਕ ਸਿਰਫ਼ ਖੋਜਕਰਤਾ ਸੁਰਿੰਦਰ ਕੋਛੜ ਨੇ ਹੀ ਆਪਣੀ ਰਿਪੋਰਟ ਜਮ੍ਹਾਂ ਕਰਵਾਈ ਹੈ।

ਇਸ ਬਾਰੇ ਕਲਚਰਲ, ਪੁਰਾਤੱਤਵ ਤੇ ਮਿਊਜ਼ੀਅਮ ਵਿਭਾਗ ਪੰਜਾਬ ਦੇ ਡਾਇਰੈਕਟਰ ਨਵਜੋਤ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਸਲਾਹਕਾਰ ਕਮੇਟੀ ਦੇ ਮੈਂਬਰਾਂ ਪ੍ਰੋ. ਜਸਪਾਲ ਸਿੰਘ (ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ), ਇਤਿਹਾਸਕਾਰ ਪ੍ਰਿਥਪਾਲ ਸਿੰਘ, ਪ੍ਰੋ. ਹਰੀਸ਼ ਸ਼ਰਮਾ, ਇਤਿਹਾਸਕਾਰ ਸੁਰਿੰਦਰ ਕੋਛੜ, ਪ੍ਰੋ. ਮੁਜ਼ੱਫ਼ਰ ਆਲਮ (ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ) ਤੇ ਆਰਕੋਲਾਜੀ ਸਰਵੇ ਆਫ਼ ਇੰਡੀਆ ਨੂੰ ਪੰਜਾਬ ਸਰਕਾਰ ਵੱਲੋਂ ਆਪਣੀ ਰਿਪੋਰਟ 30 ਮਾਰਚ ਤੱਕ ਜਮ੍ਹਾਂ ਕਰਾਉਣ ਲਈ ਲਿਖਿਆ ਗਿਆ ਸੀ।

ਇਸ ਦੌਰਾਨ ਸ੍ਰੀ ਕੋਛੜ ਦੇ ਇਲਾਵਾ ਕਿਸੇ ਹੋਰ ਦੀ ਰਿਪੋਰਟ ਜਮ੍ਹਾਂ ਨਾ ਹੋਣ 'ਤੇ ਬਾਕੀ ਕਮੇਟੀ ਮੈਂਬਰਾਂ ਨੂੰ 15 ਅਪਰੈਲ ਤੱਕ ਦਾ ਸਮਾਂ ਦਿੱਤਾ ਗਿਆ ਸੀ। ਸ. ਰੰਧਾਵਾ ਨੇ ਕਿਹਾ ਕਿ ਕੋਛੜ ਨੇ ਆਪਣੀ ਰਿਪੋਰਟ ਕਮੇਟੀ ਦੇ ਚੇਅਰਮੈਨ ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੂੰ 26 ਮਾਰਚ ਨੂੰ ਹੀ ਸੌਂਪ ਦਿੱਤੀ ਸੀ ਜਦੋਂਕਿ ਬਾਕੀ ਕੋਈ ਵੀ ਮੈਂਬਰ ਆਪਣੀ ਰਿਪੋਰਟ ਤੈਅ ਦਿਨ ਤੱਕ ਜਮ੍ਹਾਂ ਨਹੀਂ ਕਰਵਾ ਸਕਿਆ। ਉਨ੍ਹਾਂ ਕਿਹਾ ਕਿ ਹੁਣ ਬਾਕੀ ਇਤਿਹਾਸਕਾਰਾਂ ਨੇ ਆਪਣੀ ਰਿਪੋਰਟ ਪੂਰੀ ਕਰਨ ਲਈ ਪੰਜਾਬ ਸਰਕਾਰ ਪਾਸੋਂ ਹੁਣ ਹੋਰ ਸਮਾਂ ਮੰਗਿਆ ਹੈ।

# ਪਰਵਾਸੀ ਮਜ਼ਦੂਰ ਨੂੰ ਗੋਲੀ ਮਾਰਨ ਵਾਲੇ ਨੂੰ ਪੰਜ ਸਾਲ ਕੈਦ

**ਲੁਧਿਆਣਾ:** ਅਦਾਲਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਪਰਵਾਸੀ ਮਜ਼ਦੂਰ ਨੂੰ ਥਾਣੇ ਵਿਚ ਹੀ ਗੋਲੀ ਮਾਰ ਕੇ ਜ਼ਖ਼ਮੀ ਕਰਨ ਦੇ ਮਾਮਲੇ ਦਾ ਸਾਹਮਣਾ ਕਰ ਰਹੇ ਭਾਈ ਮਨਦੀਪ ਸਿੰਘ ਕੁੱਬੇ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਮਿਲੀ ਜਾਣਕਾਰੀ ਮੁਤਾਬਕ ਸਾਹਨੇਵਾਲ ਸਥਿਤ ਗੁਰਦੁਆਰਾ ਸਾਹਿਬ ਵਿਚ 30 ਅਗਸਤ, 2012 ਨੂੰ ਪਰਵਾਸੀ ਮਜ਼ਦੂਰ ਦਲੀਪ ਕੁਮਾਰ ਰਾਤ ਨੂੰ ਦਾਖਲ ਹੋਇਆ, ਉਥੇ ਦਲੀਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ ਦਾ ਸ਼ੀਸ਼ਾ ਤੋੜ ਦਿੱਤਾ। ਰੌਲਾ ਸੁਣ ਕੇ ਜਦੋਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਉਥੇ ਆਏ ਤਾਂ ਦਲੀਪ ਵੱਲੋਂ ਉਨ੍ਹਾਂ ਨਾਲ ਵੀ ਬਦਸਲੂਕੀ ਕੀਤੀ ਗਈ। ਇਸ ਦੌਰਾਨ ਉਥੇ ਲੋਕ ਇਕੱਠੇ ਹੋ ਗਏ ਤੇ ਲੋਕਾਂ ਵੱਲੋਂ ਦਲੀਪ ਨੂੰ ਫੜ੍ਹ ਕੇ ਪੁਲਿਸ ਹਵਾਲੇ ਕਰ ਦਿੱਤਾ ਗਿਆ। ਥਾਣਾ ਸਾਹਨੇਵਾਲ ਦੀ ਪੁਲਿਸ ਨੇ ਉਸ ਖਿਲਾਫ਼ ਕੇਸ ਦਰਜ ਕਰਕੇ ਉਸ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ। ਇਸ ਦੌਰਾਨ ਭਾਈ ਮਨਦੀਪ ਸਿੰਘ ਕੁੱਬੇ ਵੀ ਥਾਣੇ ਵਿਚ ਗਏ ਤੇ ਉਹ ਆਪਣੇ ਆਪ 'ਤੇ ਕਾਬੂ ਨਹੀਂ ਰੱਖ ਸਕੇ ਤੇ ਥਾਣੇ ਵਿਚ ਹੀ ਦਲੀਪ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਪੁਲਿਸ ਵੱਲੋਂ ਭਾਈ ਕੁੱਬੇ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਖਿਲਾਫ਼ ਧਾਰਾ 307 ਤਹਿਤ ਕੇਸ ਦਰਜ ਕੀਤਾ। ਇਸ ਕਰਕੇ ਸਰਕਾਰੀ ਤੇ ਸਫ਼ਾਈ ਪੱਖ ਦੇ ਵਕੀਲਾਂ ਵਿਚਾਲੇ ਜ਼ੋਰਦਾਰ ਬਹਿਸ ਹੋਈ। ਅਦਾਲਤ ਨੇ ਇਸ ਮਾਮਲੇ ਦਾ ਨਿਪਟਾਰਾ ਕਰਦਿਆਂ ਭਾਈ ਕੁੱਬੇ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ। ਇਸ ਦੌਰਾਨ ਇੰਟਰਨੈਸ਼ਨਲ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਜੌੜਾ ਨੇ ਅਦਾਲਤੀ ਫ਼ੈਸਲੇ ਖਿਲਾਫ਼ ਹਾਈ ਕੋਰਟ ਵਿਚ ਅਪੀਲ ਕਰਨ ਦਾ ਫ਼ੈਸਲਾ ਕੀਤਾ ਹੈ।

# ਉਮਰ ਭਰ ਸੀਖਾਂ ਪਿਛੇ ਰਹਿਣਗੇ ਨੰਨ੍ਹੇ ਖੁਸ਼ਪ੍ਰੀਤ ਦੇ ਕਾਤਲ

**ਚੰਡੀਗੜ੍ਹ:** ਪੰਜ ਸਾਲਾ ਮਾਸੂਮ ਖੁਸ਼ਪ੍ਰੀਤ ਸਿੰਘ (ਖੁਸ਼ੀ) ਨੂੰ ਅਗ਼ਵਾ ਕਰਕੇ ਉਸ ਦੀ ਹੱਤਿਆ ਕਰ ਦੇਣ ਦੇ ਬਹੁਚਰਚਿਤ ਮਾਮਲੇ ਵਿਚ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੇ ਦੋ ਭਰਾਵਾਂ ਸੁਖਦੇਵ ਸਿੰਘ ਉਰਫ਼ ਸੁੱਖਾ, ਗੁਰਵਿੰਦਰ ਸਿੰਘ ਤੇ ਉਨ੍ਹਾਂ ਦੇ ਨੌਕਰ ਨੰਦ ਕਿਸ਼ੋਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਅਦਾਲਤ ਵੱਲੋਂ ਦੋਵੇਂ ਦੋਸ਼ੀ ਭਰਾਵਾਂ ਨੂੰ 85 ਹਜ਼ਾਰ ਰੁਪਏ ਤੇ ਉਨ੍ਹਾਂ ਦੇ ਨੌਕਰ ਨੂੰ 30 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਗਿਆ।

ਅਦਾਲਤ ਨੇ ਲੰਘੀ 15 ਅਪਰੈਲ ਨੂੰ ਇਨ੍ਹਾਂ ਦੋਵੇਂ ਭਰਾਵਾਂ ਤੇ ਉਨ੍ਹਾਂ ਦੇ ਨੌਕਰ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦੇ ਦਿੱਤਾ ਸੀ। ਇਹ ਦੋਵੇਂ ਭਰਾ ਚੰਡੀਗੜ੍ਹ ਦੇ ਬੁੜੈਲ ਕਸਬੇ ਵਿਚ ਖੁਸ਼ੀ ਦੇ ਗੁਆਂਢ ਵਿਚ ਹੀ ਰਹਿੰਦੇ ਸਨ ਜਿਨ੍ਹਾਂ ਨੇ ਫਿਰੌਤੀ ਦੇ ਲਾਲਚਵੱਸ 21 ਦਸੰਬਰ, 2010 ਨੂੰ ਆਪਣੇ ਨੌਕਰ ਦੀ ਮਦਦ ਨਾਲ ਖੁਸ਼ੀ ਨੂੰ ਉਸ ਦੇ ਘਰ ਨੇੜਿਉਂ ਅਗ਼ਵਾ ਕਰ ਲਿਆ ਸੀ ਤੇ ਬਾਅਦ ਵਿਚ ਖੁਸ਼ੀ ਦੇ ਪਟਕੇ ਨਾਲ ਹੀ ਉਸ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਸੀ। ਹਾਲਾਂਕਿ ਖੁਸ਼ੀ ਦੇ



ਮਾਪਿਆਂ ਨੇ ਅਦਾਲਤ ਦੀ ਪਿਛਲੀ ਸੁਣਵਾਈ ਦੌਰਾਨ ਤਿੰਨਾਂ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਸੀ ਪਰ ਅਦਾਲਤ ਵੱਲੋਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਅਦਾਲਤ ਨੇ ਗੁਆਂਢੀ ਭਰਾਵਾਂ ਨੂੰ ਕਤਲ, ਫਿਰੌਤੀ ਲਈ ਅਗਵਾ ਕਰਨ, ਸਬੂਤ ਮਿਟਾਉਣ ਤੇ ਅਪਰਾਧਿਕ ਸਾਜ਼ਿਸ਼ ਰਚਣ ਦੀਆਂ ਧਾਰਾਵਾਂ ਤਹਿਤ ਦੋਸ਼ੀ ਕਰਾਰ ਦੇ ਦਿੱਤਾ ਸੀ ਜਦਕਿ ਉਨ੍ਹਾਂ ਦੇ ਨੌਕਰ 'ਤੇ ਕਤਲ ਦੀ ਧਾਰਾ ਨਹੀਂ ਲਾਈ ਪਰ ਉਸ ਨੂੰ ਫਿਰੌਤੀ ਲਈ ਖੁਸ਼ੀ ਨੂੰ ਅਗਵਾ ਕਰਨ ਤੇ ਸਬੂਤ ਮਿਟਾਉਣ ਦੀਆਂ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਸੀ। ਅਦਾਲਤ ਵਿਚ ਮਾਮਲੇ ਦੀ ਸੁਣਵਾਈ ਦੌਰਾਨ ਖੁਸ਼ੀ ਦੇ ਮਾਪਿਆਂ ਸਮੇਤ ਉਨ੍ਹਾਂ ਦੇ ਰਿਸ਼ਤੇਦਾਰ ਤੇ ਆਮ ਲੋਕ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ। ਅਦਾਲਤੀ ਪ੍ਰਕ੍ਰਿਆ ਦੌਰਾਨ ਜਦੋਂ ਤਿੰਨਾਂ ਦੋਸ਼ੀਆਂ ਨੂੰ ਬਖ਼ਸ਼ੀਖ਼ਾਨੇ ਵਿਚ ਲਿਜਾਇਆ ਜਾ ਰਿਹਾ ਸੀ ਤਾਂ ਖੁਸ਼ੀ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਉਨ੍ਹਾਂ ਦੀ ਕੁੱਟਮਾਰ ਕੀਤੀ। ਪੁਲਿਸ ਨੇ ਬੜੀ ਜਦੋ-ਜਹਿਦ ਨਾਲ ਦੋਸ਼ੀਆਂ ਨੂੰ ਪਰਿਵਾਰ ਵਾਲਿਆਂ ਤੋਂ ਛੁਡਾਇਆ ਤੇ ਬਾਅਦ ਵਿਚ ਮੁੜ ਅਦਾਲਤ ਵਿਚ ਪੇਸ਼ ਕੀਤਾ ਜਿਥੇ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦਾ ਫੈਸਲਾ ਸੁਣਾਇਆ।


## ਭਾਰਤੀ ਬਣਿਆ 'ਸੋਲਰ ਚੈਂਪੀਅਨ ਆਫ ਚੇਂਜ'

**ਵਾਸ਼ਿੰਗਟਨ:** ਇਕ ਭਾਰਤੀ-ਅਮਰੀਕੀ ਪ੍ਰੋਫੈਸਰ ਨੂੰ ਵਾਈਟ ਹਾਊਸ ਵੱਲੋਂ 'ਸੋਲਰ ਚੈਂਪੀਅਨ ਆਫ ਚੇਂਜ' ਦਾ ਨਾਂ ਦਿੱਤਾ ਗਿਆ ਹੈ। ਕਲੇਮਸਨ ਯੂਨੀਵਰਸਿਟੀ ਵਿਚ ਬਿਜਲੀ ਤੇ ਕਪਿਊਟਰ ਇੰਜੀਨੀਅਰਿੰਗ ਦੇ ਪ੍ਰੋਫੈਸਰ ਰਾਜਿੰਦਰ ਸਿੰਘ ਉਨ੍ਹਾਂ 10 ਵਿਅਕਤੀਆਂ ਵਿਚ ਸ਼ਾਮਲ ਹੈ ਜਿਨ੍ਹਾਂ ਨੂੰ ਸੋਲਰ ਚੈਂਪੀਅਨ ਆਫ ਚੇਂਜ਼ ਐਲਾਨਿਆ ਗਿਆ ਹੈ।

ਰਾਜਿੰਦਰ ਸਿੰਘ ਨੇ ਆਗਰਾ ਯੂਨੀਵਰਸਿਟੀ ਤੋਂ ਬੈਚਲਰ ਤੇ ਮੇਰਠ ਯਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਹਾਸਿਲ ਕੀਤੀ। ਸਾਲ 1979 ਵਿਚ ਮੈਕਮਾਸਟਰ ਯੂਨੀਵਰਸਿਟੀ ਹੈਮਿਲਟਨ, ਕੈਨੇਡਾ ਤੋਂ ਪੀ.ਐਚ.ਡੀ. ਕੀਤੀ। ਸਾਲ 1980 ਤੱਕ ਵਾਟਰਲੂ, ਕੈਨੇਡਾ ਤੇ ਕੋਲੋਰਾਡੋ ਸਟੇਟ ਯੂਨੀਵਰਸਿਟੀ, ਫੋਰਟ ਕੋਲਿਨਸ ਵਿਚ ਵਿਜ਼ਟਿੰਗ ਪ੍ਰੋਫੈਸਰ ਵਜੋਂ ਸੇਵਾ ਨਿਭਾਈ।

# ਦਫਤਰੀ ਯਾਦਾਂ ਨਸ਼ਰ ਕਰਨ ਦੀ ਰੁੱਤ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਅੱਜ ਕਲ੍ਹ ਸਾਬਕਾ ਕੋਲਾ ਸਕੱਤਰ ਪੀ ਸੀ ਪਾਰੇਖ ਦੀ ਪੁਸਤਕ 'ਜਹਾਦੀ ਜਾਂ ਸਾਜ਼ਿਸ਼ਕਾਰੀ' (ਕੁਰੁਕਸ਼ੇਤਰ ਔਰ ਕਨਸਪੀਰੇਟਰ) ਅਤੇ ਪ੍ਰਧਾਨ ਮੰਤਰੀ ਦੇ ਰਹਿ ਚੁੱਕੇ ਮੀਡੀਆ ਸਲਾਹਕਾਰ ਸੰਜੇਯ ਬਾਰੂ ਦੀ ਪੁਸਤਕ 'ਸਬੱਬੀ ਪ੍ਰਧਾਨ ਮੰਤਰੀ' (ਐਕਸੀਡੈਂਟਲ ਪ੍ਰਾਈਮ ਮਨਿਸਟਰ) ਚਰਚਾ ਵਿਚ ਹਨ। ਦੋਵੇਂ ਪੁਸਤਕਾਂ ਭਾਰਤ ਸਰਕਾਰ ਦੇ ਸਾਬਕਾ ਕਰਮਚਾਰੀਆਂ ਦੇ ਆਪਣੇ ਸੇਵਾ ਕਾਲ ਵਿਚੋਂ ਚੁਣੇ ਸੀਮਤ ਕਾਲ ਨਾਲ ਸਬੰਧਤ ਹਨ। ਦੋਨਾਂ ਪੁਸਤਕਾਂ ਦੇ ਚੋਣਾਂ ਸਮੇਂ ਰਿਲੀਜ਼ ਕਰਨ ਬਾਰੇ ਅਖਬਾਰਾਂ ਨੇ ਸੰਪਾਦਕੀ ਟਿਪਣੀ ਕੀਤੀ ਹੈ। ਸੰਜੇਯ ਬਾਰੂ ਦੇ ਲਿਖਣ ਅਨੁਸਾਰ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗ੍ਰਾਮੀਣ ਮੰਤਰਾਲੇ ਦੀ ਹਰਮਨ ਪਿਆਰੀ ਸਕੀਮ 'ਮਨਰੇਗਾ' ਤਾਂ ਕੀ ਆਪਣਾ ਮੰਤਰੀ ਮੰਡਲ ਬਣਾਉਣ ਦੀ ਪ੍ਰਕ੍ਰਿਆ ਵਿਚ ਵੀ ਰਾਹੁਲ ਗਾਂਧੀ ਦਾ ਠੱਪਾ ਲਗਾਉਣ ਵਾਲੀ ਸਥਿਤੀ ਪੈਦਾ ਕਰਦੀ ਰਹੀ ਹੈ। ਬਾਰੂ ਦੇ ਲਿਖਣ ਅਨੁਸਾਰ ਏਦਾਂ ਦੀਆਂ ਕਈ ਸਕੀਮਾਂ ਬਾਰੇ ਉਹ ਪ੍ਰਧਾਨ ਮੰਤਰੀ ਨੂੰ ਸਲਾਹ ਦਿੰਦਾ ਰਿਹਾ ਹੈ ਕਿ ਇਹ ਸਕੀਮਾਂ ਪ੍ਰਧਾਨ ਮੰਤਰੀ ਦੇ ਨਾਂ ਲਗਣੀਆਂ ਚਾਹੀਦੀਆਂ ਹਨ। ਉਸ ਨੂੰ ਹਰ ਵਾਰ ਇਹੀਓ ਉਤਰ ਮਿਲਦਾ ਰਿਹਾ ਹੈ ਕਿ ਇਸ ਨਾਲ ਕੀ ਫਰਕ ਪੈਂਦਾ ਹੈ?

ਸਪਸ਼ਟ ਹੈ ਕਿ ਬਾਰੂ ਸਲਾਹਕਾਰ ਦੀ ਥਾਂ ਝੋਲੀ ਚੁੱਕ ਰੋਲ ਨਿਭਾ ਰਿਹਾ ਸੀ। ਇਹੋ ਜਿਹੀ ਸਲਾਹਕਾਰੀ ਨੂੰ ਚੰਗਾ ਅਫਸਰ ਕਿਵੇਂ ਪ੍ਰਵਾਨ ਕਰਦਾ। ਸ਼ੁਕਰ ਹੈ ਕਿ ਪ੍ਰਧਾਨ ਮੰਤਰੀ ਉਸ ਨੂੰ ਆਪਣੇ ਮੀਡੀਆ ਸਲਾਹਕਾਰ ਵਜੋਂ ਬਰਦਾਸ਼ਤ ਕਰਦਾ ਰਿਹਾ। ਸੇਵਾ ਮੁਕਤੀ ਤੋਂ ਪਿੱਛੋਂ ਬਾਰੂ ਦੀ ਟਿਪਣੀ ਬਾਰੂ ਨੂੰ ਸੋਭਾ ਨਹੀਂ ਦਿੰਦੀ। ਪਰ ਇਹ ਵੀ ਸੱਚ ਹੈ ਕਿ ਉਹਦੇ ਕੋਲੋਂ ਚੰਗੀ ਕੋਈ ਆਸ ਵੀ ਨਹੀਂ ਸੀ ਰੱਖਣੀ ਚਾਹੀਦੀ, ਖਾਸ ਕਰਕੇ ਉਦੋਂ ਜਦੋਂ ਆਪਣੀ ਦੂਜੀ ਪਾਰੀ ਸਮੇਂ ਪ੍ਰਧਾਨ ਮੰਤਰੀ ਨੇ ਉਸ ਨੂੰ ਆਪਣਾ ਮੀਡੀਆ ਸਲਾਹਕਾਰ ਨਿਯੁਕਤ ਕਰਨਾ ਵੀ ਗਵਾਰਾ ਨਹੀਂ ਸੀ ਸਮਝਿਆ। ਇਸ ਖਾਤਰ ਬਾਰੂ ਨੇ ਅੰਤਾਂ ਦੇ ਹੱਥ-ਪੈਰ ਮਾਰੇ ਸਨ, ਕੌਣ ਨਹੀਂ ਜਾਣਦਾ?

ਪੀ ਸੀ ਪਾਰੇਖ ਨੇ ਵੀ ਕੋਲਾ ਘੁਟਾਲੇ ਵਿਚ ਹਿੰਡਾਲਕੋ ਦਾ ਪੱਖ ਪੂਰਨ ਦੇ ਮਾਮਲੇ ਤੋਂ ਆਪਣਾ ਪੱਲਾ ਝਾੜਨ ਲਈ ਸੀ.ਬੀ.ਆਈ. ਦੇ ਡਾਇਰੈਕਟਰ ਰਣਜੀਤ ਸਿਨਹਾ 'ਤੇ ਦੋਸ਼ ਲਾਉਂਦਿਆਂ ਹੈਰਾਨੀ ਪ੍ਰਗਟ ਕੀਤੀ ਹੈ ਕਿ ਇਸ ਘੁਟਾਲੇ ਵਿਚ ਡਾ. ਮਨਮੋਹਨ ਸਿੰਘ ਨੂੰ ਕਿਉਂ ਨਹੀਂ ਘਸੀਟਿਆ ਗਿਆ? ਪ੍ਰਧਾਨ ਮੰਤਰੀ ਆਪਣੇ ਛੋਟੇ ਮੰਤਰੀਆਂ ਦੀ ਸਲਾਹ ਮੰਨਦਾ ਰਿਹਾ ਹੈ, ਨੂੰ ਵੀ ਦੋਸ਼ ਕਰਾਰ ਦੇਣਾ ਬੜੀ ਹਾਸੋਹੀਣੀ ਗੱਲ ਹੈ। ਦਫਤਰੀ ਕੰਮ ਵਿਚ ਆਪਣੇ ਸਹਾਇਕਾਂ ਦੀ ਗੱਲ ਉਤੇ ਗੌਰ ਨਾ ਕਰਨਾ ਤਾਂ ਦੋਸ਼ ਹੋ ਸਕਦਾ ਹੈ, ਗੌਰ ਕਰਨਾ ਨਹੀਂ। ਇਨ੍ਹਾਂ ਦੋਨਾਂ ਪੁਸਤਕਾਂ ਦੇ ਲੋਕ ਸਭਾ ਚੋਣਾਂ ਦੀ ਗਹਿਮਾ-ਗਹਿਮੀ ਸਮੇਂ ਰਿਲੀਜ਼ ਕੀਤੇ ਜਾਣ ਤੋਂ ਜਾਪਦਾ ਹੈ ਕਿ ਇਨ੍ਹਾਂ ਦੇ ਪਿੱਛੇ ਵਿਰੋਧੀ ਪਾਰਟੀ ਦਾ ਹੱਥ ਹੈ। ਮੂਲ ਮੰਤਵ ਕਾਂਗਰਸ ਪਾਰਟੀ ਤੇ ਇਸ ਦੇ ਕਰਤੇ-ਧਰਤਿਆਂ ਨੂੰ ਬਦਨਾਮ ਕਰਨ ਤੋਂ ਬਿਨਾਂ ਹੋਰ ਕੋਈ ਨਹੀਂ। ਸੰਜਮ ਬਾਰੂ ਦੇ ਨਰਿੰਦਰ ਮੋਦੀ ਨਾਲ ਸਬੰਧਾਂ ਦੇ ਕਿੱਸੇ ਵੀ ਇਹੀਓ ਸਿੱਧ ਕਰਦੇ ਹਨ। ਇਨ੍ਹਾਂ ਪੁਸਤਕਾਂ ਦਾ ਲਿਖਣ, ਛਪਣ ਤੇ ਰਿਲੀਜ਼ ਕਰਨ ਦੇ ਸਮੇਂ ਦਾ ਸਬੰਧ ਕੇਵਲ ਪੁਸਤਕਾਂ ਦੀ ਵਿਕਰੀ ਵਧਾਉਣ ਨਾਲ ਹੀ ਨਹੀਂ, ਕਿਸੇ ਪਾਰਟੀ ਨੂੰ ਬਦਨਾਮ ਕਰਨ ਨਾਲ ਵੀ ਹੈ।

**ਦੋਵਾਂ ਪੰਜਾਬਾਂ ਬਾਰੇ ਦੋ ਨਵੀਆਂ ਪੁਸਤਕਾਂ:** ਚੋਣਾਂ ਦੇ ਦਿਨਾਂ ਵਿਚ ਉਮੀਦਵਾਰਾਂ ਦੀ ਬੇਤੁਕੀ ਬਿਆਨਬਾਜ਼ੀ ਵਿਚੋਂ ਬਾਹਰ ਨਿਕਲਣ ਲਈ ਮੈਂ ਆਪਣੇ ਘਰ ਪਹੁੰਚੀਆਂ ਆਪਣੇ ਪੰਜਾਬ ਦਾ ਸੱਚ ਨਿਤਾਰਨ ਵਾਲੀਆਂ ਦੋ ਪੁਸਤਕਾਂ ਪੜ੍ਹਨ ਵਿਚ ਰੁੱਝਾ ਰਿਹਾ ਹਾਂ। ਪਹਿਲੀ ਨੰਦਪੁਰ-ਕਲੌੜ ਦੇ ਜੰਮੇ ਜਾਏ ਮੇਰੇ ਮਿੱਤਰ ਬੀ ਐਸ ਥੋਰ ਦੀ 'ਦੇਸ਼ ਦਾ ਅਰਥਚਾਰਾ ਤੇ ਪੰਜਾਬ' ਹੈ ਅਤੇ ਦੂਜੀ ਮਿਹਰ ਸਿੰਘ ਰੰਧਾਵਾ ਦੀ ਸੰਤਾਲੀ ਦੇ ਘੱਲੂਘਾਰੇ ਤੋਂ ਪਹਿਲਾਂ ਪੰਜਾਬ ਦੀਆਂ ਬਾਰਾਂ ਦੀ ਯਾਦ ਵਿਚ ਲਿਖੀ 'ਪੁਨਰਵਾਸ ਦੇ ਅਲ੍ਹੇ ਜ਼ਖਮ।' ਦੋਵਾਂ ਦਾ ਧੁਰਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਉਸਤਤ ਕਰਨਾ ਹੈ। ਰੰਧਾਵਾ ਨੇ ਪੰਜਾਬ ਦੀ ਪੁਰਾਣੀ ਤੇ ਨਵੀਂ ਭੂਗੋਲਿਕ ਨਿਸ਼ਾਨਦੇਹੀ ਕਰਦੀ ਹੋਈ ਓਧਰਲੇ ਪੰਜਾਬ ਦੀ ਬੰਜਰ ਤੇ ਅੱਪੜ ਜ਼ਮੀਨ ਨੂੰ ਵਾਹੀਯੋਗ ਬਣਾਉਣ ਲਈ ਬਰਤਾਨਵੀ ਸਰਕਾਰ ਦੀਆਂ ਵਸਾਈਆਂ 10 ਖੇਤੀਬਾੜੀ ਕਾਲੋਨੀਆਂ ਦੀ ਬਾਤ ਪਾਈ ਹੈ। ਇਸ ਧਰਤੀ ਨੂੰ ਆਬਾਦ ਕਰਨ ਉਤੇ 1886 ਤੋਂ 1940 ਤੱਕ ਪੂਰੇ 54 ਸਾਲ ਲੱਗੇ ਪਰ ਇਸ ਦੀ ਏਕੜ ਭਰ ਥਾਂ ਵੀ ਸੰਤਾਲੀ




ਦੀ ਦੇਸ਼ ਵੰਡ ਸਮੇਂ ਸਾਡੇ ਹਿੱਸੇ ਨਹੀਂ ਆਈ। ਏਧਰਲੇ ਪੰਜਾਬ ਵਿਚ ਰੋਪੜ ਤੋਂ ਸਤਲੁਜ ਨਦੀ ਵਿਚੋਂ ਕੱਢੀ ਸਰਹਿੰਦ ਨਹਿਰ ਦੀ ਸਫਲਤਾ ਨੂੰ ਵੇਖ ਕੇ ਗੋਰੀ ਸਰਕਾਰ ਨੇ ਝਨਾਂ ਤੇ ਜਿਹਲਮ ਵਿਚੋਂ ਨਵੀਆਂ ਨਹਿਰਾਂ ਕਢ ਕੇ ਤੇ ਪੁਰਾਣੀਆਂ ਦੀ ਮੁਰੰਮਤ ਕਰਕੇ ਹੋਰਨਾਂ ਫਸਲਾਂ ਤੋਂ ਬਿਨਾਂ ਕਪਾਹ ਦੀ ਏਨੀ ਉਪਜ ਲਈ ਕਿ ਇਸ ਦਾ ਰੂੰ ਇੰਗਲੈਂਡ ਦੇ ਕਾਰਖਾਨਿਆਂ ਵਿਚ ਪੁੱਜਦਾ ਤੇ ਕਪੜਾ ਬਣ ਕੇ ਮੁੜ ਭਾਰਤ ਆ ਕੇ ਵਿਕਦਾ।

ਮੇਹਰ ਸਿੰਘ ਰੰਧਾਵਾ ਨੇ ਬਾਰਾਂ ਆਬਾਦ ਕਰਨ ਵਿਚ ਪੰਜਾਬੀਆਂ ਵਲੋਂ ਵਹਾਏ ਲਹੂ-ਪਸੀਨੇ ਦਾ ਵੀ ਜ਼ਿਕਰ ਕੀਤਾ ਹੈ। ਪੂਰੀ ਇੱਕ ਪੀੜ੍ਹੀ ਨੇ ਆਪਣੇ ਆਪ ਨੂੰ ਲਾਂਬੂ ਦੇ ਮੂੰਹ ਝੋਕ ਕੇ ਕੰਮ ਕੀਤਾ। ਜਦੋਂ ਨਹਿਰਾਂ ਦੇ ਪਾਣੀ ਤੇ ਸਲ੍ਹਾਬੇ ਦਾ ਜੰਗਲ ਦੇ ਜੀਵ ਜੰਤੂਆਂ ਨਾਲ ਟਾਕਰਾ ਹੋਇਆ ਤਾਂ ਸੱਪ ਸਲੂਟੀ ਤਾਂ ਕੀ ਜ਼ਹਿਰੀਲਾ ਮੱਛਰ ਹੀ ਨਵੀਂ ਵਸੋਂ ਦਾ ਖਾਊ ਬਣ ਗਿਆ। ਨਾ ਮੁਰਾਦ ਮਲੇਰੀਏ ਦੀ ਭੇਂਟ ਚੜ੍ਹਨ ਵਾਲੀਆਂ ਜਾਨਾਂ ਦਾ ਦੁੱਖ ਸੰਤਾਲੀ ਦੇ ਘਲੂਘਾਰੇ ਨੂੰ ਮਾਤ ਪਾਉਣ ਵਾਲਾ ਸੀ। ਇਥੇ ਦੁਸ਼ਮਣ ਨਜ਼ਰ ਵੀ ਨਹੀਂ ਸੀ ਆਉਂਦਾ। ਚਾਰੇ ਪਾਸੇ ਮੱਛਰ, ਡੂਮਣੇ ਤੇ ਕਾਲੇ ਬਿੱਛੂਆਂ ਦੀ ਸਰਦਾਰੀ ਸੀ। ਉਸ ਪੀੜ੍ਹੀ ਨੇ ਜੰਗਲੀ ਕੰਡਿਆਂ ਤੇ ਝਾੜੀਆਂ ਵਿਚੋਂ ਖੁਸ਼ਬੂਦਾਰ ਫੁੱਲ ਉਗਾਏ। ਪੁਸਤਕ ਵਿਚ ਸਰਗੋਧੇ ਦੀਆਂ ਇੱਲ੍ਹਾਂ, ਨੀਲੀ ਰਾਵੀ ਦੀਆਂ ਮੱਝਾਂ ਤੇ ਸਾਹੀਵਾਲ ਨਸਲ ਦੀਆਂ ਗਾਈਆਂ ਤੋਂ ਬਿਨਾਂ ਜਾਂਗਲੀਆਂ ਦੀ ਬੋਲੀ, ਰਹੁ-ਰੀਤਾਂ, ਪਹਿਰਾਵੇ ਤੇ ਆਪਸੀ ਸਾਂਝਾਂ ਦਾ ਵੀ ਵਧੀਆ ਵਰਣਨ ਹੈ। ਸੰਮੀ, ਝੁਮਰ, ਜੁਗਨੀ ਆਦਿ ਨਾਚਾਂ ਤੇ ਗੀਤਾਂ ਦਾ ਵੀ। ਲੇਖਕ ਨੇ ਸਾਂਦਲ ਬਾਰ, ਕੜਾਣਾ ਬਾਰ, ਨੀਲੀ ਬਾਰ, ਗੰਜੀ ਬਾਰ ਆਦਿ ਸ਼ਬਦ ਸਾਡੇ ਚੇਤਿਆਂ ਵਿਚ ਹਰੇ ਕਰ ਦਿੱਤੇ ਹਨ।

ਇਸ ਤੋਂ ਪਹਿਲਾਂ ਕਿ ਆਪਾਂ ਬੀ ਐਸ ਥੋਰ ਵੱਲੋਂ ਪੇਸ਼ ਕੀਤੇ ਏਧਰਲੇ ਪੰਜਾਬ ਉਤੇ ਝਾਤੀ ਮਾਰੀਏ ਦੋਵਾਂ ਲੇਖਕਾਂ ਵਲੋਂ ਬਿਆਨੇ ਉਸ ਦ੍ਰਿਸ਼ ਉਤੇ ਝਾਤ ਪਾ ਲਈ ਜਾਵੇ ਜਿਸ ਕਰਕੇ ਰਿਸ਼ਤਿਆਂ ਦੇ ਧਾਗੇ ਤੋੜ, ਸਧਰਾਂ ਤੇ ਸੁਪਨੇ ਮਸਿਆ ਦੀ ਕਾਲਖ ਵਿਚ ਰੋਲ, ਕਪਾਹਾਂ ਭਰੇ ਦਲਾਨ, ਅੰਨ ਦੀਆਂ ਭਰੀਆਂ ਭੜੋਲੀਆਂ, ਦੁੱਧ ਦਿੰਦੀਆਂ ਲਵੇਰੀਆਂ, ਢੁੱਠਾਂ ਵਾਲੇ ਢੱਠਿਆਂ ਦੀਆਂ ਜੋੜੀਆਂ ਕਿੱਲੇ ਬੱਧੀਆਂ ਛੱਡ ਏਧਰ ਨੂੰ ਤੁਰ ਆਏ ਸਨ। ਪੱਛਮ ਦੀ ਅਮੀਰ ਫਾੜੀ ਛਡ ਕੇ ਤੇ ਅਰਬਾਂ ਰੁਪਏ ਦਾ ਮਾਲੀ, 10 ਲੱਖ ਦਾ ਜਾਨੀ ਘਾਣ ਕਰਵਾ ਕੇ ਸ਼ਰਨਾਰਥੀ ਹੋਏ ਪੰਜਾਬੀਆਂ ਨੂੰ ਏਧਰ ਆ ਕੇ ਨਵਾਂ ਜੀਵਨ ਸ਼ੁਰੂ ਕਰਨਾ ਪਿਆ।

ਪੰਜਾਬ ਦੇ ਚੰਗੇ ਭਾਗਾਂ ਨੂੰ ਪਰਤਾਪ ਸਿੰਘ ਕੈਰੋਂ ਤੇ ਮਹਿੰਦਰ ਸਿੰਘ ਰੰਧਾਵਾ ਦੇ ਉਦਮ ਨਾਲ ਮੁੜ ਵਸੇਬੇ ਦਾ ਪਹਾੜ ਜਿੱਡਾ ਕੰਮ ਹੀ ਨਹੀਂ ਨੇਪਰੇ ਚੜ੍ਹਿਆ, ਨਵੀਆਂ ਸੜਕਾਂ, ਬਿਜਲੀ, ਖੇਤੀ-ਬਾੜੀ ਯੂਨੀਵਰਸਿਟੀ ਭਾਖੜਾ ਡੈਮ ਤੇ ਚੰਡੀਗੜ੍ਹ ਦੀ ਉਸਾਰੀ ਉਨ੍ਹਾਂ ਦੀ ਦੇਣ ਹਨ। ਇਹ ਗੱਲ ਵੱਖਰੀ ਹੈ ਕਿ ਨਵਾਂ ਸੂਬਾ ਬਣਾਉਣ ਦੀ ਲਾਲਸਾ ਨੇ ਇਸ ਵਿਚੋਂ ਹਰਿਆਣਾ ਹੀ ਨਹੀਂ ਸ਼ਿਮਲਾ, ਕਾਂਗੜਾ ਤੇ ਕੁੱਲੂ ਵੀ ਗੰਵਾ ਲਏ। ਤੇ ਆਪਣੇ ਲਈ ਰਾਜਧਾਨੀ ਵਜੋਂ ਉਸਾਰੇ ਚੰਡੀਗੜ੍ਹ ਵਿਚ ਵੀ ਕਿਰਾਏਦਾਰ ਬਣ ਕੇ ਰਹਿਣਾ ਪੈ ਰਿਹਾ ਹੈ। ਥੋਰ ਨੇ ਪੰਜਾਬੀਆਂ ਨੂੰ ਹਰੀ ਕ੍ਰਾਂਤੀ ਦਾ ਸ਼ਾਹਸਵਾਰ ਗਰਦਾਨਦਿਆਂ ਉਨ੍ਹਾਂ ਲਈ ਪਾਣੀ ਵਾਲੇ ਡੂੰਘੇ ਤੋਂ ਡੂੰਘੇ ਬੋਰ, ਖਾਦਾਂ, ਬੀਜਾਂ ਤੇ ਕੀੜੇ ਮਾਰ ਦਵਾਈਆਂ ਦੀਆਂ ਵਧਦੀਆਂ ਕੀਮਤਾਂ, ਕਰਜ਼ਿਆਂ ਤੇ ਮਸ਼ੀਨੀਕਰਨ ਦੇ ਭਾਰ ਦਾ ਵੀ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਪੰਜਾਬ ਦੇ ਕਿਸਾਨ ਨੇ ਦੇਸ਼ ਦਾ ਅੰਨ ਸੰਕਟ ਤਾਂ ਦੂਰ ਕਰ ਦਿੱਤਾ ਪਰ ਆਪ ਇਸ ਦੇ ਥੱਲੇ ਦਬਿਆ ਗਿਆ। ਥੋਰ ਅਨੁਸਾਰ ਮਸ਼ੀਨੀਕਰਨ ਸਦਕਾ ਵਿਹਲੀ ਹੋਈ ਜਵਾਨੀ ਲਈ ਰੁਜ਼ਗਾਰ ਜਾਂ ਨਵਾਂ ਰੁਝੇਵਾਂ ਲੱਭਣ ਦਾ ਯਤਨ ਕੇਂਦਰ ਦੀ ਸਰਕਾਰ ਨੇ ਨਹੀਂ ਕੀਤਾ। ਅੱਜ ਛੋਟਾ ਕਿਸਾਨ ਜ਼ਮੀਨਾਂ ਵੇਚ ਕੇ ਸ਼ਹਿਰ 'ਚ ਮਜ਼ਦੂਰੀ ਕਰਨ ਲਈ ਮਜਬੂਰ ਹੈ।

ਦੋਵੇਂ ਪੁਸਤਕਾਂ ਪੰਜਾਬੀਆਂ ਦੇ ਉਦਮ ਤੇ ਕਠਿਨਾਈਆਂ ਨੂੰ ਪਹਿਚਾਣ ਕੇ ਕੇਂਦਰ ਦੀ ਸਰਕਾਰ ਕੋਲੋਂ ਚੰਗੇਰੇ ਉਪਾਵਾਂ ਦੀ ਮੰਗ ਕਰਦੀਆਂ ਹਨ। ਦੋਵੇਂ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੀ ਦੇਣ ਹਨ।

**ਅੰਤਿਕਾ:** (ਡਾ. ਸਾਧੂ ਸਿੰਘ ਹਮਦਰਦ)

ਦਿਨ ਨੂੰ ਗੈਰਾਂ ਨਾਲ ਰਹਾਂ
ਖਾਬਾਂ ਦੇ ਵਿਚ ਤੇਰੇ ਨਾਲ।
ਦਿਨ ਰਾਤੀਂ ਮੈਂ ਰਹਿੰਦਾ ਹਾਂ
ਸੱਪਾਂ ਨਾਲ ਸਪੇਰੇ ਨਾਲ।

# ਸਿੱਖ ਪ੍ਰੋਫੈਸਰ 'ਤੇ ਹਮਲਾ ਕਰਨ ਵਾਲੇ ਖਿਲਾਫ ਕੇਸ ਦਰਜ

**ਨਿਊ ਯਾਰਕ:** ਅਮਰੀਕਾ ਵਿਚ ਸਿੱਖ ਪ੍ਰੋਫੈਸਰ ਦੀ ਦਾਹੜੀ ਪੁੱਟਣ ਤੇ ਉਸ ਨਾਲ ਕੁੱਟਮਾਰ ਦੇ ਦੋਸ਼ਾਂ ਹੇਠ 20 ਸਾਲ ਦੇ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਨਸਲੀ ਅਪਰਾਧ ਦਾ ਮਾਮਲਾ ਦਰਜ ਕੀਤਾ ਗਿਆ ਹੈ। ਕੋਲੰਬੀਆ ਯੂਨੀਵਰਸਿਟੀ ਦੇ ਕੌਮਾਂਤਰੀ ਤੇ ਜਨਤਕ ਮਾਮਲਿਆਂ ਦੇ ਸਕੂਲ ਦੇ ਪ੍ਰੋਫੈਸਰ ਪ੍ਰਭਜੋਤ ਸਿੰਘ 'ਤੇ ਹਮਲੇ ਸਬੰਧੀ ਕ੍ਰਿਸਟੀਅਲ ਮੋਰੇਲਸ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ



ਪੇਸ਼ ਕੀਤਾ ਗਿਆ।

ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਨਿਊਯਾਰਕ ਪੁਲਿਸ ਵਿਭਾਗ ਮੁਤਾਬਕ ਅਜੇ ਕ੍ਰਿਸਟੀਅਨ ਨੂੰ ਹੀ ਹਿਰਾਸਤ ਵਿਚ ਲਿਆ ਗਿਆ ਹੈ। ਪ੍ਰੋ. ਪ੍ਰਭਜੋਤ ਸਿੰਘ (31) 'ਤੇ ਪਿਛਲੇ ਸਾਲ ਸਤੰਬਰ ਵਿਚ ਉਸ ਸਮੇਂ ਹਮਲਾ ਹੋਇਆ ਜਦੋਂ ਉਹ ਆਪਣੇ ਘਰ ਨੇੜੇ ਸੈਰ ਕਰ ਰਹੇ ਸਨ। ਇਕ ਬੱਚੇ ਦੇ ਪਿਤਾ ਪ੍ਰਭਜੋਤ ਸਿੰਘ ਨੂੰ 20 ਤੋਂ 30 ਨੌਜਵਾਨਾਂ ਨੇ ਘੇਰ ਕੇ ਬੁਰੀ ਤਰ੍ਹਾਂ ਕੁੱਟਿਆ ਸੀ ਜਿਸ ਨਾਲ ਉਨ੍ਹਾਂ ਦਾ ਜਬਾੜਾ ਟੁੱਟ ਗਿਆ ਸੀ ਤੇ ਹੋਰ ਥਾਵਾਂ 'ਤੇ ਸੱਟਾਂ ਲੱਗੀਆਂ ਸਨ।

ਹਸਪਤਾਲ ਵਿਚ ਪ੍ਰਭਜੋਤ ਸਿੰਘ ਨੇ ਪੁਲਿਸ ਨੂੰ ਦੱਸਿਆ ਸੀ ਕਿ ਹਮਲਾਵਰਾਂ ਨੇ ਦਾਹੜੀ ਪੁੱਟਣ ਦੇ ਨਾਲ-ਨਾਲ ਉਨ੍ਹਾਂ ਨੂੰ 'ਓਸਾਮਾ ਤੇ ਦਹਿਸ਼ਤਗਰਦ' ਵੀ ਆਖਿਆ ਸੀ। ਪਿਛਲੇ 10 ਸਾਲਾਂ ਤੋਂ ਸ਼ਹਿਰ ਵਿਚ ਰਹਿ ਰਹੇ ਪ੍ਰਭਜੋਤ ਸਿੰਘ ਨੇ ਹਲੀਮੀ ਦਿਖਾਉਂਦਿਆਂ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਹਮਲਾਵਰ ਗੁਰਦੁਆਰੇ ਆਉਣ ਤੇ ਉਥੇ ਸਿੱਖਾਂ ਨਾਲ ਗੱਲਬਾਤ ਕਰਕੇ ਉਹ ਸਿੱਖ ਧਰਮ ਨੂੰ ਸਮਝਣ ਤੇ ਜਾਣਨ। ਉਨ੍ਹਾਂ ਕਿਹਾ ਸੀ ਕਿ ਉਹ ਆਪਣੇ ਟੀਚੇ ਤੋਂ ਭਟਕਣਗੇ ਨਹੀਂ ਤੇ ਭਾਈਚਾਰੇ ਨਾਲ ਮਿਲ ਕੇ ਉਹ ਲੋਕਾਂ ਨੂੰ ਸਿੱਖਿਅਤ ਕਰਦੇ ਰਹਿਣਗੇ ਤਾਂ ਜੋ ਉਹ ਚੰਗੇ ਮਨੁੱਖ ਬਣ ਸਕਣ।

ਜ਼ਿਕਰਯੋਗ ਹੈ ਕਿ 2012 ਵਿਚ ਪ੍ਰਭਜੋਤ ਸਿੰਘ ਨੇ ਅਗਸਤ ਵਿਚ ਵਿਸਕੋਨਸਿਨ ਗੁਰਦੁਆਰੇ ਵਿਚ ਹੋਏ ਹਮਲੇ ਤੋਂ ਬਾਅਦ 'ਨਿਊਯਾਰਕ ਟਾਈਮਜ਼' ਅਖ਼ਬਾਰ ਵਿਚ ਸਿੱਖਾਂ ਦੀ ਪਛਾਣ ਤੇ ਨਸਲੀ ਹਮਲਿਆਂ ਬਾਰੇ ਲੇਖ ਲਿਖਿਆ ਸੀ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

## ਪਾਕਿਸਤਾਨ ਦੇ ਪੱਤਰਕਾਰ ਹਾਮਿਦ ਮੀਰ 'ਤੇ ਹਮਲਾ

**ਕਰਾਚੀ:** ਕੁਝ ਅਣਪਛਾਤੇ ਬੰਦੂਕਧਾਰੀਆਂ ਨੇ ਪਾਕਿਸਤਾਨ ਦੇ ਸੀਨੀਅਰ ਟੀ.ਵੀ ਪੱਤਰਕਾਰ ਹਾਮਿਦ ਮੀਰ 'ਤੇ ਦਫਤਰ ਜਾਂਦੇ ਅੰਨ੍ਹੇਵਾਹ ਫਾਈਰਿੰਗ ਕਰ ਦਿੱਤੀ। 47 ਸਾਲਾ ਪੱਤਰਕਾਰ ਦੇ ਤਿੰਨ ਗੋਲੀਆਂ ਲੱਗੀਆਂ ਹਨ ਜਿਸ ਕਾਰਨ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੈ। ਸ੍ਰੀ ਮੀਰ ਨੂੰ ਤਾਲਿਬਾਨ ਤੇ ਹੋਰ ਅਤਿਵਾਦੀ ਜਥੇਬੰਦੀਆਂ ਕੋਲੋਂ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ।

ਕਰਾਚੀ ਪੁਲਿਸ ਦੇ ਮੁਖੀ ਸ਼ਾਹਿਦ ਹਯਾਤ ਮੁਤਾਬਕ ਮੀਰ ਨੂੰ ਤਿੰਨ ਗੋਲੀਆਂ ਲੱਗੀਆਂ। ਇਕ ਉਨ੍ਹਾਂ ਦੇ ਪੇਟ ਵਿਚ, ਦੂਜੀ ਵੱਖੀ ਤੇ ਤੀਜੀ ਲੱਤ ਵਿਚ ਲੱਗੀ। ਕਾਰ ਚਾਲਕ ਮੁਤਾਬਕ ਪੁਲ 'ਤੇ ਜਿਵੇਂ ਹੀ ਉਹ ਹੌਲੀ ਹੋਏ ਤਾਂ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਚਲਾ ਦਿੱਤੀਆਂ। ਉਸ ਨੇ ਇਸ ਮਗਰੋਂ ਗੱਡੀ ਤੇਜ਼ ਭਜਾ ਲਈ। ਹਮਲਾਵਰ ਇਕ ਕਾਰ ਤੇ ਮੋਟਰਸਾਈਕਲ ਰਾਹੀਂ ਮੀਰ ਦਾ ਪਿੱਛਾ ਕਰ ਰਹੇ ਸਨ। ਹਮਲੇ ਮਗਰੋਂ ਡਰਾਈਵਰ ਕਾਰ ਨੂੰ ਸਿੱਧਾ ਹਸਪਤਾਲ ਲੈ ਗਿਆ। ਮੀਰ ਜੋ ਅਤਿਵਾਦੀ ਸਰਗਰਮੀਆਂ ਤੇ ਸੁਰੱਖਿਆ ਮਾਹਰ ਹਨ, ਅੱਜਕੱਲ੍ਹ ਸਿਆਸੀ ਟਾਕ ਸ਼ੋਅ ਕੈਪੀਟਲ ਟਾਕ ਰਹੇ ਹਨ।

# ਗਾਂਧੀਆਂ ਨਾਲ ਰਿਸ਼ਤੇ ਪਿਛੋਂ ਅਰਬਪਤੀ ਬਣਿਆ ਵਾਡਰਾ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਜਵਾਈ ਤੇ ਪ੍ਰਿਅੰਕਾ ਗਾਂਧੀ ਦਾ ਪਤੀ ਰਾਬਰਟ ਵਾਡਰਾ ਵਿਆਹ ਤੋਂ ਪਹਿਲਾਂ ਗਹਿਣਿਆਂ ਦਾ ਛੋਟਾ-ਮੋਟਾ ਕਾਰੋਬਾਰ ਕਰਦਾ ਸੀ ਪਰ ਗਾਂਧੀ ਪਰਿਵਾਰ ਨਾਲ ਰਿਸ਼ਤੇਦਾਰੀ ਤੋਂ ਬਾਅਦ ਅਚਾਨਕ ਅਰਬਪਤੀ ਬਣ ਗਿਆ। ਆਮ ਆਦਮੀ ਪਾਰਟੀ ਦੇ ਨੇਤਾ ਅਰਵਿੰਦ ਕੇਜਰੀਵਾਲ ਵੱਲੋਂ ਕਈ ਖੁਲਾਸੇ ਕਰਨ ਪਿੱਛੋਂ ਹੁਣ ਇਕ ਅਮਰੀਕੀ ਅਖ਼ਬਾਰ 'ਵਾਲ ਸਟਰੀਟ ਜਰਨਲ' ਨੇ ਰਾਬਰਟ ਵਾਡਰਾ ਦੀ ਜਾਇਦਾਦ ਬਾਰੇ ਨਵਾਂ ਖੁਲਾਸਾ ਕੀਤਾ ਹੈ। ਰਿਪੋਰਟ ਮੁਤਾਬਕ 2012 ਵਿਚ ਰਾਬਰਟ ਵਾਡਰਾ ਕੋਲ 252 ਕਰੋੜ ਰੁਪਏ ਦੀ ਜਾਇਦਾਦ ਸੀ। ਉਸੇ ਸਾਲ ਵਾਡਰਾ ਨੇ 72 ਕਰੋੜ ਦੀ ਜ਼ਮੀਨ ਵੇਚੀ ਸੀ। ਭਾਵ 2012 ਵਿਚ ਰਾਬਰਟ ਵਾਡਰਾ ਕੋਲ 324 ਕਰੋੜ ਦੀ ਜ਼ਮੀਨ ਜਾਇਦਾਦ ਸੀ। ਅਖ਼ਬਾਰ ਨੇ ਕੰਪਨੀ ਦੀ ਆਡਿਟ ਰਿਪੋਰਟ, ਜ਼ਮੀਨ ਰਿਕਾਰਡ ਤੇ ਜਾਇਦਾਦ ਜਾਣਕਾਰਾਂ ਦੇ ਹਵਾਲੇ ਨਾਲ ਵਾਡਰਾ ਦੀ ਜਾਇਦਾਦ ਦਾ ਪੂਰਾ ਵੇਰਵਾ ਪੇਸ਼ ਕੀਤਾ ਹੈ। 'ਦੀ ਵਾਲ ਸਟਰੀਟ ਮੁਤਾਬਕ ਵਾਡਰਾ ਨੇ 2009 ਵਿਚ ਜ਼ਮੀਨ ਖਰੀਦਣੀ ਸ਼ੁਰੂ



ਕੀਤੀ ਸੀ ਜਿਸ ਦੀ ਕੀਮਤ ਤਿੰਨ ਸਾਲ ਵਿਚ ਵਧ ਕੇ 300 ਕਰੋੜ ਰੁਪਏ ਤੋਂ ਵੱਧ ਹੋ ਗਈ।

ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ) ਸਰਕਾਰ ਦੇ ਸੱਤਾ ਵਿਚ ਆਉਣ ਸਮੇਂ ਵਾਡਰਾ ਗਹਿਣਿਆਂ ਦਾ ਛੋਟਾਮੋਟਾ ਕਾਰੋਬਾਰ ਕਰਦਾ ਸੀ। 2007 ਵਿਚ ਤਕਰੀਬਨ 90 ਹਜ਼ਾਰ ਰੁਪਏ ਦੀ ਲਾਗਤ ਨਾਲ ਉਨ੍ਹਾਂ ਨੇ 'ਸਕਾਈ ਲਾਈਟ' ਨਾਂ ਦੀ ਕੰਪਨੀ ਬਣਾਈ। 2008 ਵਿਚ ਵਾਡਰਾ ਨੇ ਗੁੜਗਾਉਂ ਵਿਚ ਸਾਢੇ ਤਿੰਨ ਏਕੜ ਜ਼ਮੀਨ 13 ਲੱਖ ਡਾਲਰ (ਤਕਰੀਬਨ ਛੇ ਕਰੋੜ 65 ਲੱਖ ਰੁਪਏ) ਵਿਚ ਖਰੀਦੀ। ਦੋ ਮਹੀਨਿਆਂ ਬਾਅਦ ਹਰਿਆਣਾ ਦੀ ਕਾਂਗਰਸ ਸਰਕਾਰ ਤੋਂ ਖੇਤੀ ਜ਼ਮੀਨ ਨੂੰ ਵਪਾਰਕ ਜ਼ਮੀਨ ਵਿਚ ਬਦਲਣ ਦੀ ਇਜਾਜ਼ਤ ਮੰਗੀ ਜਿਹੜੀ ਸਿਰਫ਼ 18 ਦਿਨਾਂ ਵਿਚ ਹੀ ਦੇ ਦਿੱਤੀ ਗਈ। ਇਸ ਨਾਲ ਜ਼ਮੀਨ ਦੀ ਕੀਮਤ ਕਾਫੀ ਵਧ ਗਈ। ਇਸ ਪਿੱਛੋਂ ਅਗਲੇ ਚਾਰ ਸਾਲ ਡੀ.ਐਲ.ਐਫ ਨੇ ਵਾਡਰਾ ਦੀ ਕੰਪਨੀ ਵਿਚ ਪੈਸੇ ਨਿਵੇਸ਼ ਕੀਤੇ। ਕੰਪਨੀ ਦੀ ਬੈਲੈਂਸ ਸ਼ੀਟ ਵਿਚ ਇਸ ਨੂੰ ਐਡਵਾਂਸ ਕਿਹਾ ਗਿਆ। 2012 ਵਿਚ ਡੀ.ਐਲ.ਐਫ ਨੇ ਗੁੜਗਾਉਂ ਵਿਚ ਜਾਇਦਾਦ ਖਰੀਦੀ। 2008 ਵਿਚ ਜੋ ਜ਼ਮੀਨ ਵਾਡਰਾ ਨੇ ਖਰੀਦੀ ਉਸ ਦੀ ਸੱਤ ਗੁਣਾ ਜ਼ਿਆਦਾ ਕੀਮਤ ਡੀ.ਐਲ.ਐਫ ਨੇ ਵਾਡਰਾ ਨੂੰ ਦਿੱਤੀ। ਅਸਲ ਵਿਚ ਜੋ ਜ਼ਮੀਨ ਵਾਡਰਾ ਨੇ ਖਰੀਦੀ ਸੀ ਉਸ ਦੇ ਪੈਸੇ ਡੀ.ਐਲ.ਐਫ ਨੇ ਹੀ ਅਦਾ ਕੀਤੇ ਸਨ। ਹਰਿਆਣਾ ਦੇ ਆਈ.ਏ.ਐਸ ਅਧਿਕਾਰੀ ਅਸ਼ੋਕ ਖੇਮਕਾ ਨੇ ਇਸ ਨੂੰ ਲੈ ਕੇ ਸਵਾਲ ਉਠਾਇਆ ਸੀ ਕਿ ਵਾਡਰਾ ਨੇ ਆਪਣੇ ਕੋਲੋਂ ਪੈਸੇ ਨਹੀਂ ਦਿੱਤੇ। ਇਸ ਲਈ ਸ੍ਰੀ ਖੇਮਕਾ ਨੇ ਇਹ ਜ਼ਮੀਨ ਸੌਦਾ ਰੱਦ ਕਰ ਦਿੱਤਾ ਸੀ।

## ਨਰੇਂਦਰ ਮੋਦੀ ਦੇ ਵਿਆਹੇ ਹੋਣ ਬਾਰੇ ਰਿਪੋਰਟ ਤਲਬ

**ਅਹਿਮਦਾਬਾਦ:** ਇਥੋਂ ਦੀ ਅਦਾਲਤ ਨੇ ਅਹਿਮਦਾਬਾਦ ਪੁਲਿਸ ਨੂੰ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ 'ਤੇ ਸਹੁੰ ਖਾ ਕੇ ਤੱਥ ਲੁਕਾਉਣ ਦੇ ਦੋਸ਼ ਲਾਉਣ ਵਾਲੀ ਅਪੀਲ 'ਤੇ ਵਿਆਹੇ ਹੋਣ ਦੀ ਸਥਿਤੀ ਬਾਰੇ ਰਿਪੋਰਟ ਦਾਖ਼ਲ ਕਰਨ ਲਈ ਕਿਹਾ ਹੈ। ਵਧੀਕ ਮੁੱਖ ਜੱਜ ਐਮ.ਐਮ ਸ਼ੇਖ ਨੇ 'ਆਪ' ਦੇ ਇਕ ਕਾਰਕੁਨ ਵੱਲੋਂ ਦਾਇਰ ਇਕ ਅਪੀਲ 'ਤੇ ਪੁਲਿਸ ਨੂੰ ਹੁਕਮ ਦਿੰਦਿਆਂ ਕਿਹਾ ਕਿ ਤਿੰਨ ਹਫ਼ਤੇ ਦੇ ਅੰਦਰ ਮਾਮਲੇ ਦੀ ਸਥਿਤੀ ਦੀ ਜਾਂਚ 'ਤੇ ਅਦਾਲਤ ਨੂੰ ਰਿਪੋਰਟ ਸੌਂਪੀ ਜਾਵੇ।ਇਸ ਤੋਂ ਪਹਿਲਾਂ 'ਆਪ' ਦੇ ਕਾਰਕੁਨ ਨਿਸ਼ਾਂਤ ਵਰਮਾ ਨੇ ਰਾਨਿਪ ਥਾਣੇ ਵਿਚ ਸੰਪਰਕ ਕੀਤਾ ਸੀ ਤੇ ਮੋਦੀ ਵਿਰੁੱਧ ਸਾਲ 2012 ਦੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਹਲਫ਼ਨਾਮੇ ਵਿਚ ਵਿਆਹ ਦੀ ਸਥਿਤੀ ਬਾਰੇ ਜਾਣਕਾਰੀ ਲੁਕਾਉਣ ਲਈ ਮੋਦੀ ਵਿਰੁੱਧ ਐਫ.ਆਈ.ਆਰ ਦਰਜ ਕਰਨ ਦੀ ਮੰਗ ਕੀਤੀ ਸੀ। ਵਰਮਾ ਨੇ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਣੀਨਗਰ ਵਿਧਾਨ ਸਭਾ ਸੀਟ ਲਈ ਚੋਣ ਅਧਿਕਾਰੀ ਪੀ.ਕੇ ਜਡੇਜਾ ਨੂੰ ਵੀ ਐਫ.ਆਈ.ਆਰ ਵਿਚ ਨਾਮਜ਼ਦ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਪਹਿਲੀ ਵਾਰ ਵਡੋਦਰਾ ਤੋਂ ਲੋਕ ਸਭਾ ਚੋਣ ਲਈ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੌਰਾਨ ਹਲਫ਼ਨਾਮੇ ਵਿਚ ਮੋਦੀ ਨੇ ਖੁਲਾਸਾ ਕੀਤਾ ਹੈ ਕਿ ਉਹ ਵਿਆਹੇ ਹੋਏ ਹਨ ਤੇ ਉਨ੍ਹਾਂ ਦੀ ਪਤਨੀ ਦਾ ਨਾਂ ਯਸ਼ੋਦਾਬੇਨ ਹੈ। ਇਸ ਤੋਂ ਪਹਿਲਾਂ ਮੋਦੀ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਪਤਨੀ ਦੇ ਨਾਂ ਵਾਲਾ ਕਾਲਮ ਖਾਲੀ ਛੱਡ ਦਿੰਦੇ ਸਨ। ਜ਼ਿਕਰਯੋਗ ਹੈ ਕਿ ਅਹਿਮਦਾਬਾਦ ਪੁਲਿਸ ਨੇ 'ਆਪ' ਕਾਰਕੁਨ ਵੱਲੋਂ ਮੋਦੀ ਵਿਰੁੱਧ ਅਪੀਲ 'ਤੇ ਵਿਚਾਰ ਨਹੀਂ ਕੀਤਾ ਸੀ। ਇਸ ਲਈ ਉਸ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ।



## ਮਹਿੰਗੀਆਂ ਗੱਡੀਆਂ ਨੇ ਪੱਟੇ ਭਾਰਤੀ ਸਿਆਸਤਦਾਨ

**ਨਵੀਂ ਦਿੱਲੀ:** ਭਾਰਤ ਦੇ ਸਿਆਸਤਦਾਨ ਵੀ ਵੱਡੀਆਂ ਗੱਡੀਆਂ ਦੇ ਸ਼ੌਕੀਨ ਹਨ। ਉਨ੍ਹਾਂ ਕੋਲ ਮਰਸਡੀਜ਼, ਬੀ.ਐਮ.ਡਬਲਿਊ, ਜੈਗੁਆਰ, ਔਡੀ ਤੇ ਹੋਰ ਵੱਡੀਆਂ ਗੱਡੀਆਂ ਹਨ। ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਅਰੁਣ ਜੇਤਲੀ ਕੋਲ ਮਰਸਡੀਜ਼, ਬੀ.ਐਮ.ਡਬਲਿਊ, ਹੌਂਡਾ ਐਕਾਰਡ ਤੇ ਪੋਰਸ਼ ਗੱਡੀਆਂ ਹਨ। ਉਨ੍ਹਾਂ ਵੱਲੋਂ ਦਾਖ਼ਲ ਚੋਣ ਹਲਫ਼ਨਾਮੇ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਕੋਲ ਟੋਇਟਾ ਫਾਰਚੂਨਰ ਵੀ ਹੈ।

ਇਕ ਹੋਰ ਭਾਜਪਾ ਆਗੂ ਤੇ ਭੋਜਪੁਰੀ ਫਿਲਮਾਂ ਦੇ ਅਦਾਕਾਰ ਮਨੋਜ ਤਿਵਾੜੀ ਜਿਨ੍ਹਾਂ ਉੱਤਰ ਪੂਰਬ ਦਿੱਲੀ ਤੋਂ ਚੋਣ ਲੜੀ ਹੈ, ਕੋਲ ਔਡੀ ਕਿਊ-7, ਮਰਸਡੀਜ਼ ਬੈਂਜ਼ ਈ 280,




ਫਾਰਚੂਨਰ ਤੇ ਹੌਂਡਾ ਸਿਟੀ ਜੀ.ਐਕਸ.ਐਲ ਹੈ। ਬਾਲੀਵੁੱਡ ਅਦਾਕਾਰਾ ਤੋਂ ਸਿਆਸਤਦਾਨ ਬਣੀ ਹੇਮਾਮਾਲਿਨੀ ਮਰਸਡੀਜ਼ ਤੇ ਟੋਇਟਾ ਇਨੋਵਾ ਦੀ ਮਾਲਕ ਹੈ। ਮਥੁਰਾ ਤੋਂ ਭਾਜਪਾ ਉਮੀਦਵਾਰ ਹੇਮਾ ਮਾਲਿਨੀ ਦੇ ਪਤੀ ਧਰਮਿੰਦਰ ਦੇ ਨਾਂ 'ਤੇ ਰੇਂਜ ਰੋਵਰ, ਮਾਰੂਤੀ 800 ਤੇ ਇਕ ਮੋਟਰਸਾਈਕਲ ਹੈ।

ਹਰਿਆਣਾ ਜਨਹਿਤ ਕਾਂਗਰਸ ਦੇ ਮੁਖੀ ਕੁਲਦੀਪ ਬਿਸ਼ਨੋਈ ਜੈਗੁਆਰ, ਔਡੀ ਤੇ ਰੇਂਜ ਰੋਵਰ ਸਮੇਤ ਪੰਜ ਗੱਡੀਆਂ ਦੇ ਮਾਲਕ ਹਨ। ਸਾਬਕਾ ਕ੍ਰਿਕਟਰ ਤੇ ਕਾਂਗਰਸੀ ਟਿਕਟ ਤੋਂ ਸਵਾਈ ਮਾਧੋਪੁਰ ਤੋਂ ਚੋਣ ਲੜ ਰਹੇ ਮੁਹੰਮਦ ਅਜ਼ਹਰੂਦੀਨ ਕੋਲ ਹੌਂਡਾ ਸੀ.ਆਰ.ਵੀ ਤੇ ਇਕ ਬੀ.ਐਮ.ਡਬਲਿਊ ਹੈ। ਭਾਜਪਾ ਦੇ ਬੇਲਾਰੀ ਤੋਂ ਚੋਣ ਲੜ ਰਹੇ ਬੀ ਸ੍ਰੀਰਾਮੂਲੂ ਉਨ੍ਹਾਂ ਚੋਣਵੇਂ ਭਾਰਤੀ ਸਿਆਸਤਦਾਨਾਂ ਵਿਚ ਸ਼ਾਮਲ ਹਨ ਜਿਨ੍ਹਾਂ ਕੋਲ ਆਲੀਸ਼ਾਨ ਹਮਰ ਹੈ।

ਇਕ ਹੋਰ ਭਾਜਪਾ ਆਗੂ ਮੀਨਾਕਸ਼ੀ ਲੇਖੀ ਨੇ ਹਲਫ਼ਨਾਮੇ ਵਿਚ ਆਪਣੇ ਕੋਲ ਕੋਈ ਵਾਹਨ ਨਾ ਹੋਣ ਦਾ ਦਾਅਵਾ ਕੀਤਾ ਹੈ ਜਦਕਿ ਉਨ੍ਹਾਂ ਦੇ ਵਕੀਲ ਪਤੀ ਅਮਨ ਲੇਖੀ ਕੋਲ ਜੈਗੁਆਰ, ਬੀ.ਐਮ.ਡਬਲਿਊ, ਬੀਟ ਤੇ ਸ਼ੈਵਰਲੇ ਕਾਰਾਂ ਹਨ। ਕੇਂਦਰੀ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਕੋਲ ਪੁਸ਼ਤੈਨੀ ਬੀ.ਐਮ.ਡਬਲਿਊ ਹੈ। ਚੰਡੀਗੜ੍ਹ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਗੁਲ ਪਨਾਗ ਕੋਲ ਟੀ.ਵੀ.ਐਸ ਮੋਪਡ, ਮੋਟਰਸਾਈਕਲ, ਸਕਾਰਪੀਓ, ਔਡੀ ਤੇ ਇਨੋਵਾ ਗੱਡੀਆਂ ਹਨ।

ਗੁਲ ਪਨਾਗ ਦੀ ਵਿਰੋਧੀ ਕਿਰਨ ਖੇਰ (ਭਾਜਪਾ) ਕੋਲ ਮਰਸਡੀਜ਼ ਬੈਂਜ਼ ਹੈ ਤੇ ਉਨ੍ਹਾਂ ਦੇ ਪਤੀ ਅਨੁਪਮ ਖੇਰ ਕੋਲ ਸਕਾਰਪੀਓ ਤੇ ਬੀ.ਐਮ.ਡਬਲਿਊ ਹੈ। ਕਾਂਗਰਸ ਆਗੂ ਪਵਨ ਬਾਂਸਲ ਨੇ ਮਾਰੂਤੀ ਐਸਟੀਮ ਅਤੇ ਹੌਂਡਾ ਸਿਟੀ ਗੱਡੀ ਆਪਣੇ ਹਲਫ਼ਨਾਮੇ ਵਿਚ ਦਰਸਾਈ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਲੜਕੇ ਅਭੀਜੀਤ ਮੁਖਰਜੀ ਜੋ ਜੰਗੀਪੁਰ (ਪੱਛਮੀ ਬੰਗਾਲ) ਤੋਂ ਚੋਣ ਪਿੜ ਵਿਚ ਹਨ, ਨੇ ਆਪਣੇ ਹਲਫ਼ਨਾਮੇ ਵਿਚ ਮਾਰੂਤੀ 800 ਕਾਰ ਦਿਖਾਈ ਹੈ।

'ਆਪ' ਆਗੂ ਸ਼ਾਜ਼ੀਆ ਇਲਮੀ ਨੇ ਆਪਣੇ ਪਤੀ ਕੋਲ ਛੋਟਾ ਸਮੁੰਦਰੀ ਜਹਾਜ਼ ਦਿਖਾਇਆ ਹੈ। ਕਾਂਗਰਸ ਆਗੂ ਕ੍ਰਿਸ਼ਨਾ ਤੀਰਥ ਕੋਲ ਵੈਗਨਆਰ ਕਾਰ ਹੈ। ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਲੜਕੇ ਸੰਦੀਪ ਦੀਕਸ਼ਿਤ ਕੋਲ ਨਿਸਾਨ ਮਾਈਕਰਾ, ਦੋ ਮੋਟਰਸਾਈਕਲਾਂ, ਇਕ ਸਕੂਟੀ, ਇਕ ਬੋਲੈਰੋ ਤੇ ਇਕ ਸਾਈਕਲ ਹੈ। ਉਨ੍ਹਾਂ ਦੀ ਬੇਟੀ ਯਾਮਿਨੀ ਦੇ ਨਾਂਅ 'ਤੇ ਵੀ ਇਕ ਸਾਈਕਲ ਦਰਸਾਈ ਹੈ।

## ਸਬਜ਼ੀਆਂ ਵੇਚਦੀ ਹੈ ਵਿਧਾਇਕ ਦੀ ਪਤਨੀ

**ਹਜ਼ਾਰੀਬਾਗ:** ਪਤੀ ਦੇ ਤਿੰਨ ਵਾਰ ਵਿਧਾਇਕ ਬਣਨ ਦੇ ਬਾਵਜੂਦ ਮੋਲਨੀ ਦੇਵੀ ਨੇ ਸਬਜ਼ੀਆਂ ਵੇਚਣ ਦਾ ਆਪਣਾ ਕਰਮ ਜਾਰੀ ਰੱਖਿਆ ਹੋਇਆ ਹੈ। ਐਤਕੀਂ ਫਿਰ ਉਹ ਲੋਕ ਸਭਾ ਚੋਣਾਂ ਵਿਚ ਆਪਣੇ ਪਤੀ ਲੋਕਨਾਥ ਮਹਾਤੋ ਦੀ ਮਦਦ ਕਰ ਰਹੀ ਹੈ। ਮਹਾਤੋ ਦੀ ਟੱਕਰ ਵਰਤਮਾਨ ਸੰਸਦ ਮੈਂਬਰ ਯਸ਼ਵੰਤ ਸਿਨਹਾ ਦੇ ਵਿਦੇਸ਼ ਪੜ੍ਹੇ ਪੁੱਤਰ ਜੈਅੰਤ ਤੇ ਕਾਂਗਰਸ ਦੇ ਸੌਰਭ ਐਨ ਸਿੰਘ ਨਾਲ ਹੈ। ਕਿਸੇ ਨੇਤਾ ਦੀ ਪਤਨੀ ਲਈ ਸਬਜ਼ੀਆਂ ਵੇਚਣਾ ਹੋਰਾਂ ਨੂੰ ਓਪਰਾ ਲੱਗ ਸਕਦਾ ਹੈ ਪਰ ਮੋਲਨੀ ਦੇਵੀ ਆਖਦੀ ਹੈ ਕਿ ਇਸ ਵਿਚ ਸ਼ਰਮ ਵਾਲੀ ਕਿਹੜੀ ਗੱਲ ਹੈ। ਉਹ ਇਹ ਕਾਰੋਬਾਰ ਲੋੜ ਨਾਲੋਂ ਵੱਧ ਰਵਾਇਤ ਕਰਕੇ ਕਰ ਰਹੀ ਹੈ। ਦਿਲਚਸਪ ਗੱਲ ਹੈ ਕਿ ਮਹਾਤੋ ਜੋੜੀ ਵੱਲੋਂ ਆਪਣੀ ਜਾਇਦਾਦ ਬਾਰੇ ਦਿੱਤੇ ਵੇਰਵੇ ਦੋ ਕਰੋੜ ਤੋਂ ਵੱਧ ਦੇ ਹਨ। ਉਸ ਦਾ ਕਹਿਣਾ ਹੈ ਕਿ ਸਬਜ਼ੀਆਂ ਵੇਚਣ ਵਿਚ ਕਾਹਦੀ ਸ਼ਰਮ। ਇਹ ਸਾਰਾ ਰਵਾਇਤੀ ਧੰਦਾ ਹੈ। ਆਪਣੇ ਸਿਰ 'ਤੇ ਸਬਜ਼ੀਆਂ ਦੀ ਟੋਕਰੀ ਚੁੱਕ ਕੇ ਆਪਣੇ ਪਿੰਡ ਅਸ਼ੋਕ ਤੋਲਾ ਤੋਂ ਹਾਟ (ਪੇਂਡੂ ਮੰਡੀ) ਤੱਕ ਲਿਜਾਣਾ ਚੰਗਾ ਲੱਗਦਾ ਹੈ। ਇਸ ਨਾਲ ਹਰ ਰੋਜ਼ 200-300 ਰੁਪਏ ਦੀ ਆਮਦਨ ਹੁੰਦੀ ਹੈ। ਉਹ ਇਸ ਨੇਕ ਕਮਾਈ ਨਾਲ ਚੋਣਾਂ ਵਿਚ ਆਪਣੀ ਪਤੀ ਦੀ ਮਦਦ ਕਰ ਰਹੀ ਹੈ। ਤਿੰਨ ਵਾਰ 1995-2000 ਤੇ 2005 ਵਿਚ ਭਾਜਪਾ ਵੱਲੋਂ ਬਾਰਕਾਗਾਓਂ ਹਲਕੇ ਤੋਂ ਵਿਧਾਇਕ ਰਹੇ ਮਹਾਤੋ ਨੇ ਉਦੋਂ ਪਾਰਟੀ ਛੱਡ ਕੇ ਆਲ ਝਾਰਖੰਡ ਸਟੂਡੈਂਟਸ ਯੂਨੀਅਨ ਦੀ ਟਿਕਟ ਲੈ ਲਈ ਜਦੋਂ ਭਾਜਪਾ ਨੇ ਜੈਅੰਤ ਨੂੰ ਇਥੋਂ ਉਮੀਦਵਾਰ ਐਲਾਨ ਦਿੱਤਾ। ਉਸ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਜਿਸ ਪਾਰਟੀ ਨੂੰ ਉਸ ਨੇ ਆਪਣਾ ਜੀਵਨ ਹੀ ਸਮਰਪਿਤ ਕਰ ਦਿੱਤਾ ਸੀ, ਉਸ ਨੂੰ ਸਿਨਹਾ ਦੇ ਪੁੱਤਰ ਨਾਲੋਂ ਵਚਨਬੱਧ ਕੋਈ ਹੋਰ ਉਮੀਦਵਾਰ ਹੀ ਨਹੀਂ ਲੱਭਿਆ, ਜਦੋਂਕਿ ਇਥੇ ਭਾਜਪਾ ਦੇ ਹੋਰ ਬਹੁਤ ਸਾਰੇ ਸੀਨੀਅਰ ਆਗੂ ਵੀ ਹਨ। ਮਹਾਤੋ ਜੋੜੇ ਕੋਲ 10 ਏਕੜ ਵਾਹੀਯੋਗ ਜ਼ਮੀਨ ਹੈ।

# 'ਭਾਗ ਮਿਲਖਾ ਭਾਗ' ਫਿਲਮ ਨੂੰ ਕੌਮੀ ਪੁਰਸਕਾਰ

**ਨਵੀਂ ਦਿੱਲੀ:** ਆਨੰਦ ਗਾਂਧੀ ਦੀ ਪਹਿਲੀ ਫਿਲਮ 'ਸ਼ਿਪ ਆਫ ਥੀਸੀਅਸ' ਨੂੰ 61ਵੇਂ ਕੌਮੀ ਫਿਲਮ ਪੁਰਸਕਾਰਾਂ ਵਿਚ ਸਰਬੋਤਮ ਫਿਲਮ ਵਜੋਂ ਚੁਣਿਆ ਗਿਆ ਹੈ ਜਦ ਕਿ ਉੱਘੇ ਦੌੜਾਕ ਮਿਲਖਾ ਸਿੰਘ ਦੀ ਜੀਵਨੀ 'ਤੇ ਬਣੀ 'ਭਾਗ ਮਿਲਖਾ ਭਾਗ' ਨੂੰ ਸਰਬੋਤਮ ਲੋਕਪ੍ਰਿਆ ਫਿਲਮ ਦੇ ਪੁਰਸਕਾਰ ਲਈ ਚੁਣਿਆ ਗਿਆ ਹੈ। 'ਸ਼ਿਪ ਆਫ ਥੀਸੀਅਸ' ਦੀ ਇਸ ਗੱਲੋਂ ਪ੍ਰਸ਼ੰਸਾ ਹੋਈ ਸੀ ਕਿ ਇਸ ਵਿਚ ਪਛਾਣ, ਅਕੀਦੇ ਤੇ ਮੌਤ ਦੇ ਜਟਿਲ ਮੁੱਦਿਆਂ ਨੂੰ ਬਿਹਤਰੀਨ ਢੰਗ ਨਾਲ ਨਿਭਾਇਆ ਗਿਆ।

ਇਹ ਪੁਰਸਕਾਰ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਤਿੰਨ ਮਈ ਨੂੰ ਵੰਡੇ ਜਾਣਗੇ ਜਿਸ ਦਿਨ ਉੱਘੇ ਗੀਤਕਾਰ-ਫਿਲਮਸਾਜ਼ ਗੁਲਜ਼ਾਰ ਨੂੰ ਸਾਲ ਦਾ ਦਾਦਾ ਸਾਹਿਬ ਫਾਲਕੇ ਪੁਰਸਕਾਰ ਵੀ ਦਿੱਤਾ ਜਾਵੇਗਾ। ਕੌਮੀ ਇਕਜੁੱਟਤਾ ਵਾਸਤੇ ਨਰਗਿਸ ਦੱਤ ਪੁਰਸਕਾਰ ਲਈ ਬਾਲੂ ਮਹਿੰਦਰਾ ਦੀ ਤਾਮਿਲ ਫਿਲਮ 'ਤਲਾਈਮੁਰੂਗਲ' ਦੀ ਚੋਣ ਕੀਤੀ ਗਈ ਹੈ।

'ਭਾਗ ਮਿਲਖਾ ਭਾਗ' ਦਾ ਨਿਰਦੇਸ਼ਨ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨੇ ਕੀਤਾ ਸੀ ਤੇ ਫਿਲਮ ਵਿਚ ਫਰਹਾਨ ਅਖ਼ਤਰ ਨੇ ਮੁੱਖ ਕਿਰਦਾਰ ਨਿਭਾਇਆ ਸੀ। ਮਕਤੂਲ ਵਕੀਲ-ਕਾਰਕੁਨ




ਸ਼ਾਹਿਦ ਆਜ਼ਮੀ ਦੀ ਜੀਵਨੀ 'ਤੇ ਆਧਾਰਤ ਹੰਸਲ ਮਹਿਤਾ ਦੀ ਫਿਲਮ 'ਸ਼ਾਹਿਦ' ਦੇ ਮੁੱਖ ਕਿਰਦਾਰ ਨਿਭਾਉਣ ਵਾਲੇ ਰਾਜ ਕੁਮਾਰ ਰਾਓ ਤੇ ਮਲਿਆਲਮ ਫਿਲਮ 'ਪੇਸਰੀਯਥਾਵਰ' ਦੇ ਮੁੱਖ ਕਿਰਦਾਰ ਸੂਰਜ ਵੇਂਜਾਰਾਮੁੱਦੂ ਨੂੰ ਸਾਂਝੇ ਤੌਰ 'ਤੇ ਸਰਬੋਤਮ ਅਦਾਕਾਰ ਦੇ ਖ਼ਿਤਾਬ ਲਈ ਚੁਣਿਆ ਗਿਆ। ਹਿੰਦੀ ਫਿਲਮ 'ਲਾਇਰ'ਜ਼ ਡਾਈਸ' ਦੀ ਗੀਤਾਂਜਲੀ ਥਾਪਾ ਨੂੰ ਸਰਬੋਤਮ ਅਦਾਕਾਰਾ ਦੇ ਖ਼ਿਤਾਬ ਲਈ ਚੁਣਿਆ ਗਿਆ ਹੈ। ਸਰਬੋਤਮ ਹਿੰਦੀ ਫਿਲਮ ਦਾ ਖ਼ਿਤਾਬ ਜਿੱਤਣ ਵਾਲੀ 'ਜੌਲੀ ਐਲ.ਐਲ.ਬੀ' ਦੇ ਸੌਰਭ ਸ਼ੁਕਲਾ ਨੂੰ ਸਰਬੋਤਮ ਸਹਾਇਕ ਅਦਾਕਾਰ ਦਾ ਖ਼ਿਤਾਬ ਦਿੱਤਾ ਗਿਆ। 'ਅਸਤੂ' ਮਰਾਠੀ ਦੀ ਅੰਮ੍ਰਿਤਾ ਸੁਭਾਸ਼ ਤੇ 'ਸ਼ਿਪ ਆਫ ਥੀਸੀਅਸ' ਦੀ ਆਇਦਾ ਅਲ-ਕਾਸ਼ਫ ਨੂੰ ਸਾਂਝੇ ਤੌਰ 'ਤੇ ਸਰਬੋਤਮ ਸਹਾਇਕ ਅਦਾਕਾਰ ਦਾ ਖ਼ਿਤਾਬ ਦਿੱਤਾ ਗਿਆ।

ਸਰਬੋਤਮ ਪਲੇਠੀ ਫਿਲਮ ਲਈ ਇੰਦਰਾ ਗਾਂਧੀ ਪੁਰਸਕਾਰ ਲਈ ਮਰਾਠੀ ਫਿਲਮ 'ਫਾਂਡਰੀ' ਦੇ ਨਿਰਦੇਸ਼ਕ ਨਾਗਰਾਜ ਮੰਜੁਲੇ ਨੂੰ ਚੁਣਿਆ ਗਿਆ ਹੈ। ਮਰਾਠੀ ਫਿਲਮ 'ਤੁਹਿਯਾ ਧਰਮਾ ਸੋਦਾ' ਨੂੰ ਸਮਾਜਕ ਵਿਸ਼ਿਆਂ 'ਤੇ ਬਿਹਤਰੀਨ ਫਿਲਮ, ਹਿੰਦੀ ਫਿਲਮ 'ਕਾਫਲ' ਨੂੰ ਬੱਚਿਆਂ ਲਈ ਸਰਬੋਤਮ ਫਿਲਮ ਦੇ ਖ਼ਿਤਾਬ ਲਈ ਚੁਣਿਆ ਗਿਆ। 'ਭਾਗ ਮਿਲਖਾ ਭਾਗ' ਦੇ ਕੋਰੀਓਗ੍ਰਾਫਰ ਗਣੇਸ਼ ਅਚਾਰੀਆ ਨੂੰ ਸਰਬੋਤਮ ਕੋਰੀਓਗ੍ਰਾਫੀ ਲਈ ਤੇ ਜੌਹਨ ਅਬਰਾਹਮ ਦੀ 'ਮਦਰਾਸ ਕੈਫੇ' ਨੂੰ ਲੋਕੇਸ਼ਨ ਸਾਊਂਡ ਰਿਕਾਰਡਿੰਗ ਤੇ ਸਾਊਂਡ ਡਿਜ਼ਾਈਨ ਅਤੇ ਮਲਿਆਲੀ ਫਿਲਮ 'ਸਵਪਾਨਮ' ਨੂੰ ਰੀ-ਰਿਕਾਰਡਿਸਟ ਦਾ ਖ਼ਿਤਾਬ ਮਿਲਿਆ। ਬਿਹਤਰੀਨ ਸੰਗੀਤ ਦਾ ਖ਼ਿਤਾਬ 'ਜਾਤੀਸ਼ਵਰ' ਨੂੰ ਦਿੱਤਾ ਗਿਆ।

# ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਪੰਜਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਪਰਮਾਤਮਾ ਨੂੰ ਪਾਉਣ ਦੀਆਂ ਪ੍ਰਚਲਿਤ ਪਰਿਪਾਟੀਆਂ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਕੁਝ ਲੋਕ ਉਹ ਹਨ ਜੋ ਜੰਗਲਾਂ ਵਿਚ ਜਾ ਕੇ ਤਪ ਕਰਦੇ ਹਨ ਅਤੇ ਕੰਦ ਮੂਲ ਖਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਕੁਝ ਦੂਸਰੇ ਹਨ ਜਿਹੜੇ ਗੇਰੂਏ ਰੰਗ ਦੇ ਵਸਤਰ ਪਹਿਨ ਕੇ ਘੁੰਮਦੇ ਫਿਰਦੇ ਹਨ ਅਤੇ ਆਪਣੇ ਆਪ ਨੂੰ ਜੋਗੀ ਅਤੇ ਸੰਨਿਆਸੀ ਅਖਵਾਉਂਦੇ ਹਨ। ਇਸ ਵੇਸ ਦੇ ਬਾਵਜੂਦ ਵੀ ਉਨ੍ਹਾਂ ਦੇ ਅੰਦਰੋਂ ਭੋਜਨ ਤੇ ਕਪੜੇ ਦੀ ਲਾਲਸਾ ਨਹੀਂ ਜਾਂਦੀ। ਉਹ ਆਪਣਾ ਮਨੁੱਖਾ ਜਨਮ ਬੇਅਰਥ ਗੁਆ ਲੈਂਦੇ ਹਨ ਕਿਉਂ ਕਿ ਇਸ ਤਰ੍ਹਾਂ ਨਾ ਉਹ ਗ੍ਰਿਹਿਸਥ ਵਿਚ ਸ਼ਾਮਲ ਹੁੰਦੇ ਹਨ ਅਤੇ ਨਾ ਹੀ ਤਿਆਗੀ ਰਹਿੰਦੇ ਹਨ। ਉਨ੍ਹਾਂ ਦੇ ਮਨ ਅੰਦਰੋਂ ਕਿਉਂਕਿ ਮਾਇਆ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ, ਇਸ ਲਈ ਜਮ ਦਾ ਸਹਿਮ ਵੀ ਸਿਰ ਤੋਂ ਨਹੀਂ ਉਤਰਦਾ, ਮੌਤ ਦਾ ਭੈ ਬਣਿਆ ਰਹਿੰਦਾ ਹੈ। ਪਰ ਗੁਰੂ ਦੀ ਸਿੱਖਿਆ 'ਤੇ ਚੱਲਣ ਨਾਲ ਜਦੋਂ ਮਨੁੱਖ ਅਕਾਲ ਪੁਰਖ ਦੇ ਸੇਵਕਾਂ ਦਾ ਸੇਵਕ ਬਣ ਜਾਂਦਾ ਹੈ ਤਾਂ ਜਮ ਦਾ ਭੈਅ ਉਸ ਦੇ ਅੰਦਰੋਂ ਮੁੱਕ ਜਾਂਦਾ ਹੈ। ਗੁਰੂ ਦਾ ਸ਼ਬਦ ਉਸ ਦੇ ਅੰਦਰ ਵੱਸ ਜਾਂਦਾ ਜਿਸ ਰਾਹੀਂ ਉਹ ਆਪਣੇ ਅੰਦਰ ਵੱਸ ਰਹੀ ਰੱਬੀ ਜੋਤਿ ਦਾ ਅਨੁਭਵ ਕਰ ਲੈਂਦਾ ਹੈ ਅਤੇ ਫਿਰ ਅਜਿਹਾ ਗੁਰਮੁਖਿ ਗ੍ਰਿਹਿਸਥ ਵਿਚ ਰਹਿੰਦਿਆਂ ਵੀ ਤਿਆਗੀ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਹੜੇ ਮਨੁੱਖ ਆਪਣੇ ਸਤਿਗੁਰੂ ਦੇ ਹੁਕਮ ਵਿਚ ਚੱਲਦੇ ਹਨ, ਉਹ ਸੰਸਾਰ ਵਿਚ ਰਹਿੰਦਿਆਂ ਵੀ ਇਸ ਦੀਆਂ ਲਾਲਸਾਵਾਂ ਤੋਂ ਉਤੇ ਉਠ ਜਾਂਦੇ ਹਨ। ਇਸ ਦਾ ਅਰਥ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਮਨੁੱਖ ਸੰਸਾਰਕ ਜੀਵਨ ਜਿਉਂਦਿਆਂ ਵੀ ਲਾਲਸਾਵਾਂ ਤੋਂ ਉਤੇ ਉਠ ਜਾਂਦਾ ਹੈ,

ਇਕਿ ਕੰਦ ਮੂਲੁ ਚੁਣਿ ਖਾਹਿ
ਵਣ ਖੰਡਿ ਵਾਸਾ॥
ਇਕਿ ਭਗਵਾ ਵੇਸੁ ਕਰਿ
ਫਿਰਹਿ ਜੋਗੀ ਸੰਨਿਆਸਾ॥...
ਸਚਾ ਸਬਦੁ ਸਚੁ ਮਨਿ
ਘਰ ਹੀ ਮਾਹਿ ਉਦਾਸਾ॥
ਨਾਨਕ ਸਤਿਗੁਰੁ ਸੇਵਨਿ ਆਪਣਾ
ਸੇ ਆਸਾ ਤੇ ਨਿਰਾਸਾ॥੫॥ (ਪੰਨਾ ੧੪੦)

ਅਗਲੇ ਸਲੋਕ ਵਿਚ ਗੁਰੂ ਨਾਨਕ ਦੂਸਰੇ ਮਨੁੱਖਾਂ ਦੀ ਲੁੱਟ-ਖਸੁੱਟ ਅਤੇ ਸਮਾਜਿਕ ਸ਼ੋਸ਼ਣ ਕਰਨ ਵਾਲੇ ਆਗੂਆਂ ਦੀ ਗੱਲ ਕਰਦੇ ਹਨ। ਪ੍ਰਸ਼ਨ ਕਰਦੇ ਹਨ ਕਿ ਜਾਮੇ ਅਰਥਾਤ ਕੱਪੜੇ ਨੂੰ ਲਹੂ ਲੱਗ ਜਾਵੇ ਤਾਂ ਉਹ ਜਾਮਾ ਅਪਵਿੱਤਰ ਹੋ ਜਾਂਦਾ ਹੈ ਅਤੇ ਉਸ ਦੇ ਸਮੇਤ ਨਮਾਜ਼ ਅਦਾ ਨਹੀਂ ਕੀਤੀ ਜਾ ਸਕਦੀ। ਫਿਰ ਜਿਹੜੇ ਲੋਕ ਦੂਸਰੇ ਮਨੁੱਖਾਂ ਦਾ ਲਹੂ ਪੀਂਦੇ ਹਨ ਅਰਥਾਤ ਦੂਸਰਿਆਂ ਦੀ ਕਮਾਈ 'ਤੇ ਪਲਦੇ ਹਨ, ਹਰਾਮ ਦਾ ਖਾਂਦੇ ਹਨ, ਉਨ੍ਹਾਂ ਦੇ ਮਨ ਕਿਵੇਂ ਪਾਕ, ਪਵਿੱਤਰ ਰਹਿ ਸਕਦੇ ਹਨ? ਅਜਿਹੇ ਪਲੀਤ ਮਨਾਂ ਨਾਲ ਅਦਾ ਕੀਤੀ ਨਮਾਜ਼ ਕਿਵੇਂ ਕਬੂਲ ਹੋ ਸਕਦੀ ਹੈ? ਗੁਰੂ ਸਾਹਿਬ ਕਹਿੰਦੇ ਹਨ, ਉਸ ਪਰਵਰਦਗਾਰ ਦਾ ਨਾਮ ਅੱਛੇ ਅਤੇ ਸਾਫ ਦਿਲ ਨਾਲ ਹੀ ਮੂੰਹ ਤੋਂ ਉਚਾਰ। ਇਸ ਤੋਂ ਬਿਨਾਂ ਧਾਰਮਿਕ ਕਰਮ ਮਹਿਜ ਦਿਖਾਵਾ ਹਨ ਅਤੇ ਝੂਠਾ ਅਮਲ ਹੈ,

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ
ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ
ਝੂਠੇ ਅਮਲ ਕਰੇਹੁ॥੧॥

ਅਗਲਾ ਸਲੋਕ ਵੀ ਗੁਰੂ ਨਾਨਕ ਸਾਹਿਬ ਦਾ ਅਜਿਹੇ ਆਗੂ ਕਹੇ ਜਾਣ ਵਾਲੇ ਲੋਕਾਂ ਬਾਰੇ ਹੀ ਹੈ ਜੋ ਆਪਣੇ ਅੰਦਰ ਕੋਈ ਆਤਮਕ ਗੁਣ ਨਾ ਹੋਣ 'ਤੇ ਵੀ ਦੂਸਰਿਆਂ ਨੂੰ ਉਪਦੇਸ਼ ਕਰਦੇ ਰਹਿੰਦੇ ਹਨ। ਗੁਰੂ ਸਾਹਿਬ ਆਪਣੇ ਆਪ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਜੇ ਮੇਰੇ ਅੰਦਰ ਕੁਝ ਹੈ ਹੀ ਨਹੀਂ ਅਰਥਾਤ ਮੇਰੀ ਕੋਈ ਹਸਤੀ ਹੀ ਨਹੀਂ ਹੈ, ਫਿਰ ਮੈਂ ਦੂਸਰਿਆਂ ਨੂੰ ਕੀ ਉਪਦੇਸ਼ ਕਰ ਸਕਦਾ ਹਾਂ? ਆਪਣੇ ਅੰਦਰ ਕੋਈ ਆਤਮਕ ਗੁਣ ਨਾ ਹੁੰਦਿਆਂ ਹੋਇਆਂ ਦੂਸਰਿਆਂ ਨੂੰ ਕੀ ਬਣ ਬਣ ਕੇ ਦਿਖਾਵਾਂ? ਮੇਰਾ ਹਰ ਕਾਰਜ, ਕੰਮ-ਕਾਜ, ਬੋਲ-ਚਾਲ ਮੰਦੇ ਸੰਸਕਾਰਾਂ ਨਾਲ ਭਰਿਆ ਹੋਇਆ ਹੈ। ਮੈਂ ਕਦੇ ਮੰਦੇ ਪਾਸੇ ਡਿਗਦਾ ਹਾਂ ਅਤੇ ਫਿਰ ਕਦੀ ਆਪਣੇ ਮਨ ਨੂੰ ਸ਼ੁਧ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਜਦੋਂ ਆਪ ਨੂੰ ਹੀ ਸਮਝ ਨਹੀਂ ਆਈ, ਫਿਰ ਦੂਸਰਿਆਂ ਨੂੰ ਸਿੱਖਿਆ ਦੇਣੀ, ਉਨ੍ਹਾਂ ਨੂੰ ਰਾਹ ਦੱਸਣਾ ਬਹੁਤ ਹੀ ਹਾਸੋ-ਹੀਣੀ ਗੱਲ ਜਾਪਦੀ ਹੈ। ਅਜਿਹਾ ਆਗੂ ਜਿਹੜਾ ਆਪ ਤਾਂ ਅੰਨ੍ਹਾ ਹੈ ਅਰਥਾਤ ਆਪ ਉਸ ਨੂੰ ਕੋਈ ਅਕਲ ਨਹੀਂ ਹੈ ਅਤੇ ਦੂਸਰਿਆਂ ਨੂੰ ਰਾਸਤਾ ਦੱਸਦਾ ਹੈ, ਉਹ ਸਾਰੇ ਸਾਥ ਨੂੰ ਲੁਟਾ ਦਿੰਦਾ ਹੈ। ਅਜਿਹੇ ਆਗੂ ਨੂੰ ਅੱਗੇ ਚੱਲ ਕੇ ਮੂੰਹੋਂ-ਮੂੰਹ ਜੁੱਤੀਆਂ ਪੈਂਦੀਆਂ ਹਨ ਅਤੇ ਉਸ ਦਾ ਅਸਲੀ ਰੂਪ ਸਭ ਦੇ ਸਾਹਮਣੇ ਆ ਜਾਂਦਾ ਹੈ,

ਜਾ ਹਉ ਨਾਹੀ ਤਾ ਕਿਆ ਆਖਾ
ਕਿਹੁ ਨਾਹੀ ਕਿਆ ਹੋਵਾ॥
ਕੀਤਾ ਕਰਣਾ ਕਹਿਆ ਕਥਨਾ
ਭਰਿਆ ਭਰਿ ਭਰਿ ਧੋਵਾਂ॥
ਆਪਿ ਨ ਬੁਝਾ ਲੋਕ ਬੁਝਾਈ
ਐਸਾ ਆਗੂ ਹੋਵਾਂ॥
ਨਾਨਕ ਅੰਧਾ ਹੋਇ ਕੈ ਦਸੇ ਰਾਹੈ
ਸਭਸੁ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ
ਸੁ ਐਸਾ ਆਗੂ ਜਾਪੈ॥੨॥ (ਪੰਨਾ ੧੪੦)

ਗੁਰਮਤਿ ਦਰਸ਼ਨ ਅਨੁਸਾਰ ਅਕਾਲ ਪੁਰਖ ਦਾ ਸਿਮਰਨ ਕਰਨ ਲਈ ਕਿਸੇ ਖਾਸ ਮਹੂਰਤ ਜਾਂ ਸ਼ੁਭ ਘੜੀ ਦੀ ਲੋੜ ਨਹੀਂ ਹੁੰਦੀ, ਉਸ ਦਾ ਸਿਮਰਨ ਕਰਨ ਲਈ ਹਰ ਸਮਾਂ ਪਵਿੱਤਰ ਅਤੇ ਸ਼ੁਭ ਹੁੰਦਾ ਹੈ। ਹਰ ਮਹੀਨੇ, ਰੁੱਤ, ਘੜੀ ਵਿਚ ਉਸ ਅਕਾਲ ਪੁਰਖ ਦਾ ਸਿਮਰਨ ਕੀਤਾ ਜਾ ਸਕਦਾ ਹੈ। ਉਹ ਅਕਾਲ ਪੁਰਖ ਅਦ੍ਰਿਸ਼ਟ ਅਤੇ ਬੇਅੰਤ ਹੈ ਜਿਸ ਨੂੰ ਥਿੱਤਾਂ ਦੀਆਂ ਗਿਣਤੀਆਂ ਅਤੇ ਲੇਖਾ ਕਰ ਕਰ ਕੇ ਨਹੀਂ ਪਾਇਆ ਜਾ ਸਕਦਾ। ਜੋ ਮਨੁੱਖ ਆਪਣੇ ਮਨ ਅੰਦਰ ਲੋਭ ਅਤੇ ਅਹੰਕਾਰ ਵਸਾਈ ਰੱਖਦਾ ਹੈ, ਉਹ ਪੜ੍ਹਿਆ ਲਿਖਿਆ ਹੋਣ 'ਤੇ ਵੀ ਮੂਰਖ ਹੈ, ਅਗਿਆਨੀ ਹੈ। ਥਿੱਤਾਂ ਆਦਿ ਦੇ ਵਹਿਮ ਵਿਚ ਨਾ ਪੈ ਕੇ ਗੁਰੂ ਦੇ ਉਪਦੇਸ਼ ਦੇ ਵੀਚਾਰ ਰਾਹੀਂ ਉਸ ਅਕਾਲ ਪੁਰਖ ਦੇ ਨਾਮ ਨੂੰ ਪੜ੍ਹਨਾ, ਸਮਝਣਾ ਅਤੇ ਬੁੱਝਣਾ ਚਾਹੀਦਾ ਹੈ। ਜਿਹੜੇ ਮਨੁੱਖ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਅਕਾਲ ਪੁਰਖ ਦੇ ਨਾਮ ਦੀ ਕਮਾਈ ਕਰਦੇ ਹਨ, ਉਨ੍ਹਾਂ ਦੇ ਖ਼ਜ਼ਾਨੇ ਭਗਤੀ ਨਾਲ ਭਰ ਗਏ ਹਨ। ਜਿਹੜੇ ਅਕਾਲ ਪੁਰਖ ਦੇ ਨਾਮ ਦਾ ਮਨਨ ਕਰਦੇ ਹਨ, ਉਹ ਅਕਾਲ ਪੁਰਖ ਦੇ ਦਰਬਾਰ ਵਿਚ ਸੁਰਖ਼ਰੂ ਹੋ ਜਾਂਦੇ ਹਨ। ਅਕਾਲ ਪੁਰਖ ਸਾਰੇ ਸੰਸਾਰ ਦਾ ਸ਼ਾਹ ਹੈ, ਬਾਕੀ ਸਾਰਾ ਸੰਸਾਰ ਵਣਜਾਰਾ ਹੈ ਅਰਥਾਤ ਬਾਕੀ ਸਾਰੇ ਜੀਵ ਸੰਸਾਰ 'ਤੇ ਆਉਂਦੇ-ਜਾਂਦੇ ਰਹਿੰਦੇ ਹਨ, ਇੱਕ ਅਕਾਲ ਪੁਰਖ ਹੀ ਸਦੀਵੀ ਹਸਤੀ ਹੈ। ਉਸ ਅਕਾਲ ਪੁਰਖ ਦੇ ਬਖਸ਼ਿਸ਼ ਕੀਤੇ ਹੋਏ ਪ੍ਰਾਣ ਅਤੇ ਜਿੰਦ ਹਰ ਇੱਕ ਜੀਵ ਨੂੰ ਮਿਲੇ ਹਨ, ਉਸ ਦੀ ਅਪਾਰ ਜੋਤਿ ਹਰ ਇੱਕ ਦੇ ਅੰਦਰ ਵੱਸ ਰਹੀ ਹੈ,

ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥
ਤੂੰ ਗਣਤੈ ਕਿਨੈ ਨ ਪਾਇਓ
ਸਚੇ ਅਲਖ ਅਪਾਰਾ॥ (ਪੰਨਾ ੧੪੦)

ਗੁਰਮਤਿ ਵਿਚ ਧਰਮ ਨੂੰ ਮਹਿਜ ਕਰਮ-ਕਾਂਡ ਵਿਚੋਂ ਕੱਢ ਕੇ ਨੈਤਿਕ ਗੁਣਾਂ ਨਾਲ ਜੋੜਿਆ ਗਿਆ ਹੈ। ਇਸ ਲਈ ਅਧਿਆਤਮਕ ਅਨੁਭਵ ਲਈ ਮਨੁੱਖ ਨੂੰ ਆਪਣੇ ਅੰਦਰ ਨੈਤਿਕ ਗੁਣ ਜਿਵੇਂ ਸੱਚ, ਦਇਆ, ਸੰਤੋਖ ਅਤੇ ਸੰਜਮ ਆਦਿ ਪੈਦਾ ਕਰਨ ਲਈ ਕਿਹਾ ਹੈ। ਮਨੁੱਖ ਭਾਵੇਂ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ ਅਰਥਾਤ ਉਹ ਹਿੰਦੂ, ਮੁਸਲਮਾਨ ਜਾਂ ਬੋਧੀ, ਜੋ ਵੀ ਹੈ, ਧਾਰਮਿਕ ਵਿਅਕਤੀ ਤਾਂ ਹੀ ਕਹਾ ਸਕਦਾ ਹੈ ਜੇ ਇਨ੍ਹਾਂ ਗੁਣਾਂ ਦੀ ਪਾਲਣਾ ਕਰਦਾ ਹੈ। ਇਹ ਗੁਣ ਸਦੀਵੀ ਹਨ ਜੋ ਹਰ ਧਰਮ ਦਾ ਅਟੁੱਟ ਅੰਗ ਹਨ। ਇਸੇ ਸੰਦਰਭ ਵਿਚ ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਮੁਸਲਮਾਨ ਦੇ ਰੋਜ਼ ਕਰਨ ਵਾਲੇ ਧਾਰਮਿਕ ਕਹੇ ਜਾਣ ਵਾਲੇ ਕਰਮਾਂ ਦੀ ਉਦਾਹਰਣ ਰਾਹੀਂ ਦੱਸਦੇ ਹਨ ਕਿ ਅਸਲੀ ਮੁਸਲਮਾਨ ਕਹਾਉਣ ਲਈ ਕੀ ਕੀ ਗੁਣ ਆਪਣੇ ਅੰਦਰ ਪੈਦਾ ਕਰਨ ਦੀ ਜ਼ਰੂਰਤ ਹੈ? ਗੁਰੂ ਸਾਹਿਬ ਕਹਿੰਦੇ ਹਨ ਕਿ ਇੱਕ ਸੱਚਾ ਮੁਸਲਮਾਨ ਬਣਨ ਲਈ ਦੂਸਰਿਆਂ ਉਤੇ ਦਇਆ ਕਰਨ ਨੂੰ ਆਪਣੀ ਮਸਜਿਦ ਬਣਾ, ਸਿਦਕ ਨੂੰ ਮੁਸੱਲਾ (ਸਫ਼ ਜਿਸ 'ਤੇ ਬੈਠ ਕੇ ਨਮਾਜ਼ ਪੜ੍ਹੀਦੀ ਹੈ) ਬਣਾ ਅਤੇ ਹੱਕ ਦੀ ਕਮਾਈ ਖਾਣ ਨੂੰ ਆਪਣੀ ਕੁਰਾਨ ਬਣਾ। ਵਿਕਾਰਾਂ ਵੱਲੋਂ ਆਪਣੇ ਮਨ ਨੂੰ ਮੋੜਨ ਦਾ ਉਦਮ ਕਰਨਾ ਸੁੰਨਤ (ਮੁਸਲਮਾਨ ਬਣਨ ਲਈ ਕੀਤੀ ਜਾਂਦੀ ਰਸਮ), ਚੰਗੇ ਸੁਭਾਅ ਨੂੰ ਰੋਜ਼ਾ (ਰਮਜ਼ਾਨ ਸਮੇਂ ਰੱਖੇ ਜਾਂਦੇ ਵਰਤ) ਬਣਾ ਅਤੇ ਇਸ ਤਰ੍ਹਾਂ ਦਾ ਮੁਸਲਮਾਨ ਬਣ। ਆਪਣੇ ਚੰਗੇ ਆਚਰਣ ਨੂੰ ਕਾਬਾ ਬਣਾ (ਮੁਸਲਮਾਨ ਦਾ ਪਾਕ ਤੀਰਥ-ਸਥਾਨ), ਅੰਦਰੋਂ-ਬਾਹਰੋਂ ਇੱਕੋ ਜਿਹੇ ਹੋਣਾ ਅਰਥਾਤ ਸੱਚਾਈ ਤੇਰਾ ਪੀਰ ਹੋਵੇ, ਨੇਕ ਅਮਲ ਤੇਰੀ ਨਮਾਜ਼ ਅਤੇ ਕਲਮਾ ਹੋਵੇ। ਉਸ ਪਰਵਰਦਗਾਰ ਦੀ ਕਰਨੀ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਤਸਬੀ (ਮਾਲਾ) ਬਣਾ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹੇ ਮੁਸਲਮਾਨ ਦੀ ਰੱਬ ਲਾਜ ਰੱਖਦਾ ਹੈ,

ਮਿਹਰ ਮਸੀਤਿ ਸਿਦਕੁ ਮੁਸਲਾ
ਹਕ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ
ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ
ਨਾਨਕ ਰਖੈ ਲਾਜ॥੧॥
(ਪੰਨਾ ੧੪੦-੧੪੧)

ਦੂਸਰਿਆਂ ਦੇ ਹੱਕ ਨੂੰ ਮਾਰਨਾ ਜਾਂ ਹੱਕ ਖੋਹਣਾ ਗੁਰਮਤਿ ਅਨੁਸਾਰ ਬਹੁਤ ਵੱਡਾ ਗੁਨਾਹ ਹੈ ਜੋ ਕੋਈ ਵੀ ਧਰਮ ਕਰਨ ਦੀ ਆਗਿਆ ਨਹੀਂ ਦੇ ਸਕਦਾ। ਕੁਝ ਗੱਲਾਂ ਧਾਰਮਿਕ ਨਜ਼ਰੀਏ ਤੋਂ ਵਿਵਰਜਤ ਮੰਨੀਆਂ ਜਾਂਦੀਆਂ ਹਨ ਜਿਵੇਂ ਹਿੰਦੂਆਂ ਵਾਸਤੇ ਗਊ ਦਾ ਮਾਸ ਖਾਣਾ ਵਿਵਰਜਤ ਹੈ। ਇਸੇ ਤਰ੍ਹਾਂ ਮੁਸਲਮਾਨਾਂ ਵਿਚ ਸੂਰ ਦੀ ਆਣ ਮੰਨੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਪਰਾਇਆ ਹੱਕ ਖਾਣ ਨੂੰ ਇਸੇ ਤਰ੍ਹਾਂ ਦਾ ਗੁਨਾਹ ਮੰਨਦੇ ਹਨ। ਉਹ ਕਹਿੰਦੇ ਹਨ ਕਿ ਪਰਾਇਆ ਹੱਕ ਖੋਹਣਾ ਇਵੇਂ ਹੈ ਜਿਵੇਂ ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ। ਗੁਰੂ ਜਾਂ ਪੈਗੰਬਰ ਕਿਸੇ ਦੀ ਸਿਫ਼ਾਰਸ਼ ਤਾਂ ਹੀ ਕਰਦਾ ਹੈ ਜੇ ਮਨੁੱਖ ਦੂਸਰੇ ਦਾ ਹੱਕ ਨਾ ਖੋਵੇ। ਨਿਰੀਆਂ ਗੱਲਾਂ ਕਰਨ ਨਾਲ ਸਵਰਗ ਜਾਂ ਬਹਿਸ਼ਤ ਦੀ ਪ੍ਰਾਪਤੀ ਨਹੀਂ ਹੁੰਦੀ, ਇਹ ਪ੍ਰਾਪਤੀ ਮਨੁੱਖ ਵੱਲੋਂ ਕੀਤੇ ਜਾਣ ਵਾਲੇ ਕਰਮਾਂ 'ਤੇ ਨਿਰਭਰ ਹੈ। ਕਹਿਣੀ ਤੇ ਕਰਨੀ ਵਿਚ ਸੱਚੇ ਹੋਣ, ਸੱਚ ਨੂੰ ਅਮਲ ਵਿਚ ਲਿਆਉਣ ਨਾਲ ਹੀ ਨਿਜ਼ਾਤ ਮਿਲਦੀ ਹੈ, ਮੁਕਤੀ ਮਿਲਦੀ ਹੈ। ਹਰਾਮ ਦੇ ਮਾਲ ਵਿਚ ਮਸਾਲੇ ਪਾਉਣ ਨਾਲ ਉਹ ਹਲਾਲ ਨਹੀਂ ਬਣ ਜਾਂਦਾ (ਹਲਾਲ ਦਾ ਅਰਥ ਹੱਕ ਦੀ ਕਮਾਈ)। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਝੂਠ ਦੀਆਂ ਗੱਲਾਂ ਕੀਤਿਆਂ ਝੂਠ ਦੀ ਪ੍ਰਾਪਤੀ ਹੀ ਹੁੰਦੀ ਹੈ,

ਹਕੁ ਪਰਾਇਆ ਨਾਨਕਾ
ਉਸੁ ਸੂਅਰੁ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ
ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ
ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥੨॥

ਮੁਸਲਮਾਨ ਦਿਨ ਵਿਚ ਪੰਜ ਵਾਰ ਨਮਾਜ਼ ਅਦਾ ਕਰਦੇ ਹਨ ਅਤੇ ਪੰਜ ਵਕਤ ਦੀ ਇਸ ਨਮਾਜ਼ ਦੇ ਪੰਜ ਨਾਮ ਰੱਖੇ ਹੋਏ ਹਨ। ਇਸ ਪੰਜ ਵਕਤ ਦੀ ਨਮਾਜ਼ ਨੂੰ ਨੈਤਿਕ ਗੁਣਾਂ ਨਾਲ ਜੋੜਦੇ ਹੋਏ ਗੁਰੂ ਨਾਨਕ ਸਮਝਾਉਂਦੇ ਹਨ ਕਿ ਇਹ ਨਮਾਜ਼ ਕਿਹੋ ਜਿਹੀ ਹੋਣੀ ਚਾਹੀਦੀ ਹੈ। ਇਹ ਪੰਜ ਨਿਮਾਜ਼ਾਂ ਇਸ ਤਰ੍ਹਾਂ ਹੋਣੀਆਂ ਚਾਹੀਦੀਆਂ ਹਨ, ਪਹਿਲੇ ਵਕਤ ਸਵੇਰ ਦੀ ਨਮਾਜ਼ ਹੈ-ਸੱਚ ਬੋਲਣਾ, ਸੱਚ ਦੇ ਧਾਰਨੀ ਹੋਣਾ। ਦੂਸਰੀ ਹੈ-ਹੱਕ ਦੀ ਕਮਾਈ ਖਾਣਾ, ਤੀਸਰੀ-ਰੱਬ ਤੋਂ ਸਰਬੱਤ ਦਾ ਭਲਾ ਮੰਗਣਾ ਅਤੇ ਚਾਹੁਣਾ। ਚੌਥੀ ਨਮਾਜ਼-ਨੇਕ-ਨੀਅਤੀ ਰੱਖਣੀ ਅਤੇ ਪੰਜਵੀਂ ਨਮਾਜ਼ ਹੈ-ਰੱਬ ਦੀ ਸਿਫ਼ਤਿ-ਸਾਲਾਹ ਕਰਨੀ, ਉਸ ਦੇ ਗੁਣਾਂ ਦਾ ਸਿਮਰਨ ਕਰਨਾ। ਇਨ੍ਹਾਂ ਨਮਾਜ਼ਾਂ ਦੇ ਨਾਲ ਨਾਲ ਆਪਣੇ ਆਚਰਣ ਨੂੰ ਉਚਾ ਬਣਾਉਣਾ ਕਲਮਾ ਪੜ੍ਹਨਾ ਹੈ। ਜੇ ਇਸ ਕਿਸਮ ਦੀ ਰਹਿਣੀ ਅਪਨਾ ਲਈ ਜਾਂਦੀ ਹੈ ਤਾਂ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਨ੍ਹਾਂ ਨਮਾਜ਼ਾਂ ਅਤੇ ਕਲਮੇ ਤੋਂ ਬਿਨਾਂ ਜੋ ਵੀ ਕਰਮ ਕਰਦੇ ਹਨ, ਉਹ ਕੂੜ ਅਰਥਾਤ ਝੂਠ ਦੇ ਵਪਾਰੀ ਹਨ ਅਤੇ ਝੂਠ ਕਮਾਉਂਦੇ ਹਨ। ਕੂੜੇ ਦੀ ਇੱਜ਼ਤ ਵੀ ਕੂੜੀ ਹੁੰਦੀ ਹੈ, ਉਸ ਦੇ ਪੱਲੇ ਕੂੜ ਹੀ ਪੈਂਦਾ ਹੈ,

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ
ਕੂੜੈ ਕੂੜੀ ਪਾਇ॥੩॥ (ਪੰਨਾ ੧੪੧)

ਅਗਲੀ ਪਉੜੀ ਵਿਚ ਗੁਰੂ ਨਾਨਕ ਦੇਵ ਚੰਗੀ ਕਰਨੀ ਵਾਲੇ ਅਤੇ ਮਾੜੀ ਕਰਨੀ ਵਾਲੇ ਮਨੁੱਖਾਂ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਉਨ੍ਹਾਂ ਦੀ ਪ੍ਰਾਪਤੀ ਕਿਹੋ ਜਿਹੀ ਹੁੰਦੀ ਹੈ, ਕਿਹੋ ਜਿਹਾ ਫਲ ਮਿਲਦਾ ਹੈ, ਇਸ ਦਾ ਜ਼ਿਕਰ ਕਰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ, ਕੁਝ ਮਨੁੱਖ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦੇ ਹਨ ਅਤੇ ਉਸ ਦੇ ਨਾਮ ਦਾ ਸੱਚਾ ਸੌਦਾ ਵਿਹਾਝਦੇ ਹਨ ਅਤੇ ਦੂਸਰੇ ਉਹ ਹਨ ਜੋ ਦੁਨਿਆਵੀ ਮਾਇਆ-ਰੂਪੀ ਕੱਚਾ ਵਪਾਰ ਕਰਦੇ ਹਨ। ਪਰਮਾਤਮ-ਗੁਣਾਂ ਦਾ ਖ਼ਜ਼ਾਨਾ ਮਨੁੱਖ ਦੇ ਅੰਦਰ ਹੀ ਹੁੰਦਾ ਹੈ, ਜਿਨ੍ਹਾਂ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਹ ਇਸ ਖ਼ਜ਼ਾਨੇ ਨੂੰ ਆਪਣੇ ਅੰਦਰੋਂ ਲੱਭ ਲੈਂਦੇ ਹਨ। ਗੁਰੂ ਤੋਂ ਬਿਨਾਂ ਇਹ ਖ਼ਜ਼ਾਨਾ ਨਹੀਂ ਲੱਭਦਾ, ਮਾਇਆ ਦੇ ਵਪਾਰੀ ਗੁਰੂ ਦੀ ਸਿੱਖਿਆ 'ਤੇ ਨਹੀਂ ਚੱਲਦੇ। ਇਸ ਲਈ ਖਪ ਖਪ ਕੇ ਸੰਸਾਰ ਤੋਂ ਤੁਰ ਜਾਂਦੇ ਹਨ। ਜੋ ਮਨੁੱਖ ਆਪਣੇ ਮਨ ਦੀ ਮੱਤ ਅਨੁਸਾਰ ਚੱਲਦੇ ਹਨ, ਮਾਇਆ ਵਿਚ ਮਸਰੂਫ਼ ਹੁੰਦੇ ਹਨ ਅਤੇ ਅਸਲੀ ਵਿਚਾਰ ਉਨ੍ਹਾਂ ਨੂੰ ਨਹੀਂ ਸੁੱਝਦਾ। ਉਹ ਦੁਖੀ ਹੋ ਕੇ ਕਿਸ ਨੂੰ ਪੁਕਾਰਨ ਕਿਉਂਕਿ ਅਕਾਲ ਪੁਰਖ ਤੋਂ ਬਿਨਾ ਹੋਰ ਕੋਈ ਉਨ੍ਹਾਂ ਦੀ ਸਹਾਇਤਾ ਨਹੀਂ ਕਰ ਸਕਦਾ। ਅਕਾਲ ਪੁਰਖ ਦੇ ਨਾਮ ਤੋਂ ਵਾਂਝੇ ਮਨੁੱਖ ਤਰਲੇ ਕਰਦੇ ਫਿਰਦੇ ਹਨ, ਇਕਨਾਂ ਦੇ ਖ਼ਜ਼ਾਨੇ ਨਾਮ ਨਾਲ ਭਰਪੂਰ ਹਨ। ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਹੋਰ ਕੋਈ ਸੱਚਾ ਧਨ ਨਹੀਂ ਹੈ, ਸਭ ਝੂਠ ਹੈ, ਸੁਆਹ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਹ ਅਕਾਲ ਪੁਰਖ ਹੀ ਕਰਣ-ਕਾਰਣ ਸਮਰੱਥ ਹੈ ਜੋ ਮਨੁੱਖਾਂ ਨੂੰ ਸਿੱਧੇ ਰਸਤੇ ਪਾਉਂਦਾ ਹੈ ਅਰਥਾਤ ਮਨੁੱਖ ਨੂੰ ਉਸ ਦੀ ਬੰਦਗੀ ਰਾਹੀਂ ਉਸ ਦੀ ਮਿਹਰ ਪ੍ਰਾਪਤ ਕਰਨੀ ਚਾਹੀਦੀ ਹੈ,

ਇਕਿ ਰਤਨ ਪਦਾਰਥ ਵਣਜਦੇ
ਇਕਿ ਕਚੇ ਦੇ ਵਾਪਾਰਾ॥
ਸਤਿਗੁਰਿ ਤੁਠੈ ਪਾਈਅਨਿ
ਅੰਦਰਿ ਰਤਨ ਭੰਡਾਰਾ॥ (ਪੰਨਾ ੧੪੧)

# ਹਰਿ ਕੇ ਸੰਤ ਜਨਾ ਹਰਿ ਜਪਿਓ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੪**
ਹਰਿ ਕੇ ਸੰਤ ਜਨਾ ਹਰਿ ਜਪਿਓ
ਤਿਨ ਕਾ ਦੂਖੁ ਭਰਮੁ ਭਉ ਭਾਗੀ॥
ਅਪਨੀ ਸੇਵਾ ਆਪਿ ਕਰਾਈ
ਗੁਰਮਤਿ ਅੰਤਰਿ ਜਾਗੀ॥੧॥
ਹਰਿ ਕੈ ਨਾਮਿ ਰਤਾ ਬੈਰਾਗੀ॥
ਹਰਿ ਹਰਿ ਕਥਾ ਸੁਣੀ ਮਨਿ ਭਾਈ
ਗੁਰਮਤਿ ਹਰਿ ਲਿਵ ਲਾਗੀ॥੧॥ਰਹਾਉ॥
ਸੰਤ ਜਨਾ ਕੀ ਜਾਤਿ ਹਰਿ ਸੁਆਮੀ
ਤੁਮ ਠਾਕੁਰ ਹਮ ਸਾਂਗੀ॥
ਜੈਸੀ ਮਤਿ ਦੇਵਹੁ ਹਰਿ ਸੁਆਮੀ
ਹਮ ਤੈਸੇ ਬੁਲਗ ਬੁਲਾਗੀ॥੨॥
ਕਿਆ ਹਮ ਕਿਰਮ ਨਾਨ ਨਿਕ ਕੀਰੇ
ਤੁਮ ਵਡ ਪੁਰਖ ਵਡਾਗੀ॥
ਤੁਮਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ
ਹਮ ਕਿਉ ਕਰਿ ਮਿਲਹ ਅਭਾਗੀ॥੩॥
ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ
ਹਮ ਹਰਿ ਹਰਿ ਸੇਵਾ ਲਾਗੀ॥
ਨਾਨਕ ਦਾਸਨਿ ਦਾਸੁ ਕਰਹੁ ਪ੍ਰਭ
ਹਮ ਹਰਿ ਕਥਾ ਕਥਾਗੀ॥੪॥

ਚੌਥੇ ਸਤਿਗੁਰ ਰਾਮਦਾਸ ਜੀ ਫਰਮਾਉਂਦੇ ਹਨ, ਹਰਿ ਕੇ ਸੰਤ ਜਨਾ ਹਰਿ ਜਪਿਓ, ਹੇ ਭਾਈ! ਉਸ ਪਰਮਾਤਮਾ ਦੇ ਜਿਨ੍ਹਾਂ ਸੰਤ ਜਨਾਂ ਨੇ ਉਸ ਦਾ ਪਾਵਨ ਨਾਮ ਜਪਿਆ; ਤਿਨ ਕਾ ਦੂਖੁ ਭਰਮੁ ਭਉ ਭਾਗੀ, ਉਨ੍ਹਾਂ ਦਾ ਹਰ ਤਰ੍ਹਾਂ ਦਾ ਦੁਖ, ਹਰ ਇਕ ਭਰਮ ਅਤੇ ਹਰ ਇਕ ਡਰ ਦੂਰ ਹੋ ਜਾਂਦਾ ਹੈ; ਅਪਨੀ ਸੇਵਾ ਆਪਿ ਕਰਾਈ, ਉਹ ਮਿਹਰਵਾਨ ਪ੍ਰਭ ਉਨ੍ਹਾਂ ਪਿਆਰਿਆਂ ਕੋਲੋਂ ਆਪਣੀ ਸੇਵਾ ਵੀ ਆਪ ਹੀ ਕਰਵਾਉਂਦਾ ਹੈ; ਗੁਰਮਤਿ ਹਰਿ ਲਿਵ ਲਾਗੀ, ਭਾਵ ਪਰਮਾਤਮਾ ਦੀ ਕਿਰਪਾ ਸਦਕਾ ਹੀ ਉਨ੍ਹਾਂ ਦੇ ਅੰਦਰ ਗੁਰਮਤਿ ਦਾ ਪ੍ਰਭਾਵ ਪੈਂਦਾ ਹੈ।

ਹਰਿ ਕੈ ਨਾਮਿ ਰਤਾ ਬੈਰਾਗੀ॥
ਹਰਿ ਹਰਿ ਕਥਾ ਸੁਣੀ ਮਨਿ ਭਾਈ
ਗੁਰਮਤਿ ਹਰਿ ਲਿਵ ਲਾਗੀ॥੧॥ਰਹਾਉ॥

ਗੁਰਦੇਵ ਪਿਤਾ ਆਖ ਰਹੇ ਹਨ, ਹੇ ਭਾਈ! ਹਰਿ ਕੈ ਨਾਮਿ ਰਤਾ ਬੈਰਾਗੀ, ਜਿਹੜਾ ਜੀਵ ਮਾਲਕ ਪ੍ਰਭੂ ਜੀ ਦੇ ਨਾਮ ਦੀ ਸਿਫ਼ਤ ਸਲਾਹ ਵਿਚ ਮਗਨ ਰਹਿੰਦਾ ਹੈ, ਉਹ ਮਾਇਆ ਮੋਹ ਤੋਂ ਨਿਰਲੇਪ ਹੋ ਜਾਂਦਾ ਹੈ, ਬੈਰਾਗੀ ਹੋ ਜਾਂਦਾ ਹੈ; ਹਰਿ ਹਰਿ ਕਥਾ ਸੁਣੀ ਮਨਿ ਭਾਈ, ਉਹ ਜਿਵੇਂ-ਜਿਵੇਂ ਪ੍ਰਭੂ ਦੀ ਸਿਫ਼ਤ ਸਲਾਹ ਦੀਆਂ ਸਾਖੀਆਂ ਸੁਣਦਾ ਹੈ, ਉਵੇਂ-ਉਵੇਂ ਹੀ ਉਹ ਕਥਾਵਾਂ ਉਸ ਦੇ ਮਨ ਨੂੰ ਪਿਆਰੀਆਂ ਲੱਗਣ ਲੱਗ ਪੈਂਦੀਆਂ ਹਨ ਅਤੇ ਗੁਰਮਤਿ ਹਰਿ ਲਿਵ ਲਾਗੀ, ਹੇ ਭਾਈ! ਗੁਰੂ ਦੇ ਉਪਦੇਸ਼ ਦੀ ਬਖ਼ਸ਼ਿਸ਼ ਸਦਕਾ ਹੀ ਉਸ ਦੀ ਲਿਵ ਪਰਮਾਤਮਾ ਨਾਲ ਜੁੜੀ ਰਹਿੰਦੀ ਹੈ।

ਸੰਤ ਜਨਾ ਕੀ ਜਾਤਿ ਹਰਿ ਸੁਆਮੀ
ਤੁਮ ਠਾਕੁਰ ਹਮ ਸਾਂਗੀ॥
ਜੈਸੀ ਮਤਿ ਦੇਵਹੁ ਹਰਿ ਸੁਆਮੀ
ਹਮ ਤੈਸੇ ਬੁਲਗ ਬੁਲਾਗੀ॥੨॥

ਸੰਤ ਜਨਾ ਕੀ ਜਾਤਿ ਹਰਿ ਸੁਆਮੀ, ਹੇ ਮੇਰੇ ਹਰੀ ਪ੍ਰਭੂ ਜੀਉ! ਇਸ ਜਗਤ ਦੇ ਲੋਕ ਤਾਂ ਆਪਣੀਆਂ ਉਚੀਆਂ ਜਾਤਾਂ ਦਾ ਮਾਣ ਕਰਦੇ ਹਨ, ਪਰ ਮੇਰੇ ਪ੍ਰਭੂ ਜੀਉ! ਆਪਣੇ ਸੰਤ ਜਨਾਂ ਦੀ ਜਾਤਿ ਤਾਂ ਤੁਸੀਂ ਆਪ ਹੀ ਹੋ, ਸੰਤ ਜਨ ਤੈਥੋਂ ਹੀ ਆਤਮਿਕ ਜੀਵਨ ਪ੍ਰਾਪਤ ਕਰਦੇ ਹਨ; ਤੁਮ ਠਾਕੁਰ ਹਮ ਸਾਂਗੀ, ਹੇ ਇਸ ਜਗਤ ਦੇ ਸੁਆਮੀ ਮੇਰੇ ਮਿਹਰਵਾਨ ਪ੍ਰਭ ਜੀਉ! ਤੂੰ ਸਾਡਾ ਮਾਲਕ ਹੈਂ, ਅਸੀਂ ਜੀਵ ਤੇਰੇ ਮਾਰਗ ਉਤੇ ਤੁਰਨ ਵਾਲੇ ਹਾਂ; ਜੈਸੀ ਮਤਿ ਦੇਵਹੁ ਹਰਿ ਸੁਆਮੀ, ਪ੍ਰਭ ਜੀਉ! ਆਪ ਜਿਹੋ ਜਿਹੀ ਮਤਿ ਸਾਨੂੰ ਦਿੰਦੇ ਹੋ, ਅਸੀਂ ਉਹੋ ਜਿਹੇ ਬੋਲ ਹੀ ਬੋਲਦੇ ਰਹੇ।

ਕਿਆ ਹਮ ਕਿਰਮ ਨਾਨ ਨਿਕ ਕੀਰੇ
ਤੁਮ ਵਡ ਪੁਰਖ ਵਡਾਗੀ॥
ਤੁਮਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ
ਹਮ ਕਿਉ ਕਰਿ ਮਿਲਹ ਅਭਾਗੀ॥੩॥

ਹੇ ਮੇਰੇ ਪ੍ਰਭ ਜੀਉ! ਸਾਡੀ ਕੀ ਪਾਇਆਂ ਹੈ, ਅਸੀਂ ਤਾਂ ਬਹੁਤ ਹੀ ਛੋਟੇ-ਛੋਟੇ ਕਿਰਮ ਹਾਂ, ਨਿੱਕੇ-ਨਿੱਕੇ ਕੀੜੇ ਹਾਂ, ਹੇ ਜਗਤ ਦੇ ਸੁਆਮੀ ਮਾਲਕ ਪ੍ਰਭ ਜੀਉ! ਤੂੰ ਤਾਂ ਸਭ ਤੋਂ ਵੱਡਾ ਪੁਰਖ ਹੈਂ, ਅਸੀਂ ਤਾਂ ਕੁਝ ਵੀ ਨਹੀਂ ਹਾਂ; ਤੁਮਰੀ ਗਤਿ ਮਿਤਿ ਕਹਿ ਨਾ ਸਕਹ ਪ੍ਰਭ, ਹੇ ਪ੍ਰਭੂ ਜੀਉ! ਅਸੀਂ ਸੰਸਾਰ ਦੇ ਜੀਵ ਇੰਨਾ ਹੀ ਦੱਸ ਸਕਦੇ ਕਿ ਪ੍ਰਭ ਜੀਉ, ਤੂੰ ਕਿਹੋ ਜਿਹਾ ਹੈਂ ਅਤੇ ਕਿੱਡਾ ਵੱਡਾ ਹੈਂ; ਹਮ ਕਿਉ ਕਰਿ ਮਿਲਹ ਅਭਾਗੀ, ਅਸੀਂ ਅਭਾਗੇ ਜੀਵ ਆਪਣੇ-ਆਪ ਤੈਨੂੰ ਕਿਵੇਂ ਮਿਲ ਸਕਦੇ ਹਾਂ।

ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ
ਹਮ ਹਰਿ ਹਰਿ ਸੇਵਾ ਲਾਗੀ॥
ਨਾਨਕ ਦਾਸਨਿ ਦਾਸੁ ਕਰਹੁ ਪ੍ਰਭ
ਹਮ ਹਰਿ ਕਥਾ ਕਥਾਗੀ॥੪॥

ਹੇ ਹਰੀ ਪ੍ਰਭ ਜੀਉ! ਸਾਡੇ 'ਤੇ ਮਿਹਰ ਕਰੋ, ਕ੍ਰਿਪਾ ਦ੍ਰਿਸ਼ਟੀ ਕਰੋ; ਹਮ ਹਰਿ ਹਰਿ ਸੇਵਾ ਲਾਗੀ, ਤਾਂ ਕਿ ਹੇ ਹਰੀ ਪ੍ਰਭੂ ਜੀਉ! ਅਸੀਂ ਵੀ ਤੇਰੀ ਸੇਵਾ ਤੇ ਸਿਮਰਨ ਵਿਚ ਲੱਗ ਸਕੀਏ; ਨਾਨਕ ਦਾਸਨਿ ਦਾਸੁ ਕਰਹੁ ਪ੍ਰਭ, ਹੁਣ ਗੁਰਦੇਵ ਜੀ ਅਰਦਾਸ ਕਰਦੇ ਹਨ ਕਿ ਇਹ ਨਾਨਕ ਆਖਦਾ ਹੈ, ਪ੍ਰਭ ਜੀਉ! ਸਾਨੂੰ ਵੀ ਆਪਣੀ ਕਿਰਪਾ ਕਰ ਕੇ ਆਪਣੇ ਦਾਸਾਂ ਦਾ ਦਾਸ ਬਣਾ ਲੈ; ਹਮ ਹਰਿ ਕਥਾ ਕਥਾਗੀ, ਤਾਂ ਕਿ ਪ੍ਰਭ ਜੀਉ! ਅਸੀਂ ਵੀ ਤੇਰੀ ਸੇਵਾ ਵਿਚ ਰਹਿ ਕੇ ਤੇਰੀ ਸਿਫ਼ਤ ਸਲਾਹ ਕਰਦੇ ਰਹੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਅੰਗਰੇਜ਼, ਭਾਰਤੀ ਫੌਜ ਅਤੇ ਦੇਸ਼ ਭਗਤੀ

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਫੌਜੀਆਂ ਦਾ ਬੜਾ ਵੱਡਾ ਯੋਗਦਾਨ ਹੈ। ਬਰਤਾਨਵੀ ਰਾਜ ਵਿਚ ਕਿਸਾਨੀ ਦੀ ਆਰਥਿਕ ਹਾਲਤ ਬਹੁਤ ਮੰਦੀ ਸੀ ਜਿਸ ਕਰਕੇ ਕਿਸਾਨਾਂ ਦੇ ਪੁੱਤਰ ਆਰਥਿਕ ਹਾਲਤ ਸੁਧਾਰਨ ਲਈ ਫੌਜਾਂ ਵਿਚ ਭਰਤੀ ਹੋ ਰਹੇ ਸਨ ਤੇ ਜਾਂ ਫਿਰ ਬਾਹਰਲੇ ਦੇਸ਼ਾਂ ਵਿਚ ਮਿਹਨਤ ਮਜ਼ਦੂਰੀ ਲਈ ਜਾ ਰਹੇ ਸਨ। ਅਜਿਹੇ ਹੀ ਹਾਲਾਤ ਵਿਚ ਫੌਜ ਵਿਚ ਭਰਤੀ ਹੋਇਆ ਸੀ, ਮੇਜਰ ਜੈਪਾਲ ਸਿੰਘ ਦਾ ਪਿਓ ਬਹੁਰੰਗ ਲਾਲ।

ਮੇਜਰ ਜੈਪਾਲ ਸਿੰਘ ਬਰਤਾਨਵੀ ਫੌਜ ਵਿਚ ਕਮਿਸ਼ਨ ਪ੍ਰਾਪਤ ਅਫਸਰ ਸੀ। ਉਹ ਮੁਜੱਫਰਨਗਰ ਦੇ ਪਿੰਡ ਕੁਰਮਾਨੀ ਵਿਚ 15 ਜੁਲਾਈ 1906 ਨੂੰ ਇਕ ਕਿਸਾਨ ਜਾਟ ਘਰਾਣੇ ਵਿਚ ਪੈਦਾ ਹੋਇਆ। ਉਸ ਦਾ ਬਚਪਨ ਆਮ ਜਾਟਾਂ ਦੇ ਮੁੰਡਿਆਂ ਵਾਂਗ ਪਸ਼ੂ ਚਾਰਦਿਆਂ, ਛੱਪੜਾਂ-ਟੋਭਿਆਂ ਵਿਚ ਨਹਾਉਂਦਿਆਂ ਬੀਤਿਆ। ਉਸ ਦੇ ਬਾਬੇ ਦਾ ਖਿਆਲ ਸੀ ਕਿ ਜਾਟਾਂ ਦੇ ਪੁੱਤ ਦਾ ਥਾਂ ਹਲ ਪਿਛੇ ਹੁੰਦਾ ਹੈ। ਪਰ ਜੈਪਾਲ ਦਾ ਪਿਓ ਉਸ ਨੂੰ ਪੜ੍ਹਾ-ਲਿਖਾ ਕੇ ਵੱਡਾ ਅਫਸਰ ਬਣਾਉਣਾ ਚਾਹੁੰਦਾ ਸੀ। ਜੈਪਾਲ ਦੇ ਮਨ ਵਿਚ ਵਾਰ ਵਾਰ ਸਵਾਲ ਉਠਦਾ ਕਿ ਆਖਰ ਕਿਸਾਨ ਇੰਨਾ ਗਰੀਬ ਅਤੇ ਕਰਜ਼ੇ ਹੇਠ ਦੱਬਿਆ ਹੋਇਆ ਕਿਉਂ ਹੈ? ਉਸ ਅਨੁਸਾਰ "ਜਦੋਂ ਆਪਣੇ ਪਿੰਡ ਦੇ ਗੰਵਾਰਪੁਣੇ, ਕੰਗਾਲੀ, ਭੁੱਖ, ਅੱਤਿਆਚਾਰ ਅਤੇ ਬਦਹਾਲੀ ਦੇਖ ਕੇ ਮੇਰਾ ਮਨ ਵਿਦਰੋਹ ਵਿਚ ਮਚਲ ਉਠਦਾ ਪਰ ਕੋਈ ਰਾਹ ਨਾ ਲੱਭਦਾ ਤਾਂ ਮੈਂ ਸਾਰਾ ਗੁੱਸਾ ਆਪਣੀ ਮੱਝ 'ਤੇ ਕੱਢਦਾ। ਇਸ ਤਰ੍ਹਾਂ ਮੇਰੇ ਇਨਕਲਾਬੀ ਵਿਚਾਰ ਮੱਝ ਦੀ ਛਾਂ ਥੱਲੇ ਪਲੇ ਗਰੀਬੀ ਦਾ ਸਤਾਇਆ ਹੋਇਆ ਭਾਰਤ ਦਾ ਦਿਹਾਤ ਮੇਰੀ ਇਨਕਲਾਬੀ ਪਰਖ ਦਾ ਪਹਿਲਾ ਕੇਂਦਰ ਸੀ।"

ਫੌਜਾਂ ਵਿਚ ਭਾਰਤੀ ਫੌਜੀਆਂ ਨੂੰ ਅੰਗਰੇਜ ਅਫਸਰਾਂ ਵਲੋਂ ਬੜਾ ਜਲੀਲ ਕੀਤਾ ਜਾਂਦਾ ਸੀ। ਉਨ੍ਹਾਂ ਵਿਚ ਗੁੱਸਾ ਤੇ ਬੇਚੈਨੀ ਸੀ। ਪੜ੍ਹੇ-ਲਿਖੇ ਤੇ ਸਿਆਸੀ ਤੌਰ 'ਤੇ ਚੇਤੰਨ ਅਫਸਰਾਂ ਨੇ ਇਸ ਗੁੱਸੇ ਤੇ ਬੇਚੈਨੀ ਨੂੰ ਜਥੇਬੰਦੀ ਵਿਚ ਬਦਲ ਕੇ ਫੌਜ ਵਿਚ ਬਗਾਵਤ ਕਰ ਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕੱਢਣ ਦਾ ਮਨ ਬਣਾਇਆ। 1942 ਵਿਚ ਇਨ੍ਹਾਂ ਫੌਜੀਆਂ ਨੇ ਆਜ਼ਾਦੀ ਦੀ ਲੜਾਈ ਲੜ ਰਹੇ ਬਾਗੀਆਂ ਨੂੰ 3000 ਹਥਿਆਰ ਦਿੱਤੇ। ਮੰਦੇ ਭਾਗੀਂ ਸਿਆਸੀ ਲੀਡਰਾਂ ਨੇ ਫੌਜੀਆਂ ਦੀ ਬਗਾਵਤ ਦੀ ਅਗਵਾਈ ਕਰਨ ਤੋਂ ਨਾਂਹ ਕਰ ਦਿੱਤੀ।

ਆਜ਼ਾਦੀ ਤੋਂ ਬਾਅਦ ਮੇਜਰ ਜੈਪਾਲ ਸਿੰਘ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਉਸ 'ਤੇ ਦੋਸ਼ ਸੀ ਕਿ ਉਸ ਨੇ ਫੌਜਾਂ ਵਿਚ ਬਗਾਵਤ ਨੂੰ ਉਤਸ਼ਾਹ ਦਿੱਤਾ ਹੈ। 1946 ਵਿਚ ਉਸ ਨੂੰ ਗ੍ਰਿਫਤਾਰ ਕਰਵਾਉਣ ਵਾਲੇ ਗੱਦਾਰਾਂ ਨੂੰ ਆਜ਼ਾਦ ਭਾਰਤ ਵਿਚ ਉਚੇ ਸਰਕਾਰੀ ਅਹੁਦੇ ਦਿੱਤੇ ਗਏ। ਜਿਸ ਦਾ ਮੇਜਰ ਨੂੰ ਬੜਾ ਦੁੱਖ ਸੀ। ਇਸ ਲੇਖ ਵਿਚ ਇਸ ਭੁੱਲੇ-ਵਿਸਰੇ ਯੋਧੇ ਮੇਜਰ ਜੈਪਾਲ ਸਿੰਘ ਨੇ ਫੌਜਾਂ ਦੇ ਉਸ ਸੰਘਰਸ਼ ਦੀ ਬਾਤ ਪਾਈ ਹੈ। ***-ਕਸ਼ਮੀਰ ਸਿੰਘ ਕਾਂਗਣਾ, ਫੋਨ: 661-331-5651***

ਇਕ ਰਾਤ ਮੈਂ ਆਗਰਾ ਛਾਉਣੀ ਦੇ ਰੇਲਵੇ ਸਟੇਸ਼ਨ ਉਤੇ ਖੜ੍ਹਾ ਗੱਡੀ ਦੀ ਉਡੀਕ ਕਰ ਰਿਹਾ ਸਾਂ ਜਿਸ ਵਿਚ ਮੇਰੇ ਇਕ ਦੋਸਤ ਨੇ ਆਉਣਾ ਸੀ। ਮੇਰੀ ਟੋਰ ਵੇਖ ਕੇ, ਭਾਰੀ ਜਿਹੀ, ਕੱਪੜਿਆਂ ਵਿਚ ਲਿਪਟੀ ਅੱਧਖੜ ਜਨਾਨੀ ਮੇਰੇ ਵੱਲ ਆ ਗਈ। ਉਸ ਨੇ ਦੰਦ ਸੋਨੇ ਵਿਚ ਮੜ੍ਹਾਏ ਹੋਏ ਸਨ ਅਤੇ ਉਹ ਸਰੂਰ ਵਿਚ ਸੀ।

"ਹਾਏ ਲੈਫਟੀਨੈਂਟ! ਇਕੱਲਾ ਹੀ ਖੜ੍ਹਾ ਏਂ ਮੇਰੀ ਜਾਨ।" ਉਸ ਨੇ ਅਮਰੀਕੀ ਲਹਿਜ਼ੇ ਵਿਚ ਅੰਗਰੇਜ਼ੀ ਬੋਲੀ ਅਤੇ ਮੇਰੇ ਵਰਗੇ ਨੌਜਵਾਨ ਦੇ ਗੁੱਸੇ ਦੀ ਪ੍ਰਵਾਹ ਕੀਤੇ ਬਿਨਾਂ ਹੀ ਮੈਨੂੰ ਬਾਹਾਂ ਵਿਚ ਜਕੜ ਲਿਆ।

ਅਚਾਨਕ ਇਕ ਅੰਗਰੇਜ਼ ਮਾਤਹਿਤ ਅਫ਼ਸਰ ਨੇ ਆ ਵਿਚ ਲੱਤ ਅੜਾਈ।

"ਲੂਸੀ! ਪਾਗਲ ਹੋ ਗਈ ਏਂ। ਦਿਸਦਾ ਨਹੀਂ, ਇਹ ਹਿੰਦੋਸਤਾਨੀ ਹਰਾਮਜ਼ਾਦਾ ਹੈ।" ਉਸ ਨੇ ਮੈਨੂੰ ਸੁਣਾ ਕੇ ਗਾਲ੍ਹ ਕੱਢੀ।



ਮੇਜਰ ਜੈਪਾਲ ਸਿੰਘ

ਉਸ ਟੁੱਟੜ ਜਿਹੀ ਬੁੱਢੀ ਵਿਚ ਮੇਰੀ ਜ਼ਰਾ ਵੀ ਦਿਲਚਸਪੀ ਨਹੀਂ ਸੀ ਪਰ ਹੁਣ ਮੈਂ ਇਸ ਅਫ਼ਸਰ ਦੇ ਬੱਚੇ ਨੂੰ ਮਜ਼ਾ ਚਖਾਉਣ ਦਾ ਫੈਸਲਾ ਜ਼ਰੂਰ ਕਰ ਲਿਆ ਸੀ। ਇਕ ਵਾਰ ਫਿਰ ਮੈਨੂੰ ਗੁੱਸੇ ਤੇ ਪਾਗਲਪਣ ਦਾ ਉਸ ਤਰ੍ਹਾਂ ਦਾ ਹੀ ਦੌਰਾ ਪਿਆ ਜਿਸ ਤਰ੍ਹਾਂ ਛੋਟੇ ਹੁੰਦਿਆਂ ਉਤਰੀ ਭਾਰਤ ਦੀਆਂ ਧੁੱਪਾਂ ਤੋਂ ਤੰਗ ਆ ਕੇ ਪੈਂਦਾ ਹੁੰਦਾ ਸੀ, ਤੇ ਮੈਂ ਪਾਗਲਾਂ ਵਾਂਗ ਆਪਣੀ ਮੱਝ ਨੂੰ ਕੁੱਟਣ ਲੱਗ ਜਾਂਦਾ ਸੀ। ਦੇਸ਼ ਦੇ ਜਿਸ ਹਿੱਸੇ ਨਾਲ ਮੇਰਾ ਸਬੰਧ ਹੈ, ਉਥੇ ਅਕਸਰ ਗਰਮੀਆਂ ਵਿਚ ਸ਼ਾਮ ਨੂੰ ਲਾਲ ਹਨ੍ਹੇਰੀਆਂ ਆਉਂਦੀਆਂ ਹਨ। ਕਿਸੇ ਤਪਦੀ ਦੁਪਹਿਰ ਢਲਣ ਤੋਂ ਬਾਅਦ ਬਹੁਤ ਦੂਰ ਪੱਛਮ ਵੱਲ, ਰਾਜਸਥਾਨ ਵਿਚ ਕਿਤੇ ਪੀਲੇ ਰੇਤੇ ਦਾ ਇਕ ਪਹਾੜ ਆਕਾਸ਼ 'ਚ ਚੜ੍ਹ ਜਾਂਦਾ ਅਤੇ ਸਾਡੇ ਮੈਦਾਨਾਂ ਵਿਚ ਪੂਰੀ ਭਿਆਨਕਤਾ ਨਾਲ ਉਤਰ ਪੈਂਦਾ। ਪਹਿਲਾਂ ਕਹਿਰ ਭਰੀ ਖਾਮੋਸ਼ੀ ਛਾ ਜਾਂਦੀ ਅਤੇ ਫਿਰ ਕੰਨ ਬੋਲੇ ਕਰਨ ਵਾਲੀ ਗਰਜ਼ ਨਾਲ ਸਾਡੇ ਪਿੰਡਾਂ ਉਤੇ ਟੁੱਟ ਪੈਂਦਾ। ਜਾਨਵਰਾਂ ਦੇ ਵੱਡੇ-ਵੱਡੇ ਛੱਪਰ ਉਡ-ਪੁਡ ਜਾਂਦੇ। ਮੈਂ ਇਨ੍ਹਾਂ ਤੂਫ਼ਾਨਾਂ ਦੀ ਗੋਦ ਵਿਚ ਪਲਿਆ ਬਾਲਕ ਸਾਂ ਅਤੇ ਮੇਰੇ ਸੁਭਾਅ ਵਿਚ ਵੀ ਉਨ੍ਹਾਂ ਵਰਗੀ ਭਿਅੰਕਰਤਾ ਮੌਜੂਦ ਸੀ।

ਮੈਂ ਇਸ ਸਾਮਰਾਜੀ ਘੁਮੰਡੀ ਉਤੇ ਟੁੱਟ ਪਿਆ ਅਤੇ ਫੌਲਾਦੀ ਘਸੁੰਨ ਮਾਰ-ਮਾਰ ਕੇ ਉਸ ਨੂੰ ਬੇਹੋਸ਼ ਕਰ ਦਿੱਤਾ। ਲਹੂ ਵਿਚ ਲੱਥ-ਪੱਥ ਹੋਏ ਨੂੰ ਛੱਡ ਮੈਂ ਉਥੋਂ ਚੱਲ ਪਿਆ।

ਮੇਰੇ ਦਿਲ ਵਿਚ ਠੰਢ ਪੈ ਗਈ। ਹੁਣ ਦੁਸ਼ਮਣ ਦੇ ਘਰ ਅੰਦਰ ਲੜਾਈ ਸ਼ੁਰੂ ਹੋ ਗਈ ਸੀ। ਜੰਗ ਬਹੁਤ ਭਿਅੰਕਰ ਚੀਜ਼ ਹੈ। ਇਸ ਸੱਚਾਈ ਨੂੰ ਹੋਰਾਂ ਨਾਲੋਂ ਕਿਤੇ ਵੱਧ ਅਸੀਂ ਭਾੜੇ ਦੇ ਸਿਪਾਹੀ ਚੰਗੀ ਤਰ੍ਹਾਂ ਸਮਝਦੇ ਹਾਂ। ਭਾੜੇ ਦੇ ਸਿਪਾਹੀਆਂ ਲਈ ਜੰਗ ਦੀਆਂ ਪ੍ਰੇਸ਼ਾਨੀਆਂ ਤੋਂ ਵੱਧ ਤਕਲੀਫ਼ਦੇਹ ਹੁੰਦੀ ਹੈ, ਉਹ ਬੇਇੱਜ਼ਤੀ ਅਤੇ ਸ਼ਰਮਿੰਦਗੀ, ਜਿਹੜੀ ਉਨ੍ਹਾਂ ਨੂੰ ਆਪਣੇ ਮਾਲਕ ਅਫ਼ਸਰਾਂ ਦੇ ਹੱਥੋਂ ਜਰਨੀ ਪੈਂਦੀ ਹੈ। ਮੈਂ ਇਥੇ ਮਾਮੂਲੀ ਸਿਪਾਹੀਆਂ ਦੀ ਗੱਲ ਨਹੀਂ ਕਰ ਰਿਹਾ ਜਿਨ੍ਹਾਂ ਨੂੰ ਸਾਮਰਾਜੀਆਂ ਦੀ ਜ਼ਾਲਮਾਨਾ ਤੇ ਵਹਿਸ਼ੀਆਨਾ ਬਦਸਲੂਕੀ ਝੱਲਣੀ ਪੈਂਦੀ ਸੀ। ਮੈਂ ਤਾਂ ਉਨ੍ਹਾਂ ਹਜ਼ਾਰਾਂ ਹਿੰਦੁਸਤਾਨੀ ਅਫ਼ਸਰਾਂ ਦੀ ਗੱਲ ਕਰ ਰਿਹਾ ਹਾਂ ਜਿਨ੍ਹਾਂ ਨੂੰ ਕਾਨੂੰਨੀ ਤੌਰ ਉਤੇ ਅੰਗਰੇਜ਼ ਅਫ਼ਸਰਾਂ ਦੇ ਬਰਾਬਰ ਦਾ ਦਰਜਾ ਮਿਲਿਆ ਹੋਇਆ ਸੀ। ਕਹਿਣ ਨੂੰ ਤਾਂ ਅਸੀਂ ਅਫ਼ਸਰ ਸਾਂ, ਸਾਧਾਰਨ ਅੰਗਰੇਜ਼ ਸਿਪਾਹੀ ਪਰੇਡ ਵੇਲੇ ਵੀ ਅਤੇ ਬਾਅਦ ਵਿਚ ਵੀ ਸਾਨੂੰ ਬਕਾਇਦਾ ਸਲੂਟ ਮਾਰਦੇ ਸਨ ਅਤੇ 'ਸਰ' ਕਹਿ ਕੇ ਗੱਲ ਕਰਦੇ ਸਨ ਪਰ ਬਰਾਬਰੀ ਦੇ ਇਸ ਡਰਾਮੇ ਪਿੱਛੇ ਜਿਹੜਾ ਸਾਮਰਾਜੀ ਦੰਭ ਅੱਜ ਤੱਕ ਚਲਿਆ ਆ ਰਿਹਾ ਸੀ, ਉਸ ਦੇ ਕਾਰਨ ਸਾਨੂੰ ਹਮੇਸ਼ਾਂ ਇਹ ਲਗਦਾ ਰਹਿੰਦਾ ਜਿਵੇਂ ਅਸੀਂ ਅਫ਼ਸਰ ਨਾ ਹੋ ਕੇ, ਸਗੋਂ ਨਿਰੇ ਬਹੁ-ਰੂਪੀਏ ਹੋਈਏ।

ਉਂਜ, ਅੰਗਰੇਜ਼ੀ ਸਾਮਰਾਜੀਆਂ ਨੇ ਇਕ ਗਲਤੀ ਕਰ ਦਿੱਤੀ ਸੀ ਅਤੇ ਸ਼ਾਇਦ ਉਹ ਇਸ ਤੋਂ ਬਚ ਵੀ ਨਹੀਂ ਸਨ ਸਕਦੇ। ਜੰਗ ਦੀ ਮਸ਼ੀਨ ਨੂੰ ਭਾਰੀ ਮਾਤਰਾ ਵਿਚ ਬਾਲਣ ਦੀ ਜ਼ਰੂਰਤ ਸੀ। ਭਾਰਤ ਦੇ ਕਰੋੜਾਂ ਭੁੱਖੜਾਂ ਨੇ ਇਸ ਨੂੰ ਪੂਰਾ ਕੀਤਾ। ਵਿਸ਼ਾਲ ਫੌਜ ਬਣਾਈ ਜਾ ਰਹੀ ਸੀ। ਅਮਨ ਵੇਲੇ ਭਾਰਤੀ ਫੌਜ ਦੀ ਗਿਣਤੀ ਸਿਰਫ਼ ਕੁਝ ਲੱਖ ਸੀ ਪਰ ਜੰਗ ਖ਼ਤਮ ਹੋਣ ਤੱਕ ਇਹ ਗਿਣਤੀ ਵੱਧ ਕੇ 25 ਲੱਖ ਹੋ ਗਈ। ਇਸ ਵਿਸ਼ਾਲ ਫੌਜ ਲਈ ਪੜ੍ਹੇ-ਲਿਖੇ ਹਜ਼ਾਰਾਂ ਨੌਜਵਾਨ ਅਫ਼ਸਰਾਂ ਦੀ ਜ਼ਰੂਰਤ ਸੀ। ਪਹਿਲੇ ਜ਼ਮਾਨੇ ਵਿਚ ਮਹਾਂ-ਸਮਰਾਟ ਆਪਣੀ ਭਾਰਤੀ ਫੌਜ ਵਿਚ ਕਮਿਸ਼ਨ ਦੇ ਕੇ ਅਫ਼ਸਰ ਬਣਾਉਣ ਲਈ ਸਿਰਫ਼ ਰਾਜੇ ਮਹਾਰਾਜਿਆਂ ਅਤੇ ਵੱਡੇ ਜਾਗੀਰਦਾਰਾਂ ਆਦਿ ਦੇ ਮੁੰਡਿਆਂ ਨੂੰ ਹੀ ਚੁਣਦੇ ਸਨ ਪਰ ਹੁਣ ਇਤਿਹਾਸ ਦੀਆਂ ਮੁੱਖ ਸ਼ਕਤੀਆਂ ਨੇ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ ਸੀ ਕਿ ਉਹ ਇਹ ਸਨਮਾਨ ਭਾਰਤੀ ਜਨਤਾ ਦੇ ਮੁੰਡਿਆਂ ਨੂੰ ਵੀ ਦੇਵੇ। ਇਸ ਤਰ੍ਹਾਂ ਭਾਰਤੀ ਯੂਨੀਵਰਸਿਟੀਆਂ ਵਿਚੋਂ ਪੜ੍ਹੇ-ਲਿਖੇ ਹਜ਼ਾਰਾਂ ਨੌਜਵਾਨ ਫੌਜ ਵਿਚ ਕਮਿਸ਼ਨਡ ਅਫਸਰ ਬਣੇ। ਇਹ ਮੁੱਖ ਰੂਪ ਵਿਚ ਰੁਜ਼ਗਾਰ ਹਾਸਲ ਕਰਨ ਲਈ ਹੀ ਫੌਜ ਵਿਚ ਭਰਤੀ ਹੋਏ ਸਨ ਪਰ ਇਹ ਆਪਣੇ ਨਾਲ ਆਪਣੇ ਪੜ੍ਹੇ-ਲਿਖੇ ਅਤੇ ਅਤਿਅੰਤ ਸੰਵੇਦਨਸ਼ੀਲ ਮਨ ਵੀ ਲੈ ਕੇ ਆਏ ਸਨ।

ਸਾਮਰਾਜੀ ਅਫ਼ਸਰਾਂ ਨਾਲ ਨੇੜਲੇ ਸੰਪਰਕ ਵਿਚ ਰਹਿਣ ਕਰ ਕੇ, ਘੁਮੰਡੀ ਤੇ ਸਿਰ-ਫਿਰੇ ਅਫ਼ਸਰਾਂ ਹੱਥੋਂ ਕੌਮੀ ਅਤੇ ਨਿੱਜੀ ਅਪਮਾਨ ਸਹਿਣ ਕਾਰਨ ਇਹ ਭਾਰਤੀ ਨੌਜਵਾਨ ਫੌਜੀ ਅਧਿਕਾਰੀ ਉਸ ਰੂਪ ਵਿਚ ਅੰਗਰੇਜ਼ ਵਿਰੋਧੀ ਸ਼ਕਤੀ ਵਿਚ ਬਦਲ ਗਏ ਸਨ ਅਤੇ ਜੰਗ ਖ਼ਤਮ ਹੋਣ ਤੋਂ ਬਾਅਦ ਅੰਗਰੇਜ਼ਾਂ ਦੇ ਖ਼ਿਲਾਫ਼ ਹਥਿਆਰ ਚੁੱਕਣ ਲਈ ਤਿਆਰ ਸਨ ਪਰ ਇਸ ਬਾਰੇ ਮੈਂ ਫਿਰ ਕਦੀ ਲਿਖਾਂਗਾ।

ਪਹਿਲੇ ਸੰਸਾਰ ਜੰਗ ਸਮੇਂ ਜ਼ਾਰ ਤੋਂ ਵੀ ਇਹੋ ਗਲਤੀ ਹੋਈ ਸੀ ਜਦੋਂ ਉਸ ਨੂੰ ਕਮਿਸ਼ਨਡ ਅਫ਼ਸਰਾਂ ਲਈ ਫੌਜ ਦੇ ਦਰਵਾਜ਼ੇ ਰੂਸੀ ਜਨਤਾ ਦੇ ਪੜ੍ਹੇ-ਲਿਖੇ ਮੁੰਡਿਆਂ ਵਾਸਤੇ ਖੋਲ੍ਹਣੇ ਪਏ ਸਨ। ਇਹ ਸਾਧਾਰਨ ਜਵਾਨ ਸਾਰੀ ਫੌਜ ਵਿਚ ਫੈਲ ਗਏ ਅਤੇ ਜ਼ਾਰਸ਼ਾਹੀ ਦੇ ਖ਼ਿਲਾਫ਼ ਆਪਣੀ ਰਾਜਨੀਤਕ ਜਾਗਰੂਕਤਾ ਅਤੇ ਇਨਕਲਾਬੀ ਭਾਵਨਾ ਨਾਲ ਉਨ੍ਹਾਂ ਨੇ ਰੂਸ ਦੇ ਫ਼ਰਵਰੀ ਇਨਕਲਾਬ ਦੌਰਾਨ ਇਨਕਲਾਬੀ ਸਿਪਾਹੀਆਂ ਦੀ ਅਗਵਾਈ ਕੀਤੀ ਸੀ। ਅੱਜ ਸਾਮਰਾਜੀ ਫੌਜਾਂ ਵਿਚ ਵੀ ਆਵਾਮ ਦੇ ਸਪੂਤਾਂ ਦਾ ਦਸਤਾ ਮੌਜੂਦ ਸੀ। ਦੂਜੇ ਸ਼ਬਦਾਂ ਵਿਚ ਇਥੇ ਵੀ ਉਹੀ ਅਮਲ ਸ਼ੁਰੂ ਹੋ ਚੁੱਕਿਆ ਸੀ ਅਤੇ ਉਸੇ ਤਰ੍ਹਾਂ ਦੇ ਨਤੀਜੇ ਇਥੇ ਵੀ ਨਿਕਲ ਸਕਦੇ ਸਨ।

ਇਹ ਨੌਜਵਾਨ ਜਿਨ੍ਹਾਂ ਨੂੰ ਐਮਰਜੈਂਸੀ ਕਮਿਸ਼ਨਡ ਅਫ਼ਸਰ ਕਿਹਾ ਜਾਂਦਾ ਸੀ, ਭਾਰਤੀ ਜਨਤਾ ਦੇ ਦਿਲਾਂ ਵਿਚ ਹਮੇਸ਼ਾਂ ਵਸੇ ਰਹਿਣਗੇ। ਉਨ੍ਹਾਂ ਨੇ ਅੰਗਰੇਜ਼ਾਂ ਵੱਲੋਂ ਕੀਤੇ ਜਾਂਦੇ ਕੌਮੀ ਅਪਮਾਨ ਦਾ ਜਵਾਬ ਹਮੇਸ਼ਾਂ ਦ੍ਰਿੜਤਾ ਅਤੇ ਜ਼ੋਰਦਾਰ ਢੰਗ ਨਾਲ ਦਿੱਤਾ। ਇਹ ਨੌਜਵਾਨ ਅਤੇ ਦੇਸ਼ ਭਗਤ ਅਫ਼ਸਰ ਉਨ੍ਹਾਂ 'ਅਤਿ ਉਚੇ' ਅਤੇ ਉਚੇ ਘਰਾਣਿਆਂ ਦੇ ਭਾਰਤੀ ਅਫ਼ਸਰਾਂ ਤੋਂ ਬਿਲਕੁਲ ਅਲੱਗ ਕਿਸਮ ਦੇ ਸਨ ਜਿਹੜੇ ਇਸ ਬੇਇੱਜ਼ਤੀ ਨੂੰ ਸਹਿਣ ਕਰ ਕੇ ਅੰਗਰੇਜ਼ਾਂ ਦੇ ਅੱਗੇ ਪਿੱਛੇ ਪੂਛ ਹਿਲਾਉਂਦੇ ਰਹਿੰਦੇ ਸਨ। ਆਜ਼ਾਦੀ ਤੋਂ ਬਾਅਦ ਇਨ੍ਹਾਂ ਪੂਛ ਹਿਲਾਉਣ ਵਾਲਿਆਂ ਦੀ ਜਿਸ ਤੇਜ਼ੀ ਨਾਲ ਉਚੇ ਅਹੁਦਿਆਂ ਉਤੇ ਤਰੱਕੀ ਹੋਈ ਹੈ, ਉਸ ਤੋਂ ਸਾਨੂੰ ਸ਼ਿਕਵਾ ਨਹੀਂ। ਵਾਹਿਗੁਰੂ ਉਨ੍ਹਾਂ ਉਤੇ ਮਿਹਰ ਕਰੇ। ਅਸੀਂ ਉਨ੍ਹਾਂ ਤੋਂ ਸਿਰਫ਼ ਇਹੀ ਉਮੀਦ ਰੱਖਦੇ ਹਾਂ ਕਿ ਉਨ੍ਹਾਂ ਨੂੰ ਕਦੇ ਇਹ ਵੀ ਯਾਦ ਆਏ ਕਿ ਭਾਰਤੀ ਫੌਜ ਦੇ ਜਰਨੈਲਾਂ ਦੀ ਹੈਸੀਅਤ ਵਿਚ ਉਹ ਜਿਹੜੀਆਂ ਲਾਲ ਪੱਟੀਆਂ ਅਤੇ ਫੀਤੀਆਂ ਲਾਉਂਦੇ ਹਨ, ਉਨ੍ਹਾਂ ਦੀ ਲਾਲੀ ਵਿਚ ਹਜ਼ਾਰਾਂ ਭਾਰਤੀ ਫੌਜੀਆਂ ਅਤੇ ਅਧਿਕਾਰੀਆਂ ਦਾ ਲਹੂ ਵੀ ਝਿਲਮਿਲਾਉਂਦਾ ਹੈ; ਜਿਹੜੇ ਸਾਮਰਾਜਵਾਦੀਆਂ ਦੇ ਖ਼ਿਲਾਫ਼ ਬਗਾਵਤ ਕਰਦੇ ਹੋਏ ਪਰਦੇਸਾਂ ਵਿਚ ਚੁੱਪ-ਚਾਪ ਸ਼ਹੀਦ ਹੋ ਗਏ।

ਕਾਕੁਲ ਵਿਚ ਸਥਾਪਤ ਆਰ.ਆਈ.ਏ.ਐਸ.ਸੀ. ਆਫੀਸਰਜ਼ ਟਰੇਨਿੰਗ ਸਕੂਲ ਵਿਚ ਮੈਂ ਸਾਮਰਾਜੀ ਕਿਰਦਾਰ ਦਾ ਸਭ ਤੋਂ ਘਿਨਾਉਣਾ ਰੂਪ ਦੇਖਿਆ।

ਉਥੇ ਕੋਈ ਸੌ ਅੰਗਰੇਜ਼ ਅਫ਼ਸਰਾਂ ਦੀ ਭੀੜ ਵਿਚ ਅਸੀਂ ਪੰਜਾਹ ਕੁ ਹਿੰਦੋਸਤਾਨੀ ਅਫ਼ਸਰ ਸਾਂ। ਅੰਗਰੇਜ਼ ਸਿੱਖਿਆ ਅਧਿਕਾਰੀ ਇਹ ਸਾਬਤ ਕਰਨ ਲਈ ਕਿ ਅਸੀਂ ਸਿਆਣਪ ਪੱਖੋਂ, ਸਰੀਰਕ, ਸਹਿਣ-ਸ਼ਕਤੀ, ਮਸ਼ੀਨੀ ਤੇ ਤਕਨੀਕੀ ਯੋਗਤਾ ਆਦਿ ਦੇ ਖੇਤਰਾਂ ਵਿਚ ਅੰਗਰੇਜ਼ਾਂ ਤੋਂ ਘਟੀਆ ਹਾਂ, ਸਾਡੇ ਵਿਚੋਂ ਕੁਝ ਨੂੰ ਚੁਣ ਲੈਂਦੇ ਸਨ। ਇਹ ਸਾਬਤ ਕਰਨ ਲਈ ਉਹ ਚਲਾਕੀ ਨਾਲ ਸਾਨੂੰ ਕੁਝ ਇਹੋ ਜਿਹਾ ਕਰਨ ਲਈ ਕਹਿੰਦੇ ਸਨ ਜਿਹੜਾ ਸਾਡੇ ਲਈ ਪਹਿਲਾਂ ਹੀ ਨਾਮੁਮਕਿਨ ਹੁੰਦਾ ਸੀ। ਅਸੀਂ ਇਸ ਦਾ ਵਿਰੋਧ ਕਰਦੇ ਸਾਂ ਜਿਵੇਂ ਕਿ ਸਾਨੂੰ ਕਰਨਾ ਹੀ ਚਾਹੀਦਾ ਸੀ। ਇਸ ਤਰ੍ਹਾਂ ਸਾਨੂੰ ਉਨ੍ਹਾਂ ਨਾਲ ਨਫ਼ਰਤ ਹੋ ਗਈ ਤੇ ਇਹ ਵਧਦੀ ਹੀ ਗਈ।

ਖਾਣਾ ਸਮੱਸਿਆ ਬਣ ਗਈ। ਸਾਡੇ ਲਈ ਅੰਗਰੇਜ਼ੀ ਖਾਣਾ, ਖਾਣਾ ਲਾਜ਼ਮੀ ਸੀ। ਟੱਟੀਆਂ ਦਾ ਇੰਤਜ਼ਾਮ ਵੀ ਅੰਗਰੇਜ਼ੀ ਢੰਗ ਦਾ ਸੀ। ਇਸ ਨਾਲ ਸਾਨੂੰ ਝੁਣਝੁਣੀ ਜਿਹੀ ਛਿੜਦੀ ਸੀ। ਇਕ ਵਾਰ ਇਕ ਅੰਗਰੇਜ਼ ਅਫ਼ਸਰ ਚੀਕ ਉਠਿਆ, "ਅਸੀਂ ਇਨ੍ਹਾਂ ਗਧਿਆਂ ਨੂੰ, ਇਨ੍ਹਾਂ ਉਜੱਡਾਂ ਨੂੰ ਕਿੱਥੇ ਨਲ੍ਹਾਈਏ। ਕਿੱਥੇ ਫਸ ਗਏ। ਮੈਂ ਤਾਂ ਇਸ ਦੇਸ਼ ਨੂੰ ਨਫ਼ਰਤ ਕਰਦਾ ਹਾਂ।"

"ਕਿਸੇ ਨੇ ਤੁਹਾਨੂੰ ਇਸ ਮੁਲਕ ਵਿਚ ਆਉਣ ਲਈ ਦਾਅਵਤ ਤਾਂ ਨਹੀਂ ਸੀ ਦਿੱਤੀ।" ਮੈਂ ਨਰਮੀ ਪਰ ਦ੍ਰਿੜਤਾ ਨਾਲ ਉਸ ਨੂੰ ਦੱਸ ਦਿੱਤਾ।

ਸਾਡੇ ਲਈ 'ਅਸਭਿਆ ਹਿੰਦੋਸਤਾਨੀ' ਵਿਚ ਗੱਲ ਕਰਨਾ ਮਨ੍ਹਾ ਸੀ। ਅੰਗਰੇਜ਼ੀ ਬੋਲਣਾ ਜ਼ਰੂਰੀ ਸੀ। ਕਈ ਸਮਿਆਂ ਉਤੇ ਜਦੋਂ ਅਸੀਂ ਹਿੰਦੁਸਤਾਨੀ ਵਿਚ ਗੱਲਾਂ ਕਰਦੇ ਹੁੰਦੇ, ਤਾਂ ਗੋਰੇ ਅਫ਼ਸਰ ਖਿਝ ਕੇ ਸਾਨੂੰ ਚੇਤੇ ਕਰਾਉਂਦੇ ਸਨ, "ਆਪ ਅਫ਼ਸਰ ਹੋ ਅਤੇ ਇਹ ਅਫ਼ਸਰਾਂ ਦੀ ਮੈਸ ਹੈ।"

ਇਕ ਸ਼ਾਮ ਮੈਂ ਅਤੇ ਚੈਂਡੀ ਜਿਹੜਾ ਹੁਣ ਦੱਖਣੀ ਭਾਰਤ ਵਿਚ ਕਿਤੇ ਭਾਰਤੀ ਪੁਲਿਸ ਦਾ ਡਿਪਟੀ ਇੰਸਪੈਕਟਰ ਹੈ, ਮੈਸ ਵਿਚ ਬੈਠੇ ਪੀ ਰਹੇ ਸਾਂ ਤੇ ਗੱਲਾਂ ਕਰ ਰਹੇ ਸੀ। ਬਾਹਰ ਬਰਫ਼ ਪੈ ਰਹੀ ਸੀ ਅਤੇ ਧਰਤੀ ਗਿੱਟੇ ਗਿੱਟੇ ਬਰਫ਼ ਨਾਲ ਚਿੱਟੀ ਹੋ ਗਈ ਸੀ। ਚੈਂਡੀ ਮਿਲਟਰੀ ਕਾਲਜ ਵੇਲੇ ਤੋਂ ਹੀ ਮੇਰਾ ਯਾਰ ਸੀ ਅਤੇ ਉਹ ਆਗਰੇ ਸਟੇਸ਼ਨ ਵਾਲੀ ਘਟਨਾ (ਜਿਸ ਦਾ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ) ਬਾਰੇ ਗੱਲਾਂ ਕਰ ਕੇ ਮੈਨੂੰ ਛੇੜ ਰਿਹਾ ਸੀ। ਪਤਾ ਹੀ ਹੈ, ਇਹ ਗੱਲ ਹਿੰਦੀ ਵਿਚ ਹੀ ਹੋ ਸਕਦੀ ਸੀ।

ਅਚਾਨਕ ਨਸ਼ੇ ਵਿਚ ਚੂਰ ਇਕ ਅੰਗਰੇਜ਼ ਅਫ਼ਸਰ ਸਾਨੂੰ ਝਿੜਕਣ ਲੱਗਾ, "ਤੁਸੀਂ ਦੇਸੀ ਲੋਕ ਆਪਣੀ ਗੰਦੀ ਦੇਸੀ ਬੋਲੀ ਵਿਚ ਬੋਲਦੇ ਹੋਏ ਕਿੰਨੇ ਭੈੜੇ ਲੱਗਦੇ ਹੋ, ਤੁਸੀਂ...।"

ਮੈਂ ਉਹਦੇ ਆਪਣਾ ਗਲਾਸ ਮਾਰਿਆ ਪਰ ਉਹ ਝੁਕ ਗਿਆ। ਸਾਨੂੰ ਸ਼ਾਂਤ ਕਰਨ ਲਈ ਅੰਗਰੇਜ਼ ਅਫ਼ਸਰਾਂ ਦੀ ਭੀੜ ਜੁੜ ਗਈ। ਚੈਂਡੀ ਦੀ ਆਵਾਜ਼ ਗੁੱਸੇ ਵਿਚ ਲੜਖੜਾ ਰਹੀ ਸੀ, ਪਰ ਉਹ ਕਹਿ ਰਿਹਾ ਸੀ, "ਸਾਲਾ ਅੰਗਰੇਜ਼! ਠਹਿਰ ਜਾ, ਤੈਨੂੰ ਤਾਂ ਇਕ ਦਿਨ ਅਸੀਂ ਦੱਸਾਂਗੇ।"

ਚੈਂਡੀ ਸ਼ਰਾਬੀ ਨਹੀਂ ਸੀ, ਉਹ ਸਿਰਫ਼ ਤੇਜ਼ ਤੇਜ਼ ਸੋਚ ਰਿਹਾ ਸੀ ਅਤੇ ਉਹੀ ਗੱਲਾਂ ਕਹਿ ਰਿਹਾ ਸੀ ਜਿਹੜੀਆਂ ਉਸ ਖ਼ਤਰਨਾਕ ਦੌਰ ਵਿਚ ਹਰ ਹਿੰਦੋਸਤਾਨੀ ਅਫ਼ਸਰ ਦੇ ਦਿਲ ਤੇ ਦਿਮਾਗ ਵਿਚ ਸਨ। ਮੈਨੂੰ ਯਕੀਨ ਹੈ ਕਿ ਉਸ ਜ਼ਮਾਨੇ ਦੇ ਮੇਰੇ ਸਹਿਯੋਗੀ ਜਿਹੜੇ ਅੱਜ ਜ਼ਿੰਮੇਦਾਰ ਅਹੁਦਿਆਂ ਉਤੇ ਹਨ, ਮੇਰੀ ਗੱਲ ਦੀ ਹਮਾਇਤ ਕਰਨਗੇ।

"ਅਸੀਂ ਤੁਹਾਨੂੰ ਪੜ੍ਹਾਇਆ ਲਿਖਾਇਆ ਅਤੇ ਆਪਣੀ ਫੌਜ ਵਿਚ ਕਮਿਸ਼ਨ ਦਿੱਤਾ। ਅਸੀਂ ਇਥੇ ਰੇਲਾਂ ਚਲਾਈਆਂ, ਸੜਕਾਂ ਬਣਾਈਆਂ, ਪੜ੍ਹਾਉਣ ਲਿਖਾਉਣ ਤੇ ਸਭਿਅਕ ਬਣਾਉਣ ਲਈ ਕੰਮ ਕੀਤੇ। ਅਫ਼ਸੋਸ ਹੈ ਕਿ ਤੁਹਾਨੂੰ ਇਸ ਦਾ ਜ਼ਰਾ ਜਿੰਨਾ ਵੀ ਅਹਿਸਾਸ ਨਹੀਂ। ਤੁਹਾਡਾ ਅਖੌਤੀ ਕੌਮੀ ਪ੍ਰੈਸ ਦਿਨ ਰਾਤ ਸਾਨੂੰ ਕੋਸਦਾ ਰਹਿੰਦਾ ਹੈ। ਹਵਾ ਵਿਚ 'ਅੰਗਰੇਜ਼ੋ! ਭਾਰਤੀ ਛੱਡੋ' ਦੇ ਨਾਹਰੇ ਗੂੰਜ ਰਹੇ ਹਨ। ਤੁਸੀਂ ਲੋਕ ਕਿੰਨੇ ਅਹਿਸਾਨ-ਫਰਾਮੋਸ਼ ਹੋ। ਪਹਿਲਾਂ ਕਾਸੇ ਜੋਗੇ ਹੋ ਜਾਓ, ਫਿਰ ਕੋਈ ਮੰਗ ਕਰਿਓ।" ਆਕਸਫੋਰਡ ਯੂਨੀਵਰਸਿਟੀ ਦੇ ਇਕ ਬੀ.ਏ. ਪਾਸ ਜਿਸ ਨੂੰ ਜਬਰਨ ਫੌਜ ਵਿਚ ਭਰਤੀ ਹੋਣਾ ਪਿਆ ਸੀ, ਤੇ ਜਿਹੜਾ ਆਪਣੇ ਆਪ ਨੂੰ ਬਰਤਾਨੀਆ ਦੀਆਂ ਉਦਾਰ ਪਰੰਪਰਾਵਾਂ ਦਾ ਪ੍ਰਤੀਨਿਧ ਸਮਝਦਾ ਸੀ, ਨੇ ਇਕ ਦਿਨ ਮੈਨੂੰ ਸਮਝਾਇਆ, "ਜਿਸ ਦਿਨ ਅਸੀਂ ਇਸ ਬੇਭਾਗੇ ਦੇਸ਼ ਨੂੰ ਛੱਡ ਜਾਵਾਂਗੇ, ਤੁਸੀਂ

## ਜੰਗ-ਏ-ਆਜ਼ਾਦੀ

ਇਕ-ਦੂਜੇ ਦਾ ਸਿਰ ਵੱਢਣ ਲੱਗ ਪਉਗੇ।"

ਕਾਨ੍ਹਪੁਰ ਦੇ ਇਕ ਬੈਰਿਸਟਰ ਦਾ ਬੇਟਾ ਲੈਫਟੀਨੈਂਟ ਖਰੇ ਉਥੇ ਬੈਠਾ ਇਹ ਗੱਲਾਂ ਸੁਣ ਰਿਹਾ ਸੀ। ਦੇਖਣ ਨੂੰ ਉਹ ਸ਼ਾਂਤ ਲਗਦਾ ਸੀ ਪਰ ਵਿਚੋਂ ਵਿਚ ਉਬਲ ਰਿਹਾ ਸੀ। ਉਹ ਚੁੱਪ-ਚਾਪ ਆਪਣੀ 'ਮਸ਼ਹੂਰ' ਵਿਸਕੀ ਗਟਕ ਰਿਹਾ ਸੀ। ਮਸ਼ਹੂਰ ਇਸ ਲਈ ਕਿ ਉਹ ਇਸ ਵਿਚ ਗਰਮ ਪਾਣੀ ਤੇ ਨਿੰਬੂ ਮਿਲਾ ਕੇ ਪੀਂਦਾ ਸੀ। ਸਾਡੇ ਵਿਚ ਉਹ ਸਭ ਤੋਂ ਘੱਟ ਸਿਆਸੀ ਸੂਝ ਰੱਖਣ ਵਾਲਾ ਸਮਝਿਆ ਜਾਂਦਾ ਸੀ। ਉਸ ਨੂੰ ਮੌਜੀ ਅਤੇ ਜਵਾਨੀ ਦੇ ਨਸ਼ੇ ਵਿਚ ਚੂਰ ਮਸਤ ਅਫ਼ਸਰ ਸਮਝਿਆ ਜਾਂਦਾ ਸੀ ਪਰ ਇਸ ਦੇ ਨਾਲ ਹੀ ਉਹ ਅਣਖੀਲਾ ਤੇ ਸੰਵੇਦਨਸ਼ੀਲ ਹਿੰਦੁਸਤਾਨੀ ਵੀ ਜ਼ਰੂਰ ਸੀ। ਅਚਾਨਕ ਉਹ ਉਠਿਆ, ਉਸ ਨੇ ਮਿਣ ਕੇ ਦੋ ਕਦਮ ਪੁੱਟੇ ਅਤੇ ਆਪਣਾ ਗਲਾਸ ਉਸ ਉਦਾਰਵਾਦੀ ਅਫ਼ਸਰ ਦੇ ਸਿਰ ਉਤੇ ਡੋਲ੍ਹ ਦਿੱਤਾ। ਇਸ ਤੋਂ ਬਾਅਦ ਉਹ ਚੀਕ ਕੇ ਬੋਲਿਆ, "ਤੁਸੀਂ ਸਾਨੂੰ ਕੁਝ ਨਹੀਂ ਦਿੱਤਾ। ਅਸੀਂ ਆਪਣੀ ਪੜ੍ਹਾਈ ਦਾ ਖਰਚਾ ਦਿੱਤਾ ਹੈ। ਸਾਨੂੰ ਕਮਿਸ਼ਨ ਦੇਣ ਲਈ ਸ਼ੁਕਰੀਆ, ਇਸ ਨਾਲ ਹੀ ਤੁਹਾਡਾ ਸਫ਼ਾਇਆ ਹੋਏਗਾ। ਅਸੀਂ ਹਰ ਰੇਲ, ਸੜਕ ਅਤੇ ਸਿੱਖਿਆ ਸਥਾਨ ਦੀ ਕੀਮਤ ਆਪਣੇ ਖੂਨ ਅਤੇ ਅੱਥਰੂਆਂ ਨਾਲ ਅਦਾ ਕੀਤੀ ਹੈ। ਹਾਂ, ਤੁਸੀਂ ਸਾਨੂੰ ਦਿੱਤੀ ਹੈ ਗਰੀਬੀ ਅਤੇ ਭੁੱਖ, ਸੁਜ਼ਾਕ ਅਤੇ ਆਤਸ਼ਕ।"

"ਪਰ ਸ਼ਰੀਫ਼ਾਂ ਨਾਲ ਗੱਲ ਕਰਨ ਦਾ ਇਹ ਤਾਂ ਕੋਈ ਢੰਗ ਨਹੀਂ।" ਉਦਾਰਵਾਦੀ ਚੀਕ ਰਿਹਾ ਸੀ। ਉਸ ਦੇ ਸਿਰ ਵਿਚੋਂ ਵਿਸਕੀ ਚੋ ਰਹੀ ਸੀ ਅਤੇ ਲਾਲ ਗੱਲ੍ਹਾਂ ਨੂੰ ਭਿਉਂ ਰਹੀ ਸੀ।

ਸਾਡੇ ਵਿਚੋਂ ਖਰੇ ਸਭ ਤੋਂ ਖਰੀ ਗੱਲ ਕਰਨ ਵਾਲਾ ਸੀ। ਅੰਗਰੇਜ਼ਾਂ ਨਾਲ ਪੰਗਾ ਲੈਣ ਵਾਲਿਆਂ ਵਿਚੋਂ ਉਹ ਮੋਹਰੀ ਸੀ।

ਕੈਂਪ ਤੋਂ ਜਾਣ ਵਾਲੀ ਸੜਕ ਘੋੜਿਆਂ ਤੇ ਘੋੜ ਸਵਾਰਾਂ ਲਈ ਬੰਦ ਸੀ ਪਰ ਅੰਗਰੇਜ਼ ਅਫ਼ਸਰਾਂ ਦੀ ਜੁੱਤੀ ਵੀ ਇਸ ਨਿਯਮ ਨੂੰ ਨਹੀਂ ਸੀ ਜਾਣਦੀ। ਖਰੇ ਨੇ ਵੀ ਇਸ ਤਰ੍ਹਾਂ ਹੀ ਕਰਨ ਦਾ ਫੈਸਲਾ ਕੀਤਾ।

ਉਸ ਨੂੰ ਘੋੜ ਸਵਾਰੀ ਦਾ ਕੋਈ ਖਾਸ ਸ਼ੌਕ ਨਹੀਂ ਸੀ ਪਰ ਉਹ ਦੇਖਣਾ ਚਾਹੁੰਦਾ ਸੀ ਕਿ ਭਾਰਤੀ ਅਫ਼ਸਰ ਨੂੰ ਵੀ ਇਹ ਨਿਯਮ ਤੋੜਨ ਦਿੱਤਾ ਜਾਵੇਗਾ ਕਿ ਨਹੀਂ? ਸਰਪੱਟ ਘੋੜਾ ਦੁੜਾਉਂਦੇ ਹੋਏ ਖਰੇ ਨੂੰ ਕਮਾਂਡੈਂਟ ਦੇ ਦਫ਼ਤਰ ਸਾਹਮਣੇ ਅੰਗਰੇਜ਼ ਅਰਦਲੀ ਅਫ਼ਸਰ ਨੇ ਰੋਕ ਲਿਆ। ਉਸ ਵੇਲੇ ਮੈਂ ਆਪਣਾ ਚਿੱਠੀ ਪੱਤਰ ਵੇਖਣ ਲਈ ਉਥੇ ਆਇਆ ਹੋਇਆ ਸੀ। ਮੇਜਰ ਲੋ, ਜਿਹੜਾ ਹਿੰਦੁਸਤਾਨੀ ਅਫ਼ਸਰ ਸੀ ਤੇ ਹੁਣ ਭਾਰਤੀ ਫੌਜ ਵਿਚ ਜਨਰਲ ਹੈ, ਨਾਲ ਖਰੇ ਦੀ ਤੂੰ ਤੂੰ ਮੈਂ ਮੈਂ ਹੋ ਗਈ ਕਿਉਂਕਿ ਅੰਗਰੇਜ਼ੀ ਸਾਮਰਾਜਵਾਦ ਦੀ ਵਫਾਦਾਰੀ ਵਿਚ ਮੇਜਰ ਲੋ ਅੰਗਰੇਜ਼ਾਂ ਦੇ ਵੀ ਕੰਨ ਕੁਤਰਦਾ ਸੀ ਅਤੇ ਇਹ ਗੱਲ ਸਾਨੂੰ ਪਤਾ ਸੀ।

"ਇਸ ਨੂੰ ਗ੍ਰਿਫ਼ਤਾਰ ਕਰ ਲਓ।" ਮੇਜਰ ਲੋ ਨੇ ਹੁਕਮ ਦਿੱਤਾ। ਇਸ ਤੋਂ ਬਾਅਦ ਖਰੇ ਨੂੰ ਇਕ ਅੰਗਰੇਜ਼ ਅਫ਼ਸਰ ਦੀ ਦੇਖ ਰੇਖ ਵਿਚ ਕੁਆਰਟਰਾਂ ਵੱਲ ਤੋਰ ਦਿੱਤਾ ਗਿਆ।

ਕੈਂਪ ਵਿਚ ਇਹ ਖ਼ਬਰ ਅੱਗ ਵਾਂਗ ਫੈਲ ਗਈ। ਤਮਾਮ ਭਾਰਤੀ ਅਫ਼ਸਰ ਉਤੇਜਿਤ ਹੋ ਗਏ, ਭੜਕ ਪਏ।

ਉਸੇ ਸ਼ਾਮ ਮੈਂ ਆਪਣੇ ਪਠਾਣ ਬੈਰ੍ਹੇ ਅਬਦੁਲ ਨੂੰ ਭੇਜ ਕੇ ਚਾਰ ਭਾਰਤੀ ਅਫ਼ਸਰਾਂ ਨੂੰ ਆਪਣੇ ਕਮਰੇ ਵਿਚ ਬੈਠ ਕੇ ਪੀਣ ਦੀ ਦਾਅਵਤ ਦਿੱਤੀ। ਮੁਆਫ ਕਰਨਾ, ਮੈਂ ਉਨ੍ਹਾਂ ਦੇ ਨਾਮ ਨਹੀਂ ਦੱਸ ਸਕਦਾ ਕਿਉਂਕਿ ਉਹ ਦਲੇਰ ਅਤੇ ਵਤਨਪ੍ਰਸਤ ਅਫ਼ਸਰ ਹਾਲੇ ਵੀ ਭਾਰਤੀ ਫੌਜ ਵਿਚ ਜ਼ਿੰਮੇਵਾਰ ਅਹੁਦਿਆਂ 'ਤੇ ਹਨ।

ਹਿੰਦੁਸਤਾਨੀ ਅਫ਼ਸਰਾਂ ਦੀ ਬੇਚੈਨੀ ਨੂੰ ਜਥੇਬੰਦ ਕਰਨ ਦਾ ਇਹ ਪਹਿਲਾ ਯਤਨ ਸੀ। ਕਮਰਾ ਅੰਦਰੋਂ ਬੰਦ ਕਰ ਕੇ ਅਸੀਂ ਅੰਗੀਠੀ ਨੇੜਲੇ ਕੋਨੇ ਵਿਚ ਬੈਠੇ ਪੀ ਰਹੇ ਸਾਂ ਅਤੇ ਸਾਜ਼ਿਸ਼ ਕਰ ਰਹੇ ਸਾਂ। ਅਸੀਂ ਫੌਜ ਵਿਚ ਰਹਿ ਕੇ ਇਹੋ ਜਿਹਾ ਕੰਮ ਕਰਨ ਉਪਰੰਤ ਪੈਦਾ ਹੋਣ ਵਾਲੇ ਖਤਰਿਆਂ ਤੋਂ ਜਾਣੂ ਸਾਂ। ਫੌਜ ਵਿਚ ਅਧਿਕਾਰੀਆਂ ਨਾਲ ਸਮੂਹਕ ਸੌਦਾ ਕਰਨ ਦੀ ਕੋਸ਼ਿਸ਼ ਨੂੰ ਵੀ ਵਿਦਰੋਹ ਕਿਹਾ ਜਾਂਦਾ ਹੈ। ਵਿਦਰੋਹ ਦੀ ਸਾਜ਼ਿਸ਼ ਕਰਨਾ ਅਤੇ ਇਸ ਉਦੇਸ਼ ਲਈ ਜਥੇਬੰਦੀ ਬਣਾਉਣਾ ਤਾਂ ਐਸਾ ਅਪਰਾਧ ਹੈ ਜਿਸ ਦੇ ਬਦਲੇ ਕਿਸੇ ਅਫ਼ਸਰ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਅਸੀਂ ਇਹ ਗੱਲ ਜਾਣਦੇ ਸਾਂ ਅਤੇ ਭੈੜੇ ਤੋਂ ਭੈੜੇ ਨਤੀਜੇ ਲਈ ਵੀ ਤਿਆਰ ਸਾਂ।

***(ਬਾਕੀ ਅਗਲੇ ਸਫੇ 'ਤੇ)***

## ਚਲਦੇ-ਚਲਦੇ

# ਖੇਡ ਖੇਡ ਵਿਚ

'ਨੱਪ ਕੇ ਰੱਖੀਂ, ਮਸਲ ਦੇ ਇਹਨੂੰ...ਬਾਹਲਾ ਤਿੜਿਆ ਸੀ', ਇਕ ਜਾਫੀ ਛੁੱਟਣ ਲਈ ਤਰਲੋਮੱਛੀ ਹੋਏ ਰੇਡਰ ਨੂੰ ਢਾਹੀ ਬੈਠਾ ਹੈ ਅਤੇ ਉਸ ਦੇ ਹਮਾਇਤੀ ਹੱਲਾਸ਼ੇਰੀ ਦੇ ਰਹੇ ਹਨ। ਬਾਹਰ ਖੜ੍ਹਿਆਂ ਦਾ ਵੀ ਪੂਰਾ ਜੋਰ ਲੱਗ ਰਿਹਾ ਹੈ। ਕਬੱਡੀ ਦਾ ਮੈਚ ਹੈ, ਤੇ ਫਰਿਜ਼ਨੋ ਦੇ ਗਰਾਊਂਡ ਵਿਚ ਪੰਜਾਬੀ ਮੁੰਡੇ, ਗੱਭਰੂ ਅਤੇ ਬਜੁਰਗ ਪੱਬਾਂ ਭਾਰ ਖੜ੍ਹੇ ਵੇਖ ਰਹੇ ਹਨ। ਪ੍ਰਬੰਧਕਾਂ ਦੇ ਲਾਏ ਛੋਲੇ ਭਠੂਰਿਆਂ ਦੇ ਲੰਗਰ 'ਚ ਵੀ ਚਹਿਲ-ਪਹਿਲ ਹੈ ਅਤੇ ਕੁਲਫੀਆਂ ਵਾਲੇ ਨੇ ਵੀ ਮਾਹੌਲ 'ਚ ਮਿਠਾਸ

**ਅਵਤਾਰ ਗੋਂਦਾਰਾ**
ਫੋਨ: 559-375-2589

ਘੋਲੀ ਹੋਈ ਹੈ। ਕਈ ਢਾਣੀਆਂ ਬਣਾ ਕੇ ਤਬਸਰਾ ਕਰ ਰਹੇ ਹਨ, ਕਿਤੇ ਕਿਤੇ ਕਬੱਡੀ ਦੇ ਮੈਦਾਨ ਵਿਚ ਪੈਂਦਾ ਰੌਲਾ ਉਨ੍ਹਾਂ ਦਾ ਧਿਆਨ ਖਿਚਦਾ ਹੈ। ਇਹ ਟੂਰਨਾਮੈਂਟ ਘੱਟ, ਮੇਲਾ ਜਿਆਦਾ ਹੈ। ਗਰਾਂਈਂ, ਰਿਸ਼ਤੇਦਾਰ, ਪੁਰਾਣੇ ਬੇਲੀ ਅਤੇ ਹਮ ਖਿਆਲ ਮਿਲ ਰਹੇ ਹਨ। ਅੱਖ ਬਚਾਉਂਦਿਆਂ, ਪਾਰਕਿੰਗ ਵਿਚ ਜਾ ਕੇ, ਕਈ ਨਿੱਕਾ ਨਿੱਕਾ ਹਾੜਾ ਵੀ ਲਾ ਰਹੇ ਹਨ। ਨਾਂ ਵੀ ਠੀਕ ਹੀ ਰੱਖਿਆ ਹੈ, ਕਬੱਡੀ ਮੇਲਾ। ਖੇਡਣ ਵਾਲਿਆਂ ਖੇਡੀ ਜਾਣਾ ਹੈ ਅਤੇ ਮਿਲਣ ਵਾਲਿਆਂ ਮਿਲ ਲੈਣਾ ਹੈ।

ਸ਼ਾਇਰ ਸੰਤੋਖ ਮਿਨਹਾਸ ਕਹਿੰਦਾ ਹੈ ਕਿ ਹੁਣ ਖੇਡਾਂ, ਖੇਡਾਂ ਨਹੀਂ ਰਹੀਆਂ, ਇਹ ਵਪਾਰ ਬਣ ਗਈਆਂ ਹਨ, ਇਕ ਪੇਸ਼ਾ। ਖਿਡਾਰੀ ਖੇਡਣ ਲਈ ਪੈਸੇ ਲੈਂਦੇ ਹਨ ਅਤੇ ਇਨਾਮ ਵਿਚ ਮਿਲਣ ਵਾਲੇ, ਸ਼ੀਲਡਾਂ ਜਾਂ ਕੱਪ ਨਾਲੋ ਅੱਖ ਵੱਡੀ ਰਾਸ਼ੀ 'ਤੇ ਹੁੰਦੀ ਹੈ। ਕੋਲ ਖੜ੍ਹੇ ਗੀਤਕਾਰ ਹਰਜਿੰਦਰ ਕੰਗ ਨੇ ਹਮੇਸ਼ਾਂ ਵਾਂਗ ਇਕ ਟੋਟਕਾ ਸੁਣਾ ਕੇ ਉਸ ਦੀ ਪੁਸ਼ਟੀ ਕੀਤੀ। ਇਕ ਵਾਰ ਕਬੱਡੀ ਮੈਚ ਵਿਚ ਇਕੋ ਖਿਡਾਰੀ ਮੈਦਾਨ ਵਿਚ ਆ ਉਤਰਿਆ। ਵਿਰੋਧੀ ਟੀਮ ਕਹਿੰਦੀ ਖਿਡਾਰੀ ਲਿਆ। ਉਹ ਕਹਿੰਦਾ ਲਿਆਉਣ ਦੀ ਲੋੜ ਨਹੀਂ, ਥੋਡੇ 'ਚੋਂ ਹੀ ਲੈ ਲੈਣੇ ਆ। ਉਹ ਕਹਿੰਦੇ ਇਹ ਕਿਵੇਂ ਹੋਜੂ। ਜਦੋਂ ਬੋਲੀ ਸ਼ੁਰੂ ਹੋਈ, ਇਕ ਇਕ ਕਰਕੇ ਸਾਰੇ ਖਿਡਾਰੀ ਵਿਕ ਗਏ। ਕੱਲਾ ਤਿਕੜਮਬਾਜ, ਖੜੇ ਪੈਰ, ਟੀਮ ਬਣਾ ਕੇ, ਪਹਿਲਵਾਨੀ ਗੇੜੇ ਕੱਢਣ ਲੱਗਾ।

ਹੁਣ ਖਿਡਾਰੀ ਪਿੰਡ, ਸ਼ਹਿਰ, ਇਲਾਕੇ ਜਾਂ ਮੁਲਕ ਦਾ ਨਾਂ ਉਚਾ ਕਰਨ ਲਈ ਨਹੀਂ ਖੇਡਦੇ, ਪੈਸੇ ਕਮਾਉਣ ਲਈ ਖੇਡਦੇ ਹਨ। ਖੇਡ ਕੋਈ ਹੋਵੇ, ਖਿਡਾਰੀਆਂ ਦੇ ਪੈਸੈ ਲੈ ਕੇ ਖੇਡਣ ਦੀ ਗੱਲ ਕੋਈ ਲੁਕੀ ਛੁਪੀ ਨਹੀਂ। ਇਸ ਮਸਲੇ 'ਚ ਕ੍ਰਿਕਟ ਦਾ ਨਾਂ ਸ੍ਹੱਰੇ-ਫਹਿਰਿਸ਼ਤ ਹੈ। 'ਕੈਲੀਫੋਰਨੀਆ ਕਬੱਡੀ ਫੈਡਰੇਸ਼ਨ' ਵਲੋਂ ਕਰਵਾਏ ਗਏ ਟੂਰਨਾਮੈਂਟ ਦਾ ਆਖਰੀ ਮੈਚ ਘੁਸਮੁਸੇ ਵਿਚ ਖੇਡਿਆ ਗਿਆ। ਹਮਾਇਤੀਆਂ ਦੇ ਵਾਰ ਵਾਰ ਦਖਲ ਨਾਲ ਰੌਲਾ ਪੈ ਰਿਹਾ ਸੀ। ਅਫਰਾ-ਤਫਰੀ ਸੀ। ਪ੍ਰਬੰਧਕ ਅਤੇ ਖਿਡਾਰੀ ਪਾਲੇ ਵਿਚ ਇੰਜ ਫਿਰ ਰਹੇ ਸਨ, ਜਿਵੇਂ ਵਿਆਹ ਵਿਚ ਨਾਨਕਾ ਮੇਲ। ਸਟੇਕ ਵੱਡਾ ਸੀ, ਜਿੱਤਣ ਵਾਲੀ ਟੀਮ ਨੂੰ ਤੇਰਾਂ ਅਤੇ ਹਾਰਨ ਵਾਲੀ ਨੂੰ ਗਿਆਰਾਂ ਹਜਾਰ ਡਾਲਰ ਮਿਲਣੇ ਸਨ।

ਇਨ੍ਹਾਂ ਕਬੱਡੀ ਮੇਲਿਆਂ 'ਚ ਅਕਸਰ ਰੈਫਰੀ ਅਤੇ ਕੁਮੈਂਟੇਟਰ ਵਜੋਂ ਹਾਜਰੀ ਲੁਆਉਂਦੇ ਗੁਰਮੇਲ ਦਿਆਲ ਨੇ ਦੱਸਿਆ ਕਿ ਕਬੱਡੀ ਦੀ ਟੀਮ ਨੂੰ ਤਿਆਰ ਕਰਨ ਲਈ ਤੀਹ ਤੋਂ ਚਾਲੀ ਹਜਾਰ ਡਾਲਰ ਖਰਚ ਹੋ ਜਾਂਦਾ ਹੈ। ਔਕਾਤ ਮੁਤਾਬਿਕ ਖਿਡਾਰੀ ਤਿੰਨ ਤੋਂ ਦਸ ਹਜਾਰ ਡਾਲਰ ਤੱਕ ਵਸੂਲ ਕਰਦੇ ਹਨ। ਇਹ ਖਿਡਾਰੀ ਘੱਟ ਤੇ 'ਉਦਮੀ' ਜਿਆਦਾ ਹਨ। ਵਾਰ ਵਾਰ ਪੈਂਦੇ ਰੌਲੇ ਬਾਰੇ ਉਸ ਦਾ ਕਹਿਣਾ ਸੀ ਕਿ ਖਿਡਾਉਣ ਲਈ, ਅੰਪਾਇਰ ਤਾਂ ਦੋ ਦੋ ਸਨ, ਪਰ ਰੈਫਰੀ ਕੋਈ ਨਹੀਂ ਸੀ, ਜੋ ਰੱਟੇ ਦਾ ਫੈਸਲਾ ਕਰਦਾ।

ਪੁਰਾਣੇ ਬਜੁਰਗਾਂ ਦੀ ਸੋਚ ਸੀ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ, ਉਨ੍ਹਾਂ ਨੂੰ ਖੇਡਾਂ



ਵਿਚ ਲਾਓ। ਹੁਣ ਤਾਂ ਉਲਟ ਹੋਇਆ ਪਿਆ ਹੈ, ਪਹਿਲਵਾਨ ਵੀ ਨਸ਼ਾ ਤਸਕਰੀ ਵਿਚ ਭਾਈਵਾਲ ਬਣੇ ਫਿਰਦੇ ਹਨ। ਖੇਡ-ਭਾਵਨਾ ਗਾਇਬ ਹੈ। ਜੇ ਭਾਵਨਾ ਡਾਲਰ ਕਮਾਉਣਾ ਹੋਵੇ ਤਾਂ ਖੇ, ਖੇਡ ਨਹੀਂ ਰਹਿ ਜਾਂਦੀ, ਵਪਾਰ ਬਣ ਜਾਂਦੀ ਹੈ। ਪੇਸ਼ਾ ਹੋ ਨਿਬੜਦੀ ਹੈ। ਅਜਿਹੀ ਖੇਡ ਖੇਡਦਿਆਂ ਨਸ਼ੇ ਦੀ ਲੋੜ ਰਹਿੰਦੀ ਹੈ। ਖੇਡ ਆਪਣੇ ਆਪ ਵਿਚ ਨਸ਼ਿਆਉਂਦੀ ਨਹੀਂ। ਹੁਣ ਤਾਂ ਖੇਡ ਦੇ ਮੁਹਾਵਰਿਆਂ ਦੇ ਮੂੰਹ 'ਤੇ ਵੀ ਕਾਲਖ ਹੈ। ਜੇ ਕਿਸੇ ਦੀ ਲਾਪਰਵਾਹੀ 'ਤੇ ਕਿੰਤੂ-ਪ੍ਰੰਤੂ ਕਰਨਾ ਹੋਵੇ ਤਾਂ ਆਖੀਦਾ ਹੈ, ਖੇਡਾਂ ਨਾ ਖੇਡ, ਬੰਦਾ ਬਣ। ਜੇ ਕਿਸੇ ਨਾਲ ਕੋਈ ਜਾਣੂੰ ਠੱਗੀ ਮਾਰ ਗਿਆ ਹੋਵੇ ਤਾਂ ਅਕਸਰ ਕਿਹਾ ਜਾਂਦਾ ਹੈ ਕਿ ਉਹ ਤਾਂ ਖੇਡ ਗਿਆ। ਜੇ ਬੇਧਿਆਨੀ ਵਿਚ ਹੀ ਕੁਝ ਮਾੜਾ ਵਾਪਰ ਜਾਵੇ ਤਾਂ ਬੰਦਾ ਕਹਿੰਦਾ ਹੈ ਕਿ ਖੇਡ ਖੇਡ ਵਿਚ ਕੂੰਡਾ ਕਰਵਾ ਲਿਆ।

ਇਹ ਤਾਂ ਹੋਈ ਹਮਾਤੜਾਂ ਦੀ ਗੱਲ। ਪਰ ਸਿਆਣੇ ਕੀ ਕਹਿੰਦੇ ਹਨ, ਉਨ੍ਹਾਂ ਦੀ ਵੀ ਸੁਣੀਏ। ਮਾਰਕ ਟਵੇਨ ਕਹਿੰਦਾ ਹੈ ਕਿ ਲੋੜ ਲਈ ਕੀਤਾ ਗਿਆ ਕਾਰਜ 'ਕੰਮ' ਹੈ ਅਤੇ ਮੌਜ ਵਿਚ ਕੀਤਾ ਗਿਆ ਖੇਡ। ਮਨੋਰੰਜਨ ਜਾਂ ਦਿਲ ਪ੍ਰਚਾਵੇ ਲਈ ਕੀਤੀ ਸਰਗਰਮੀ ਹੀ ਖੇਡ ਦੀ ਕੋਟੀ ਵਿਚ ਆਉਂਦੀ ਹੈ। ਇਸ ਵਿਚ ਆਪਮੁਹਾਰਾਪਨ ਹੁੰਦਾ ਹੈ। ਇਸ ਨਾਲ ਤਨ-ਮਨ ਖਿੜਦਾ ਹੈ। ਬੰਦੇ ਦੀ ਜ਼ਿੰਦਗੀ ਵਿਚ ਖੇਡ ਸ਼ਾਮਲ ਕਿਵੇਂ ਹੋਈ ਤੇ ਕਿਵੇਂ ਉਹ ਆਪਣਾ ਅਸਲਾ ਗਵਾ ਬੈਠੀ? ਇਹ ਕਹਾਣੀ ਵੀ ਬੜੀ ਦਿਲਚਸਪ ਹੈ। ਸਪੈਂਸਰ ਨਾਂ ਦਾ ਵਿਦਵਾਨ ਕਹਿੰਦਾ ਹੈ ਕਿ ਖੇਡ ਦਾ ਮੁਖ ਲੱਛਣ ਇਹ ਹੈ ਕਿ ਇਸ ਦਾ ਰੋਜੀ ਰੋਟੀ ਨਾਲ ਕੋਈ ਵਾਸਤਾ ਨਹੀਂ। ਖੇਡਦਿਆਂ ਖਿਡਾਰੀ ਸਾਹਮਣੇ ਕੋਈ ਸੁਆਰਥ ਨਹੀਂ ਹੁੰਦਾ। ਇਹ ਗੱਲ ਠੀਕ ਹੈ ਕਿ ਖੇਡ ਖੇਡਦਿਆਂ ਖਿਡਾਰੀ ਦਾ ਜੁੱਸਾ ਤਕੜਾ ਹੁੰਦਾ ਹੈ ਤੇ ਉਸ ਦੀ ਨਸਲ ਨੂੰ ਵੀ ਫਾਇਦਾ ਹੁੰਦਾ ਹੈ। ਬਿੱਲੀ ਜਦੋਂ ਖੁਰਾਕ ਲਈ ਚੂਹੇ ਮਗਰ ਭਜਦੀ ਹੈ ਤਾਂ ਇਸ ਵਿਚ ਉਸ ਦਾ ਸੁਆਰਥ ਹੈ, ਪਰ ਇਹੀ ਬਿੱਲੀ ਜਦੋਂ ਖਿੱਦੋ ਮਗਰ ਦੌੜਦੀ ਹੈ ਤਾਂ ਖੇਡ ਬਣ ਜਾਂਦੀ ਹੈ। ਸਪੈਂਸਰ ਦਾ ਕਹਿਣਾ ਹੈ ਕਿ ਜੀਵਨ ਨਿਰਬਾਹ ਵਿਚ ਜੀਵ ਦੀ ਸਾਰੀ ਊਰਜਾ ਖਤਮ ਨਹੀਂ ਸੀ ਹੁੰਦੀ। ਵਾਧੂ ਬਚੀ ਊਰਜਾ ਨੂੰ ਖਾਰਜ ਕਰਨ ਲਈ ਖੇਡ ਦਾ ਵਰਤਾਰਾ ਹੋਂਦ ਵਿਚ ਆਇਆ। ਸ਼ਿਕਾਰੀ ਜਾਨਵਰ, ਵਿਹਲੇ ਪਲਾਂ 'ਚ ਝੂਠ-ਮੂਠ ਦੀ ਲੜਾਈ ਤੇ ਸ਼ਿਕਾਰ ਕਰਦੇ ਹਨ। ਇਹ ਉਨ੍ਹਾਂ ਦੀ ਖੇਡ ਹੈ।

ਸ਼ਬਦ ਕੋਸ਼ਾਂ ਵਿਚ ਖੇਡ ਦੇ ਪੰਜ ਗੁਣ ਦਰਜ ਹਨ। ਮਨੋਰੰਜਨ, ਲਾਲਚ ਦੀ ਅਣਹੋਂਦ, ਆਪਮੁਹਾਰਾਪਨ, ਪ੍ਰਤੀਬੱਧਤਾ ਅਤੇ ਦੋਸਤਾਨਾ ਵਿਰੋਧ। ਜੇ ਇਨ੍ਹਾਂ ਵਿਚੋਂ ਇਕ ਵੀ ਗੈਰਹਾਜਰ ਹੋਵੇ ਤਾਂ ਸਰਗਰਮੀ ਖੇਡ ਨਹੀਂ ਰਹਿੰਦੀ। ਮਨੋਵਿਗਿਆਨੀ ਕਹਿੰਦੇ ਹਨ, ਖੇਡ ਰਾਹੀਂ ਕਈ ਮੂਲ-ਪ੍ਰਵਿਰਤੀਆਂ ਦੀ ਖਲਾਸੀ ਹੁੰਦੀ ਹੈ। ਸਾਡੀ ਮਾਰੂ ਰੁਚੀ ਦੀ ਖੇਡ ਰਾਹੀਂ ਕਾਇਆਕਲਪ ਹੋ ਜਾਂਦੀ ਹੈ। ਕ੍ਰੋਧ ਅਤੇ ਗੁੱਸੇ ਦੀ ਊਰਜਾ-ਖੇਡ ਵਿਚ ਸਦਗੁਣ ਹੋ ਨਿਬੜਦੀ ਹੈ। ਇਨ੍ਹਾਂ ਪ੍ਰਵਿਰਤੀਆਂ ਤੋਂ ਵਿਰਵੇ ਖਿਡਾਰੀ ਚੰਗੇ ਰੇਡਰ ਤੇ ਜਾਫੀ ਨਹੀਂ ਬਣ ਸਕਦੇ। ਉਹ ਤਾੜੀਆਂ ਮਾਰਨ ਵਾਲੇ ਦਰਸ਼ਕ ਤਾਂ ਹੋ ਸਕਦੇ ਹਨ। ਦਰਸ਼ਕਾਂ ਦੇ ਮਨਾਂ ਵਿਚ ਦੱਬਿਆ ਹੋਇਆ ਗੁੱਸਾ ਅਤੇ ਕ੍ਰੋਧ, ਖਿਡਾਰੀਆਂ ਦੀਆਂ ਝੜਪਾਂ ਵੇਖ ਕੇ ਰਿਸ ਜਾਂਦਾ ਹੈ। ਉਹ ਨਿੱਸਲ ਹੋ ਜਾਂਦੇ ਹਨ। ਮੇਰੀਆਂ ਅੱਖਾਂ ਸਾਹਵੇਂ ਫਰੀਦਕੋਟ ਨੇੜਲੇ ਪਿੰਡ ਕੰਮੇਆਣਾ ਵਿਚ ਹੁੰਦੀ ਸੀਲ ਕੁਕੜਾਂ ਦੀ ਲੜਾਈ ਦਾ ਦ੍ਰਿਸ਼ ਸਾਕਾਰ ਹੋਣ ਲਗਦਾ ਹੈ। ਕੁੱਕੜ ਤੜਾਂ ਮਾਰ ਰਹੇ ਹਨ। ਉਨ੍ਹਾਂ ਦੀਆਂ ਕਲਗੀਆਂ ਲਹੂ ਲੁਹਾਣ ਹਨ। ਘੇਰਾ ਬਣਾਈ ਬੈਠੇ ਦਰਸ਼ਕ, ਪੱਬਾਂ ਭਾਰ, ਸਪਰਿੰਗਾਂ ਵਾਂਗ ਬੁੜਕ ਰਹੇ ਹਨ। ਉਨ੍ਹਾਂ ਦਾ ਜੋਰ ਕੁਕੜਾਂ ਨਾਲੋਂ ਜਿਆਦਾ ਲੱਗ ਰਿਹਾ ਹੈ। ਇਸੇ ਪ੍ਰਵਿਰਤੀ ਦੇ ਧੱਕੇ ਅਸੀਂ ਕੁੱਕੜਾਂ ਤੇ ਸ਼ਤਰਿਆਂ ਦੇ ਹਿੰਸਕ ਭੇੜ ਨੂੰ ਵੀ ਖੇਡ ਬਣਾ ਧਰਿਆ ਹੈ।

ਖੇਡ ਮੇਲਿਆਂ ਵਿਚ ਸਾਡੀ 'ਇੱਜੜ' ਵਾਲੀ ਭੁੱਖ ਵੀ ਤੁਸ਼ਟ ਹੁੰਦੀ ਹੈ। ਮੇਲੇ ਇਕੱਲ ਦੀ ਕੰਧ ਢਾਹੁੰਦੇ ਹਨ। ਕਿੰਨੇ ਬੰਦੇ ਮਿਲਦੇ ਆ ਮੇਲੇ ਵਿਚ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਪ੍ਰਿੰ. ਸਰਵਣ ਸਿੰਘ ਨਾਲ ਵੀ ਮੁਲਾਕਾਤ ਹੋਈ। ਖੜਿਆਂ ਖੜਿਆਂ ਮਹਿਫਿਲ ਜੰਮ ਗਈ। ਰੇਡੀਓ ਮੇਜ਼ਬਾਨਾਂ ਦੀ ਢਾਣੀ, ਡਾ. ਜੋਸਨ, ਬਾਸੀ, ਹੈਰੀ ਮਾਨ ਅਤੇ ਕਾਲਮਨਵੀਸ ਭੁਪਿੰਦਰ ਪੰਧੇਰ ਦੇ ਨਾਲ ਨਾਲ ਉਦਮੀ ਸੁਦਰਸ਼ਨ ਸ਼ਰਮਾ ਵੀ ਆ ਗਿਆ। ਸਾਧੂ ਸੰਘਾ ਤੇ ਨਿਰਮਲ ਧਨੌਲਾ 'ਸੇਵਾ-ਪਾਣੀ' ਪੁਛ ਰਹੇ ਸਨ। ਜਦੋਂ ਪ੍ਰਿੰ. ਸਰਵਣ ਸਿੰਘ ਨੇ ਸ਼ਰਮੇ ਦਾ ਹਾਲ ਚਾਲ ਪੁੱਛਿਆ, ਤਾਂ ਕਹਿੰਦਾ, 'ਮੈਂ ਸੋਚਿਐ, ਕਾਹਦੇ ਵਾਸਤੇ ਭੱਜਿਆਂ ਫਿਰਦਾਂ, ਬਥੇਰੀ ਹੋਗੀ, ਹੁਣ ਬਰੇਕਾਂ ਮਾਰ ਲਈਏ'। ਕੋਲ ਖੜਾ ਕੰਗ ਕਹਿਣ ਲੱਗਾ, 'ਬ੍ਰੇਕਾਂ ਤਾਂ ਕਾਹਨੂੰ ਮਾਰਨੀਆਂ, ਸਲੋਅ ਕਰ ਲਓ।' ਤਾਲਸਤਾਏ ਦੀ ਕਹਾਣੀ ਦੇ ਹਵਾਲੇ ਨਾਲ ਪ੍ਰਿੰ. ਸਰਵਣ ਸਿੰਘ ਨੇ ਜੀਵਨ ਦਰਸ਼ਨ ਦੀ ਕਥਾ ਛੇੜ ਲਈ। ਲਿਖਤ ਵਾਂਗ ਉਸ ਦੀ ਗੱਲਬਾਤ ਵਿਚ ਵੀ ਕਥਾ-ਰਸ ਹੈ। ਕਹਿੰਦਾ, 'ਸ਼ਰਮੇ ਨੇ ਮੈਨੂੰ ਯਾਦ ਕਰਵਾ ਦਿੱਤਾ। ਜਦੋਂ ਕਾਲਜ ਪੜ੍ਹਦੇ ਸੀ। ਤਾਲਸਤਾਏ ਦੀ ਕਹਾਣੀ ਲੱਗੀ ਹੋਈ ਸੀ, 'How much land a man needs?' ਇਕ ਕਿਸਾਨ ਕੋਲ ਦਸ ਕਿੱਲੇ ਜਮੀਨ ਸੀ। ਸਾਰਾ ਟੱਬਰ ਕੰਮ ਕਰਦਾ। ਗੁਜਾਰਾ ਹੋਈ ਜਾਂਦਾ। ਹੌਲੀ ਹੌਲੀ ਨਾਲ ਲਗਦੀ ਜਮੀਨ ਖਰੀਦਣੀ ਸ਼ੁਰੂ ਕਰ ਦਿਤੀ। ਸੌ ਕਿੱਲਾ ਬਣਾ ਲਿਆ। ਨਾਲ ਸਾਧਾਂ ਦਾ ਡੇਰਾ ਸੀ। ਉਹ ਕਹਿੰਦੇ, ਕਿੰਨੀ ਜਮੀਨ ਚਾਹੀਦੀ ਹੈ? ਕਿਸਾਨ ਕਹਿੰਦਾ, ਜਿੰਨੀ ਮਰਜੀ ਦੇ ਦਿਓ। ਸਾਧ ਕਹਿੰਦੇ, 'ਤੂੰ ਆਵਦੇ ਵਾਲੀ ਸਾਨੂੰ ਦੇ ਦੇ, ਇਹਦੇ 'ਚ ਡੇਰਾ ਬਣਾ ਲੈਂਦੇ ਹਾਂ। ਤੇ ਡੇਰੇ ਵਾਲੀ ਜਮੀਨ 'ਚੋਂ ਜਿੰਨੀ ਮਰਜੀ ਹੈ ਵਲ ਲੈ।' ਕਿਸਾਨ ਨੂੰ ਲੱਗਿਆ ਕਿ ਸਾਧ ਕਮਲੇ ਆ। ਮੈਂ ਤਾਂ ਸ਼ਾਮ ਨੂੰ ਹਜਾਰਾਂ ਏਕੜ ਵਲ ਲੂੰ, ਦੇਣੇ ਸੌ ਕਿਲੇ ਆ। ਉਨ੍ਹਾਂ ਨੇ ਇਕ ਸ਼ਰਤ ਲਾਈ ਕਿ ਦਿਨ ਚੜਦੇ ਤੋਂ ਲੈ ਕੇ ਛਿਪਣ ਤਕ ਜਿਥੋਂ ਤੁਰਿਆ ਸੀ, ਉਥੇ ਮੁੜ ਕੇ ਆਉਣਾ ਪਊ, ਨਹੀਂ ਤਾਂ ਤੇਰਾ ਸੌ ਕਿਲਾ ਸਾਡਾ। ਕਹਿੰਦਾ, ਠੀਕ ਹੈ। ਪਹਿਲਾਂ ਤਾਂ ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਸਵੇਰੇ ਹੀ ਉਠ ਕੇ ਬੈਠ ਗਿਆ। ਸ਼ੂਟ ਵੱਟ ਕੇ ਭੱਜਿਆ।

ਸਾਧ ਕਹਿੰਦੇ, ਡੱਕਾ ਸਿੱਟਦਾ ਜਾਈਂ, ਵੱਟ ਪਾਉਣੀ ਸੁਖਾਲੀ ਰਹੂ। ਕਿਸਾਨ ਭੱਜਿਆ ਜਾਂਦੈ, ਜਮੀਨ ਚੰਗੀ ਆਉਂਦੀ ਗਈ, ਉਹਦੀ ਤਮਾ ਵਧਦੀ ਗਈ। ਭੁੱਖਾ, ਥੱਕਿਆ ਉਹ ਭੱਜਿਆ ਜਾ ਰਿਹਾ ਹੈ। ਦਿਨ ਢਲੇ ਉਹ ਡਿੱਗਦਾ ਢਹਿੰਦਾ ਸ਼ੁਰੂ ਵਾਲੇ ਥਾਂ 'ਤੇ ਆ ਗਿਆ। ਸਾਧ ਕਹਿੰਦੇ ਤੈਨੂੰ ਬਹੁਤ ਵਧਾਈ, ਇਹ ਜਮੀਨ ਤੇਰੀ ਹੋਈ। ਉਹ ਏਨਾ ਥੱਕ ਗਿਆ ਸੀ ਕਿ ਨਿਢਾਲ ਹੋ ਕੇ ਭੁੰਜੇ ਡਿਗ ਪਿਆ, ਤੇ ਪ੍ਰਾਣ ਤਿਆਗ ਦਿੱਤੇ। ਉਸ ਲਈ ਕਬਰ ਪੁੱਟੀ ਗਈ। ਸੱਥਰ 'ਤੇ ਬੈਠੇ ਸੋਗੀ ਗੱਲਾਂ ਕਰਨ ਲੱਗੇ, ਉਸ ਨੂੰ ਜਮੀਨ ਤਾਂ ਏਨੀ ਕੁ ਚਾਹੀਦੀ ਸੀ, ਉਹ ਕਾਹਦੇ ਪਿੱਛੇ ਭੱਜਿਆ ਫਿਰਿਆ।

ਸਾਡੇ ਪ੍ਰੋਫੈਸਰ ਨੇ ਕਹਾਣੀ ਦਾ ਤੱਤ ਕੱਢਿਆ ਕਿ ਬੰਦੇ ਦੀ ਲੋੜ ਹੈ ਸਿਰਫ 'ਸਾਢੇ ਤਿੰਨ ਹੱਥ ਜਮੀਨ' ਕਬਰ ਲਈ। ਫਿਰ ਗੋਰਕੀ ਦੀ ਟਿਪਣੀ ਪੜ੍ਹਨ ਦਾ ਮੌਕਾ ਮਿਲਿਆ, ਉਸ ਨੇ ਕਿਹਾ ਕਿ ਕਹਾਣੀ ਇਹ ਸੁਨੇਹਾ ਨਹੀਂ ਦਿੰਦੀ। ਇਹ ਕਹਾਣੀ ਕਹਿੰਦੀ ਹੈ ਕਿ ਮਰੇ ਬੰਦੇ ਨੂੰ 'ਸਾਢੇ ਤਿੰਨ ਹੱਥ' ਤੇ ਜਿਉਂਦੇ ਨੂੰ 'ਸਾਰੀ ਧਰਤੀ' ਚਾਹੀਦੀ ਹੈ। ਫਿਰ ਇਕ ਹੋਰ ਵਿਦਵਾਨ ਦੀ ਲਿਖਤ ਮਿਲੀ ਜਿਸ ਨੇ ਕਿਹਾ ਕਿ ਗੋਰਕੀ ਦੀ ਗੱਲ ਵੀ ਠੀਕ ਨਹੀਂ। ਕਹਾਣੀ ਚੱਜ ਨਾਲ ਪੜ੍ਹੋ। ਇਹ ਗੱਲ ਨਹੀਂ ਦਸਦੀ ਕਿ ਬੰਦੇ ਨੂੰ 'ਸਾਢੇ ਤਿੰਨ ਹੱਥ ਜਮੀਨ' ਚਾਹੀਦੀ ਹੈ ਇਹ ਵੀ ਨਹੀਂ ਦਸਦੀ ਕਿ ਸਾਰੀ ਚਾਹੀਦੀ ਹੈ। ਉਹ ਕਹਿੰਦਾ ਬੰਦੇ ਨੂੰ ਦੋਨੋਂ ਚੀਜਾਂ ਨਹੀਂ ਚਾਹੀਦੀਆਂ। ਪਹਿਲਾ ਪੈਰਾ ਪੜ੍ਹੋ। ਕਿਸਾਨ ਜਿਥੋਂ ਤੁਰਿਆ ਸੀ ਉਸ ਨੇ ਉਥੇ ਪਹੁੰਚਣਾ ਹੈ। ਬੰਦੇ ਦੀ ਲੋਚਾ ਤੇ ਲੋੜਾਂ ਵਿਚ ਟਕਰਾ ਹੈ। ਬੰਦੇ ਦੀਆਂ ਲੋੜਾਂ ਸੀਮਤ ਤੇ ਇਛਾਵਾਂ ਅਸੀਮ ਹਨ, ਬੰਦੇ ਦਾ ਇਹੀ ਸੰਕਟ ਹੈ ਜੋ ਕਹਾਣੀ ਦਸਦੀ ਹੈ। ਪ੍ਰਿੰ. ਹੁਰਾਂ ਗੱਲ ਖਤਮ ਕੀਤੀ। ਉਧਰ ਕੁਮੈਂਟੇਟਰ ਦੀਆਂ ਆਵਾਜਾਂ ਆ ਰਹੀਆਂ ਸਨ ਕਿ ਗੱਭਰੂ ਰੇਡ 'ਤੇ ਚੱਲਿਆ ਹੈ, ਇਕ ਪਾਸੇ 13 ਤੇ ਦੂਜੇ ਪਾਸੇ 11 ਹਜਾਰ ਡਾਲਰ ਦਾ ਸੁਆਲ ਹੈ। ਹੁਣ ਨਿਤਰੂ ਵੜੇਵੇਂ ਖਾਣੀ, ਕੁੰਢੀਆਂ ਦੇ ਸਿੰਗ ਫਸ ਗਏ। ਫਿਰ ਪੁਆਇੰਟ ਪਿਛੇ ਰੌਲਾ ਪੈ ਗਿਆ। ਹਨੇਰਾ ਵਧ ਰਿਹਾ ਸੀ। ਦਰਸ਼ਕ ਖਿੰਡਣੇ ਸ਼ੁਰੂ ਹੋ ਗਏ। ਤਾਲਸਤਾਏ ਦੀ ਕਹਾਣੀ ਦਾ ਮੌਰਲ ਰੌਲੇ ਰੱਪੇ ਵਿਚ ਗੁਆਚ ਰਿਹਾ ਸੀ।

---

# ਅੰਗਰੇਜ਼, ਭਾਰਤੀ ਫੌਜ ਅਤੇ ਦੇਸ਼ ਭਗਤੀ

*(ਪਿਛਲੇ ਸਫੇ ਦੀ ਬਾਕੀ)*

ਅਸੀਂ ਕੰਨਾਂ ਨਾਲ ਮੂੰਹ ਲਾ ਕੇ ਗੱਲਾਂ ਕਰ ਰਹੇ ਸਾਂ। ਭਾਰਤੀ ਅਫ਼ਸਰਾਂ ਨੂੰ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਸਿੱਖਿਆ ਦੇਣੀ, ਉਨ੍ਹਾਂ ਵਿਚਲੀ ਬੇਚੈਨੀ ਨੂੰ ਕਿਸ ਹੱਦ ਤੱਕ ਠੀਕ ਜਥੇਬੰਦਕ ਰੂਪ ਅਤੇ ਦਿਸ਼ਾ ਦੇਣਾ ਆਦਿ ਸਾਡੀਆਂ ਗੱਲਾਂ ਦਾ ਮੁੱਖ ਮੁੱਦਾ ਜਾਂ ਮੁੱਖ ਪ੍ਰੋਗਰਾਮ ਸੀ। ਅੱਧੀ ਰਾਤ ਤੱਕ ਅਸੀਂ ਬੈਠੇ ਵਿਚਾਰ ਵਟਾਂਦਰਾ ਕਰਦੇ ਰਹੇ। ਅਬਦੁਲ ਬਾਹਰ ਖੜ੍ਹਾ ਪਹਿਰਾ ਦੇ ਰਿਹਾ ਸੀ। ਇਹ ਗੱਲ 10 ਫਰਵਰੀ 1942 ਯਾਨਿ ਸਿੰਘਾਪੁਰ ਉਤੇ ਜਪਾਨੀ ਕਬਜ਼ੇ ਤੋਂ ਠੀਕ ਪੰਜ ਦਿਨ ਪਹਿਲਾਂ ਦੀ ਹੈ। ਸੁਭਾਸ਼ ਚੰਦਰ ਬੋਸ ਭਾਰਤ ਤੋਂ ਗਾਇਬ ਹੋ ਚੁੱਕਿਆ ਸੀ। ਦੇਸ਼ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਰਾਸ਼ਟਰੀ ਬੇਚੈਨੀ ਦੀਆਂ ਲਹਿਰਾਂ ਉਠ ਰਹੀਆਂ ਸਨ। ਅਸੀਂ ਇਸ ਪ੍ਰਤੀ ਜਾਗਰੂਕ ਸਾਂ। ਬਿਨਾਂ ਕਿਸੇ ਦੇ ਭੇਜਿਆਂ ਆਪਣੇ ਆਪ ਹੀ ਇਕ ਪੈਗ਼ਾਮ ਸਾਰੇ ਦੇਸ਼ ਵਿਚ ਪਹੁੰਚ ਗਿਆ।

ਸਾਡੇ ਲਈ ਇਹ ਮੌਕਾ ਹੈ। ਇਸ ਤੋਂ ਖੁੰਝਣਾ ਨਹੀਂ। ਗਾਂਧੀ ਜੀ ਹੌਲੀ ਹੌਲੀ ਪਰ ਦ੍ਰਿੜਤਾ ਨਾਲ ਆਪਣੇ ਅਹਿੰਸਾਤਮਕ ਰਾਹ ਉਤੇ ਅੱਗੇ ਵਧ ਰਹੇ ਸਨ ਪਰ ਇਸ ਅਹਿੰਸਾਤਮਕ ਵਿਦਰੋਹ ਵਿਚ ਸਾਡੀ ਹਥਿਆਰਬੰਦ ਫੌਜ ਦੀ ਥਾਂ ਕਿਥੇ ਹੈ? ਇਹ ਗੱਲ ਸਾਡੀ ਸਮਝ ਤੋਂ ਬਾਹਰ ਸੀ। ਇਸ ਮੁੱਦੇ ਬਾਰੇ ਗਾਂਧੀ ਜੀ ਦੇ ਵਿਚਾਰਾਂ ਤੋਂ ਅਸੀਂ ਜਾਣੂ ਸਾਂ। 1930 ਵਿਚ ਚੰਦਰ ਸਿੰਘ ਗੜ੍ਹਵਾਲੀ ਅਤੇ ਉਸ ਦੇ ਸਾਥੀਆਂ ਦੇ ਫੌਜੀ ਵਿਦਰੋਹ ਦੀ ਪਹਿਲੀ ਘਟਨਾ ਵੱਲ ਕਿਸੇ ਨੇ ਧਿਆਨ ਨਹੀਂ ਸੀ ਦਿੱਤਾ। (ਆਪਣੇ ਮੁਸਲਮਾਨ ਦੇਸ਼ ਭਗਤਾਂ ਉਤੇ ਗੋਲੀ ਚਲਾਉਣ ਤੋਂ ਇਨਕਾਰ ਕਰਨ ਦੇ ਰੂਪ ਵਿਚ) ਸਮੇਤ ਕਮਿਊਨਿਸਟ ਪਾਰਟੀ ਦੇ ਤਮਾਮ ਸਿਆਸੀ ਦਲ, ਅੰਗਰੇਜ਼-ਭਾਰਤੀ ਫੌਜ ਅੰਦਰ ਸਿਆਸੀ ਕੰਮ ਕਰਨ ਵੱਲ ਜ਼ਰਾ ਵੀ ਗੌਰ ਨਹੀਂ ਕਰ ਰਹੇ।

ਰਾਜਨੀਤਕ ਤੌਰ ਉਤੇ ਅਸੀਂ ਇਕੱਲੇ ਸਾਂ। ਸਾਡੇ ਆਪਣੇ ਸਾਨੂੰ ਭਾੜੇ ਦੇ ਟੱਟੂ ਸਮਝਦੇ ਸਨ। ਹਿੰਦੁਸਤਾਨੀ ਮੁਟਿਆਰਾਂ ਸਾਨੂੰ ਨਫ਼ਰਤ ਕਰਦੀਆਂ ਸਨ ਜਾਂ ਸਾਥੋਂ ਡਰਦੀਆਂ ਸਨ। ਸਾਨੂੰ ਬਲਾਤਕਾਰੀ ਅਤੇ ਸ਼ਰਾਬੀ ਸਮਝਿਆ ਜਾਂਦਾ ਸੀ। ਸਾਮਰਾਜੀ ਭਾਰਤ ਵਿਚ ਸ਼ਕਤੀ ਦਾ ਇਹ ਖ਼ਜ਼ਾਨਾ ਬੇਚੈਨੀ ਦੀ ਅੱਗ ਵਿਚ ਸੜ ਰਿਹਾ ਸੀ। ਧੂੰਏਂ ਦੀਆਂ ਉਠਦੀਆਂ ਪਤਲੀਆਂ ਲਹਿਰਾਂ ਤੋਂ ਤਾਂ ਇਹ ਸਾਫ਼ ਦਿਸਦਾ ਸੀ ਕਿ ਫੌਜ ਵਿਚ ਅੱਗ ਲੱਗੀ ਹੋਈ ਹੈ, ਜਿਸ ਨੂੰ ਜੇ ਸਹੀ ਢੰਗ ਨਾਲ ਪ੍ਰਚੰਡ ਕੀਤਾ ਜਾਵੇ ਤਾਂ ਇਹ ਸਾਡੀ ਮਾਂ ਭੂਮੀ ਨੂੰ ਟੋਟੇ ਟੋਟੇ ਕਰਨ ਵਾਲੀਆਂ ਤਮਾਮ ਅੰਗਰੇਜ਼ੀ ਸਾਜ਼ਿਸ਼ਾਂ ਨੂੰ ਫੂਕ ਸਕਦੀ ਹੈ ਪਰ ਇਸ ਵੇਲੇ ਕਿਸੇ ਨੇ ਗੌਰ ਨਹੀਂ ਕੀਤਾ। ਸਾਡੇ ਪ੍ਰਤੀ ਕਾਂਗਰਸ ਦੀ ਬੇਰੁਖੀ ਤੋਂ ਅਸੀਂ ਜਾਣੂ ਸਾਂ। ਅਸੀਂ ਇਕੱਲੇ ਸਾਂ। ਬਿਲਕੁਲ ਇਕੱਲੇ। ਭਵਿੱਖ ਸਾਨੂੰ ਪੂਰੀ ਤਰ੍ਹਾਂ ਹਨੇਰਾ ਲੱਗ ਰਿਹਾ ਸੀ, ਬਾਵਜੂਦ ਇਸ ਸੱਚਾਈ ਦੇ ਕਿ ਲੱਖਾਂ ਫੌਜੀ ਉਸ ਨੂੰ ਜਗਮਗਾ ਸਕਦੇ ਸਨ।

ਉਸ ਕਮਰੇ ਵਿਚ ਬੈਠਿਆਂ ਬੈਠਿਆਂ ਵਾਹਯਾਤ ਇਕੱਲ ਦੇ ਅਹਿਸਾਸ ਨੇ ਸਾਨੂੰ ਆ ਦਬੋਚਿਆ ਸੀ। ਬਾਹਰ ਜ਼ੋਰਾਂ ਦੀ ਬਰਫ਼ਬਾਰੀ ਹੋਈ ਸੀ। ਚਾਰੇ ਪਾਸਿਆਂ ਦੀਆਂ ਪਹਾੜੀਆਂ ਬਰਫ਼ ਨਾਲ ਢਕੀਆਂ, ਹੋਰ ਵੀ ਭਿਆਨਕ ਤੇ ਦੂਰ ਲੱਗ ਰਹੀਆਂ ਸਨ। ਚਾਨਣੀ ਉਸ ਇਕੱਲਤਾ ਦੇ ਅਹਿਸਾਸ ਨੂੰ ਹੋਰ ਵੀ ਡੂੰਘਾ ਕਰ ਰਹੀ ਸੀ। ਹਰ ਪਾਸੇ ਖੌਫਨਾਕ ਸੰਨਾਟਾ ਸੀ। ਜਿਸ ਤਰ੍ਹਾਂ ਉਥੇ ਜ਼ਿੰਦਗੀ ਦਾ ਨਾਮੋ-ਨਿਸ਼ਾਨ ਹੀ ਨਾ ਹੋਵੇ। ਸਿਰਫ਼ ਅਬਦੁਲ ਦੀ ਖੰਘ ਹੀ ਉਸ ਸੰਨਾਟੇ, ਉਸ ਕਮਬਖ਼ਤ ਬਰਫ਼ੀਲੀ ਖਾਮੋਸ਼ੀ ਨੂੰ ਤੋੜ ਰਹੀ ਸੀ।

ਅਸੀਂ ਖਰੇ ਨੂੰ ਬਚਾਉਣ ਲਈ ਗੁਪਤ ਕਮੇਟੀ ਬਣਾਈ। ਅਸੀਂ ਮਿਲਟਰੀ ਸਕੂਲ ਵਿਚੋਂ ਆਪਣੀ ਸਿਖਲਾਈ ਤੋਂ ਬਾਅਦ, ਬਿਨਾਂ ਕਿਸੇ ਪ੍ਰੇਸ਼ਾਨੀ ਦੇ ਅਤੇ ਬਿਨਾਂ ਜ਼ਾਹਰ ਕੀਤਿਆਂ, ਆਪੋ ਆਪਣੀਆਂ ਯੂਨਿਟਾਂ ਵਿਚ ਜਾਵਾਂਗੇ ਅਤੇ ਉਥੇ ਫੌਜਾਂ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਲਾਮਬੰਦ ਕਰਾਂਗੇ।

ਕੌਮੀ ਅੰਦੋਲਨ ਜ਼ਰੂਰ ਹੀ ਸ਼ਕਤੀਸ਼ਾਲੀ ਹੋਏਗਾ। ਸਾਨੂੰ ਖੁਦ ਨੂੰ ਉਸ ਨਾਲ ਜੁੜਨ ਦੀ ਤਿਆਰੀ ਕਰਨੀ ਚਾਹੀਦੀ ਹੈ। ਦੁਸ਼ਮਣ ਨਾਲ ਇੱਕਾ-ਦੁੱਕਾ ਮੁੱਠਭੇੜਾਂ ਵਿਚ ਉਲਝ ਕੇ ਆਪਣੀ ਤਾਕਤ ਗੁਆਉਣਾ ਬੇਵਕੂਫ਼ੀ ਹੈ। ਹਾਲੇ ਆਪਣੀ ਸ਼ਕਤੀ ਸਾਂਭੀਏ ਅਤੇ ਉਸ ਨੂੰ ਵਧਾਈਏ।

ਫੈਸਲਾ ਹੋਇਆ ਕਿ ਸਾਡੀ ਚਾਰਾਂ ਦੀ ਜਥੇਬੰਦਕ ਕਮੇਟੀ ਬਣੇ ਅਤੇ ਉਸ ਦਾ ਸੰਚਾਲਕ ਮੈਂ ਹੋਵਾਂ। ਆਪੋ ਆਪਣੀਆਂ ਯੂਨਿਟਾਂ ਵਿਚ ਨਿਯੁਕਤ ਹੋਣ ਉਪਰੰਤ ਮਿਲ ਕੇ ਸਥਿਤੀ ਦਾ ਜਾਇਜ਼ਾ ਲਿਆ ਜਾਵੇ। ਮੈਨੂੰ ਇਹੋ ਜਿਹਾ ਤਰੀਕਾ ਲੱਭਣ ਲਈ ਕਿਹਾ ਗਿਆ ਜਿਸ ਦੀ ਮਦਦ ਨਾਲ ਵੱਖਰੀਆਂ ਵੱਖਰੀਆਂ ਯੂਨਿਟਾਂ ਅਤੇ ਦੂਰ ਦੁਰਾਡੇ ਸਟੇਸ਼ਨਾਂ ਉਤੇ ਸਾਡੀ ਨਿਯੁਕਤੀ ਹੋਣ ਦੇ ਬਾਵਜੂਦ, ਸਾਡੇ ਵਿਚ ਤਾਲਮੇਲ ਬਣਿਆ ਰਹੇ। ਇਕ ਕੋਡ (ਸੰਕੇਤ ਭਾਸ਼ਾ) ਵੀ ਬਣਾ ਲਿਆ ਗਿਆ। ਇਸ ਤੋਂ ਬਾਅਦ ਅਸੀਂ ਭੇਤ ਗੁਪਤ ਰੱਖਣ ਅਤੇ ਆਜ਼ਾਦੀ ਲਈ ਆਪਾ ਵਾਰਨ ਦੀ ਸਹੁੰ ਖਾਧੀ। ਨੇੜੇ ਦੀ ਪਹਾੜੀ ਉਤੇ ਬਣੀ ਅਫ਼ਸਰਾਂ ਦੀ ਮੈਸ ਵਿਚ ਅੰਗਰੇਜ਼ ਅਫ਼ਸਰ ਗਾ ਰਹੇ ਸਨ, "ਇੰਗਲੈਂਡ ਹਰ ਹਾਲਤ ਵਿਚ ਕਾਇਮ ਰਹੇਗਾ।"

ਮੈਨੂੰ ਆਪਣੀ ਮਾਂ ਭੂਮੀ ਦੀ ਯਾਦ ਆਈ ਅਤੇ ਮੈਂ ਉਦਾਸ ਹੋ ਗਿਆ।

ਉਨ੍ਹਾਂ ਨਵਾਂ ਗੀਤ ਗਾਉਣਾ ਸ਼ੁਰੂ ਕਰ ਦਿੱਤਾ, "ਜਦ ਲੰਡਨ ਵਿਚ ਬੱਤੀਆਂ ਦੁਬਾਰਾ ਜਗਣਗੀਆਂ...।"

ਕਹਿਰ ਭਰੀ ਉਦਾਸੀ ਦੀ ਭਾਵਨਾ ਮੇਰੇ ਦਿਲ ਵਿਚ ਇਸ ਤਰ੍ਹਾਂ ਘਰ ਕਰ ਗਈ ਕਿ ਸਾਹ ਲੈਣਾ ਵੀ ਮੁਹਾਲ ਹੋ ਗਿਆ। ਕੀ ਜੰਗ ਤੋਂ ਬਾਅਦ ਅਸੀਂ ਗੁਲਾਮਾਂ ਵਾਂਗ ਦਿੱਲੀ ਅਤੇ ਆਪਣੇ ਘਰਾਂ ਨੂੰ ਪਰਤਾਂਗੇ? ਉਨ੍ਹਾਂ ਦਿਨਾਂ ਵਿਚ ਇਹ ਸਵਾਲ ਸਿਰਫ਼ ਮੇਰੇ ਮਨ ਵਿਚ ਹੀ ਨਹੀਂ ਸੀ, ਮੇਰੇ ਵਰਗੇ ਹਜ਼ਾਰਾਂ ਫੌਜੀ ਮਨ ਹੀ ਮਨ ਇਹ ਸਵਾਲ ਪੁੱਛ ਰਹੇ ਸਨ। ਦੇਸ਼ ਭਗਤ ਅੰਗਰੇਜ਼ਾਂ ਦੇ ਸਮੂਹ ਗਾਣ, ਉਨ੍ਹਾਂ ਲੋਕਾਂ ਦੀਆਂ ਵਤਨਪ੍ਰਸਤੀ ਦੀਆਂ ਹਸਰਤਾਂ, ਸਾਨੂੰ ਵੀ ਆਪਣੇ ਵਤਨ ਦੀ ਯਾਦ ਦਿਵਾਉਂਦੀਆਂ ਸਨ ਅਤੇ ਸਾਡੇ ਦਿਲਾਂ ਵਿਚ ਦੇਸ਼ ਭਗਤੀ ਦੀ ਗਹਿਰੀ ਭਾਵਨਾ ਜਾਗਦੀ ਸੀ।

ਦਿਨ ਲੰਘਦੇ ਗਏ। ਲੜਾਈ ਤੇਜ਼ ਹੁੰਦੀ ਗਈ। ਅੰਗਰੇਜ਼ ਅਫ਼ਸਰਾਂ ਨਾਲ ਹਿੰਦੁਸਤਾਨੀ ਅਫ਼ਸਰਾਂ ਦੇ ਇਸ ਤਰ੍ਹਾਂ ਦੇ ਝਗੜੇ ਵਧਦੇ ਗਏ। ਸਾਰੇ ਦੇਸ਼ ਦੀਆਂ ਅਫ਼ਸਰ ਮੈਸਾਂ ਵਿਚ ਅਤਿਆਚਾਰੀਆਂ ਅਤੇ ਪੀੜਤਾਂ ਵਿਚਕਾਰ ਖਾਮੋਸ਼ ਖਿੱਚੋਤਾਣ ਵਧ ਰਹੀ ਸੀ। ਉਪਰੋਂ ਦੇਖਣ ਨੂੰ ਰਸਮੀ ਜਿਹੀ ਏਕਤਾ ਬਣੀ ਹੋਈ ਸੀ ਜਿਸ ਦੇ ਛਣੇ ਪਰਦੇ ਉਹਲੇ ਅੰਗਰੇਜ਼ ਅਤੇ ਹਿੰਦੁਸਤਾਨੀ ਫੌਜੀ ਅਫ਼ਸਰਾਂ ਵਿਚਕਾਰ ਖੁੱਲ੍ਹੀਆਂ ਮੁਠਭੇੜਾਂ ਹੁੰਦੀਆਂ ਸਨ। ਉਹ ਅਲੱਗ ਅਲੱਗ ਬੈਠਦੇ ਅਤੇ ਖਾਂਦੇ ਪੀਂਦੇ ਸਨ। ਇਕ ਦੂਜੇ ਨੂੰ ਨਫ਼ਰਤ ਕਰਦੇ ਸਨ, ਇਕ ਦੂਜੇ ਨੂੰ ਕੋਸਦੇ ਸਨ। ਜਲਦੀ ਹੀ ਭਾਰਤ ਦੇ ਕਮਾਂਡਰ-ਇਨ-ਚੀਫ਼ ਲਾਰਡ ਵੇਵੇਲ ਦਾ ਧਿਆਨ ਇਸ ਪਾਸੇ ਗਿਆ ਅਤੇ ਉਸ ਨੇ ਬਿਨਾਂ ਕਿਸੇ ਸੰਜੀਦਗੀ ਦੇ ਰਸਮੀ ਤੌਰ ਉਤੇ ਅੰਗਰੇਜ਼ ਅਫ਼ਸਰਾਂ ਨੂੰ ਸਲਾਹ ਦਿੱਤੀ ਕਿ ਉਹ ਅਣਖੀ ਤੇ ਸੰਵੇਦਨਸ਼ੀਲ ਭਾਰਤੀ ਅਫ਼ਸਰਾਂ ਨਾਲ ਠੀਕ ਢੰਗ ਨਾਲ ਪੇਸ਼ ਆਉਣ। ਇਹ ਨਿਰੀ ਮੂੰਹ ਰਖਾਈ ਸੀ। ਇਸ ਤਰ੍ਹਾਂ ਹਾਲਤ ਵਿਚ ਜ਼ਰਾ ਵੀ ਸੁਧਾਰ ਨਹੀਂ ਸੀ ਹੋਇਆ। ਮਰਜ਼ ਵਧ ਚੁੱਕੀ ਸੀ, ਲਾਇਲਾਜ ਹੋ ਚੁੱਕੀ ਸੀ।

ਮਾਰਚ 1942 'ਚ ਸਾਡੇ ਕੋਰਸ ਪੂਰੇ ਹੋਏ। ਤਮਾਮ ਭਾਰਤੀ ਅਫ਼ਸਰਾਂ ਨੂੰ ਖ਼ਰਾਬ ਰਿਪੋਰਟ ਮਿਲੀ। ਮੇਰੀ ਰਿਪੋਰਟ ਵਿਚ ਲਿਖਿਆ ਸੀ ਕਿ ਮੇਰੇ ਵਿਚ ਪਹਿਲ ਕਦਮੀ ਅਤੇ ਲਗਨ ਦੀ ਕਮੀ ਹੈ। ਮੈਨੂੰ 323 ਸਪਲਾਈ ਸੈਕਸ਼ਨ ਦਾ ਕਮਾਂਡਿੰਗ ਅਫ਼ਸਰ ਬਣਾ ਕੇ ਅੰਬਾਲੇ ਭੇਜ ਦਿੱਤਾ ਗਿਆ। ਮੈਂ ਹੁਣ ਪੂਰਾ ਲੈਫਟੀਨੈਂਟ ਬਣ ਗਿਆ ਸਾਂ।

***(ਪੁਸਤਕ 'ਆਜ਼ਾਦੀ ਦੀ ਆਤਮਕਥਾ' 'ਚੋਂ)***

# ਮੇਰੇ ਆਪਣੇ ਨਾਂ

***ਭਾਰਤ ਦੇ ਅਖੌਤੀ ਲੋਕਰਾਜ ਵਿਚ ਹਰ ਵਾਰੀ ਚੋਣਾਂ ਮੌਕੇ ਸਿਆਸੀ ਪਾਰਟੀਆਂ ਦੇ ਆਗੂ ਵਾਅਦਿਆਂ ਦੇ ਲੁਭਾਵਣੇ ਸੁਪਨੇ ਦਿਖਾ ਕੇ ਲੋਕਾਂ ਦੀਆਂ ਵੋਟਾਂ ਬਟੋਰਦੇ ਰਹਿੰਦੇ ਹਨ ਅਤੇ ਫਿਰ ਇਨ੍ਹਾਂ ਵਾਅਦਿਆਂ ਨੂੰ ਅਗਲੇ ਪੰਜ ਸਾਲ ਬਿਲਕੁਲ ਭੁੱਲ ਜਾਂਦੇ ਹਨ। ਨਵੀਂ ਚੋਣ ਮੌਕੇ ਮੁੜ ਲੁਭਾਵਣੇ ਵਾਅਦੇ ਲੈ ਕੇ ਆ ਹਾਜ਼ਰ ਹੁੰਦੇ ਹਨ ਅਤੇ ਸਾਡੀ ਜਨਤਾ ਵੀ ਇਨ੍ਹਾਂ ਵਾਅਦਿਆਂ ਦੇ ਹੜ੍ਹ ਵਿਚ ਵਹਿ ਕੇ ਜਾਂ ਆਪੋ ਆਪਣੇ ਨਿੱਕੇ ਨਿੱਕੇ ਸਵਾਰਥਾਂ ਖਾਤਰ ਉਨ੍ਹਾਂ ਨੂੰ ਵੋਟਾਂ ਪਾ ਜਿਤਾ ਦਿੰਦੀ ਹੈ। ਇਹੋ ਵਾਰਤਾ ਬਿਆਨੀ ਹੈ ਇਸ ਕਹਾਣੀ ਵਿਚ ਜਗਦੀਸ਼ ਕੌਸ਼ਲ ਨੇ। -ਸੰਪਾਦਕ***

"ਬਸਤੀ ਵਾਸੀਓ! ਭੈਣੋ ਤੇ ਭਰਾਓ!"

'ਇਹ ਭੈਣਾਂ-ਭਰਾਵਾਂ ਵਾਲਾ ਰਿਸ਼ਤਾ ਗੰਢਣ ਵਾਲੇ ਕੌਣ ਹੋਏ!' ਗ਼ਰੀਬਦਾਸ ਲਾਊਡ ਸਪੀਕਰ ਦੀ ਅਵਾਜ਼ ਸੁਣ ਕੇ ਚੁਕੰਨਾ ਹੋ ਗਿਆ।

"ਆਪ ਜੀ ਨੂੰ ਪਤਾ ਹੀ ਹੈ!"

'ਸਾਨੂੰ ਸਭ ਪਤਾ ਹੈ, ਤੁਸੀਂ ਪੰਜਾਂ ਸਾਲਾਂ ਬਾਅਦ ਫੇਰ ਸਾਨੂੰ ਮੂਰਖ ਬਣਾਉਣ ਆ ਗਏ ਓ।' ਗ਼ਰੀਬਦਾਸ ਨੇ ਮਨ ਵਿਚ ਕਿਹਾ।

"ਅੱਜ ਸ਼ਾਮ ਦੇ ਠੀਕ ਸੱਤ ਵਜੇ ਗੋਬਿੰਦ ਪਾਰਕ ਵਿਚ ਜਨਤਾ ਮੰਡਲ ਵੱਲੋਂ ਭਾਰੀ ਜਲਸਾ ਹੋਵੇਗਾ!"

'ਤਾਂ ਸਾਨੂੰ ਕੀ!' ਗ਼ਰੀਬਦਾਸ ਨੇ ਨੱਕ ਵੱਟਿਆ।

"ਸ੍ਰੀ...ਜੀ ਤੇ ਹੋਰ ਵੱਡੇ-ਵੱਡੇ ਨੇਤਾ ਭਾਸ਼ਣ ਦੇਣਗੇ!"

'ਭਾਸ਼ਣਾਂ ਤੋਂ ਬਿਨਾਂ ਦੇ ਵੀ ਕੀ ਸਕਦੇ ਐ, ਵੱਡੇ-ਵੱਡੇ ਨੇਤਾ!' ਗ਼ਰੀਬਦਾਸ ਦਾ ਦਿਲ ਕੀਤਾ,



ਲਾਊਡ ਸਪੀਕਰ ਵਾਲੇ ਤੋਂ ਹੀ ਇਹ ਸੁਆਲ ਪੁੱਛੇ। ਤੇ ਉਹ ਝੁੱਗੀ ਤੋਂ ਬਾਹਰ ਨਿਕਲ ਆਇਆ। ਆਟੋ-ਰਿਕਸ਼ੇ ਵਾਲਾ ਲਾਊਡ

**-ਜਗਦੀਸ਼ ਕੌਸ਼ਲ**
**ਫੋਨ: 91-98116-55834**

ਸਪੀਕਰ ਉਤੇ ਬੋਲਦਾ ਦੂਰ ਨਿਕਲ ਗਿਆ ਸੀ। ਪਿੱਛੇ ਰਹਿ ਗਈ ਸੀ ਧੂੜ, ਜਿਸ ਵਿਚ ਆਟੋ ਪਿੱਛੇ ਭੱਜਣ ਵਾਲੇ ਨੰਗ-ਧੜੰਗੇ ਬੱਚੇ ਹੋਰ ਵਾਧਾ ਕਰ ਰਹੇ ਸਨ। ਧੂੜ ਦੇ ਬੱਦਲ ਓਹਲੇ ਲਾਊਡ ਸਪੀਕਰ ਦੀ ਅਵਾਜ਼ ਦੂਰ, ਹੋਰ ਦੂਰ ਹੁੰਦੀ ਜਾ ਰਹੀ ਸੀ।

ਗ਼ਰੀਬਦਾਸ ਨੇ ਤੁਰੇ ਜਾਂਦੇ ਕਿਸੇ ਘੜੀ ਵਾਲੇ ਤੋਂ ਵਕਤ ਦਾ ਪਤਾ ਕੀਤਾ। ਸਾਢੇ ਛੇ ਵੱਜੇ ਸਨ। ਉਹਨੇ ਆਪਣੀ ਪਤਨੀ ਨੂੰ ਅਵਾਜ਼ ਦਿੱਤੀ, "ਮਖ਼ਿਆ! ਮੈਂ ਜ਼ਰਾ ਤੁਰ-ਫਿਰ ਆਵਾਂ।" ਤੇ ਉਹ ਟਹਿਲਦਾ-ਟਹਿਲਦਾ ਗੋਬਿੰਦ ਪਾਰਕ ਵਿਚ ਪਹੁੰਚ ਗਿਆ, ਹਰਿਆਲੀ-ਵਿਹੂਣੇ, ਟੋਇਆਂ-ਟਿੱਬਿਆਂ ਵਾਲੇ ਗੋਬਿੰਦ ਪਾਰਕ ਵਿਚ।

'ਪੌਣੇ ਸੱਤ।' ਗ਼ਰੀਬਦਾਸ ਨੇ ਕਿਸੇ ਤੋਂ ਵਕਤ ਪੁੱਛਿਆ। ਪੰਦਰਾਂ ਮਿੰਟਾਂ ਤੱਕ ਨੇਤਾ ਆ ਜਾਣਗੇ ਤੇ ਭਾਸ਼ਣ ਦੇਣਗੇ।

'ਸੱਤ।' ਨੇਤਾ ਆਉਣ ਹੀ ਵਾਲੇ ਹਨ।

ਗ਼ਰੀਬਦਾਸ ਇੱਕ ਪਾਸੇ ਜਿਹੇ ਹੋ ਕੇ ਖੜ੍ਹਾ ਹੋ ਗਿਆ। ਪੰਡਾਲ ਤਿਆਰ ਹੋ ਰਿਹਾ ਸੀ। ਦਰੀਆਂ ਵਿਛ ਰਹੀਆਂ ਸਨ। ਲਾਊਡ ਸਪੀਕਰ ਫ਼ਿਟ ਕੀਤਾ ਜਾ ਰਿਹਾ ਸੀ। ਆਲੇ-ਦੁਆਲੇ ਝੰਡੇ-ਝੰਡੀਆਂ ਤੇ ਪੋਸਟਰ ਸਜਾ ਦਿੱਤੇ ਗਏ ਸਨ।

'ਸਾਢੇ ਸੱਤ!' ਨੇਤਾ ਲੇਟ ਹੋ ਗਏ ਸਨ।

'ਅੱਠ!' ਨੇਤਾ ਕਾਫ਼ੀ ਲੇਟ ਸਨ। 'ਲੋਕਾਂ ਨੂੰ ਵੱਧ ਤੋਂ ਵੱਧ ਉਡੀਕ ਵਿਚ ਪਾਈ ਰੱਖਣ ਵਾਲਾ ਨੇਤਾ ਹੀ ਅਸਲ ਨੇਤਾ ਹੁੰਦਾ ਹੈ।' ਗ਼ਰੀਬਦਾਸ ਮਨ ਵਿਚ ਨੇਤਾਵਾਂ ਦੇ 'ਗੁਣਾਂ' 'ਤੇ ਵਿਚਾਰ ਕਰਨ ਲੱਗ ਪਿਆ।

"ਵੀਰੋ ਤੇ ਭੈਣੋ!" ਲਾਊਡ ਸਪੀਕਰ ਬੋਲਿਆ, "ਆਲੇ-ਦੁਆਲੇ ਖੜ੍ਹੇ ਸਾਰੇ ਸੱਜਣ ਦਰੀਆਂ ਉਤੇ ਅਰਾਮ ਨਾਲ ਬੈਠ ਜਾਓ!" 'ਤੁਸੀਂ ਸਾਨੂੰ ਅਰਾਮ ਨਾਲ ਬੈਠਣ ਈ ਕਿੱਥੇ ਦਿੰਦੇ ਓ!' ਗ਼ਰੀਬਦਾਸ ਨੇ ਮਨ ਵਿਚ ਆਖਿਆ।

"ਹੁਣੇ ਆਪ ਜੀ ਦੇ ਸਾਹਮਣੇ, ਆਪ ਜੀ ਦੇ ਹਰਮਨ-ਪਿਆਰੇ ਨੇਤਾ ਸ਼੍ਰੀ...ਜੀ ਪਧਾਰਨ ਵਾਲੇ ਹਨ।"

'ਸਾਡੇ ਹਰਮਨ-ਪਿਆਰੇ ਕਿਵੇਂ ਹੋ ਗਏ! ਧੱਕੇ ਨਾਲ ਈ! ਸਾਨੂੰ ਤਾਂ ਪੁੱਛ ਲਓ, ਸਾਡੇ ਹਰਮਨ-ਪਿਆਰੇ ਹਨ ਵੀ ਕਿ ਨਹੀਂ!' ਸਪੀਕਰ ਬੋਲ ਰਿਹਾ ਸੀ, "ਏਸ ਦੌਰਾਨ ਤੁਸੀਂ ਰੇਡੀਓ-ਆਰਟਿਸਟ ਪਰਿੰਦਾ ਜੀ ਕੋਲੋਂ ਦੇਸ਼-ਪਿਆਰ ਦਾ ਗੀਤ ਸੁਣੋ।"

'ਅੱਛਾ! ਦੇਸ਼-ਪਿਆਰ ਦਾ ਗੀਤ!' ਗ਼ਰੀਬਦਾਸ ਨੇ ਅਜੀਬ ਜਿਹਾ ਮੂੰਹ ਬਣਾਇਆ, 'ਕਮਾਲ ਐ ਬਈ! ਤੁਹਾਨੂੰ ਦੇਸ਼ ਨਾਲ ਪਿਆਰ ਵੀ ਐ!' ਤੇ ਲਾਊਡ ਸਪੀਕਰ ਉਤੇ 'ਦੇਸ਼-ਪਿਆਰ' ਦਾ ਗੀਤ ਗੂੰਜਣ ਲੱਗ ਪਿਆ, 'ਬੇੜਾ ਦੇਸ਼ ਦਾ ਜੇ ਬੰਨੇ ਲਾਉਣਾ ਤਾਂ ਵੋਟ ਪਾਓ ਸ਼੍ਰੀ...ਜੀ ਨੂੰ ਊਊਂ, ਊਊਂ, ਓਏ!'

ਗ਼ਰੀਬਦਾਸ ਓਥੋਂ ਖਿਸਕ ਤੁਰਿਆ, ਜਿਵੇਂ ਦੇਸ਼ ਨਾਲ ਉਹਨੂੰ ਕੋਈ ਪਿਆਰ ਈ ਨਾ ਹੋਵੇ, ਜਿਵੇਂ ਦੇਸ਼ ਤੋਂ ਉਹਨੇ ਕੁਝ ਲੈਣਾ-ਦੇਣਾ ਈ ਨਾ ਹੋਵੇ।

ਉਹ ਅਜੇ ਬਹੁਤੀ ਦੂਰ ਨਹੀਂ ਸੀ ਗਿਆ ਕਿ ਉਹਨੇ ਕਾਰਾਂ ਦਾ ਕਾਫ਼ਲਾ ਗੋਬਿੰਦ ਪਾਰਕ ਵੱਲ ਮੁੜਦਾ ਦੇਖਿਆ। 'ਇਹ ਜ਼ਰੂਰ ਸ਼੍ਰੀ...ਜੀ ਦਾ ਲਾਮ-ਲਸ਼ਕਰ ਹੋਏਗਾ,' ਗ਼ਰੀਬਦਾਸ ਨੇ ਸੋਚਿਆ, 'ਨਹੀਂ ਤਾਂ ਝੁੱਗੀਆਂ-ਝੌਂਪੜੀਆਂ ਵਾਲੇ ਪਾਸੇ ਸੋਹਣੀਆਂ ਕਾਰਾਂ ਦੇ ਆਉਣ ਦਾ ਕੀ ਕੰਮ!'

ਤੇ ਕਾਰਾਂ ਗ਼ਰੀਬਦਾਸ ਦੇ ਕੋਲੋਂ ਦੀ ਮਿੱਟੀ-ਘੱਟਾ ਉਡਾਉਂਦੀਆਂ ਨਿਕਲ ਗਈਆਂ। ਉਹ ਵਾਪਸ ਗੋਬਿੰਦ ਪਾਰਕ ਵੱਲ ਮੁੜ ਪਿਆ।

"ਵੀਰੋ ਤੇ ਭੈਣੋ!" ਗੋਬਿੰਦ ਪਾਰਕ ਵੱਲੋਂ ਅਵਾਜ਼ ਆਈ, "ਆਪ ਜੀ ਦੇ ਹਰਮਨ-ਪਿਆਰੇ ਨੇਤਾ, ਸ਼੍ਰੀ...ਜੀ, ਨੀਲ ਕੰਠ ਜੀ ਤੇ ਹੋਰ ਉਘੇ ਨੇਤਾ ਪਧਾਰ ਚੁੱਕੇ ਹਨ। ਆਪ ਆਪਣੀ-ਆਪਣੀ ਥਾਂ ਸ਼ਾਂਤੀ ਨਾਲ ਬੈਠ ਜਾਓ!"

ਤੇ ਫੇਰ ਗ਼ਰੀਬਦਾਸ ਨੇ ਕੁਝ ਦੂਰੋਂ ਸੁਣਿਆ, ਨਾਅਰੇ ਲੱਗ ਰਹੇ ਸਨ, "ਸ਼੍ਰੀ...ਜੀ! ਜ਼ਿੰਦਾਬਾਦ! ਜਨਤਾ ਮੰਡਲ! ਜ਼ਿੰਦਾਬਾਦ!"

ਗ਼ਰੀਬਦਾਸ ਲੋਕਾਂ ਦੇ ਪਿੱਛੇ ਜਾ ਕੇ ਖੜ੍ਹਾ ਹੋ ਗਿਆ। ਸਟੇਜ-ਸਕੱਤਰ ਬੋਲ ਰਿਹਾ ਸੀ, "ਹੁਣ ਅਸੀਂ ਸਾਡੇ ਸਤਿਕਾਰਯੋਗ ਨੇਤਾ, ਸ਼੍ਰੀ...ਜੀ ਦਾ ਸੁਆਗਤ ਕਰਾਂਗੇ! ਸਭ ਤੋਂ ਪਹਿਲਾਂ ਮੁਲਤਾਨੀ ਸਭਾ ਦੇ ਸਕੱਤਰ ਹਾਰ ਪਾ ਕੇ ਸ਼੍ਰੀ...ਜੀ ਦਾ ਸੁਆਗਤ ਕਰਨਗੇ। ਫਿਰ ਝੁੱਗੀ-ਝੌਂਪੜੀ ਸੁਧਾਰ-ਸਭਾ ਦੇ ਪ੍ਰਧਾਨ, ਇਸ ਤੋਂ ਬਾਅਦ ਸਾਊਥ-ਇੰਡੀਅਨ ਸੁਸਾਇਟੀ, ਫਿਰ ਗੁਰਦੁਆਰਾ ਝੁੱਗੀ-ਝੌਂਪੜੀ, ਫਿਰ ਬ੍ਰਾਹਮਣ ਸਭਾ, ਫਿਰ ਖੱਤਰੀ ਸਭਾ ਦੇ... ਤੇ ਫਿਰ...!"

ਗ਼ਰੀਬਦਾਸ ਸੋਚਣ ਲੱਗ ਪਿਆ, 'ਇਹ ਕਿਹੋ ਜਿਹਾ ਸੁਆਗਤ ਐ! ਇਕੱਠੇ ਵਸਦੇ ਲੋਕਾਂ ਨੂੰ ਜ਼ਾਤਾਂ ਵਿਚ ਵੰਡ ਕੇ, ਸਾਊਥ-ਇੰਡੀਅਨਾਂ, ਪੰਜਾਬੀਆਂ, ਮੁਲਤਾਨੀਆਂ ਵਿਚ ਵੰਡ ਕੇ, ਲੋਕਾਂ ਦੇ ਟੋਟੇ ਕਰ ਕੇ ਸੱਤਾ ਹਥਿਆਉਣ ਦਾ ਇਹ ਕਿਹੋ ਜਿਹਾ ਢੰਗ ਹੈ! ਕੀ ਕਰ ਰਹੇ ਨੇ ਇਹ ਲੋਕ!'

ਉਹਦਾ ਜੀਅ ਕੀਤਾ, ਉਚੀ-ਉਚੀ ਰੌਲਾ ਪਾ ਕੇ ਆਖੇ, 'ਲੋਕ ਤਾਂ ਲੋਕ ਹਨ! ਤੁਸੀਂ ਲੋਕਾਂ ਦੀਆਂ ਵੰਡੀਆਂ ਪਾਉਣ ਵਾਲੇ ਕੌਣ ਹੁੰਦੇ ਓ! ਤੁਸੀਂ ਮਨੂੰ ਦੇ ਸਿਧਾਂਤ ਨੂੰ ਜਿਉਂਦਾ ਰੱਖਣ ਵਾਲੇ!'

ਪਰ ਗ਼ਰੀਬਦਾਸ ਅੰਦਰੇ-ਅੰਦਰ ਵਿਹੁ ਘੋਲ ਕੇ ਰਹਿ ਗਿਆ। ਇਹ ਉਹਦਾ ਆਪਣਾ ਜਲਸਾ ਨਹੀਂ ਸੀ। ਉਹ ਕਿਸੇ ਜਨਤਾ ਮੰਡਲ ਦਾ ਨੇਤਾ ਨਹੀਂ ਸੀ। ਉਹਨੂੰ ਚੁੱਪ ਕਰਾਉਣ ਵਾਸਤੇ ਜਲਸਾ ਕਰ ਰਹੀ ਪਾਰਟੀ ਦੇ ਗ਼ੁੰਡੇ ਹਾਜ਼ਰ ਸਨ, ਪੁਲਿਸ ਮੌਜੂਦ ਸੀ।

ਉਹ ਕੁਝ ਕਦਮ ਪਿੱਛੇ ਹਟ ਕੇ ਖੜ੍ਹਾ ਹੋ ਗਿਆ, ਜਿਵੇਂ ਡਰ ਗਿਆ ਹੋਵੇ ਕਿ ਕਿਤੇ ਕੁਝ ਕਰ ਈ ਨਾ ਬੈਠੇ।

ਸ਼੍ਰੀ...ਜੀ ਦਾ ਭਾਸ਼ਣ ਸ਼ੁਰੂ ਹੋ ਗਿਆ, "ਭਾਈਓ, ਭੈਣੋ ਤੇ ਬਜ਼ੁਰਗੋ!"

ਇਹ ਕੋਮਲ ਰਿਸ਼ਤੇ ਕਿੰਨੇ ਕੁ ਦਿਨ ਨਿਭਾਓਗੇ? ਗ਼ਰੀਬਦਾਸ ਨੇ ਮਨ ਹੀ ਮਨ ਸ਼੍ਰੀ...ਜੀ ਨਾਲ ਸਵਾਲ-ਜਵਾਬ ਸ਼ੁਰੂ ਕਰ ਦਿੱਤੇ।


"ਪਹਿਲਾਂ ਵੀ ਇੱਕ ਵਾਰ ਮੈਂ ਏਸੇ ਸਟੇਜ ਤੋਂ ਤੁਹਾਡੇ ਨਾਲ ਵਿਚਾਰ ਸਾਂਝੇ ਕੀਤੇ ਸਨ। (ਤੇ ਉਸ ਤੋਂ ਬਾਅਦ ਪੰਜ ਵਰ੍ਹੇ ਕਿੱਥੇ ਲੁਕੇ ਰਹੇ?) ਅੱਜ ਫੇਰ ਤੁਹਾਡਾ ਪਿਆਰ ਮੈਨੂੰ ਤੁਹਾਡੇ ਕੋਲ (ਸਾਡਾ ਪਿਆਰ ਜਾਂ ਤੁਹਾਡਾ ਸੁਆਰਥ?) ਤੁਸੀਂ ਜਾਣਦੇ ਹੀ ਹੋ ਕਿ ਪੰਜ ਸਾਲ ਦੇ ਥੋੜ੍ਹੇ ਜਿਹੇ ਅਰਸੇ ਵਿਚ (ਥੋੜ੍ਹਾ ਜਿਹਾ ਅਰਸਾ!) ਜੋ ਕੰਮ ਜਨਤਾ ਮੰਡਲ ਨੇ ਕਰ ਕੇ ਦਿਖਾਏ ਹਨ, ਉਹ ਪਿਛਲੇ ਪੰਜਾਹ ਸਾਲਾਂ ਵਿਚ ਵੀ ਨਹੀਂ ਸਨ ਹੋਏ (ਕਿਹੜੇ ਕੰਮ ਜੀ?) ਅੱਜ ਤੁਹਾਡੇ ਏਸ ਸ਼ਹਿਰ ਦੀਆਂ ਸੜਕਾਂ ਗਵਾਹ ਹਨ (ਕਿ ਹਨੇਰੇ ਪਏ, ਕੰਮ ਤੋਂ ਮੁੜਦਿਆਂ ਕੱਚੀ ਸੜਕ ਦੇ ਟੋਇਆਂ ਵਿਚ ਡਿੱਗ ਕੇ ਗ਼ਰੀਬਦਾਸ ਦਾ ਸਾਈਕਲ ਕਿੰਨੀ ਵਾਰ ਟੁੱਟ ਚੁੱਕਿਆ ਹੈ!) ਕਿ ਜਨਤਾ ਮੰਡਲ ਦੀਆਂ ਕੋਸ਼ਿਸ਼ਾਂ ਸਦਕਾ ਥਾਂ-ਥਾਂ ਪਾਰਕ ਬਣ ਗਏ ਹਨ ਜੋ ਤੁਹਾਡੀ ਸਿਹਤ ਲਈ...!"

ਗ਼ਰੀਬਦਾਸ ਦੀਆਂ ਅੱਖਾਂ ਅੱਗੇ ਆਪਣੀ ਝੁੱਗੀ ਦੇ ਸਾਹਮਣੇ ਵਾਲੇ ਗੰਦੇ ਪਾਣੀ ਦੇ ਛੱਪੜ ਦਾ ਨਜ਼ਾਰਾ ਘੁੰਮ ਗਿਆ, ਜਿਸ ਵਿਚ ਆਲੇ-ਦੁਆਲੇ ਦਾ ਸਾਰਾ ਗੰਦ-ਮੰਦ ਇਕੱਠਾ ਹੁੰਦਾ ਰਹਿੰਦਾ ਹੈ ਤੇ ਗਰਮੀਆਂ ਵਿਚ ਬਦਬੂ ਤੇ ਮੱਛਰ ਕਰਕੇ ਬਾਹਰ ਸੌਣਾ ਔਖਾ ਹੋ ਜਾਂਦਾ ਹੈ। ਲੋਕ ਅਨੇਕਾਂ ਵਾਰ ਨੀਲ ਕੰਠ ਨੂੰ ਆਖ ਚੁੱਕੇ ਹਨ ਕਿ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਵਾ ਦੇਵੇ।

ਤੇ ਸ਼੍ਰੀ...ਜੀ ਦਾ ਭਾਸ਼ਣ ਚੱਲ ਰਿਹਾ ਸੀ, "ਜਨਤਾ ਮੰਡਲ ਨੇ ਪਾਰਕਾਂ ਵਿਚ, ਚੁਰਸਤਿਆਂ ਉਤੇ ਥਾਂ-ਥਾਂ ਫੁਹਾਰੇ ਲੁਆਏ!"

ਗ਼ਰੀਬਦਾਸ ਦੇ ਕੰਨਾਂ ਵਿਚ ਖ਼ਾਲੀ ਬਾਲਟੀਆਂ ਦਾ ਖੜਕਾ ਗੂੰਜ ਉਠਿਆ। ਉਹਦੇ ਮਹੱਲੇ ਵਿਚ ਦੋ ਸੌ ਝੁੱਗੀਆਂ ਵਾਸਤੇ ਪਾਣੀ ਦੀ ਇੱਕੋ ਟੂਟੀ ਹੈ। ਉਸ ਵਿਚ ਵੀ ਪਾਣੀ ਟਾਈਮ-ਬੇਟਾਈਮ ਆਉਂਦਾ ਹੈ। ਲੋਕ ਪਾਣੀ ਖ਼ਾਤਰ ਲੜ-ਲੜ ਮਰਦੇ ਹਨ; ਘੜੇ-ਬਾਲਟੀਆਂ ਮਾਰ ਕੇ ਇੱਕ-ਦੂਜੇ ਦੇ ਸਿਰ ਪਾੜ ਛੱਡਦੇ ਹਨ। ਉਸ ਵੇਲੇ ਤਾਂ ਹੋਰ ਵੀ ਭੈੜਾ ਹਾਲ ਹੋ ਜਾਂਦਾ ਹੈ, ਜਦੋਂ ਸਾਹਮਣੇ ਵਾਲੇ ਚੌਥਾ ਦਰਜਾ ਕਰਮਚਾਰੀਆਂ ਦੇ ਸਰਕਾਰੀ ਕੁਆਰਟਰਾਂ ਦੀਆਂ ਉਪਰਲੀਆਂ ਮੰਜ਼ਲਾਂ ਤੱਕ ਪਾਣੀ ਨਹੀਂ ਚੜ੍ਹਦਾ ਤੇ ਉਹ ਵੀ ਇਸੇ ਟੂਟੀ ਦੁਆਲੇ ਆ ਜੁੜਦੇ ਹਨ।

ਗ਼ਰੀਬਦਾਸ ਨੂੰ ਇਸ ਟੂਟੀ ਦਾ ਇਤਿਹਾਸ ਚੇਤੇ ਆਉਣ ਲੱਗ ਪਿਆ। ਅੱਜ ਵਾਂਗ ਪੰਜ ਸਾਲ



ਪਹਿਲਾਂ ਵੀ ਚੋਣਾਂ ਦੇ ਦਿਨ ਸਨ। ਗ਼ਰੀਬਦਾਸ ਦੇ ਮਹੱਲੇ ਵਾਲਿਆਂ ਨੇ ਸ਼ਰਤ ਰੱਖ ਦਿੱਤੀ ਕਿ ਜਿਹੜੀ ਪਾਰਟੀ ਮਹੱਲੇ ਵਿਚ ਬਿਜਲੀ ਦੇ ਖੰਭੇ, ਪਾਣੀ ਵਾਸਤੇ ਸਰਕਾਰੀ ਟੂਟੀਆਂ ਲੁਆਏਗੀ ਅਤੇ ਪੱਕੀਆਂ ਗਲੀਆਂ ਤੇ ਨਾਲੀਆਂ ਬਣਵਾਏਗੀ, ਉਸੇ ਪਾਰਟੀ ਨੂੰ ਵੋਟ ਦਿੱਤੇ ਜਾਣਗੇ। ਪਰ ਸਰਕਾਰੀ ਵਿਉਂਤਾਂ ਵਿਚ ਤਾਂ ਇਨ੍ਹਾਂ ਝੁੱਗੀਆਂ ਨੂੰ ਛੇਤੀ ਤੋਂ ਛੇਤੀ ਹਟਾ ਕੇ ਤੇ ਜ਼ਮੀਨ ਪੱਧਰੀ ਕਰ ਕੇ ਕ੍ਰਿਕਟ ਕਲੱਬ ਬਣਾਉਣ ਦੀ ਸਕੀਮ ਸੀ। ਇਸ ਕਰਕੇ ਬਿਜਲੀ ਪਾਣੀ ਵਰਗੀਆਂ ਚੀਜ਼ਾਂ ਉਤੇ ਫ਼ਜ਼ੂਲ ਖ਼ਰਚ ਨਹੀਂ ਸੀ ਕੀਤਾ ਜਾ ਸਕਦਾ। ਵਿਸ਼ਾਲ ਮੁਕਤੀ ਦਲ ਵੱਲੋਂ ਚੋਣ ਲੜ ਰਹੇ ਸ਼ਿਵ ਸ਼ੰਭੂ ਨੇ ਇਹ ਕੰਮ ਕਰ ਦਿੱਤਾ। ਉਹਨੇ ਇੱਕ ਹਫ਼ਤੇ ਦੇ ਅੰਦਰ-ਅੰਦਰ ਬਿਜਲੀ ਦੇ ਖੰਭੇ ਲਗਵਾ ਦਿੱਤੇ। ਇਹ ਵੱਖਰੀ ਗੱਲ ਹੈ ਕਿ ਨਾ ਤਾਰਾਂ ਪਈਆਂ ਨਾ ਬਿਜਲੀ ਆਈ। ਉਹਨੇ ਇੱਟਾਂ ਲੁਆ ਕੇ ਕੁਝ ਗਲੀਆਂ ਪੱਕੀਆਂ ਕਰਵਾ ਦਿੱਤੀਆਂ; ਨਾਲੀਆਂ ਪੱਕੀਆਂ ਕਰਵਾ ਕੇ ਗੰਦੇ ਪਾਣੀ ਦਾ ਵਹਾਅ ਇੱਕ ਡੂੰਘੇ ਟੋਏ ਵੱਲ ਕਰਵਾ ਦਿੱਤਾ, ਜਿੱਥੇ ਪਾਣੀ ਇਕੱਠਾ ਹੋ-ਹੋ ਕੇ ਇੱਕ ਵੱਡਾ ਛੱਪੜ ਬਣ ਗਿਆ, ਅੱਜ ਜਿਸ ਵਿਚੋਂ ਬਦਬੂ ਉਠਦੀ ਹੈ ਤੇ ਪੈਦਾ ਹੋ-ਹੋ ਕੇ ਮੱਛਰ ਉਡਦੇ ਹਨ। ਪਾਣੀ ਵਾਸਤੇ ਉਹਨੇ ਪਲੰਬਰ ਬੁਲਵਾਏ ਤੇ ਜ਼ਮੀਨ ਹੇਠ ਨੇੜਿਓਂ ਲੰਘਦੀ ਲਾਈਨ ਵਿਚੋਂ ਕੁਨੈਕਸ਼ਨ ਲੈ ਕੇ ਟੂਟੀ ਖੜ੍ਹੀ ਕਰਵਾ ਦਿੱਤੀ। ਮਾੜੀ ਗੱਲ ਇਹ ਹੋਈ ਕਿ ਭਾਵੇਂ ਝੁੱਗੀ-ਝੌਂਪੜੀ ਵਾਲਿਆਂ ਨੇ ਵੋਟਾਂ ਦਿੱਤੀਆਂ ਸਨ ਪਰ ਸ਼ਿਵ ਸ਼ੰਭੂ ਹਾਰ ਗਿਆ ਤੇ ਹੋਰ ਮਹੱਲਿਆਂ ਵਿਚੋਂ ਬਹੁਤੀਆਂ ਵੋਟਾਂ ਮਿਲਣ ਨਾਲ ਨੀਲ ਕੰਠ ਜਿੱਤ ਗਿਆ। ਕੁਝ ਦਿਨਾਂ ਬਾਅਦ ਹੀ ਸਰਕਾਰੀ ਆਦਮੀ ਟੂਟੀ ਪੁੱਟਣ ਆ ਪਏ ਕਿਉਂਕਿ ਟੂਟੀ ਬਾਕਾਇਦਾ ਮਨਜ਼ੂਰੀ ਨਾਲ ਨਹੀਂ ਸੀ ਲੱਗੀ। ਪਰ ਮਹੱਲੇ ਵਾਲੇ ਟੂਟੀ ਦੀ ਰਾਖੀ ਲਈ ਡਟ ਕੇ ਖੜ੍ਹੇ ਹੋ ਗਏ। ਸਰਕਾਰੀ ਆਦਮੀ ਜਿਵੇਂ ਆਏ ਸੀ, ਓਵੇਂ ਈ ਮੁੜ ਗਏ।

"ਜ਼ਿੰਦਾਬਾਦ!" ਜਲਸੇ ਵਿਚ ਨਾਹਰਾ ਗੂੰਜਿਆ।

ਗ਼ਰੀਬਦਾਸ ਦਾ ਮਨ ਜਲਸੇ ਵਿਚ ਪਰਤ ਆਇਆ। ਸ਼੍ਰੀ...ਜੀ ਦਾ ਭਾਸ਼ਣ ਖ਼ਤਮ ਹੋ ਗਿਆ ਸੀ। ਸ਼੍ਰੀ...ਜੀ ਸਟੇਜ ਤੋਂ ਹੇਠਾਂ ਉਤਰ ਕੇ ਆਪਣੀ ਕਾਰ ਵੱਲ ਜਾ ਰਹੇ ਸਨ। ਕਈ ਬੰਦਿਆਂ ਦੀ ਭੀੜ ਉਨ੍ਹਾਂ ਨੂੰ ਘੇਰੇ ਵਿਚ ਲੈ ਕੇ ਨਾਲ-ਨਾਲ ਚੱਲ ਰਹੀ ਸੀ। ਗ਼ਰੀਬਦਾਸ ਨੂੰ ਇਹ ਦ੍ਰਿਸ਼ ਦੇਖ ਕੇ ਲੱਗਿਆ ਜਿਵੇਂ ਕੀੜੀਆਂ ਮਰੀ ਹੋਈ ਟਿੱਡੀ ਨੂੰ ਘੜੀਸ ਕੇ ਖੁੱਡ ਵੱਲ ਲਿਜਾ ਰਹੀਆਂ ਹੋਣ। ਫੇਰ ਸ਼੍ਰੀ...ਜੀ ਕਾਰ ਵਿਚ ਬੈਠ ਗਏ ਤੇ ਕਾਰ ਤੁਰ ਗਈ। ਗ਼ਰੀਬਦਾਸ ਨੂੰ ਜਾਪਿਆ, ਜਿਵੇਂ ਮਰੀ ਹੋਈ ਟਿੱਡੀ ਨੂੰ ਲੈ ਕੇ ਖੁੱਡ ਤੁਰ ਗਈ ਹੋਵੇ। ਫੇਰ ਉਹਨੇ ਸੋਚਿਆ, 'ਇਹ ਲੋਕ ਮੈਨੂੰ ਕੀੜੇ-ਮਕੌੜੇ ਕਿਉਂ ਲੱਗਣ ਲੱਗ ਪਏ ਨੇ!'

ਸਟੇਜ ਉਤੇ ਇੱਕ ਬੰਦਾ ਨਾਹਰੇ ਲਾ ਰਿਹਾ ਸੀ। ਗ਼ਰੀਬਦਾਸ ਨੇ ਦੇਖਿਆ, ਸਰੋਤਿਆਂ ਨਾਲੋਂ ਸਟੇਜ ਵਾਲੇ ਦੀ ਅਵਾਜ਼ ਵਧੇਰੇ ਉਚੀ ਸੀ।

ਨਾਹਰੇ ਹਟੇ। ਸ਼ਾਂਤੀ ਹੋਈ। ਫੇਰ ਐਲਾਨ ਹੋਇਆ, "ਹੁਣ ਸ਼੍ਰੀ ਨੀਲ ਕੰਠ ਜੀ ਆਪਣੇ ਵਿਚਾਰ ਰੱਖਣਗੇ!"

ਗ਼ਰੀਬਦਾਸ ਨੂੰ ਅਚਾਨਕ ਖ਼ਿਆਲ ਆਇਆ, 'ਉਹਨੇ ਅਜੇ ਰੋਟੀ ਨਹੀਂ ਸੀ ਖਾਧੀ ਤੇ ਭਾਸ਼ਣ ਨਾਲ ਢਿੱਡ ਨਹੀਂ ਸੀ ਭਰ ਜਾਣਾ।' ਤੇ ਉਹ ਘਰ ਵੱਲ ਤੁਰ ਪਿਆ।

ਘਰਵਾਲੀ ਰੋਟੀ ਪਕਾ ਚੁੱਕੀ ਸੀ। ਬੱਚੇ ਸੌਂ ਚੁਕੇ ਸਨ। ਗ਼ਰੀਬਦਾਸ ਦਾ ਬੇਰੁਜ਼ਗਾਰ ਛੋਟਾ ਭਰਾ ਅਜੇ ਤੱਕ ਘਰ ਨਹੀਂ ਸੀ ਮੁੜਿਆ। ਉਹ ਸਵੇਰ ਤੋਂ ਕੰਮ ਦੀ ਭਾਲ ਵਿਚ ਨਿਕਲਿਆ ਹੋਇਆ ਸੀ। ਗ਼ਰੀਬਦਾਸ ਨੇ ਪਤਨੀ ਨੂੰ ਭਰਾ ਬਾਰੇ ਪੁੱਛਿਆ ਤੇ ਫੇਰ ਰੋਟੀ ਖਾਣ ਬੈਠ ਗਿਆ। ਅਣਤੜਕੀ ਦਾਲ ਨਾਲ ਰੋਟੀ ਖਾਂਦਾ ਉਹ ਸੋਚ ਰਿਹਾ ਸੀ, 'ਭਾਸ਼ਣ ਦੇਣ ਵਾਲੇ ਨੇਤਾ ਕਿਹੋ ਜਿਹੀ ਰੋਟੀ ਖਾਂਦੇ ਹੋਣਗੇ!' ਫੇਰ ਉਹਨੇ ਮਨ 'ਚ ਹੀ ਜਵਾਬ ਦੇ ਲਿਆ, 'ਨੇਤਾ ਰੋਟੀ ਨਹੀਂ, ਖਾਣਾ ਖਾਂਦੇ ਨੇ। ਖਾਣੇ 'ਚ ਸਭ ਕੁਝ ਸ਼ਾਮਲ ਹੁੰਦਾ ਹੈ-ਮੀਟ-ਮੱਛੀ, ਦਾਰੂ-ਮੁਰਗਾ, ਸਲਾਦ-ਰਾਇਤਾ ਤੇ ਹੋਰ ਪਤਾ ਨਹੀਂ ਕੀ-ਕੀ। ਤੇ ਰੋਟੀ ਵਿਚ-ਦੋ ਮੋਟੀਆਂ ਰੋਟੀਆਂ, ਨਾਲ ਅਣਤੜਕੀ ਦਾਲ, ਚਟਣੀ ਜਾਂ ਅਚਾਰ ਦੀ ਫਾੜੀ।'

ਗ਼ਰੀਬਦਾਸ ਨੇ ਪਾਣੀ ਪੀਤਾ ਤੇ ਨੀਲੂ ਨਾਲ ਮੰਜੀ ਉਤੇ ਜਾ ਲੇਟਿਆ। ਉਹਦੇ ਕੰਨਾਂ ਵਿਚ ਅਜੇ ਵੀ ਲਾਊਡ ਸਪੀਕਰ ਉਤੇ ਕਿਸੇ ਦੇ ਬੋਲਣ ਦੀ ਅਵਾਜ਼ ਆ ਰਹੀ ਸੀ। ਅਵਾਜ਼ ਕਦੇ ਉਚੀ ਹੋ ਜਾਂਦੀ ਸੀ, ਕਦੇ ਨੀਂਵੀਂ, ਜਿਵੇਂ ਨੀਲ ਕੰਠ ਦਾ ਭਾਸ਼ਣ ਅਜੇ ਵੀ ਚੱਲੀ ਜਾ ਰਿਹਾ ਹੋਵੇ। ਉਹਨੂੰ ਯਾਦ ਸੀ, ਪਿਛਲੀਆਂ ਚੋਣਾਂ ਤੋਂ ਪਹਿਲਾਂ ਨੀਲ ਕੰਠ ਬੜੀ ਨੀਂਵੀਂ ਅਵਾਜ਼ ਵਿਚ ਗੱਲ ਕਰਦਾ ਹੁੰਦਾ ਸੀ। ਚੋਣ ਜਿੱਤ ਕੇ ਉਹ ਛੇਤੀ ਹੀ ਉਚੀ ਅਵਾਜ਼ ਵਿਚ ਬੋਲਣ ਲੱਗ ਪਿਆ ਸੀ। ਤੇ ਅੱਜ-ਕੱਲ੍ਹ ਉਹਦੀ ਅਵਾਜ਼ ਕਦੇ ਉਚੀ ਹੋ ਜਾਂਦੀ ਹੈ, ਕਦੇ ਨੀਂਵੀਂ। ਗ਼ਰੀਬਦਾਸ ਨੂੰ ਯਾਦ ਆਇਆ, ਨੀਲ ਕੰਠ ਨੇ ਉਚੀ ਅਵਾਜ਼ ਵਿਚ ਹੀ ਕਿਹਾ ਸੀ ਝੁੱਗੀ-ਝੌਂਪੜੀ ਇਲਾਕੇ ਵੱਲੋਂ ਕੋਈ ਬੰਦਾ ਉਸ ਕੋਲ ਕੋਈ ਕੰਮ ਕਰਾਉਣ ਨਾ ਆਵੇ, ਕਿਉਂਕਿ ਓਧਰੋਂ ਕਿਸੇ ਨੇ ਉਸ ਨੂੰ ਵੋਟ ਨਹੀਂ ਸੀ ਪਾਈ। ਇਸੇ ਕਰਕੇ ਪਿਛਲੇ ਸਾਲਾਂ ਵਿਚ ਮਹੱਲੇ ਦੀ ਕਿਸੇ ਗਲੀ, ਨਾਲੀ ਦੀ ਮੁਰੰਮਤ ਤੱਕ ਨਹੀਂ ਸੀ ਹੋਈ, ਨਵੀਂ ਤਾਂ ਕੀ ਬਣਨੀ ਸੀ! ਘਰਾਂ ਦਾ ਗੰਦ-ਮੰਦ ਵੀ

## ਕਹਾਣੀ

ਛੱਪੜ ਵਿਚ ਭਰ-ਭਰ ਕੇ ਬਦਬੂ ਛੱਡ ਰਿਹਾ ਸੀ।

ਗ਼ਰੀਬਦਾਸ ਨੇ ਇੱਕਦਮ ਕੱਪੜੇ ਨਾਲ ਮੂੰਹ ਢਕ ਲਿਆ, ਜਿਵੇਂ ਛੱਪੜ ਵਿਚੋਂ ਉਠਦੀ ਸਾਰੀ ਦੀ ਸਾਰੀ ਬਦਬੂ ਉਹਦੇ ਨੱਕ ਵਿਚੋਂ ਦੀ ਹੋ ਕੇ ਦਿਮਾਗ਼ ਨੂੰ ਚੜ੍ਹਨ ਲੱਗ ਪਈ ਹੋਵੇ।

ਸਵੇਰੇ ਢੋਲਕੀ-ਛੈਣਿਆਂ ਦੀ ਅਵਾਜ਼ ਨਾਲ ਗ਼ਰੀਬਦਾਸ ਦੀ ਅੱਖ ਖੁੱਲ੍ਹੀ। ਉਹਨੇ ਸਿਰ ਚੁੱਕ ਕੇ ਧਿਆਨ ਨਾਲ ਸੁਣਿਆ, ਕੋਈ ਕੀਰਤਨ-ਮੰਡਲੀ ਢੋਲਕੀ-ਛੈਣੇ ਖੜਕਾਉਂਦੀ ਆ ਰਹੀ ਸੀ। ਉਹ ਉਠਿਆ ਤੇ ਗਲੀ ਵਿਚ ਆ ਖਲੋਤਾ। ਉਹਨੇ ਦੇਖਿਆ, ਜਨਤਾ ਮੰਡਲ ਦੇ ਉਮੀਦਵਾਰ ਸ਼੍ਰੀ...ਜੀ ਤੇ ਕੁਝ ਹੋਰ ਲੋਕ ਭਜਨ ਗਾਉਂਦੇ ਆ ਰਹੇ ਸਨ। ਕੋਲ ਆਏ ਤਾਂ ਗ਼ਰੀਬਦਾਸ ਨੇ ਜਾਣ-ਪਛਾਣ ਵਾਲੇ ਇੱਕ ਬੰਦੇ ਨੂੰ ਰੋਕ ਕੇ ਪੁੱਛਿਆ, "ਇਹ ਪ੍ਰਭਾਤ-ਫੇਰੀ ਕਾਹਦੀ! ਕੋਈ ਤਿਉਹਾਰ ਆਉਣ ਵਾਲਾ ਏ?"

"ਲਓ ਜੀ, ਏਸ ਵਿਚ ਤਿਉਹਾਰ ਵਾਲੀ ਕਿਹੜੀ ਗੱਲ ਐ, ਗ਼ਰੀਬਦਾਸ! ਜਦੋਂ ਭਗਵਾਨ ਦਾ ਨਾਂ ਲੈਣਾ ਹੋਇਆ, ਕੀਰਤਨ ਕਰ ਲਿਆ।" ਤੇ ਗੱਲ ਕਰਨ ਵਾਲਾ ਕਾਹਲੇ ਕਦਮੀਂ ਭਜਨ-ਮੰਡਲੀ ਦੇ ਨਾਲ ਜਾ ਰਲਿਆ, ਜਿਵੇਂ ਉਹਨੂੰ ਭਗਵਾਨ ਨੂੰ ਮਿਲਣ ਦੀ ਕਾਹਲ ਹੋਵੇ।

ਗ਼ਰੀਬਦਾਸ ਸੋਚਣ ਲੱਗ ਪਿਆ, 'ਭਗਵਾਨ ਦਾ ਨਾਂ ਘਰਾਂ ਵਿਚ ਬੈਠ ਕੇ ਕਿਉਂ ਨਹੀਂ ਲੈ ਲੈਂਦੇ! ਗਲੀਆਂ-ਮਹੱਲਿਆਂ ਵਿਚ ਤੁਰ-ਫਿਰ ਕੇ ਦਿਖਾਵਾ ਕਰਨ ਦੀ ਕੀ ਲੋੜ ਐ!'

ਤੇ ਇਸ ਲੋੜ ਦੀ ਉਹਨੂੰ ਛੇਤੀ ਹੀ ਸਮਝ ਆ ਗਈ, ਜਦੋਂ ਉਹਨੂੰ ਧਿਆਨ ਆਇਆ ਕਿ ਚੋਣਾਂ ਵਿਚ ਖੜ੍ਹੇ ਉਮੀਦਵਾਰ ਸ਼੍ਰੀ...ਜੀ ਵੀ ਤਾਂ ਭਜਨ-ਮੰਡਲੀ 'ਚ ਅੱਗੇ-ਅੱਗੇ ਸਨ। ਗ਼ਰੀਬਦਾਸ ਵਿਅੰਗ ਨਾਲ ਮੁਸਕਰਾਇਆ ਤੇ ਝੁੱਗੀ ਦੇ ਅੰਦਰ ਵੜ ਕੇ ਜ਼ੋਰ ਨਾਲ ਬੂਹਾ ਬੰਦ ਕਰ ਲਿਆ।

ਘਰਵਾਲੀ ਜਾਗ ਪਈ ਸੀ। ਬੱਚੇ ਸੁੱਤੇ ਪਏ ਸਨ। ਗ਼ਰੀਬਦਾਸ ਨੂੰ ਨਹੀਂ ਸੀ ਪਤਾ ਕਿ ਸਰਨਦਾਸ ਰਾਤ ਕਿਹੜੇ ਵੇਲੇ ਘਰ ਮੁੜਿਆ ਸੀ। ਉਹਨੇ ਸੁੱਤੇ ਪਏ ਭਰਾ ਵੱਲ ਦੇਖਿਆ। ਉਹਦਾ ਮਨ ਤਰਸ ਨਾਲ ਭਰ ਆਇਆ।

ਸਰਨਦਾਸ ਦੋ ਸਾਲ ਤੋਂ ਬੇਕਾਰ ਸੀ। ਬੀ.ਏ. ਕਰ ਕੇ ਵੀ ਉਹਨੂੰ ਕੋਈ ਕੰਮ ਨਹੀਂ ਸੀ ਮਿਲਿਆ। ਅੱਗੋਂ ਕੋਈ ਟ੍ਰੇਨਿੰਗ ਵੀ ਨਹੀਂ ਸੀ ਕਰ ਸਕਿਆ। ਟ੍ਰੇਨਿੰਗ ਵਾਸਤੇ ਨਾ ਤਾਂ ਗ਼ਰੀਬਦਾਸ ਵਿਚ ਹਿੰਮਤ ਸੀ ਨਾ ਪਿੰਡ ਦੀ ਡੇਢ ਕਿੱਲਾ ਜ਼ਮੀਨ ਦਾ ਕੋਈ ਆਸਰਾ। ਇਸ ਤੋਂ ਬਾਅਦ ਵੀ ਤਾਂ ਕੋਈ ਫ਼ਾਇਦਾ ਨਜ਼ਰ ਨਹੀਂ ਸੀ ਆਉਂਦਾ। ਟ੍ਰੇਨਿੰਗ ਕਰ ਕੇ ਵਿਹਲੇ ਫਿਰਦੇ ਉਹਨੇ ਅਨੇਕਾਂ ਦੇਖੇ ਸਨ। ਬੀ.ਏ. ਦੀ ਡਿਗਰੀ ਲੈ ਕੇ ਉਹ ਸਾਲ ਭਰ ਆਪਣੇ ਜ਼ਿਲ੍ਹੇ ਵਿਚ ਤੇ ਫੇਰ ਸੂਬੇ ਵਿਚ ਕੋਸ਼ਿਸ਼ ਕਰਦਾ ਫਿਰਿਆ ਸੀ। ਪਰ ਕਿਧਰੇ ਕੰਮ ਨਹੀਂ ਸੀ ਮਿਲਿਆ। ਸਾਲ ਕੁ ਹੋਇਆ, ਗ਼ਰੀਬਦਾਸ ਨੇ ਅਖ਼ਬਾਰ ਵਿਚ ਪੜ੍ਹਿਆ ਸੀ ਕਿ ਕੇਂਦਰ ਦੀ ਸਰਕਾਰ ਇਸੇ ਸਾਲ ਬੇਕਾਰੀ ਦੂਰ ਕਰਨ ਦੀਆਂ ਵਿਉਂਤਾਂ ਬਣਾ ਰਹੀ ਹੈ। ਇਸ ਲਈ ਉਹਨੇ ਸਰਨਦਾਸ ਨੂੰ ਆਪਣੇ ਕੋਲ ਦਿੱਲੀ ਸੱਦ ਲਿਆ ਸੀ। ਦਿੱਲੀ ਆ ਕੇ ਸਰਨਦਾਸ ਨੇ ਕਾਫ਼ੀ ਭੱਜ-ਨੱਠ ਕੀਤੀ। ਉਹਨੂੰ ਲੋਹੇ ਦੀ ਇੱਕ ਫ਼ਰਮ ਵਿਚ ਹਿਸਾਬ-ਕਿਤਾਬ ਰੱਖਣ ਦੀ ਨੌਕਰੀ ਮਿਲ ਗਈ। ਪਰ ਪੰਦਰਾਂ ਕੁ ਦਿਨਾਂ ਬਾਅਦ ਨੌਕਰੀਓਂ ਜਵਾਬ ਵੀ ਮਿਲ ਗਿਆ। ਉਹਨੇ ਫ਼ਰਮ ਦੇ ਹੀ ਕਿਸੇ ਬੰਦੇ ਕੋਲ ਕਹਿ ਦਿੱਤਾ ਕਿ ਉਹਨੂੰ ਦੋ-ਦੋ ਵਹੀ-ਖਾਤੇ ਤਿਆਰ ਕਰ ਕੇ ਹੇਰਾ-ਫੇਰੀ ਕਰਨੀ ਠੀਕ ਨਹੀਂ ਸੀ ਲੱਗਦੀ। ਉਹਨੂੰ ਇਹ ਗੱਲ ਵੀ ਚੰਗੀ ਨਹੀਂ ਸੀ ਲੱਗਦੀ ਕਿ ਫ਼ਰਮ ਦੇ ਸਟੋਰ ਵਿਚ ਮਾਲ ਤਾਂ ਪਹੁੰਚੇ ਨਾ, ਬਿੱਲ ਪਹੁੰਚ ਜਾਣ ਤੇ ਮਾਲ ਬਾਹਰੋ-ਬਾਹਰ ਵਿਕ ਜਾਵੇ। ਫੇਰ ਉਹਨੂੰ ਇੱਕ ਸੈਰ-ਸਪਾਟਾ ਏਜੰਸੀ ਵਿਚ ਕਾਫ਼ੀ ਘੱਟ ਤਨਖ਼ਾਹ ਉਤੇ ਨੌਕਰੀ ਮਿਲੀ। ਪਰ ਕੰਪਨੀ ਨੇ ਦੋ ਮਹੀਨੇ ਤਨਖ਼ਾਹ ਨਾ ਦਿੱਤੀ। ਤੀਜਾ ਮਹੀਨਾ ਸਰਨਦਾਸ ਨੇ ਤਨਖ਼ਾਹ ਮੰਗਦਿਆਂ ਬਿਤਾ ਦਿੱਤਾ। ਅਖ਼ੀਰ ਤੰਗ ਆ ਕੇ ਉਹ ਤਿੰਨ ਮਹੀਨੇ ਦੀ ਤਨਖ਼ਾਹ ਵੀ ਛੱਡ ਆਇਆ ਤੇ ਨੌਕਰੀ ਵੀ।

ਗ਼ਰੀਬਦਾਸ ਨੇ ਘਰਵਾਲੀ ਨੂੰ ਕਹਿ ਦਿੱਤਾ ਕਿ ਉਹ ਸਰਨਦਾਸ ਨੂੰ ਜਗਾਏ ਨਾ; ਥੱਕੇ-ਟੁੱਟੇ ਸਰੀਰ ਨੂੰ ਬਹੁਤੇ ਅਰਾਮ ਦੀ ਲੋੜ ਹੁੰਦੀ ਹੈ। ਤੇ ਆਪ ਉਹ ਗਲਾਸ ਲੈ ਕੇ ਦੁੱਧ ਲੈਣ ਤੁਰ ਪਿਆ।

***(ਅਗਲੇ ਸਫੇ 'ਤੇ ਜਾਰੀ)***

ਉਹਨੇ ਡੇਰੀ ਦੇ ਤਖ਼ਤ ਉਤੇ ਗਲਾਸ ਜਾ ਰੱਖਿਆ। ਭਾਂਡਿਆਂ ਦੀ ਕਤਾਰ ਵਿਚ ਉਹਦੀ ਵਾਰੀ ਅਜੇ ਦੂਰ ਸੀ। ਦੁੱਧ ਵਾਲੀ ਕੌਲਾਂ ਤਖ਼ਤ ਉਤੇ ਪਥੱਲਾ ਮਾਰੀ ਬੈਠੀ ਸੀ। ਉਹਦਾ ਘਰਵਾਲਾ, ਵਲੈਤੀ, ਮੱਝ ਦੀ ਧਾਰ ਕੱਢ ਰਿਹਾ ਸੀ। ਦੁੱਧ ਲੈਣ ਆਈਆਂ ਔਰਤਾਂ ਤਖ਼ਤ ਦੇ ਆਸੇ-ਪਾਸੇ ਖੜ੍ਹੀਆਂ ਸਨ। ਫ਼ਲੈਟਾਂ ਵਾਲੇ ਪਾਸਿਓਂ ਸਪੀਕਰ ਦੀ ਅਵਾਜ਼ ਸੁਣਾਈ ਦਿੱਤੀ, "ਬਸਤੀ ਵਾਸੀਓ! ਆਪ ਦਾ ਕੀਮਤੀ ਵੋਟ...!" ਇੱਕ ਤੀਂਵੀਂ ਬੋਲ ਪਈ, "ਅਸੀਂ ਤਾਂ ਐਤਕੀਂ ਕਿਸੇ ਨੂੰ ਵੋਟ-ਵੂਟ ਨਹੀਂ ਪਾਉਣੀ।"

'ਵੋਟ ਨਾ ਪਾ ਕੇ ਤੁਸੀਂ ਵੋਟਾਂ ਮੰਗਣ ਵਾਲਿਆਂ ਦਾ ਕੀ ਵਿਗਾੜ ਲਓਗੇ!' ਗ਼ਰੀਬਦਾਸ ਨੇ ਮਨ ਵਿਚ ਆਖਿਆ, 'ਤੁਸੀਂ ਵੋਟ ਨਾ ਵੀ ਪਾਓਗੇ, ਉਹ ਫੇਰ ਵੀ ਜਿੱਤ ਜਾਣਗੇ। ਉਹ ਹਮੇਸ਼ਾ ਜਿੱਤਦੇ ਨੇ, ਤੁਸੀਂ ਹਮੇਸ਼ਾ ਹਾਰਦੇ ਓ, ਲੋਕ ਹਮੇਸ਼ਾ ਹਾਰਦੇ ਨੇ!' ਫੇਰ ਉਹਨੇ ਆਪਣੇ ਬਾਰੇ ਮਨ ਵਿਚ ਕਿਹਾ, 'ਗ਼ਰੀਬਦਾਸ, ਤੂੰ ਵੀ ਤਾਂ ਹੁਣ ਤੱਕ ਹਾਰਦਾ ਈ ਆਇਐਂ!'

"ਵੋਟ ਨਾ ਕਿਤੇ, ਸੁਆਹ ਪਾਵਾਂਗੇ ਇਨ੍ਹਾਂ ਨੂੰ! ਉਧਾਰ-ਸੁਧਾਰ ਫੜ ਕੇ ਪਿਛਲੇ ਸਾਲ ਇੱਕ ਕੋਠਾ ਖੜ੍ਹਾ ਕੀਤਾ ਸੀ, ਉਹ ਵੀ ਢਾਹ ਗਏ, ਜਾਇ-ਖਾਣੇ!"

"ਜੇ ਨਾ ਢਾਹੁਣ ਤਾਂ ਆਪਣੀਆਂ ਕੋਠੀਆਂ ਕਿਵੇਂ ਖੜ੍ਹੀਆਂ ਕਰਨ!" ਪਹਿਲੀ ਤੀਂਵੀਂ ਨੇ ਵਿਅੰਗ ਕੀਤਾ, "ਅਖੇ ਜੀ, ਕਨੂੰਨ ਐ! ਨਾ ਭਲਾ ਕਨੂੰਨ ਗਰੀਬਾਂ ਦੇ ਕੋਠੇ ਢਾਹੁਣ ਵਾਸਤੇ ਈ ਐ! ਬਣਾਉਣ ਵਾਸਤੇ ਕਿੰਨਾ ਕੁ ਐ!"

ਗ਼ਰੀਬਦਾਸ ਨੂੰ ਜਾਪਿਆ, ਵੋਟਾਂ ਨਾ ਪਾਉਣ ਵਾਲਿਆਂ ਦੀ ਗਿਣਤੀ ਵਧ ਜਾਏਗੀ। ਲੋਕ ਜਿੱਤ ਜਾਣਗੇ ਤੇ ਨੇਤਾ ਲੋਕ ਹਾਰ ਜਾਣਗੇ।

ਦੁੱਧ ਵਾਲੀ ਕੌਲਾਂ ਕਹਿ ਰਹੀ ਸੀ, "ਕਨੂੰਨ ਤਾਂ ਉਨ੍ਹਾਂ ਵਾਸਤੇ ਐ ਭਾਈ, ਜਿਹੜੇ ਬੁੱਕ ਰੁਪਈਆਂ ਦਾ ਲੈ ਕੇ ਬਿਨਾਂ ਮਨਜ਼ੂਰੀ ਦੇ ਮਕਾਨ ਬਣਨ ਦਿੰਦੇ ਨੇ।"

'ਆਹੋ, ਤੂੰ ਵੀ ਤਾਂ ਓਸੇ ਕਾਨੂੰਨ ਮੁਤਾਬਕ ਚੱਲਦੀ ਐਂ! ਜੇ ਨਾ ਇੰਸਪੈਕਟਰਾਂ ਦੀਆਂ ਜੇਬਾਂ ਭਰੇਂ ਤਾਂ ਤੇਰੀਆਂ ਮੱਝਾਂ ਦਾ ਰੋਜ਼-ਰੋਜ਼ ਚਲਾਨ ਨਾ ਹੋ ਜਾਇਆ ਕਰੇ!' ਗ਼ਰੀਬਦਾਸ ਨੇ ਮਨ ਵਿਚ ਦੁੱਧ ਵਾਲੀ ਕੌਲਾਂ ਉਤੇ ਚੋਟ ਕੀਤੀ। ਤੇ ਫੇਰ ਉਹ ਥੋੜ੍ਹਾ ਜਿਹਾ ਦੂਰ ਹਟ ਕੇ ਟਹਿਲਣ ਲੱਗ ਪਿਆ। ਉਹਨੂੰ ਡਰ ਸੀ ਮਤੇ ਜ਼ਨਾਨੀਆਂ ਨਾਲ ਬਹਿਸ ਵਿਚ ਨਾ ਪੈ ਜਾਏ। ਪਰ ਚੱਲ ਰਹੀਆਂ ਗੱਲਾਂ ਤੋਂ ਉਹ ਬਚ ਨਾ ਸਕਿਆ। ਉਹ ਸੋਚਣ ਲੱਗ ਪਿਆ, ਕੌਲਾਂ ਵਰਗੇ ਲੋਕ ਹੀ ਤਾਂ ਨੀਲ ਕੰਠ ਵਰਗਿਆਂ ਨੂੰ ਤੇ ਅਫ਼ਸਰਾਂ ਨੂੰ ਚੜ੍ਹਾਵੇ ਚੜ੍ਹਾਉਂਦੇ ਹਨ ਤੇ ਫੇਰ ਆਏ ਦਿਨ ਦੁੱਧ ਦਾ ਭਾਅ ਵਧਾਉਂਦੇ ਰਹਿੰਦੇ ਹਨ। ਆਖ਼ਰਕਾਰ ਸਾਰਾ ਭਾਰ ਸਾਡੇ ਵਰਗੇ ਆਮ ਲੋਕਾਂ 'ਤੇ ਪੈਂਦਾ ਹੈ।'

"ਇਲਾਕਾ ਨਿਵਾਸੀਓ! ਆਪ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ...।"

ਲਾਊਡ ਸਪੀਕਰ ਦੀ ਅਵਾਜ਼ ਸੁਣ ਕੇ ਗ਼ਰੀਬਦਾਸ ਰੁਕ ਗਿਆ, 'ਖ਼ੁਸ਼ੀ ਹੋਵੇਗੀ! ਸਾਨੂੰ ਕਿਸ ਗੱਲ ਦੀ ਖ਼ੁਸ਼ੀ ਹੋਵੇਗੀ! ਖ਼ੁਸ਼ੀ ਤਾਂ ਹੁੰਦੀ ਐ ਤੁਹਾਨੂੰ, ਜਿਹੜੇ ਤੀਜੇ ਕੁ ਦਿਨ ਚੋਣਾਂ ਲੜਨ ਵਾਸਤੇ ਸਾਡੇ ਸਿਰ 'ਤੇ ਆ ਖਲੋਂਦੇ ਓ ਤੇ ਫੇਰ ਜਿੱਤ ਕੇ ਚੋਣਾਂ ਦਾ ਖ਼ਰਚਾ ਸਾਡੇ ਸਿਰੋਂ ਕੱਢਣ ਲੱਗ ਪੈਂਦੇ ਓ ਤੇ ਜੇਬਾਂ ਭਰਨ ਲੱਗ ਪੈਂਦੇ ਓ!'

"ਆਪ ਦੇ ਜਾਣੇ-ਪਛਾਣੇ ਨੇਤਾ, ਸ੍ਰੀ ਮਿੱਤਰਸੈਣ ਜੀ (ਅਸੀਂ ਇਨ੍ਹਾਂ ਨੂੰ ਖ਼ੂਬ ਜਾਣਦੇ ਹਾਂ ਤੇ ਪਛਾਣਦੇ ਵੀ ਆਂ!) ਆਪਣੀ ਕੀਮਤੀ ਵੋਟ...।" (ਅੱਛਾ! ਸਾਡੀ ਵੋਟ ਦੀ ਕੀਮਤ ਵੀ ਹੈ! ਪੰਜ ਸਾਲ ਪਹਿਲਾਂ ਵੀ ਇਹਦੀ ਕੀਮਤ ਸੀ, ਪੰਜ ਸਾਲ ਬਾਅਦ ਵੀ ਇਹਦੀ ਕੀਮਤ ਹੈ। ਪਰ ਪੰਜ ਸਾਲ ਦਾ ਵਿਚਲਾ ਸਮਾਂ ਇਹ ਕਾਗ਼ਜ਼ ਦਾ ਇੱਕ ਪੁਰਜ਼ਾ ਹੁੰਦਾ ਹੈ, ਜਿਸ ਨੂੰ ਰੱਦੀ ਵਾਲੇ ਵੀ ਨਹੀਂ।) ਇਹ ਸਾਡੀ ਅਮਾਨਤ ਹੈ।

'ਅਮਾਨਤ!' ਗ਼ਰੀਬਦਾਸ ਨੂੰ ਗ਼ੁੱਸਾ ਆ ਗਿਆ। ਉਹ ਆਉਂਦੇ ਆਟੋ ਦੇ ਰਾਹ ਵੱਲ ਤੁਰ ਪਿਆ। ਉਹ ਬੋਲਣ ਵਾਲੇ ਨੂੰ ਦੱਸਣਾ ਚਾਹੁੰਦਾ ਸੀ ਕਿ ਇਹ ਤੁਹਾਡੀ ਅਮਾਨਤ ਨਹੀਂ, ਮੇਰੀ ਹੈ, ਜਿਹੜੀ ਮੈਂ ਹਰ ਵਾਰ ਤੁਹਾਡੇ ਵਿਚੋਂ ਕਿਸੇ ਨਾ ਕਿਸੇ ਨੂੰ ਸੌਂਪੀ ਰੱਖੀ, ਪਰ ਤੁਸੀਂ ਹਮੇਸ਼ਾ ਅਮਾਨਤ ਵਿਚ ਖ਼ਿਆਨਤ ਕੀਤੀ! ਤੁਸੀਂ ਆਪ ਵੱਡੇ ਬਣਨ ਵਿਚ ਲੱਗੇ ਰਹੇ; ਪਰਮਿਟ, ਕੋਟੇ, ਲਾਇਸੈਂਸ, ਠੇਕੇ ਤੁਸੀਂ ਆਪਸ ਵਿਚ ਵੰਡ ਕੇ ਵੱਡਿਆਂ ਨੂੰ ਹੋਰ ਵੱਡੇ ਬਣਾਉਂਦੇ ਰਹੇ ਤੇ ਸਾਨੂੰ ਛੋਟਿਆਂ ਨੂੰ ਹੋਰ ਛੋਟੇ ਕਰ ਦਿੱਤਾ! ਹੁਣ ਇਹ ਅਮਾਨਤ ਮੈਂ ਆਪਣੇ ਕੋਲ ਰੱਖਾਂਗਾ, ਆਪਣੇ ਕੋਲ!

"ਗਰੀਬੂ! ਆਪਣਾ ਦੁੱਧ ਲੈ ਜਾ!" ਦੁੱਧ ਵਾਲੀ ਕੌਲਾਂ ਨੇ ਅਵਾਜ਼ ਮਾਰੀ। ਉਹ ਦੁੱਧ ਲੈਣ ਲਈ ਮੁੜ ਪਿਆ। ਪਿੱਛੋਂ ਲਾਊਡ ਸਪੀਕਰ ਤੋਂ ਅਵਾਜ਼ ਆ ਰਹੀ ਸੀ, "ਸ਼ਹਿਰ ਨੂੰ ਸੁੰਦਰ ਬਣਾਉਣਾ ਚਾਹੁੰਦੇ ਹੋ ਤਾਂ ਵੋਟ...।"

'ਸੁੰਦਰਤਾ ਢਿੱਡ ਤੋਂ ਸ਼ੁਰੂ ਹੁੰਦੀ ਐ, ਪਾਰਕਾਂ-ਫ਼ੁਹਾਰਿਆਂ ਤੋਂ ਨਹੀਂ।' ਗ਼ਰੀਬਦਾਸ ਨੇ ਮਨ ਵਿਚ ਆਖਿਆ ਤੇ ਦੁੱਧ ਵਾਲੇ ਤਖ਼ਤ ਕੋਲ ਆ ਗਿਆ। ਕੌਲਾਂ ਨੇ ਉਹਦੇ ਗਲਾਸ ਵਿਚ ਇੱਕ ਪਾ ਦੁੱਧ ਪਾਇਆ। ਦੁੱਧ ਦੀ ਝੱਗ ਸਦਕਾ ਗਲਾਸ ਨੱਕੋ-ਨੱਕ ਭਰ ਗਿਆ। ਪਰੇ, ਮੱਝ ਦੀ ਧਾਰ ਕੱਢਦਾ ਵਲੈਤੀ ਕੌਲਾਂ ਨੂੰ ਕਹਿ ਰਿਹਾ ਸੀ, "ਨਾਲੋ-ਨਾਲ ਦੱਸਦੀ ਰਹੀਂ, ਭਲਕ ਤੋਂ ਦੁੱਧ ਪੰਜਾਹ ਪੈਸੇ ਮਹਿੰਗਾ ਹੋ ਗਿਆ ਜੇ।"

ਗ਼ਰੀਬਦਾਸ ਨੇ ਸੁਣਿਆ, ਕਿਸੇ ਲਾਊਡ ਸਪੀਕਰ ਤੋਂ ਅਵਾਜ਼ ਆ ਰਹੀ ਸੀ, "ਮਹਿੰਗਾਈ ਨੂੰ ਰੋਕਣਾ ਹੈ ਤਾਂ ਆਪਣਾ ਕੀਮਤੀ ਵੋਟ...!"

ਗ਼ਰੀਬਦਾਸ ਨੇ ਦੁੱਧ ਦੇ ਗਲਾਸ ਵਿਚ ਉਂਗਲ ਡੋਬ ਕੇ ਦੇਖਿਆ। ਹੇਠਾਂ ਤੱਕ ਉਹਦੀ ਉਂਗਲ ਨੂੰ ਦੁੱਧ ਨਹੀਂ ਛੁਹਿਆ। ਉਹਨੇ ਝੱਗ ਨਾਲ ਲਿੱਬੜੀ ਉਂਗਲ ਬਾਹਰ ਕੱਢ ਲਈ। ਕੌਲਾਂ ਨੂੰ ਉਲਾਂਭਾ ਦੇਣਾ ਉਹਨੇ ਬੇਕਾਰ ਸਮਝਿਆ। ਉਲਾਂਭਾ ਸੁਣ ਕੇ ਉਹ ਦੁੱਧ ਮੋੜ ਕੇ ਬਾਲਟੀ ਵਿਚ ਪਾ ਲੈਂਦੀ ਹੈ ਤੇ ਖ਼ਾਲੀ ਭਾਂਡਾ ਗਾਹਕ ਦੇ ਹੱਥ ਫੜਾ ਦਿੰਦੀ ਹੈ।

ਝੱਗ ਨਾਲ ਭਰੇ ਗਲਾਸ ਵੱਲ ਦੇਖਦਾ ਉਹ ਘਰ ਵੱਲ ਤੁਰ ਪਿਆ।

ਘਰਵਾਲੀ ਚਾਹ ਬਣਾਉਣ ਲੱਗ ਪਈ। ਦੋਵੇਂ ਬੱਚੇ ਜਾਗ ਪਏ ਸਨ। ਸਰਨਦਾਸ ਸੁੱਤਾ ਪਿਆ ਸੀ। ਦੂਰੋਂ ਆਉਂਦੀ ਇੱਕ ਹੋਰ ਲਾਊਡ ਸਪੀਕਰ ਦੀ ਅਵਾਜ਼ ਕੰਨੀਂ ਪਈ। ਗ਼ਰੀਬਦਾਸ ਬਾਹਰ ਖੜ੍ਹਾ ਹੋ ਗਿਆ। ਸੱਜੇ ਪਾਸਿਓਂ ਲਾਊਡ ਸਪੀਕਰ ਵਾਲਾ ਇੱਕ ਟੈਂਪੂ ਆ ਰਿਹਾ ਸੀ। ਝੁੱਗੀਆਂ ਦੇ ਬੱਚੇ ਟੈਂਪੂ ਪਿੱਛੇ ਲਮਕ ਕੇ ਝੂਟੇ ਲੈਣ ਲਈ ਭੱਜ ਰਹੇ ਸਨ। ਲਾਊਡ ਸਪੀਕਰ ਬੋਲ ਰਿਹਾ ਸੀ, "ਪਾਰਟੀ ਨੇ ਜੋ-ਜੋ ਕੰਮ ਆਪ ਜੀ ਦੀ ਭਲਾਈ ਲਈ ਕੀਤੇ, ਉਹ ਆਪ ਤੋਂ ਭੁੱਲੇ ਹੋਏ ਨਹੀਂ!"

ਗ਼ਰੀਬਦਾਸ ਨੇ ਦੇਖਿਆ, ਉਹਦਾ ਛੋਟਾ ਮੁੰਡਾ ਤੇ ਹੋਰ ਬੱਚੇ ਕੱਚੀ ਸੜਕ ਦੀ ਮਿੱਟੀ ਉਡਾਉਂਦੇ ਟੈਂਪੂ ਦੇ ਪਿੱਛੇ ਭੱਜ ਉਠੇ।

"ਆਪ ਦੇ ਸ਼ਹਿਰ ਨੂੰ ਸੁੰਦਰ ਬਣਾਉਣ ਵਾਲੀ ਇੱਕੋ-ਇੱਕ ਪਾਰਟੀ...!"

ਗ਼ਰੀਬਦਾਸ ਨੇ ਦੇਖਿਆ, ਸਾਹਮਣੇ ਵਾਲੇ ਛੱਪੜ ਦੇ ਕੰਢੇ ਲੱਗੀ ਰੂੜੀ ਉਤੇ ਇੱਕ ਗੁਆਂਢਣ ਕੂੜੇ ਦਾ ਬੱਠਲ ਸੁੱਟ ਗਈ। ਇਸ ਨਾਲ ਮਿੱਟੀ-ਘੱਟੇ ਦਾ ਇੱਕ ਵਾਵਰੋਲਾ ਜਿਹਾ ਉਠਿਆ ਤੇ ਹੌਲੀ-ਹੌਲੀ ਚਾਰੇ ਪਾਸੇ ਖਿੱਲਰ ਕੇ ਬੈਠ ਗਿਆ।

ਗ਼ਰੀਬਦਾਸ ਨੇ ਦੇਖਿਆ, ਰੂੜੀ ਉਤੇ ਇੱਕ ਪਾਸੇ ਇੱਕ ਬੱਚਾ ਟੱਟੀ ਕਰ ਰਿਹਾ ਸੀ। ਇੱਕ ਕੁੱਤਾ ਲਲਚਾਇਆ ਜਿਹਾ ਖੜ੍ਹਾ ਬੱਚੇ ਦੇ ਉਠਣ ਦੀ ਉਡੀਕ ਕਰ ਰਿਹਾ ਸੀ।

ਲਾਊਡ ਸਪੀਕਰ ਨੇੜੇ ਆਉਂਦਾ ਜਾ ਰਿਹਾ ਸੀ, "ਆਪ ਦੇ ਬੱਚਿਆਂ ਦੀ ਪੜ੍ਹਾਈ ਦਾ ਸੁਚੱਜਾ ਪ੍ਰਬੰਧ...!"

ਸਕੂਲ ਨਾ ਜਾਣ ਵਾਲੇ ਝੁੱਗੀਆਂ ਦੇ ਦੋ-ਤਿੰਨ ਹੋਰ ਬੱਚੇ ਟੈਂਪੂ ਪਿੱਛੇ ਭੱਜ ਪਏ। ਟੱਟੀ ਕਰਦਾ ਬੱਚਾ ਵੀ ਝੱਗਾ ਹੇਠਾਂ ਸੁੱਟ ਕੇ ਟੈਂਪੂ ਪਿੱਛੇ ਭੱਜ ਉਠਿਆ।

'ਸੁਚੱਜਾ ਪ੍ਰਬੰਧ' ਵਿਅੰਗ ਵਿਚ ਗ਼ਰੀਬਦਾਸ ਦੇ ਬੁੱਲ੍ਹ ਹਿੱਲੇ। ਉਹਨੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਟੈਂਪੂ ਪਿੱਛੇ ਭੱਜਣ ਵਾਲੇ ਕਿੰਨੇ ਕੁ ਬੱਚੇ ਸਕੂਲ ਪੜ੍ਹਦੇ ਹਨ! ਇੱਕ-ਦੋ ਨੂੰ ਛੱਡ ਕੇ ਸਾਰੇ ਗਲੀਆਂ ਕੱਛਣ ਵਾਲੇ ਹੀ ਨਜ਼ਰ ਆਏ। ਉਹਦਾ ਆਪਣਾ ਮੁੰਡਾ ਛੇ ਸਾਲ ਦਾ ਹੋਣ ਵਾਲਾ ਹੈ। ਪਿਛਲੇ ਸਾਲ ਪੰਜ ਸਾਲ ਦਾ ਹੋਇਆ ਸੀ ਤਾਂ ਗ਼ਰੀਬਦਾਸ ਉਹਨੂੰ ਨੇੜੇ ਦੇ ਸਕੂਲ ਵਿਚ ਦਾਖ਼ਲ ਕਰਾਉਣ ਲੈ ਗਿਆ। ਸਕੂਲ ਵਾਲਿਆਂ ਨੇ ਦਾਖ਼ਲਾ-ਫ਼ਾਰਮ ਉਤੇ ਇਲਾਕੇ ਦੇ ਚੁਣੇ ਹੋਏ ਮੈਂਬਰ ਦੇ ਦਸਤਖ਼ਤ ਕਰਾ ਕੇ ਲਿਆਉਣ ਨੂੰ ਕਿਹਾ। ਜਦੋਂ ਗ਼ਰੀਬਦਾਸ ਨੀਲ ਕੰਠ ਕੋਲ ਦਸਤਖ਼ਤ ਕਰਵਾਉਣ ਗਿਆ ਤਾਂ ਨੀਲ ਕੰਠ ਨੇ ਤਾਅਨਾ ਮਾਰਿਆ ਕਿ ਝੁੱਗੀ-ਝੌਂਪੜੀ ਵਾਲਿਆਂ ਨੇ ਉਹਨੂੰ ਵੋਟਾਂ ਤਾਂ ਪਾਈਆਂ ਨਹੀਂ ਸਨ, ਹੁਣ ਦਸਤਖ਼ਤ ਕਰਾਉਣ ਕਿਹੜੇ ਮੂੰਹ ਨਾਲ ਆਉਂਦੇ ਨੇ! ਗ਼ਰੀਬਦਾਸ ਨੂੰ ਇਸ ਗੱਲ ਦਾ ਬੜਾ ਗ਼ੁੱਸਾ ਲੱਗਿਆ। ਉਹਨੇ ਨੀਲ ਕੰਠ ਦੇ ਸਾਹਮਣੇ ਹੀ ਦਾਖ਼ਲਾ-ਫ਼ਾਰਮ ਪਾੜ ਦਿੱਤਾ ਤੇ ਘਰ ਮੁੜ ਆਇਆ। ਹੁਣ ਛੇ ਸਾਲ ਦਾ ਹੋਣ ਲੱਗਿਆ ਹੈ ਤਾਂ ਦਾਖ਼ਲ ਕਰਾਉਣਾ ਹੀ ਪਏਗਾ। ਨੀਲ ਕੰਠ ਤੋਂ ਨਾ ਸਹੀ, ਕਿਸੇ ਅਫ਼ਸਰ ਦੇ ਦਸਤਖ਼ਤ ਹੋ ਜਾਣਗੇ। ਚੋਣਾਂ ਦੇ ਦਿਨ ਹਨ, ਹੁਣ ਤਾਂ ਨੀਲ ਕੰਠ ਵੀ ਹੱਸ ਕੇ ਕਰ ਦੇਵੇਗਾ। ਪਰ ਉਹਤੋਂ ਕਰਵਾਉਣੇ ਨਹੀਂ। ਕਿਸੇ ਦਫ਼ਤਰ ਦੇ ਚਪੜਾਸੀ ਨੂੰ ਦੋ-ਚਾਰ ਰੁਪਈਏ ਦੇ ਦਿਆਂਗੇ; ਉਹ ਆਪੇ ਅਫ਼ਸਰ ਤੋਂ ਕਰਵਾ ਦੇਵੇਗਾ। ਪਰ, ਦੋ-ਚਾਰ ਰੁਪਈਏ ਤੋਂ ਸ਼ੁਰੂ ਹੋ ਕੇ ਗੱਲ ਕਿੱਥੇ ਪਹੁੰਚੇਗੀ!

ਤੇ ਉਹਦਾ ਧਿਆਨ ਛੇਵੀਂ ਵਿਚ ਪੜ੍ਹਦੀ ਕੁੜੀ ਵੱਲ ਚਲਿਆ ਗਿਆ। ਜਿਉਂ-ਜਿਉਂ ਕੁੜੀ ਵੱਡੀਆਂ ਜਮਾਤਾਂ ਵੱਲ ਵਧ ਰਹੀ ਹੈ, ਉਹਦੀਆਂ ਕਾਪੀਆਂ-ਕਿਤਾਬਾਂ ਦਾ ਬੋਝ ਗ਼ਰੀਬਦਾਸ ਵਾਸਤੇ ਚੁੱਕਣਾ ਔਖਾ ਹੁੰਦਾ ਜਾ ਰਿਹਾ ਹੈ। ਹਰ ਹਫ਼ਤੇ ਕੁੜੀ ਦੀ ਕੋਈ ਨਾ ਕੋਈ ਮੰਗ ਪੂਰੀ ਕਰਨੀ ਪੈਂਦੀ ਹੈ-ਕਦੇ ਸਿਲਾਈ-ਕਢਾਈ ਲਈ ਕੱਪੜਾ ਤੇ ਧਾਗੇ, ਕਦੇ ਰਸੋਈ ਵਾਸਤੇ ਮਾਲ-ਮਤਾਹ। ਇੱਕ-ਇੱਕ ਕੰਮ ਲਈ ਦੋ-ਦੋ ਕਾਪੀਆਂ, ਪੈਨ, ਪੈਨਸਿਲਾਂ। ਕਦੇ-ਕਦੇ ਗ਼ਰੀਬਦਾਸ ਦਾ ਦਿਲ ਕਰਦਾ ਹੈ, ਕੁੜੀ ਨੂੰ ਪੜ੍ਹਨੋਂ ਹੀ ਹਟਾ ਲਏ ਪਰ ਜ਼ਮਾਨੇ ਦੀ ਮੰਗ ਅੱਗੇ ਹਾਰ ਜਾਂਦਾ ਹੈ। ਤੇ ਹੁਣ ਮੁੰਡਾ ਛੇ ਸਾਲ ਦਾ ਹੋਣ ਵਾਲਾ ਹੈ। ਕੱਲ੍ਹ ਨੂੰ ਉਹ ਵੀ ਕਾਪੀਆਂ-ਪੈਨਸਿਲਾਂ ਮੰਗਣ ਲੱਗ ਪਏਗਾ। ਇਹ ਕੁਝ ਸੋਚਦਿਆਂ ਗ਼ਰੀਬਦਾਸ ਦੇ ਦਿਲ ਨੂੰ ਹੌਲ ਜਿਹਾ ਪਿਆ ਤੇ ਉਹ ਝੁੱਗੀ ਦੇ ਅੰਦਰ ਹੋ ਗਿਆ।

ਟੈਂਪੂ ਦੂਰ ਚਲਿਆ ਗਿਆ ਸੀ। ਗ਼ਰੀਬਦਾਸ ਨੂੰ ਲੱਗ ਰਿਹਾ ਸੀ, ਜਿਵੇਂ ਲਾਊਡ ਸਪੀਕਰ ਵਿਚੋਂ ਤੋਤੇ ਦੇ ਟੈਂ-ਟੈਂ ਦੀ ਅਵਾਜ਼ ਆ ਰਹੀ ਹੋਵੇ। ਬਹੁਤ ਸਾਰੇ ਕੁੱਤੇ ਵੀ ਭੌਂਕਦੇ ਸੁਣਾਈ ਦਿੱਤੇ। ਗ਼ਰੀਬਦਾਸ ਨੂੰ ਕੁੱਤਿਆਂ ਦੀ ਹਰਕਤ ਭੈੜੀ ਨਾ ਲੱਗੀ। ਸਗੋਂ ਉਹਦਾ ਜੀਅ ਕੀਤਾ, ਬਾਹਰ ਜਾ ਕੇ ਕੁੱਤਿਆਂ ਨੂੰ ਹਲਾ-ਹਲਾ ਕਰ ਆਵੇ ਤਾਂ ਜੋ ਉਹ ਟੈਂਪੂ ਨੂੰ ਮਹੱਲਿਓਂ ਬਾਹਰ ਕੱਢ ਆਉਣ।

ਚਾਹ ਤਿਆਰ ਹੋ ਗਈ ਸੀ। ਕੁੜੀ ਚਾਹ ਦਾ ਗਲਾਸ ਗ਼ਰੀਬਦਾਸ ਦੇ ਕੋਲ ਕੱਚੇ ਫ਼ਰਸ਼ ਉਤੇ ਰੱਖ ਗਈ। ਸਰਨਦਾਸ ਜਾਗ ਪਿਆ ਸੀ। ਉਹ ਪਿਆ-ਪਿਆ ਉਸਲਵੱਟੇ ਲੈ ਰਿਹਾ ਸੀ। ਬਾਹਰ




ਕੋਈ ਹੋਰ ਟੈਂਪੂ ਜਾਂ ਆਟੋ ਮਹੱਲੇ ਵੱਲ ਨੂੰ ਆ ਰਿਹਾ ਸੀ। ਲਾਊਡ ਸਪੀਕਰ ਉਤੇ ਨਾਹਰੇ ਗੂੰਜ ਰਹੇ ਸਨ, "ਗਰੀਬੀ ਹਟਾਓ! ਦੇਸ਼ ਬਚਾਓ! ਗੈਂਡੇ ਦੇ ਨਿਸ਼ਾਨ ਉਤੇ ਮੋਹਰ ਲਾਓ!" 'ਗੈਂਡੇ ਦੇ ਨਿਸ਼ਾਨ ਉਤੇ ਜਾਂ ਸਫ਼ੈਦ ਹਾਥੀਆਂ ਉਤੇ!' ਗ਼ਰੀਬਦਾਸ ਨੇ ਫ਼ਰਸ਼ ਤੋਂ ਚਾਹ ਦਾ ਗਲਾਸ ਚੁੱਕਦਿਆਂ ਮਨ ਵਿਚ ਵਿਅੰਗ ਕੀਤਾ। ਲਾਊਡ ਸਪੀਕਰ ਦੀ ਅਵਾਜ਼ ਨੇੜੇ ਆਉਂਦੀ ਜਾ ਰਹੀ ਸੀ, "ਹਰ ਮੂੰਹ ਨੂੰ ਰੋਟੀ, ਹਰ ਬੱਚੇ ਨੂੰ ਮੁਫ਼ਤ ਪੜ੍ਹਾਈ, ਹਰ ਹੱਥ ਨੂੰ ਕੰਮ-ਆਪਦਾ ਕੀਮਤੀ ਵੋਟ...!"

ਗ਼ਰੀਬਦਾਸ ਨੇ ਸਰਨਦਾਸ ਨੂੰ ਅਵਾਜ਼ ਦਿੱਤੀ, "ਉਠ ਬਈ ਸਰਨਿਆ! ਬਾਹਰ ਬੇਕਾਰੀ ਦੂਰ ਹੋ ਰਹੀ ਐ ਤੇ ਤੂੰ ਬੇਕਾਰ ਮੰਜੇ 'ਤੇ ਪਿਆ ਉਸਲਵੱਟੇ ਲਈ ਜਾਨੈਂ!"

ਸਰਨਦਾਸ ਨੇ ਪਾਸਾ ਪਰਤਿਆ, "ਬੇਕਾਰੀ ਦੂਰ ਜਾਂ ਬੇਕਾਰ ਦੂਰ!" ਤੇ ਸਰਨਦਾਸ ਵਿਅੰਗ ਨਾਲ ਹੱਸ ਪਿਆ।

"ਦੋਵਾਂ ਵਿਚੋਂ ਕੁਝ ਤਾਂ ਹੋਵੇਗਾ ਈ। ਜੇ ਬੇਕਾਰ ਦੂਰ ਹੋ ਗਏ ਤਾਂ ਬੇਕਾਰੀ ਆਪੇ ਦੂਰ ਹੋ ਗਈ ਸਮਝੋ!" ਤੂੰ ਉਠ ਤੇ ਹੱਥ-ਮੂੰਹ ਧੋ ਕੇ ਚਾਹ ਪੀ ਲੈ।

"ਜਦੋਂ ਤੱਕ ਬੇਕਾਰੀ ਦੂਰ ਹੋਵੇਗੀ, ਓਦੋਂ ਤੱਕ ਮੇਰੇ ਵਰਗੇ ਬੇਕਾਰਾਂ ਦਾ ਮੱਚ ਮਰ ਚੁੱਕਿਆ ਹੋਵੇਗਾ। ਕੁਝ ਕਰਨ ਦਾ ਜਿੰਨਾ ਹੌਸਲਾ ਕੱਲ੍ਹ ਸੀ, ਓਨਾ ਅੱਜ ਨਹੀਂ ਤੇ ਜਿੰਨਾ ਅੱਜ ਹੈ, ਓਨਾ ਭਲਕੇ ਨਹੀਂ ਰਹਿਣਾ! ਕੰਮ ਲੱਭਣ ਦੀ ਹਰ ਕੋਸ਼ਿਸ਼ ਨਾਲ ਹੌਸਲੇ ਦੀ ਇੱਕ ਕਿਸ਼ਤ ਘੱਟ ਹੋ ਜਾਂਦੀ ਐ। ਡਰ ਐ, ਕਿਤੇ ਬਿਲਕੁਲ ਈ ਨਿਕੰਮਾ ਨਾ ਹੋ ਜਾਵਾਂ!" ਤੇ ਉਹ ਗੜਵੀ ਵਿਚ ਪਾਣੀ ਲੈ ਕੇ ਮੂੰਹ-ਹੱਥ ਧੋਣ ਬਾਹਰ ਵੱਲ ਤੁਰ ਪਿਆ।

ਗ਼ਰੀਬਦਾਸ ਚਾਹ ਪੀ ਕੇ ਗੁਪਤੇ ਹਲਵਾਈ ਦੀ ਦੁਕਾਨ ਵੱਲ ਅਖ਼ਬਾਰ ਦੇਖਣ ਤੁਰ ਪਿਆ। ਦੁਕਾਨ ਉਤੇ ਵੀ ਉਹੋ ਕੁਝ ਸੁਣਨ ਨੂੰ ਮਿਲਿਆ, ਫਲਾਣਾ ਖੜ੍ਹਾ ਹੋ ਗਿਆ, ਢਿਮਕਾ ਬੈਠ ਗਿਆ, ਅਮਕੇ ਨੂੰ ਢਿਮਕੀ ਪਾਰਟੀ ਨੇ ਟਿਕਟ ਨਹੀਂ ਦਿੱਤੀ, ਉਹ ਫਲਾਣੀ ਪਾਰਟੀ ਵਿਚ ਸ਼ਾਮਲ ਹੋ ਗਿਆ, ਫਲਾਣਾ ਜਿੱਤੇਗਾ, ਢਿਮਕਾ ਹਾਰੇਗਾ, ਅਮਕੇ ਦੀ ਜ਼ਮਾਨਤ ਜ਼ਬਤ ਹੋ ਜਾਏਗੀ, ਵਗੈਰਾ-ਵਗੈਰਾ। ਮਹੱਲੇ ਵਿਚ ਲਾਊਡ ਸਪੀਕਰ ਵਾਲੀ ਕਦੇ ਕੋਈ ਟੈਕਸੀ ਆ ਵੜਦੀ, ਕਦੇ ਕਾਰ, ਕਦੇ ਆਟੋ ਕਦੇ ਟੈਂਪੂ ਅਤੇ ਕਦੇ ਕੋਈ ਰਿਕਸ਼ੇ ਉਤੇ ਚੜ੍ਹ ਕੇ ਈ ਗ਼ਰੀਬਾਂ ਦਾ ਹਮਾਇਤੀ ਹੋਣ ਦਾ ਦਾਅਵਾ ਕਰਦਾ ਆਉਂਦਾ। ਗ਼ਰੀਬਦਾਸ ਦਾ ਐਤਵਾਰ ਇਸ ਖੱਪ-ਖਾਨੇ ਵਿਚ ਈ ਬੀਤਿਆ। ਲਾਊਡ ਸਪੀਕਰਾਂ ਦੀ ਤਰ੍ਹਾਂ-ਤਰ੍ਹਾਂ ਦੀ ਕੈਂ-ਕੈਂ, ਟੈਂ-ਟੈਂ ਤੋਂ ਤੰਗ ਆ ਕੇ ਕਦੇ ਉਹ ਕੁੜ੍ਹਨ ਲੱਗ ਪੈਂਦਾ, ਕਦੇ ਬੋਲਣ ਵਾਲਿਆਂ ਉਤੇ ਤਰਸ ਕਰਨ ਲੱਗ ਪੈਂਦਾ।

ਸੋਮਵਾਰ ਤੋਂ ਨਵਾਂ ਹਫ਼ਤਾ ਸ਼ੁਰੂ ਹੋਇਆ। ਫ਼ੈਕਟਰੀ ਜਾਂਦਿਆਂ-ਆਉਂਦਿਆਂ ਸ਼ਾਮ-ਸਵੇਰ ਟੈਕਸੀਆਂ, ਆਟੋ, ਟੈਂਪੂ, ਰਿਕਸ਼ੇ ਸੜਕਾਂ ਉਤੇ, ਗਲੀਆਂ ਵਿਚ ਉਹਨੂੰ ਆਮ ਦਿਖਾਈ ਦਿੰਦੇ। ਤਰ੍ਹਾਂ-ਤਰ੍ਹਾਂ ਦੇ ਨਾਹਰੇ ਉਹਨੂੰ ਸੁਣਨੇ ਪੈਂਦੇ। ਉਹ ਸੋਚਦਾ, 'ਪਾਰਟੀਆਂ ਵਾਲੇ ਵੋਟਾਂ ਦੀ ਖ਼ਾਤਰ ਕਿਵੇਂ ਤਰਲੇ ਲੈਂਦੇ ਫਿਰਦੇ ਨੇ! ਚੋਣਾਂ ਤੋਂ ਪਿੱਛੋਂ ਲੋਕ ਇਨ੍ਹਾਂ ਦੇ ਅੱਗੇ-ਪਿੱਛੇ ਤਰਲੇ ਲੈਂਦੇ ਫਿਰਨਗੇ।'

ਵੋਟਾਂ ਪੈਣ ਵਿਚ ਹਫ਼ਤਾ ਕੁ ਰਹਿ ਗਿਆ। ਇੱਕ ਸ਼ਾਮ ਗ਼ਰੀਬਦਾਸ ਨੇ ਫ਼ੈਕਟਰੀ ਤੋਂ ਮੁੜਦਿਆਂ ਦੇਖਿਆ, ਉਹਦੀ ਝੁੱਗੀ ਦੇ ਨੇੜੇ ਭੀੜ ਸੀ। ਇੱਕ ਬੰਦੇ ਦੇ ਗਲ ਵਿਚ ਫੁੱਲਾਂ ਦੇ ਏਨੇ ਹਾਰ ਸਨ ਕਿ ਉਹਦਾ ਮੂੰਹ ਨਜ਼ਰ ਨਹੀਂ ਸੀ ਆ ਰਿਹਾ। ਹਾਰਾਂ ਵਾਲਾ ਗ਼ਰੀਬਦਾਸ ਦੀ ਇੱਕ ਗੁਆਂਢਣ ਦੇ ਪੈਰੀਂ ਹੱਥ ਲਾ ਰਿਹਾ ਸੀ। ਗ਼ਰੀਬਦਾਸ ਨੇੜੇ ਪਹੁੰਚਿਆ ਤਾਂ ਉਹਦੀ ਝੁੱਗੀ ਦਾ ਮਾਲਕ, ਚੌਧਰੀ ਬੋਲ ਪਿਆ, "ਲਓ ਜੀ, ਗ਼ਰੀਬਦਾਸ ਜੀ ਵੀ ਆ ਗਏ।"

ਆਪਣੇ ਨਾਂ ਨਾਲ 'ਜੀ' ਦਾ ਉਚਾਰਨ ਸੁਣ ਕੇ ਗ਼ਰੀਬਦਾਸ ਧੰਨ ਹੋ ਉਠਿਆ। ਉਹਨੂੰ ਖ਼ਿਆਲ ਆਇਆ, ਇਹੀ ਚੌਧਰੀ ਉਹਨੂੰ ਗਰੀਬੂ ਕਹਿ ਕੇ ਬੁਲਾਇਆ ਕਰਦਾ ਹੈ ਤੇ ਇੱਕ ਵਾਰ ਝੁੱਗੀ ਦਾ ਦੋ ਮਹੀਨੇ ਦਾ ਕਿਰਾਇਆ ਨਾ ਦੇ ਸਕਣ ਕਰਕੇ ਉਹਦੀ ਲਾਹ-ਪਾ ਵੀ ਕਰ ਗਿਆ ਸੀ। ਇਸ ਮਹੱਲੇ ਵਿਚ ਉਹਦੀਆਂ ਦਸ ਝੁੱਗੀਆਂ ਹਨ ਤੇ ਨਾਲ ਦੀ ਵੱਡੀ ਕਾਲੋਨੀ ਵਿਚ ਕੋਠੀ। ਗ਼ਰੀਬਦਾਸ ਨੇ ਪਾਸੇ ਕਰ ਕੇ ਥੁੱਕ ਦਿੱਤਾ ਜਿਵੇਂ ਚੌਧਰੀ ਬਾਰੇ ਸੋਚ ਨੂੰ ਵਗਾਹ ਮਾਰਿਆ ਹੋਵੇ।

"ਆਓ, ਆਓ, ਗ਼ਰੀਬਦਾਸ ਜੀ! ਬੜਾ ਚਿਰ ਲਾ ਕੇ ਆਏ ਓ!" ਚੌਧਰੀ ਨੇ ਉਹਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ। ਤੇ ਫੇਰ ਪੈਰੀਂ ਹੱਥ ਲਾਉਂਦੇ ਫਿਰਦੇ ਨੇਤਾ ਨਾਲ ਜਾਣ-ਪਛਾਣ ਕਰਾਈ। ਗ਼ਰੀਬਦਾਸ ਨੇ ਬਹੁਤਾ ਧਿਆਨ ਨਹੀਂ ਦਿੱਤਾ। ਉਹ ਸ੍ਰੀ...ਜੀ ਤੋਂ ਜਾਣੂੰ ਸੀ; ਇੱਕ ਜਲਸੇ ਵਿਚ ਸ੍ਰੀ...ਜੀ ਦਾ ਭਾਸ਼ਣ ਸੁਣ ਚੁੱਕਿਆ ਸੀ।

ਚੌਧਰੀ ਨੇ ਬਾਂਹ ਉਤੇ ਟੰਗੇ ਹਾਰਾਂ ਵਿਚੋਂ ਇੱਕ ਹਾਰ ਕੱਢ ਕੇ ਗ਼ਰੀਬਦਾਸ ਨੂੰ ਫੜਾਉਂਦਿਆਂ ਕਿਹਾ, "ਲਓ, ਸ੍ਰੀ...ਜੀ ਹੋਰਾਂ ਦਾ ਸੁਆਗਤ ਕਰੋ ਤੇ ਨਾਲੇ ਇਨ੍ਹਾਂ ਨੂੰ ਆਪਣਾ ਕੀਮਤੀ ਵੋਟ ਦੇਣ ਦਾ ਵਾਅਦਾ ਕਰੋ।"

"ਬਸ ਜੀ, ਤੁਸੀਂ ਆ ਗਏ, ਆਪਾਂ ਮਿਲ ਲਏ, ਸੁਆਗਤ ਈ ਸੁਆਗਤ ਐ।" ਏਨਾ ਕਹਿ ਕੇ ਗ਼ਰੀਬਦਾਸ ਨੇ ਕੋਲ ਖੜ੍ਹੇ ਆਪਣੇ ਮੁੰਡੇ ਨੂੰ ਹਾਰ ਫੜਾਉਂਦਿਆਂ ਕਿਹਾ, "ਲੈ ਨੀਲੂ, ਤੂੰ ਕਰ ਸੁਆਗਤ ਸ੍ਰੀ...ਜੀ ਹੋਰਾਂ ਦਾ।"

ਨੀਲੂ ਹਾਰ ਫੜ ਕੇ ਬੜਾ ਖ਼ੁਸ਼ ਹੋਇਆ ਤੇ ਸ੍ਰੀ...ਜੀ ਦੇ ਗਲ ਵਿਚ ਪਾਉਣ ਲਈ ਅੱਡੀਆਂ ਚੁੱਕ ਕੇ ਹੱਥ ਉਚੇ ਕੀਤੇ। ਸ੍ਰੀ...ਜੀ ਨੇ ਨੀਂਵਾਂ ਹੋ ਕੇ ਹਾਰ ਪੁਆ ਲਿਆ ਤੇ ਨੀਲੂ ਦੇ ਪੈਰੀਂ ਹੱਥ ਲਾ ਦਿੱਤੇ। ਚੌਧਰੀ ਤੇ ਹੋਰਨਾਂ ਨੂੰ ਗ਼ਰੀਬਦਾਸ ਤੋਂ ਇਸ ਤਰ੍ਹਾਂ ਦੀ ਆਸ ਨਹੀਂ ਸੀ। ਇੱਕ ਗੁਆਂਢੀ ਬੁੱਢੇ ਨੇ ਮਾਹੌਲ ਸੁਖਾਵਾਂ ਕਰਨ ਲਈ ਆਖਿਆ, "ਚਲੋ ਜੀ, ਵਧੀਆ ਹੋਇਆ! ਬੱਚੇ ਵੱਲੋਂ ਸੁਆਗਤ ਹੋ ਗਿਆ। ਬੱਚੇ ਭਗਵਾਨ ਦਾ ਰੂਪ ਹੁੰਦੇ ਐ।"

ਗ਼ਰੀਬਦਾਸ ਨੇ ਬੁੱਢੇ ਵੱਲ ਅਜੀਬ ਨਜ਼ਰਾਂ ਨਾਲ ਦੇਖਿਆ। ਉਹਦਾ ਜੀਅ ਕੀਤਾ, ਹੱਥ ਵਿਚ ਫੜਿਆ ਰੋਟੀ ਵਾਲਾ ਡੱਬਾ ਬੁੱਢੇ ਦੇ ਸਿਰ ਵਿਚ ਮਾਰੇ ਤੇ ਪੁੱਛੇ, 'ਉਸ ਦਿਨ ਇਹੀ ਬੱਚਾ ਭਗਵਾਨ ਦਾ ਰੂਪ ਨਹੀਂ ਸੀ, ਜਿਸ ਦਿਨ ਖੇਡਦਿਆਂ ਇਹਦੀ ਪਲਾਸਟਿਕ ਦੀ ਗੇਂਦ ਤੇਰੀ ਮੰਜੀ ਉਤੇ ਜਾ ਡਿੱਗੀ ਸੀ ਤੇ ਤੂੰ ਇਸ ਭਗਵਾਨ ਦੇ ਰੂਪ ਨੂੰ ਕੁੱਟਣ ਲੱਗ ਪਿਆ ਸੀ, ਇਹਦੇ ਸਾਰੇ ਖ਼ਾਨਦਾਨ ਨੂੰ ਗਾਲ੍ਹਾਂ ਦੇਣ ਲੱਗ ਪਿਆ ਸੀ!' ਪਰ ਗ਼ਰੀਬਦਾਸ ਮਨ ਮਾਰ ਕੇ ਰਹਿ ਗਿਆ। ਦੂਜੇ ਮਹੱਲੇ ਦਾ ਇੱਕ ਬੰਦਾ ਉਹਨੂੰ ਸਮਝਾਉਣ ਲੱਗ ਪਿਆ, "ਇਹ ਆਪਣੇ ਸ੍ਰੀ...ਜੀ ਬਹੁਤ ਈ ਨੇਕ, ਇਮਾਨਦਾਰ ਤੇ ਮਿਹਨਤੀ ਨੇ। ਤੁਸੀਂ ਇਨ੍ਹਾਂ ਨੂੰ ਵੋਟ ਪਾ ਕੇ ਕਾਮਯਾਬ ਬਣਾਉਣਾ।" ਤੇ ਇਉਂ ਉਹ ਗ਼ਰੀਬਦਾਸ ਨੂੰ ਸਮਝਾਉਂਦਾ ਹੋਇਆ ਦੂਜਿਆਂ ਦੇ ਪਿੱਛੇ-ਪਿੱਛੇ ਤੁਰ ਗਿਆ।

ਗ਼ਰੀਬਦਾਸ ਸ੍ਰੀ...ਜੀ ਬਾਰੇ ਸੋਚਣ ਲੱਗ ਪਿਆ, 'ਸ੍ਰੀ...ਜੀ ਪਿਛਲੀ ਵਾਰ ਕਿਸੇ ਦੂਜੇ ਇਲਾਕੇ ਵਿਚੋਂ ਚੁਣੇ ਗਏ ਸਨ। ਚੰਗਾ ਕੰਮ ਨਾ ਕਰਨ ਕਰਕੇ ਇਸ ਵਾਰ ਇਨ੍ਹਾਂ ਨੂੰ ਓਥੋਂ ਜਿੱਤਣ ਦੀ ਆਸ ਨਹੀਂ ਸੀ। ਇਸ ਲਈ ਸਾਡੇ ਇਲਾਕੇ ਵਿਚ ਆ ਖੜ੍ਹੇ ਹੋਏ ਹਨ। ਇਹ ਮੀਟਿੰਗਾਂ ਵਿਚ ਅਕਸਰ ਪੁੱਠਾ ਈ ਬੋਲਦੇ ਐ, ਕੰਮ ਦੀ ਕੋਈ ਗੱਲ ਨਹੀਂ ਕਰਦੇ, ਕੋਈ ਉਸਾਰੂ ਕੰਮ ਨਹੀਂ ਕਰਦੇ।'

ਗ਼ਰੀਬਦਾਸ ਨੇ ਦੇਖਿਆ, ਸ੍ਰੀ...ਜੀ ਅੱਗੇ ਜਾ ਕੇ ਕਿਸੇ ਘਰ ਦੇ ਮੂਹਰੇ ਕਿਸੇ ਜ਼ਨਾਨੀ ਦੇ ਪੈਰੀਂ ਹੱਥ ਲਾ ਰਹੇ ਸਨ। ਮਹੱਲੇ ਦੇ ਬੱਚੇ ਆਲੇ-ਦੁਆਲੇ ਖੜ੍ਹੇ ਸਨ। ਨੀਲੂ ਵੀ ਉਨ੍ਹਾਂ ਵਿਚ ਸ਼ਾਮਲ ਸੀ। ਉਹ ਇੰਜ ਖੜ੍ਹਾ ਸੀ ਜਿਵੇਂ ਉਹਨੂੰ ਉਮੀਦ ਹੋਵੇ ਕਿ ਗਲ ਵਿਚ ਹਾਰ ਪਾਈ ਫਿਰਦਾ ਬੰਦਾ ਇੱਕ ਵਾਰ ਫੇਰ ਉਹਦੇ ਪੈਰੀਂ ਹੱਥ ਲਾਏਗਾ। ਇਹ ਨਜ਼ਾਰਾ ਦੇਖ ਕੇ ਗ਼ਰੀਬਦਾਸ ਮੁਸਕਰਾ ਪਿਆ। ਉਹਨੇ ਦੂਰ ਤੱਕ ਨਜ਼ਰ ਮਾਰੀ, ਸ੍ਰੀ...ਜੀ ਦੀਆਂ ਕਾਰਾਂ ਦਾ ਕਾਫ਼ਲਾ ਨੇੜੇ-ਤੇੜੇ ਨਜ਼ਰ ਨਹੀਂ ਆਇਆ। ਉਹਦਾ ਜੀਅ ਕੀਤਾ, ਸ੍ਰੀ...ਜੀ ਤੋਂ ਪੁੱਛੇ, 'ਹਮੇਸ਼ਾ ਇਸੇ ਤਰ੍ਹਾਂ ਜ਼ਮੀਨ 'ਤੇ ਤੁਰਦੇ-ਫਿਰਦੇ ਮਿਲਿਆ ਕਰੋਗੇ?' ਤੇ ਰੋਟੀ ਵਾਲਾ ਡੱਬਾ ਹਿਲਾਉਂਦਾ ਉਹ ਝੁੱਗੀ ਅੰਦਰ ਵੜ ਗਿਆ।

ਰਾਤ ਨੂੰ ਦੇਰ ਤੱਕ ਉਹ ਸੋਚਦਾ ਰਿਹਾ, 'ਵੋਟ ਕੀਹਨੂੰ ਪਾਉਣੀ ਚਾਹੀਦੀ ਹੈ! ਕਿਸੇ ਨੂੰ ਪਾਉਣੀ ਵੀ ਚਾਹੀਦੀ ਹੈ ਜਾਂ ਨਹੀਂ! ਅਜਿਹਾ ਕੋਈ ਹੈ ਤਾਂ ਨਹੀਂ, ਜੀਹਨੂੰ ਪਾਈ ਜਾ ਸਕਦੀ ਹੋਵੇ!'

ਅਗਲੇ ਦਿਨ ਉਹ ਫ਼ੈਕਟਰੀ ਜਾਣ ਲਈ ਤਿਆਰ ਹੋ ਰਿਹਾ ਸੀ ਕਿ ਇੱਕ ਹੋਰ ਟੋਲੀ ਉਹਦੇ ਬੂਹੇ ਉਤੇ ਆ ਖਲੋਤੀ। ਇਹ ਵਿਸ਼ਾਲ ਮੁਕਤੀ ਦਲ ਵਾਲੇ ਸਨ। ਗ਼ਰੀਬਦਾਸ ਬਾਹਰ ਨਿਕਲਿਆ ਤਾਂ ਦੇਖ ਕੇ ਹੈਰਾਨ ਰਹਿ ਗਿਆ। ਟੋਲੀ ਵਿਚ ਉਹਦੀ ਫ਼ੈਕਟਰੀ ਦਾ ਮਾਲਕ ਵੀ ਸੀ। ਨਾ ਚਾਹੁੰਦਿਆਂ ਹੋਇਆਂ ਵੀ ਗ਼ਰੀਬਦਾਸ ਨੂੰ ਹੱਥ ਜੋੜਨੇ ਪਏ।

"ਲੈ, ਇਹ ਤਾਂ ਗ਼ਰੀਬਦਾਸ ਦਾ ਘਰ ਐ!" ਫ਼ੈਕਟਰੀ-ਮਾਲਕ ਬੋਲਿਆ, "ਭਾਈ ਗ਼ਰੀਬਦਾਸ, ਤੁਹਾਡੀਆਂ ਵੋਟਾਂ ਸਾਡੀ ਅਮਾਨਤ ਨੇ ਭਾਈ। ਅਸੀਂ ਇਹੀ ਕਹਿਣ ਆਏ ਸਾਂ, ਨਾ ਵੀ ਆਉਂਦੇ ਤਾਂ ਵੀ ਕੋਈ ਗੱਲ ਨਹੀਂ ਸੀ। ਤੂੰ ਤਾਂ ਆਪਣਾ ਹੀ ਬੰਦਾ ਹੈਂ। ਖ਼ਿਆਲ ਰੱਖੀਂ।"

"ਅੱਛਾ ਜੀ।"

ਉਂਜ ਗ਼ਰੀਬਦਾਸ ਦਾ ਜੀਅ ਕੀਤਾ, ਹੁਣ ਮੌਕਾ ਹੈ, ਆਪਣੇ ਮਾਲਕ ਨੂੰ ਪੁੱਛੇ, ਹੜਤਾਲ ਵਿਚ ਹਿੱਸਾ ਲੈਣ ਦੀ ਸਜ਼ਾ ਵਜੋਂ ਤੂੰ ਚਾਰ ਸਾਲ ਤੋਂ ਮੇਰਾ ਇਨਕ੍ਰੀਮੈਂਟ ਰੋਕਿਆ ਹੋਇਐ। ਜਦੋਂ ਵੀ ਮੈਂ ਆਪਣਾ ਹੱਕ ਮੰਗਦਾਂ, ਤੂੰ ਟਾਲ ਦਿੰਦੈਂ। ਹੁਣ ਕਿਹੜੇ ਮੂੰਹ ਨਾਲ ਮੈਥੋਂ ਵੋਟ ਮੰਗ ਰਿਹੈਂ!

ਪਰ ਗ਼ਰੀਬਦਾਸ ਏਥੇ ਵੀ ਚੁੱਪ ਹੀ ਰਿਹਾ। ਚੁੱਪ ਨਾ ਰਹਿੰਦਾ ਤਾਂ ਹੋਰ ਕੀ ਕਰਦਾ!

ਇਸ ਤੋਂ ਮਗਰੋਂ ਵੀ ਅਗਲੇ ਦਿਨੀਂ ਸ਼ਾਮ-ਸਵੇਰ ਵੋਟਾਂ ਮੰਗਣ ਵਾਲੇ ਉਹਦੇ ਬੂਹੇ ਉਤੇ ਆਉਂਦੇ ਰਹੇ। ਗ਼ਰੀਬਦਾਸ ਦਾ ਨੱਕ 'ਚ ਦਮ ਆ ਗਿਆ। ਕਿਵੇਂ ਨਾ ਕਿਵੇਂ ਉਹ ਆਉਣ ਵਾਲਿਆਂ ਨੂੰ ਟਾਲ ਦਿੰਦਾ ਰਿਹਾ। ਉਹਨੇ ਕਿਸੇ ਨੂੰ ਖੁੱਲ੍ਹ ਕੇ ਨਾਂਹ ਨਹੀਂ ਆਖੀ, ਹਾਂ ਤਾਂ ਆਖਣੀ ਕੀ ਸੀ!

ਵੋਟਾਂ ਪੈਣ ਵਿਚ ਦੋ ਦਿਨ ਰਹਿ ਗਏ। ਪ੍ਰਚਾਰ ਦਾ ਕੰਮ ਬੰਦ ਹੋ ਗਿਆ। ਲੋਕਾਂ ਨੂੰ ਅਰਾਮ ਨਾਲ ਸੋਚਣ ਦਾ ਸਮਾਂ ਦੇ ਦਿੱਤਾ ਗਿਆ। ਗ਼ਰੀਬਦਾਸ ਨੇ ਸੁੱਖ ਦਾ ਸਾਹ ਲਿਆ। ਉਹਨੇ ਸੋਚ ਲਿਆ ਕਿ ਉਹ ਕਿਸੇ ਨੂੰ ਵੀ ਵੋਟ ਨਹੀਂ ਦੇਵੇਗਾ। ਵੋਟ ਦੇਣ ਦਾ ਮਤਲਬ ਹੈ, ਕਿਸੇ ਨਾ ਕਿਸੇ ਗ਼ਲਤ ਬੰਦੇ ਨੂੰ ਪੰਜ ਸਾਲ ਵਾਸਤੇ ਆਪਣੇ ਸਿਰ ਉਤੇ ਲਿਆ ਬਿਠਾਉਣਾ। ਉਹਦਾ ਜੀਅ ਕੀਤਾ, ਹੁਣ ਆਪ ਲਾਊਡ ਸਪੀਕਰ ਲੈ ਕੇ ਗਲੀ-ਗਲੀ, ਮਹੱਲੇ-ਮਹੱਲੇ ਫਿਰੇ ਤੇ ਲੋਕਾਂ ਨੂੰ ਆਖੇ, 'ਵੋਟ ਕਿਸੇ ਨੂੰ ਨਾ ਪਾਇਓ! ਕਿਸੇ ਨੂੰ ਵੀ ਨਾ ਪਾਇਓ! ਕੋਈ ਸਾਡੀ ਵੋਟ ਦੇ ਕਾਬਲ ਨਹੀਂ!'

ਵੋਟਾਂ ਪੈਣ ਦਾ ਦਿਨ ਆ ਗਿਆ। ਪੋਲਿੰਗ ਬੂਥਾਂ 'ਤੇ ਰੌਣਕਾਂ ਲੱਗ ਗਈਆਂ। ਚੋਣਾਂ ਲੜ ਰਹੀਆਂ ਪਾਰਟੀਆਂ ਤੇ ਉਮੀਦਵਾਰਾਂ ਨੇ ਸੜਕਾਂ ਉਤੇ ਸ਼ਾਮਿਆਨੇ ਲਾ ਕੇ ਦਫ਼ਤਰ ਸਜਾ ਲਏ। ਵਰਕਰ ਘਰੋ-ਘਰੀ ਜਾ ਕੇ ਵੋਟਾਂ ਕੱਢ-ਕੱਢ ਲਿਆਉਣ ਲੱਗੇ। ਉਹ ਗ਼ਰੀਬਦਾਸ ਦੇ ਘਰ ਵੀ ਗੇੜੇ ਮਾਰ ਗਏ। ਉਹਨੇ ਕਹਿ ਦਿੱਤਾ ਕਿ ਉਹ ਆਪੇ ਵੋਟ ਪਾ ਆਏਗਾ। ਕੁਝ ਦੇਰ ਬਾਅਦ ਕਿਸੇ ਹੋਰ ਉਮੀਦਵਾਰ ਦੇ ਬੰਦੇ ਕਾਰ ਲੈ ਕੇ ਆ ਗਏ। ਗ਼ਰੀਬਦਾਸ ਨੇ ਕਿਹਾ, "ਪੋਲਿੰਗ ਬੂਥ ਕਿਹੜਾ

*(ਬਾਕੀ ਅਗਲੇ ਸਫੇ 'ਤੇ)*

# ਸਾਧਾਰਨ ਸ਼ਬਦ, ਵੱਡੀਆਂ ਗੱਲਾਂ

## ਕੁਲਵੰਤ ਸਿੰਘ ਵਿਰਕ-2

*ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਉਹ ਕਹਾਣੀਕਾਰ ਹੈ ਜਿਸ ਦਾ ਨਿੱਕੀ ਕਹਾਣੀ ਵਿਚ ਆਪਣਾ ਹੀ ਵੱਖਰਾ ਅਤੇ ਨਿਵੇਕਲਾ ਸਥਾਨ ਹੈ। ਉਸ ਦੀ ਕਹਾਣੀ 'ਖੱਬਲ' ਹੋਵੇ ਜਾਂ 'ਧਰਤੀ ਹੇਠਲਾ ਬਲਦ' ਜਾਂ ਫਿਰ 'ਦੋ ਆਨੇ ਦਾ ਘਾਹ'; ਜਿਸ ਕਿਸੇ ਵੀ ਸੰਵੇਦਨਸ਼ੀਲ ਪਾਠਕ ਨੇ ਪੜ੍ਹੀ ਹੈ, ਉਹ ਉਸ ਦੇ ਪ੍ਰਭਾਵ ਤੋਂ ਜ਼ਿੰਦਗੀ ਭਰ ਮੁਕਤ ਨਹੀਂ ਹੋ ਸਕਿਆ। ਕਹਾਣੀ ਸਹਿਜ ਭਾਅ ਚੱਲਦਿਆਂ ਅਖੀਰ ਵਿਚ ਅਜਿਹਾ ਸੁਨੇਹਾ ਦੇ ਜਾਂਦੀ ਹੈ, ਕਿ ਪਾਠਕ ਅਚੰਭੇ ਦੀ ਪਕੜ ਵਿਚ ਆ ਜਾਂਦਾ ਹੈ। ਗੁਰਬਚਨ ਸਿੰਘ ਭੁੱਲਰ ਖੁਦ ਵਧੀਆ ਕਹਾਣੀਕਾਰ ਹਨ ਅਤੇ ਆਪਣੀ ਇਸ ਲੇਖ ਲੜੀ ਵਿਚ ਉਨ੍ਹਾਂ ਖੁਲਾਸਾ ਕੀਤਾ ਹੈ ਕਿ ਕਿੰਜ ਉਨ੍ਹਾਂ ਕਹਾਣੀ ਵਿਰਕ ਦੀ ਉਂਗਲ ਫੜ ਕੇ ਲਿਖਣੀ ਸ਼ੁਰੂ ਕੀਤੀ। ਇਹ ਲੇਖ ਇਕ ਤਰ੍ਹਾਂ ਨਾਲ ਪੰਜਾਬੀ ਕਹਾਣੀ ਦੀ ਮੜ੍ਹਕ-ਚਾਲ ਦਾ ਦਸਤਾਵੇਜ਼ ਹੀ ਹੋ ਨਿਬੜਿਆ ਹੈ। -ਸੰਪਾਦਕ*

1968 ਵਿਚ ਤ੍ਰੈਮਾਸਕ 'ਪ੍ਰਤੀਕ' ਦੇ ਵਰਖਾ-ਰੁੱਤ ਅੰਕ ਵਿਚ ਮੇਰੀ ਕਹਾਣੀ 'ਕੁੱਤਾ ਤੇ ਮਨੁੱਖ' ਛਪੀ। ਕਹਾਣੀ ਵਿਚ ਅਮੀਰ ਘਰਾਂ ਦੇ ਤਿੰਨ ਛੋਕਰੇ ਨਹਿਰ ਦੇ ਕਿਨਾਰੇ ਸੈਰ ਕਰਦਿਆਂ ਪਾਣੀ ਉਤੇ ਤਰਦੀ ਆ ਰਹੀ ਇਕ ਅਣਜਾਣੇ ਮਨੁੱਖ ਦੀ ਲਾਸ਼ ਨੂੰ ਠੱਠੇ ਕਰਦੇ ਹਨ, ਜਦੋਂ ਕਿ ਉਨ੍ਹਾਂ ਵਿਚੋਂ ਇਕ ਦਾ ਕੁੱਤਾ ਖਤਾਨਾਂ ਵਿਚ ਮਰੇ ਪਏ ਇੱਕ ਕੁੱਤੇ ਨੂੰ ਆਪਣੇ ਪਿਛਲੇ ਪੈਰਾਂ ਨਾਲ ਮਿੱਟੀ ਪਾ ਕੇ ਕਜਦਾ ਹੈ ਅਤੇ ਮੂੰਹ ਉਚਾ ਚੁੱਕ ਕੇ



ਰੋਂਦਾ ਹੈ। ਕੁਝ ਦਿਨਾਂ ਮਗਰੋਂ ਇਕ ਦਾਰੂ-ਪਾਰਟੀ ਸੀ। ਜੇ ਮੈਂ ਭੁਲਦਾ ਨਹੀਂ, ਇਹ ਕਨਾਟ ਪਲੇਸ ਵਿਚ ਰੀਵੋਲੀ ਸਿਨਮੇ ਦੇ ਸਾਹਮਣੇ ਸ੍ਵਰਗੀ ਨਾਟਕਕਾਰ ਆਰ.ਜੀ. ਆਨੰਦ,


**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com


ਜੋ ਦਿੱਲੀ ਦਾ ਇਕ ਨਾਮੀ ਆਰਕੀਟੈਕਟ ਵੀ ਸੀ, ਦੇ ਦਫ਼ਤਰ ਵਿਚ ਹੋਈ ਸੀ। ਵਿਰਕ ਗ਼ਲਾਸ ਫੜੀ ਅਛੋਪਲੇ ਜਿਹੇ ਮੇਰੇ ਕੋਲ ਆਇਆ ਅਤੇ ਮੇਰੀਆਂ ਅੱਖਾਂ ਵਿਚ ਆਪਣੀਆਂ ਬਾਰੀਕ ਤੇ ਤਿੱਖੀਆਂ ਅੱਖਾਂ ਪਾ ਕੇ ਬੋਲਿਆ, "ਅੱਛਾ, ਅਮੀਰਾਂ ਦੇ ਮੁੰਡੇ ਈ ਲੁੱਚੇ ਤੇ ਕੁਕਰਮੀ ਹੁੰਦੇ ਨੇ...।"

ਉਹਨੇ ਕੇਵਲ ਇਹ ਦਸ ਸ਼ਬਦ ਬੋਲੇ, ਹੋਰ ਕੁਝ ਨਹੀਂ ਕਿਹਾ। ਇਕ ਤਰ੍ਹਾਂ ਨਾਲ ਇਸ ਵਾਕ ਦੇ ਸਿਰੇ ਉਤੇ ਤਾਂ, ਵਿਆਕਰਨ ਅਨੁਸਾਰ, ਪੂਰਨ-ਵਿਸ਼ਰਾਮ-ਚਿੰਨ੍ਹ ਵੀ ਨਹੀਂ ਲਾਇਆ ਜਾ ਸਕਦਾ। ਇਹ ਅਰਧ-ਵਿਸ਼ਰਾਮ ਦਾ ਭਾਗੀ ਵਾਕ ਹੈ। ਉਹ ਇਹ ਅਧੂਰਾ ਜਿਹਾ ਵਾਕ ਬੋਲ ਕੇ, ਮੇਰਾ ਜਵਾਬ ਉਡੀਕੇ ਬਿਨਾਂ, ਇਧਰ-ਉਧਰ ਚਲਿਆ ਗਿਆ ਪਰ ਮੇਰੇ ਹੱਥ ਕਹਾਣੀ ਵਿਚ ਪਾਤਰ-ਉਸਾਰੀ ਅਤੇ ਮਨੁੱਖੀ ਪੇਸ਼ਕਾਰੀ ਸਬੰਧੀ ਇੱਕ ਅਨਮੋਲ ਗੁਰ ਫੜਾ ਗਿਆ। ਚੜ੍ਹਦੀ ਜਵਾਨੀ ਵਿਚ ਵਿਅਕਤੀ ਦੇ ਰਾਜਨੀਤਕ ਵਿਚਾਰ ਕੁਝ-ਕੁਝ ਤਿੱਖੇ ਅਤੇ ਉਲਾਰ ਹੁੰਦੇ ਹਨ। ਇਹ ਗੱਲ ਕੋਈ ਬਹੁਤੀ ਅਸੁਭਾਵਿਕ ਅਤੇ ਅਣਹੋਣੀ ਵੀ ਨਹੀਂ ਹੁੰਦੀ। ਸਗੋਂ ਕੁਦਰਤੀ ਹੀ ਹੁੰਦੀ ਹੈ। ਆਪਣੇ ਇਨ੍ਹਾਂ ਵਿਚਾਰਾਂ ਅਨੁਸਾਰ ਇਸ ਕਹਾਣੀ ਵਿਚ ਮੈਂ ਅਮੀਰਾਂ ਨੂੰ ਚਿਤਰਨ ਲਈ ਕਾਲਾ ਰੰਗ ਔਸਤ ਨਾਲੋਂ ਕੁਝ ਵਧੀਕ ਵਰਤਿਆ ਸੀ ਅਤੇ ਗ਼ਰੀਬਾਂ ਨੂੰ ਚਿਤਰਨ ਲਈ ਚਿੱਟਾ। ਵਿਰਕ ਦੀ ਗੱਲ ਮੇਰੀ ਇਸ ਸੋਚ ਨੂੰ ਮਧਾਣੀ ਵਾਂਗ ਰਿੜਕ ਗਈ।

1969 ਵਿਚ ਮੈਂ ਆਪਣੇ ਪਹਿਲੇ ਕਹਾਣੀ-ਸੰਗ੍ਰਿਹ 'ਓਪਰਾ ਮਰਦ' ਦਾ ਖਰੜਾ ਤਿਆਰ ਕੀਤਾ ਤਾਂ ਮੁੱਖ ਬੰਦ ਬਾਰੇ ਦੁਬਿਧਾ ਵਿਚ ਪੈ ਗਿਆ- ਲਿਖਾਵਾਂ ਕਿ ਨਾ! ਲਿਖਵਾਉਣ ਦਾ ਪੱਖੀ ਮਨ ਕਹਿੰਦਾ ਸੀ ਕਿ ਜੇ ਮੁੱਖ ਬੰਦ ਹੋਣਾ ਹੈ ਤਾਂ ਵਿਰਕ ਦਾ ਹੋਵੇ। ਬਹੁਤੀਆਂ ਕਹਾਣੀਆਂ ਉਹਨੇ ਰਸਾਲਿਆਂ ਵਿਚ ਪੜ੍ਹ ਕੇ ਸਲਾਹੀਆਂ ਹੋਈਆਂ ਸਨ। ਸਬੱਬ ਨਾਲ ਰਾਮ ਸਰੂਪ ਅਣਖੀ ਦਿੱਲੀ ਆਇਆ ਅਤੇ ਅਸੀਂ ਵਿਰਕ ਨੂੰ ਮਿਲਣ ਚਲੇ ਗਏ। ਮੁੱਖ ਬੰਦ ਦੀ ਗੱਲ ਚੱਲੀ ਤਾਂ ਉਹਨੇ ਵਾਰ-ਵਾਰ ਇਹੋ ਜ਼ੋਰ



*ਸਮਾਜ ਤੇ ਸਾਹਿਤ ਦੀ ਦੂਰ-ਦ੍ਰਿਸ਼ਟੀ*

ਦੇ ਕੇ ਮੇਰੀ ਦੁਬਿਧਾ ਦੂਰ ਕਰ ਦਿੱਤੀ-ਕੀ ਲੋੜ ਹੈ ਮੁੱਖ ਬੰਦ ਦੀ, ਕਹਾਣੀਆਂ ਨੂੰ ਹੀ ਬੋਲਣ ਦੇ! ਮਗਰੋਂ ਮੈਂ ਛਪੀ ਹੋਈ ਪੁਸਤਕ ਵਿਰਕ ਨੂੰ ਦਿੱਤੀ ਤਾਂ ਕੁਝ ਦਿਨਾਂ ਪਿੱਛੋਂ ਉਹਦਾ ਫੋਨ ਆਇਆ, "ਤੇਰੀ ਪੁਸਤਕ ਵਧੀਆ ਰਹੀ ਬਈ! ਮੈਂ ਸੰਖੇਪ ਜਿਹੀ ਟਿਪਣੀ ਲਿਖੀ ਹੈ, ਲੈ ਜਾਈਂ।" ਮੈਂ ਗਿਆ ਤਾਂ ਉਹਨੇ ਚਾਰ ਇੰਚ ਚੌੜੀ ਅਤੇ ਇਹਤੋਂ ਦੁਗਣੀ ਲੰਮੀ ਪਰਚੀ ਜਿਹੀ ਮੇਰੇ ਹੱਥ ਫੜਾ ਦਿੱਤੀ। ਟਿਪਣੀ ਉਹਦੇ ਸੁਭਾਅ ਅਨੁਸਾਰ ਸੰਖੇਪ ਸੀ, ਪਰ ਬਹੁਤ ਨਿੱਗਰ ਅਤੇ ਦਿਲ-ਵਧਾਊ ਸੀ।

ਉਹਨੇ ਲਿਖਿਆ ਸੀ, "ਪਿੰਡਾਂ ਵਿਚੋਂ ਨਿਕਲੇ ਲੇਖਕਾਂ ਕੋਲ ਇਕ ਇਹੋ ਜਿਹੇ ਸਮਾਜ ਦੀ ਤਿੱਖੀ ਸੂਝ ਹੁੰਦੀ ਹੈ, ਜਿਸ ਵਿਚ ਲੋਕ ਇੱਕ ਦੂਜੇ ਦੇ ਆਹਮੋ-ਸਾਹਮਣੇ ਵਸਦੇ ਹਨ ਅਤੇ ਉਨ੍ਹਾਂ ਦੇ ਆਪੋ ਵਿਚ ਬੜੇ ਨੇੜੇ ਦੇ ਸਬੰਧ ਹਨ। ਸਾਰੀ ਉਸਾਰੀ ਆਮ ਕਰਕੇ ਇਹੋ ਜਿਹੇ ਸਮਾਜ ਰਾਹੀਂ ਹੀ ਹੁੰਦੀ ਹੈ। ਇਹ ਸੂਝ ਉਨ੍ਹਾਂ ਨੂੰ ਸੱਚ-ਝੂਠ ਅਤੇ ਭਲੇ-ਬੁਰੇ ਬਾਰੇ ਪਛਾਣ ਕਰਨ ਵਿਚ ਸਹਾਇਤਾ ਦਿੰਦੀ ਹੈ। ਇਸ ਵਸੀਲੇ ਨੂੰ ਭੁੱਲਰ ਨੇ 'ਓਪਰਾ ਮਰਦ' ਸੰਗ੍ਰਿਹ ਵਿਚ ਬੜੀ ਸਿਆਣਪ ਨਾਲ ਵਰਤਿਆ ਹੈ। ਉਸ ਨੂੰ ਕਹਾਣੀ ਲਿਖਣ ਦੀ ਜਾਚ ਵੀ ਚੋਖੀ ਹੈ।"

'ਓਪਰਾ ਮਰਦ' ਨਾਲ ਹੀ ਵਿਰਕ ਦੀ ਇਕ ਹੋਰ ਯਾਦ ਵੀ ਜੁੜੀ ਹੋਈ ਹੈ। ਪੁਸਤਕ ਦੇ ਅਨੇਕ ਰੀਵਿਊ ਹੋਏ। ਕੇਵਲ ਪੰਜਾਬੀ ਰਸਾਲਿਆਂ-ਅਖ਼ਬਾਰਾਂ ਵਿਚ ਹੀ ਨਹੀਂ, ਸਗੋਂ ਰੇਡੀਓ ਉਤੇ ਵੀ ਅਤੇ ਅੰਗਰੇਜ਼ੀ ਪੱਤਰਾਂ ਵਿਚ ਵੀ। ਤੇ ਸਾਰੇ ਹੀ ਬਹੁਤ ਪ੍ਰਸ਼ੰਸਾਤਮਕ ਸਨ। ਫੇਰ ਲੁਧਿਆਣਿਉਂ ਛਪਦੇ ਇਕ ਰਸਾਲੇ ਵਿਚ ਕਿਸੇ ਦਾ ਲਿਖਿਆ ਨਿੰਦਕ ਰੀਵਿਊ ਛਪਿਆ। ਰੀਵਿਊ ਵਿਚ ਇਹ ਵੀ ਲਿਖਿਆ ਗਿਆ ਸੀ, "ਭੁੱਲਰ ਨੇ ਵਿਰਕ ਦੀ ਨਕਲ ਕਰਦੇ ਹੋਏ ਅੰਤ ਨੂੰ ਝਟਪਟਾ ਤੇ ਸੁਆਦਲਾ ਬਣਾਉਣ ਦਾ ਅਸਫਲ ਜਤਨ ਕੀਤਾ ਹੈ।" ਫੇਰ ਉਹਨੇ ਮੇਰੀ ਇਕ-ਇਕ ਕਹਾਣੀ ਲੈ ਕੇ ਦੱਸਿਆ ਹੋਇਆ ਸੀ ਕਿ ਕਿਵੇਂ ਉਹ ਵਿਰਕ ਦੀ ਫਲਾਣੀ ਰਚਨਾ ਵਰਗੀ ਨਹੀਂ ਸੀ। ਇਸ ਰੀਵਿਊ ਦਾ ਜ਼ਿਕਰ ਵਿਰਕ ਨਾਲ ਚੱਲਿਆ ਤਾਂ ਉਹਨੇ ਗੱਲ ਨੂੰ ਗੰਭੀਰ ਨਾ ਹੋਣ ਦੇਣ ਲਈ ਕਿਹਾ, "ਚੱਲ, ਨਕਲ ਤਾਂ ਕਿਸੇ ਚੰਗੇ ਕਹਾਣੀਕਾਰ ਦੀ ਹੀ ਕੀਤੀ ਲਿਖੀ ਐ ਨਾ!" ਤੇ ਉਹ ਮੱਕੀ ਦੀਆਂ ਖਿੱਲਾਂ ਖਿੜਨ ਵਰਗਾ ਸਹਿਜ ਹਾਸਾ ਹੱਸ ਪਿਆ।

ਮੈਂ ਕਿਹਾ, "ਸੱਚ ਜਾਣੋਂ, ਰੀਵਿਊ ਪੜ੍ਹ ਕੇ ਮੈਂ ਵੀ ਇਹ ਮਾਣ ਮਹਿਸੂਸ ਕੀਤਾ ਸੀ ਕਿ ਮੇਰੀਆਂ ਕਹਾਣੀਆਂ ਨੇ ਉਲਾਰ ਰੀਵਿਊਕਾਰ ਨੂੰ ਵੀ ਤੁਹਾਡੀਆਂ ਰਚਨਾਵਾਂ ਦੀ ਯਾਦ ਤਾਂ ਦੁਆਈ।"

"ਜਿਥੇ ਲਿਖਣ ਵਾਲੇ ਦਾ ਉਲਾਰ ਪ੍ਰਤੱਖ ਹੋਵੇ, ਪ੍ਰਵਾਹ ਨਹੀਂ ਕਰੀਦੀ। ਜੇ ਕੋਈ ਸੁਹਿਰਦਤਾ ਨਾਲ ਨੁਕਸ ਕੱਢੇ, ਉਹਦੀ ਗੱਲ ਧਿਆਨ ਨਾਲ ਵਿਚਾਰਨੀ ਚਾਹੀਦੀ ਐ।...ਤੂੰ ਤਾਂ ਅਜੇ ਪਹਿਲੀ ਪੂਣੀ ਕੱਤੀ ਹੈ!" ਇਹ ਸਿੱਖਿਆ ਦੇਣ ਸਮੇਂ, ਮੈਂ ਦੇਖਿਆ, ਉਹ ਇਕਦਮ ਗੰਭੀਰ ਹੋ ਗਿਆ ਸੀ। ਤੇ ਉਹਦੀ ਇਹ ਸਿੱਖਿਆ ਵੀ ਮੈਂ ਘੁੱਟ ਦੇ ਪੱਲੇ ਬੰਨ੍ਹ ਲਈ। ਜਦੋਂ 1990 ਵਿਚ ਮੈਨੂੰ 'ਕੁਲਵੰਤ ਸਿੰਘ ਵਿਰਕ ਪੁਰਸਕਾਰ' ਨਾਲ ਸਨਮਾਨਿਆ ਗਿਆ, ਮੇਰੇ ਇਸ ਮਾਣ ਵਿਚ ਹੋਰ ਵੀ ਵਾਧਾ ਹੋ ਗਿਆ ਕਿ ਮੇਰੀਆਂ ਕਹਾਣੀਆਂ ਪਾਠਕ ਨੂੰ ਵਿਰਕ ਦੀਆਂ ਕਹਾਣੀਆਂ ਦਾ ਚੇਤਾ ਕਰਵਾਉਂਦੀਆਂ ਹਨ।

ਵਿਰਕ ਦੀ ਦੇਹ ਲੰਮੀ, ਪਤਲੀ, ਛਾਂਟਵੀਂ, ਸਿੱਧੀ ਅਤੇ ਨਰੋਈ ਸੀ। ਉਹਨੂੰ ਦੇਖ ਕੇ ਕੋਈ ਵੀ ਬੀਮਾਰੀ, ਖਾਸ ਕਰਕੇ ਬੇਢਬੇ ਅਤੇ ਅਣਸਾਂਭੇ ਸਰੀਰ ਨੂੰ ਹੋਣ ਵਾਲੀ ਕੋਈ ਬੀਮਾਰੀ ਲੱਗ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ ਜਾਪਦੀ। ਉਹ ਤਾਂ ਅਜੇ ਜਿਵੇਂ ਜੁਆਨ ਪਿਆ ਸੀ। ਤੇ ਜਦੋਂ ਉਹਨੂੰ



*ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਤੋਂ ਪੁਰਸਕਾਰ ਪ੍ਰਾਪਤ ਕਰਦਿਆਂ*

ਅਧਰੰਗ ਹੋਣ ਦੀ ਖ਼ਬਰ ਮਿਲੀ, ਸਮੁੱਚੇ ਪੰਜਾਬੀ ਸਾਹਿਤ-ਜਗਤ ਵਾਂਗ ਮੈਂ ਠਠੰਬਰ ਜਿਹਾ ਗਿਆ।

ਵਿਰਕ ਦੀ ਹਰ ਕਹਾਣੀ ਸਹਿਜ ਤੋਰ ਤੁਰਦੀ ਹੈ ਅਤੇ ਅੰਤ ਉਤੇ ਇਉਂ ਅਨੁਭਵ ਹੁੰਦਾ ਹੈ ਜਿਵੇਂ ਕੋਈ ਕਲੀ ਇਕਦਮ ਚਟਕ ਕੇ ਫੁੱਲ ਬਣਦਿਆਂ ਰੰਗ ਅਤੇ ਖੁਸ਼ਬੋ ਬਖੇਰ ਦੇਵੇ! ਉਹਦੀ ਕਹਾਣੀ ਸੁਖਾਂਤਕ ਹੋਵੇ ਜਾਂ ਦੁਖਾਂਤਕ, ਅੰਤਲਾ ਮੋੜ ਸਦਾ ਹੀ ਸੰਖੇਪ ਹੁੰਦਾ ਹੈ ਅਤੇ ਪਾਠਕ ਦੇ ਮੂੰਹੋਂ ਸੁਤੇ-ਸਿਧ ਇਹੋ ਨਿੱਕਲਦਾ ਹੈ, "ਵਾਹ, ਹੋਣਾ ਵੀ ਇਉਂ ਹੀ ਚਾਹੀਦਾ ਸੀ!" ਵਿਰਕ ਦੀ ਜ਼ਿੰਦਗੀ ਵੀ ਉਹਦੀ ਕਹਾਣੀ ਵਾਂਗ ਸਹਿਜ ਤੋਰ ਤੁਰਦੀ ਰਹੀ। ਪਰ, ਅਫਸੋਸ ਹੈ, ਉਹਦਾ ਅੰਤ ਸੰਖੇਪ ਨਾ ਹੋਇਆ। ਉਹਦੀ ਜੀਵਨ-ਕਹਾਣੀ ਦਾ ਅੰਤ ਨਾ ਕੇਵਲ ਉਹਦੀਆਂ ਸਭ ਤੋਂ ਵੱਧ ਦੁਖਾਂਤਕ ਕਹਾਣੀਆਂ ਨਾਲੋਂ ਵੀ ਕਿਤੇ ਵੱਧ ਦੁੱਖ-ਭਰਿਆ ਸੀ, ਸਗੋਂ ਉਹਦੀ ਕਹਾਣੀ-ਕਲਾ ਦੇ ਉਲਟ ਲਮਕਵਾਂ ਵੀ ਬਹੁਤ ਜ਼ਿਆਦਾ ਸੀ।

ਡਾ. ਰਘਬੀਰ ਸਿੰਘ ਦਸਦਾ ਹੈ ਕਿ ਡਾ. ਮਹਿੰਦਰ ਸਿੰਘ ਰੰਧਾਵਾ ਦੀ ਚਿਤਾ ਕੋਲ ਖਲੋਤਿਆਂ ਵਿਰਕ ਨੇ ਕਿਹਾ ਸੀ, "ਦੇਖੋ, ਜ਼ਿੰਦਗੀ ਹੋਵੇ ਤਾਂ ਰੰਧਾਵੇ ਵਰਗੀ ਤੇ ਮੌਤ ਹੋਵੇ ਤਾਂ ਰੰਧਾਵੇ ਵਰਗੀ!...ਜਦੋਂ ਮੌਤ ਆਈ, ਉਹ ਵੀ ਯਕਦਮ। ਰਿੜ੍ਹ-ਰਿੜ੍ਹ ਕੇ ਮਰਨਾ ਵੀ ਕੋਈ ਮਰਨਾ ਹੁੰਦਾ ਹੈ! ਜੇ ਬੰਦੇ ਨੇ ਮਰਨਾ ਹੋਵੇ ਤਾਂ ਚਟਕੀ-ਪਟਕੀ ਮਰਨਾ ਚਾਹੀਦਾ ਹੈ!"

ਜਦੋਂ ਵਿਰਕ ਇਹ ਬੋਲ ਬੋਲ ਰਿਹਾ ਸੀ, ਸ਼ਾਇਦ ਉਹਦੀ ਹੋਣੀ ਉਸ ਉਤੇ ਹੱਸ ਰਹੀ ਹੋਵੇਗੀ। ਦੋ ਹਫ਼ਤਿਆਂ ਮਗਰੋਂ ਹੀ ਅਧਰੰਗ ਨਾਲ ਉਹਦਾ ਸੱਜਾ ਪਾਸਾ ਮਾਰਿਆ ਗਿਆ। ਬਿਨਾਂ ਸਹਾਰੇ ਤੋਂ ਉਠਣਾ-ਬੈਠਣਾ ਤਾਂ ਗਿਆ ਹੀ ਗਿਆ, ਬੋਲ ਵੀ ਖੁੱਸ ਗਏ। ਪੰਜਾਬ ਦੀ ਮਿੱਟੀ ਦੇ ਕਿਣਕੇ-ਕਿਣਕੇ ਨੂੰ ਚੁੰਮਣ ਵਾਲਾ ਕਹਾਣੀਕਾਰ ਜਦੋਂ ਇਹ ਜਾਣਦਿਆਂ ਓਪਰੇ ਦੇਸ਼ ਲਈ ਤੁਰਿਆ ਹੋਵੇਗਾ ਕਿ ਉਹਦੀ ਮਿੱਟੀ ਨੇ ਇਸ ਮਿੱਟੀ ਵਿਚ ਰਲਣ ਲਈ ਪਰਤਣਾ ਨਹੀਂ, ਉਹਦੀ ਅਕੱਥ ਪੀੜ ਦੀ ਕੇਵਲ ਕਲਪਨਾ ਹੀ ਕੀਤੀ ਜਾ ਸਕਦੀ ਹੈ। ਇਨ੍ਹਾਂ ਦਿਨਾਂ ਦੀ ਉਹਦੀ ਦਸ਼ਾ ਦਰਸਾਉਣ ਲਈ ਤਾਰਾ ਸਿੰਘ ਵੱਲੋਂ ਕੀਤਾ ਗਿਆ ਉਸ ਨਾਲ ਇਕ ਮਿਲਣੀ ਦਾ ਵਰਣਨ ਹੁਧਾਰ ਲੈ ਰਿਹਾ ਹਾਂ, "ਸਹੀ ਥਾਂ ਤੇ ਸਹੀ ਸ਼ਬਦ ਬੀੜਨ ਵਾਲਾ ਲੇਖਕ ਬੋਲਣ ਤੋਂ ਅਸਮਰੱਥ ਸੀ। ਲੇਖਕ ਦੀ ਇਕ ਹੀ ਪੂੰਜੀ ਹੈ- ਸ਼ਬਦ। ਉਹ ਤਾਂ ਕੁਦਰਤ ਨੇ ਵਾਪਸ ਲੈ ਲਈ ਸੀ। ਬੱਚਿਆਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਲੱਖਾਂ ਪ੍ਰਸ਼ੰਸਕਾਂ ਦੇ ਹੁੰਦਿਆਂ ਉਹ ਬੇਸਰੋ-ਸਾਮਾਨ ਬੈਠਾ ਸੀ। ਬਿਨਾਂ ਭਾਸ਼ਾ ਦੇ, ਨਿਰਧਨ!"

ਤੇ ਉਹਦੇ ਇਸ ਲੰਮੇ ਦੁਖਦਾਈ ਅੰਤ ਨੂੰ ਮਹਿਸੂਸਣ ਵਾਲੇ ਉਹਦੇ ਹਰ ਪਾਠਕ ਅਤੇ ਸਨੇਹੀ ਦੇ ਮੂੰਹੋਂ ਸੁਤੇ-ਸਿਧ ਇਹੋ ਨਿਕਲਿਆ, "ਹਾਇ, ਇਉਂ ਤਾਂ ਨਹੀਂ ਸੀ ਹੋਣਾ ਚਾਹੀਦਾ!"

***(ਸਮਾਪਤ)***

---

# ਮੇਰੇ ਆਪਣੇ ਨਾਂ

***(ਪਿਛਲੇ ਸਫੇ ਦੀ ਬਾਕੀ)***

ਦੂਰ ਐ! ਮੈਂ ਪੈਦਲ ਜਾ ਕੇ ਪਾ ਆਵਾਂਗਾ।" ਉਹਨੂੰ ਚੇਤੇ ਆਇਆ, ਪਿਛਲੀਆਂ ਚੋਣਾਂ 'ਚ ਕਿਸੇ ਪਾਰਟੀ ਦੇ ਬੰਦੇ ਉਹਦੀ ਬੁੱਢੀ ਮਾਂ ਨੂੰ ਵੋਟ ਪੁਆਉਣ ਲਈ ਕਾਰ ਵਿਚ ਲੈ ਗਏ। ਜਦੋਂ ਉਹ ਵੋਟ ਪਾ ਚੁੱਕੀ ਤਾਂ ਕਾਰ ਵਾਲੇ ਗ਼ਾਇਬ ਸਨ। ਬੁੱਢੀ ਕਿੰਨਾ ਹੀ ਚਿਰ ਪੋਲਿੰਗ ਬੂਥ ਦੇ ਬਾਹਰ ਬੈਠੀ ਅਵਾਜ਼ਾਂ ਮਾਰਦੀ ਰਹੀ ਸੀ। ਉਹਤੋਂ ਨਾ ਤੁਰਿਆ ਜਾਂਦਾ ਸੀ, ਨਾ ਉਹਨੂੰ ਚੰਗੀ ਤਰ੍ਹਾਂ ਦਿਸਦਾ ਸੀ। ਕਿਸੇ ਨੇ ਆ ਕੇ ਗ਼ਰੀਬਦਾਸ ਨੂੰ ਦੱਸਿਆ ਤਾਂ ਉਹ ਮਾਂ ਨੂੰ ਪਿੱਠ ਉਤੇ ਚੁੱਕ ਕੇ ਘਰ ਲਿਆਇਆ ਸੀ।

ਵੋਟਾਂ ਭੁਗਤ ਰਹੀਆਂ ਸਨ। ਗ਼ਰੀਬਦਾਸ ਟਾਲ-ਮਟੋਲ ਕਰ ਰਿਹਾ ਸੀ। ਵਰਕਰ ਉਹਨੂੰ ਘੜੀਸ ਕੇ ਲਿਜਾਣ ਤਾਈਂ ਜਾਂਦੇ ਸਨ। ਉਹਨੂੰ ਜਾਪਿਆ, ਉਹ ਉਨ੍ਹਾਂ ਤੋਂ ਹਾਰ ਜਾਵੇਗਾ। ਤੰਗ ਆ ਕੇ ਉਹਨੇ ਸੋਚਿਆ, 'ਵੋਟ ਭਾਵੇਂ ਨਾ ਪਾਵਾਂ, ਪਰ ਜਾ ਤਾਂ ਆਵਾਂ, ਤਾਂ ਜੋ ਇਨ੍ਹਾਂ ਭੂੰਡਾਂ ਤੋਂ ਖਹਿੜਾ ਛੁੱਟੇ!' ਤੇ ਉਹ ਘਰੋਂ ਨਿਕਲ ਤੁਰਿਆ। ਘਰਵਾਲੀ ਨੂੰ ਉਹ ਘਰ ਹੀ ਰਹਿਣ ਵਾਸਤੇ ਕਹਿ ਗਿਆ।

ਹੌਲੀ-ਹੌਲੀ ਤੁਰਦਾ ਉਹ ਪੋਲਿੰਗ ਬੂਥ ਦੇ ਅੰਦਰ ਚਲਿਆ ਗਿਆ। ਉਹਨੂੰ ਬਹੁਤਾ ਚਿਰ ਉਡੀਕ ਨਹੀਂ ਕਰਨੀ ਪਈ। ਇੱਕ ਪੋਲਿੰਗ ਅਫ਼ਸਰ ਦੇ ਮੇਜ਼ 'ਤੇ ਜਾ ਕੇ ਉਹਨੇ ਪਾਰਟੀ-ਵਰਕਰਾਂ ਵੱਲੋਂ ਦਿੱਤੀ ਨੰਬਰ ਵਾਲੀ ਪਰਚੀ ਪੇਸ਼ ਕਰ ਦਿੱਤੀ। ਅਫ਼ਸਰ ਨੇ ਲਿਸਟ ਵਿਚ ਦੇਖਿਆ ਤੇ ਉਹਦੇ ਖਾਨੇ ਵਿਚ ਲਾਲ ਨਿਸ਼ਾਨ ਲਾ ਕੇ ਇੱਕ ਪਾਸੇ ਬੈਠੇ ਉਮੀਦਵਾਰਾਂ ਦੇ ਏਜੰਟਾਂ ਨੂੰ ਦੱਸਿਆ। ਗ਼ਰੀਬਦਾਸ ਨੇ ਅਫ਼ਸਰ ਦੇ ਸਾਹਮਣੇ ਪਈ ਲਿਸਟ ਵਿਚ ਦੇਖਿਆ, ਉਹਦੀ ਪਤਨੀ ਦੇ ਨਾਂ ਵਾਲੇ ਖਾਨੇ ਵਿਚ ਵੀ ਲਾਲ ਨਿਸ਼ਾਨ ਲੱਗਿਆ ਹੋਇਆ ਸੀ। ਉਹ ਹੈਰਾਨ ਹੋਇਆ ਕਿ ਉਹਦੀ ਘਰਵਾਲੀ ਤਾਂ ਅਜੇ ਘਰੋਂ ਨਹੀਂ ਸੀ ਨਿਕਲੀ ਤੇ ਉਹਦੀ ਵੋਟ ਕਿਵੇਂ ਭੁਗਤ ਗਈ!

ਅਗਲੇ ਮੇਜ਼ ਉਤੇ ਉਹਨੂੰ ਉਮੀਦਵਾਰਾਂ ਦੇ ਨਾਂਵਾਂ ਤੇ ਚੋਣ-ਨਿਸ਼ਾਨਾਂ ਵਾਲੀ ਪਰਚੀ ਮਿਲੀ ਤੇ ਨਾਲ ਇੱਕ ਮੋਹਰ। ਦੋਵੇਂ ਚੀਜ਼ਾਂ ਲੈ ਕੇ ਉਹ ਬੋਰੀਆਂ ਦੇ ਬਣਾਏ ਪਰਦੇ ਓਹਲੇ ਚਲਿਆ ਗਿਆ। ਸਾਰਾ ਕੁਝ ਕਰਦਿਆਂ ਉਹ ਸੋਚ ਰਿਹਾ ਸੀ, 'ਉਹ ਕਿਸੇ ਨੂੰ ਵੋਟ ਨਹੀਂ ਦੇਵੇਗਾ; ਬੈਲਟ ਪੇਪਰ ਉਤੇ ਲਿਖ ਦੇਵੇਗਾ, 'ਮੇਰੀ ਵੋਟ ਦਾ ਹੱਕਦਾਰ ਕੋਈ ਨਹੀਂ, ਮੇਰੀ ਵੋਟ ਮੇਰੇ ਆਪਣੇ ਨਾਂ ਹੈ!'

ਪਰਦੇ ਓਹਲੇ ਪਹੁੰਚ ਕੇ ਉਹਨੇ ਮੋਹਰ ਇੱਕ ਪਾਸੇ ਰੱਖ ਦਿੱਤੀ। ਬੈਲਟ ਪੇਪਰ ਉਤੇ ਲਿਖਣ ਵਾਸਤੇ ਪੈਨ ਕੱਢਣ ਲਈ ਉਹਨੇ ਜੇਬ ਵੱਲ ਹੱਥ ਵਧਾਇਆ। ਹੱਥ ਕੰਬ ਰਿਹਾ ਸੀ। ਗ਼ਰੀਬਦਾਸ ਸੋਚਣ ਲੱਗ ਪਿਆ, ਉਹ ਕਿਹੋ ਜਿਹਾ ਅਨੋਖਾ ਕੰਮ ਕਰਨ ਲੱਗਾ ਹੈ! ਜੇ ਮੋਹਰ ਲਾਉਣ ਦੀ ਥਾਂ ਉਹਨੂੰ ਕਿਸੇ ਨੇ ਬੈਲਟ ਪੇਪਰ ਉਤੇ ਲਿਖਦੇ ਦੇਖ ਲਿਆ, ਫੇਰ! ਉਹਦਾ ਮਨ ਡਰ ਗਿਆ। ਉਹਨੂੰ ਜਾਪਿਆ, ਉਹ ਦੁਨੀਆਂ ਨਾਲੋਂ ਵੱਖਰੀ ਗੱਲ ਕਰ ਕੇ ਕੋਈ ਜੁਰਮ ਕਰਨ ਲੱਗਿਆ ਹੈ। ਉਹਨੂੰ ਇੰਜ ਲੱਗਿਆ, ਜਿਵੇਂ ਪਰਦੇ ਦੇ ਬਾਹਰੋਂ ਉਹਨੂੰ ਕੋਈ ਦੇਖ ਰਿਹਾ ਹੈ। ਉਹਦੇ ਹੱਥ ਹੋਰ ਕੰਬਣ ਲੱਗ ਪਏ। ਬਾਹਰ ਕਿਸੇ ਨੇ ਉਚੀ ਅਵਾਜ਼ ਵਿਚ ਕੋਈ ਗੱਲ ਕੀਤੀ। ਗ਼ਰੀਬਦਾਸ ਨੂੰ ਲੱਗਿਆ, ਜਿਵੇਂ ਕਿਸੇ ਨੇ ਕਿਹਾ ਹੋਵੇ, 'ਛੇਤੀ ਬਾਹਰ ਆ!' ਉਹਨੇ ਮੋਹਰ ਚੁੱਕੀ ਤੇ ਬੈਲਟ ਪੇਪਰ ਉਤੇ ਏਧਰ-ਓਧਰ ਠਾਹ-ਠਾਹ ਜੜ ਦਿੱਤੀ।

ਘਰ ਆ ਕੇ ਉਹ ਸਿੱਧਾ ਮੰਜੇ ਉਤੇ ਆ ਡਿੱਗਿਆ, ਜਿਵੇਂ ਬਹੁਤ ਵੱਡੀ ਲੜਾਈ ਲੜ ਕੇ ਆਇਆ ਹੋਵੇ।

---

## ਕਾਵਿ-ਜਗਤ

# ਮਾਈ ਦਾ ਲਾਲ-ਕੇਜਰੀਵਾਲ!

ਕੁਰਸੀ ਖਾਤਰ ਦੇਖੇ ਲੀਡਰ ਵਿਕਦੇ ਜੀ
ਨਹੀਂ ਵਿਕਿਆ ਤਾਂ ਇਕੋ
ਮਾਈ ਦਾ ਲਾਲ-ਕੇਜਰੀਵਾਲ।
ਲੋਕਾਂ ਦੇ ਲਈ ਲੋਕ-ਬਿਲ ਦੀ ਖਾਤਰ ਜੀ
ਮੁੱਖ ਮੰਤਰੀ ਦੀ ਕੁਰਸੀ ਨੂੰ
ਉਸ ਦਿੱਤੀ ਏ ਲੱਤ ਮਾਰ।

ਲੋਕ ਰਾਜ ਲੋਕਾਂ ਦਾ ਹੁੰਦਾ,
ਜਾਣੇ ਦੁਨੀਆਂ ਸਾਰੀ
ਸੇਵਾ ਕਰਦੀ ਹੈ ਲੋਕਾਂ ਦੀ,
ਚੁਣੀ ਹੋਈ ਸਰਕਾਰ।
ਦਿਨ ਦਿਹਾੜੇ ਲੋਕਾਂ ਨੂੰ ਜੋ ਲੁੱਟੀ ਜਾਵੇ,
ਉਹ ਕਾਹਦੀ ਹੈ ਦੱਸੋ ਭਾਈ,
ਲੋਕ ਰਾਜ ਸਰਕਾਰ?

ਆਮ ਆਦਮੀ ਦਾ ਹੈ ਨਾਹਰਾ,
ਜਦੋਂ ਬਣੇਗੀ 'ਆਪ' ਜੀ ਦੀ ਸਰਕਾਰ,
ਅਫਸਰ ਲੀਡਰ ਜੋ ਨਾ ਸੁਧਰੂ,
ਝਾੜੂ ਨਾਲ ਈ ਹੋਵੇਗਾ,
ਫਿਰ ਉਸ ਦਾ ਸਤਿਕਾਰ।

ਬਿਜਲੀ, ਪਾਣੀ, ਗੈਸ,
ਪਦਾਰਥ ਖਾਣੇ ਵਾਲੇ,
ਗੌਰਮਿੰਟ ਕਹਿ ਸਸਤਾ
ਦੇਖੋ ਕਰਦੀ ਹੈ ਵਪਾਰ।
ਸੰਨ੍ਹ ਲਾ ਕੇ ਸਰਕਾਰੀ ਦਿਨੇ ਖਜ਼ਾਨੇ ਨੂੰ
'ਸੇਵਾ' ਸਾਡੇ ਲੋਕਾਂ ਦੀ ਕਰਦੀ ਹੈ ਸਰਕਾਰ।

ਕੀ ਬਣੇਗਾ ਯਾਰੋ ਦੇਸ਼ ਦੇ ਲੋਕਾਂ ਦਾ
ਜਿਥੇ ਲੀਡਰ ਕਰਦੇ ਹੋਵਣ
ਵੋਟਾਂ ਦਾ ਵਪਾਰ।
ਲੋਕਪਾਲ ਬਿਲ 'ਰੂਲ' ਕਦੇ
ਨਹੀਂ ਬਣ ਸਕਦਾ,
ਜਦ ਤੱਕ ਸੰਸਦ ਮੈਂਬਰਾਂ ਦੀ
ਹੋਏ ਨੀਤ ਖਰਾਬ।

ਬਿੱਲੀ ਦੇ ਗਲ ਟੱਲੀ ਕਿਹੜਾ ਬੰਨ੍ਹੇਗਾ?
ਇਸ ਦੀ ਕਦੇ ਵੀ ਕੀਤੀ ਦੱਸੋ ਕਿਸ ਵਿਚਾਰ?
ਕੇਜਰੀਵਾਲ ਨੇ ਟੱਲੀ ਗਲ ਵਿਚ ਬੰਨ੍ਹ ਦਿੱਤੀ
ਪਾਰਟੀਆਂ ਨੂੰ ਝੱਟ
ਚੜ੍ਹ ਗਿਆ 'ਤੇਜ ਬੁਖਾਰ।'

ਗਿਣਤੀ ਦੀਆਂ ਹੀ ਘੜੀਆਂ
ਮਿਲੀਆਂ ਯੋਧੇ ਨੂੰ
ਭਾਰਤੀਆਂ ਨੂੰ ਦਸ ਦਿਤਾ,
ਕੀ ਹੁੰਦੀ ਸਰਕਾਰ।
ਚੌਰਾਸੀ ਦੇ ਦਿੱਲੀ ਘੱਲੂਘਾਰੇ ਬਾਰੇ
ਸਿੱਖਾਂ ਦਾ ਹੱਥ ਫੜ ਕੇ ਦਿਤੀ ਹੈ ਵੰਗਾਰ।

ਐ ਲੋਕੋ ਹੁਣ ਸਮਝ ਕੇ ਵੋਟਾਂ ਪਾਇਓ ਜੀ
'ਢਿੱਲੋਂ' ਆਖੇ ਨਾ ਕਰਿਓ ਬਈ
ਵੋਟਾਂ ਦਾ ਵਾਪਾਰ।
ਕੇਜਰੀਵਾਲ ਜਿਹੇ ਮੁੜ ਮੁੜ
ਪੈਦਾ ਹੋਣੇ ਨ੍ਹੀਂ
ਇਕ ਵਾਰ ਬਣਾ ਕੇ ਵੇਖੋ 'ਆਪ' ਦੀ ਸਰਕਾਰ।

ਬੰਦਾ ਰੱਬ ਤਾਂ ਨਹੀਂ ਕਦੇ ਵੀ ਬਣ ਸਕਦਾ
ਆਖਰ ਬੰਦੇ ਦਾ ਵੀ ਹੁੰਦਾ ਹੈ ਕੋਈ ਵੱਕਾਰ।
ਆਮ ਆਦਮੀ ਪਾਰਟੀ ਜੈਸੀ ਦੇਖ ਲਿਓ
ਕੋਈ ਵੀ ਲੀਡਰ ਨਹੀਂ
ਬਣਾ ਸਕਣੀ ਸਰਕਾਰ।


*-ਮੱਤ ਸਿੰਘ ਢਿੱਲੋਂ, ਸ਼ਿਕਾਗੋ*
*ਫੋਨ: 847-308-5411*



# ਕਾਨਾ ਸਿੰਘ ਦੀਆਂ ਕਵਿਤਾਵਾਂ



## ਰੱਖ ਛੱਡੀ

ਆਟਾ ਲਿਆਇਐ ਦਾਲ ਲਿਆਇਐ
ਫਲ ਸਬਜ਼ੀ ਵੀ ਨਾਲ ਲਿਆਇਐ
ਕਾਕੇ ਲਈ ਇਕ ਬਾਲ ਲਿਆਇਐ
ਗੁੱਡੀ ਲਈ ਇਕ ਡਾਲ ਲਿਆਇਐ
ਕੁਝ ਤਾਂ ਮੁੱਲ ਚੁਕਾਣਾ ਪਏਗਾ
ਤਨ ਨਾਲ ਤਨ ਛੁਹਾਣਾ ਪਏਗਾ।

ਕਾਕੇ ਦੀਆਂ ਕਿਤਾਬਾਂ ਕੋਈ ਨ
ਗੁੱਡੀ ਦੀਆਂ ਜੁਰਾਬਾਂ ਕੋਈ ਨ
ਬਣਿਆ ਚੱਕਰ ਲਗਾਂਦਾ ਹੈ
ਸੌ ਸੌ ਫੱਕਤ ਸੁਣਾਂਦਾ ਹੈ
ਕਰਜ਼ੇ ਦਾ ਹਿਸਾਬ ਕੋਈ ਨ
ਜ਼ਿੱਲਤ ਦਾ ਜੁਆਬ ਕੋਈ ਨ
ਲੋਕੀਂ ਕਰਨ ਇਸ਼ਾਰੇ ਬੜੇ
ਤਾਹਨੇ ਕੱਸਣ ਕਰਾਰੇ ਬੜੇ
ਸਿਰ ਨੀਵਾਂ ਕਰ ਜਾਈਦੈ
ਧਰਤੀ ਵਿਚ ਧਸ ਜਾਈਦੈ
ਫੇਰ ਅਚਾਨਕ ਆਂਦੈ ਉਹ
ਸਿੱਕੇ ਚੰਦ ਫੜਾਂਦੈ ਉਹ
ਮਨ ਨੂੰ ਕੁਝ ਸਮਝਾਣਾ ਪੈਂਦੈ
ਗਲ਼ ਪਿਆ ਢੋਲ ਵਜਾਣਾ ਪੈਂਦੈ।

ਸ਼ਾਂਤਾ ਇਕ ਸੁਣੱਖੀ ਹੈ
ਵੱਡੇ ਸੇਠ ਨੇ ਰੱਖੀ ਹੈ
ਕੈਸੀ ਉਸ ਦੀ ਸ਼ਾਨ ਜੀਓ
ਕਰਦੀ ਸੌ ਫਰਮਾਨ ਜੀਓ
ਜਦ ਵੀ ਸੇਠ ਜੀ ਆਂਦੇ ਨੇ
ਤੋਹਫੇ ਢੇਰ ਲਿਆਂਦੇ ਨੇ
ਕਾਰਾਂ ਵਿਚ ਘੁਮਾਂਦੇ ਨੇ
ਕਦਮਾਂ ਵਿਚ ਵਿਛ ਜਾਂਦੇ ਨੇ
ਗਹਿਣੇ ਭੇਟ ਚੜ੍ਹਾਂਦੇ ਨੇ
ਸਦ ਬਲਿਹਾਰੇ ਜਾਂਦੇ ਨੇ
ਹੋਇਆ ਕੀ ਰਖੇਲ ਹੈ ਜੋ
ਹੈ ਕੋਈ ਬੀਵੀ ਮੇਲ ਹੈ ਜੋ?

ਸੀਤਾ ਕਹਿੰਦੇ ਛੁੱਟੜ ਹੈ
ਬੜੀ ਸਿਆਣੀ ਸੁਘੜ ਹੈ
ਕੱਪੜੇ ਪਾਵੇ ਵੰਨ ਸੁਵੰਨੇ
ਰਸ਼ਕ ਕਰਨ ਮੰਨੇ ਪਰਮੰਨੇ
ਦਬੀ ਦਬੀ ਆਵਾਜ਼ ਨਾ ਉਹ
ਅਣਮੌਹਰੀ ਬੇਬਾਕ ਹੈ ਉਹ
ਵੱਟ ਆਪਣੇ ਵਿਚ ਰਹਿੰਦੀ ਹੈ
ਨਾਂਹ ਵਧੀਕੀ ਸਹਿੰਦੀ ਹੈ
ਰੋਜ਼ੀ ਆਪ ਕਮਾਂਦੀ ਹੈ
ਜਿੰਦ ਆਜ਼ਾਦ ਕਹਾਉਂਦੀ ਹੈ।
ਕਾਸ਼ ਮੈਂ ਵੀ ਇੱਕ ਛੁੱਟੜ ਹੁੰਦੀ
ਹਰ ਸੁਆਲ ਦਾ ਉੱਤਰ ਹੁੰਦੀ!

ਪਰ ਮੈਂ ਬੜੀ ਨਿਕਰਮੀ ਹਾਂ
ਲੱਖ ਭਰਮਾਂ ਦੀ ਭਰਮੀ ਹਾਂ
ਵੱਡੇ ਘਰ ਦੀ ਇੱਜ਼ਤ ਹਾਂ
ਹੁੰਦੀ ਸਦਾ ਬੇ-ਇੱਜ਼ਤ ਹਾਂ
ਹੁਸਨ ਮੰਡੀ ਵਿਚ ਜਾਂਦੇ ਉਹ
ਸੌ ਸੌ ਮੁੱਲ ਚੁਕਾਂਦੇ ਉਹ
ਦੌਰ ਲਗਾਵੇ ਜਾਮਾਂ ਦੇ
ਰੂਪ ਹੰਢਾਵੇ ਸ਼ਾਮਾਂ ਦੇ
ਬੈਠ ਦਲ੍ਹੀਜੇ ਰੋਂਦੀ ਰਹਾਂ
ਨੈਣ ਉਡੀਕੋਂ ਨਾਂਹ ਝਪਕਾਂ
ਮਤਾਂ ਕਦੇ ਉਹ ਆ ਜਾਵੇ
ਮੁੜ ਕੇ ਅੰਗ ਲਗਾ ਜਾਵੇ
ਮੁੜ ਕੇ ਅੰਗ ਲਗਾ ਜਾਵੇ
ਕਦਮਾਂ ਵਿਚ ਵਿਛ ਜਾਵਾਂਗੀ
ਬਿਨ ਦਮੜੇ ਵਿਕ ਜਾਵਾਂਗੀ
ਮੈਂ ਰੱਖੀ ਜਾਂ ਛੱਡੀ ਨ੍ਹਾਂ
ਮੈਂ ਉਹਦੀ "ਰੱਖ-ਛੱਡੀ" ਹਾਂ।

## ਸਾਥ ਵਡੇਰਾ

ਚਾਹੀਦੈ ਚਾਹੀਦੈ ਚਾਹੀਦੈ
ਇਕ ਸਾਥ ਵਡੇਰਾ ਚਾਹੀਦੈ।
ਮੈਂ ਪ੍ਰਥਮ ਪੁਰਸ਼ ਦੀ ਜਾਈ
ਗਈ ਅਗਨ-ਪੁਰਸ਼ ਪਰਨਾਈ
ਉਹਦੀ ਅੱਗ ਨੇ ਕੁੱਲ ਜੱਗ ਡੱਸਿਆ
ਮੇਰੀ ਪੀੜ ਨ ਵਿੰਨੀ ਕਾਈ
ਇਸ ਦਰਦਾਂ ਭਰੀ ਚੰਗੇਰ ਨੂੰ
ਇਕ ਹੱਥ ਚੰਗੇਰਾ ਚਾਹੀਦੈ
ਇਕ ਸਾਥ ਵਡੇਰਾ ਚਾਹੀਦੈ।

ਜਿੰਨੀ ਵੀ ਉਚੀ ਜਾਵਾਂ
ਹੋਣ ਉਨੀਆਂ ਲੰਮੀਆਂ ਬਾਹਵਾਂ
ਜੇ ਹੱਥੋਂ ਛੁੱਟ ਛੁੱਟ ਉੱਡਾਂ
ਤਾਂ ਉੱਡ ਕਲਾਵੇ ਆਵਾਂ
ਇਸ ਕੇਲ ਕਰੇਂਦੀ ਹੰਝੜੀ ਨੂੰ
ਆਕਾਸ਼ ਚੁਤੇਰਾ ਚਾਹੀਦੈ
ਇਕ ਸਾਥ ਵਡੇਰਾ ਚਾਹੀਦੈ।

ਸਾਗਰ 'ਚੋਂ ਉਫ਼ ਉਫ਼ ਉਛਲਾਂ
ਪਰਬਤ ਦੇ ਜਾ ਟਕਰਾਵਾਂ
ਇਸ ਸੌੜੀ ਸੁੰਗੜੀ ਧਰਤੀ 'ਤੇ
ਮੈਂ ਪੂਰੀ ਵਸ ਨਾ ਪਾਵਾਂ
ਜਨਮਾਂ ਦੀ ਪਿਆਸੀ ਬਾਰਸ਼ ਨੂੰ
ਬ੍ਰਹਿਮੰਡ ਦਾ ਵਿਹੜਾ ਚਾਹੀਦੈ
ਇਕ ਸਾਥਾ ਵਡੇਰਾ ਚਾਹੀਦੈ।

## ਕੇਤੇ ਰਾਂਝਣ ਕੇਤੇ ਮਿਰਜ਼ੇ

ਕਿਹੜੇ ਰੰਗ ਦੀ ਕੁੜਤੀ ਪਾਵਾਂ
ਕਿਹੜੀ ਸੁੱਥਣ ਸੰਗ ਸੱਜਣ ਜੀ
ਜੇ ਤੂੰ ਲਾਵੇਂ ਅੰਗ ਸੱਜਣ ਜੀ।

ਸੱਤੇ ਰੰਗ ਤਾਂ ਹੀਰਾਂ ਹੰਢੇ
ਸੁਹਣੀਆਂ ਜੂਠੇ ਸਹਿਬਾਂ ਹੰਘੇ
ਘੁੰਡ ਚੁਕਾਈ ਮੰਗੇ ਜੇ ਚੁੰਨਤੀ
ਹੈ ਕੋਈ ਅੱਠਵਾਂ ਰੰਗ ਸੱਜਣ ਜੀ
ਜੋ ਮਾਣਾਂ ਤੇਰੇ ਸੰਗ ਸੱਜਣ ਜੀ

ਕਾਹਦੀ ਨੱਥ ਤੇ ਕੇਹੇ ਕਲੀੜੇ
ਕਾਹਦੇ ਝੁੰਬਰ ਕਾਹਦੇ ਬੀੜੇ
ਸੋਨਾ ਭਿਟਿਆ ਚਾਂਦੀ ਬਾਸੀ
ਸੁੱਚਾ ਨਾ ਹਾਥੀ ਦੰਦ ਸੱਜਣ ਜੀ
ਦਸ ਕਾਹਦਾ ਮੈਂ ਚੂੜਾ ਚਾਹੜਾਂ
ਜੇ ਤੂੰ ਤੋੜੇਂ ਵੰਗ ਸੱਜਣ ਜੀ।

ਕੇਤੇ ਰਾਂਝਣ ਕੇਤੇ ਮਿਰਜ਼ੇ
ਲਟ ਲਟ ਬਲਦੇ ਚੌਕੀ ਭਰਦੇ
ਦੀਵੇ ਦੀਵੀ ਧੂਪੇ ਧੂਪੀ
ਬਲਿਹਾਰਨ ਨੂੰ ਫਿਰਨ ਚੁਗਿਰਦੇ
ਫਿਰ ਵੀ ਨਾ ਤੇਰੀ ਆਰਤੀ ਪੂਰੇ
ਥਾਲ ਧਰਤ ਦਾ ਤੰਗ ਸੱਜਣ ਜੀ
ਜੇ ਖੇਡਾਂ ਰਸ ਰੰਗ ਸੱਜਣ ਜੀ
ਜੇ ਖੇਡਾਂ ਰਸ ਰੰਗ ਸੱਜਣ ਜੀ।

*ਫੋਨ: 91-95019-44944*

## ਕੋਲੰਬਸ ਦਾ ਵਰਤਮਾਨ

ਕੋਲੰਬਸ ਦੇ ਦਿਲ 'ਚ ਭਾਰਤ ਸੀ
ਅਤੇ ਨਜ਼ਰਾਂ ਸਾਹਵੇਂ ਅਮਰੀਕਾ
ਜਿਸਮ ਦੇ ਇਸ ਪਾਰ ਕੋਲੰਬਸ ਹੈ
ਰੂਹ ਦੇ ਉਸ ਪਾਰ ਕੋਲੰਬਸ ਹੈ।

ਰਿਸ਼ਤਿਆਂ ਦੀ ਛਾਨਣੀ 'ਚ ਛਣਦਾ
ਗਰੀਬ ਕੋਲੰਬਸ ਜਦੋਂ ਘਰੋਂ ਤੁਰਿਆ ਸੀ
ਤਾਂ ਜੇਬ 'ਚ ਪਹਾੜੀਆਂ 'ਤੇ ਡੁੱਬ ਰਿਹਾ ਸੂਰਜ ਨਹੀਂ ਸੀ
ਸਗੋਂ ਕੋਠੇ ਤੋਂ ਕੋਠੀ ਬਣਨ ਦਾ ਸੁਪਨਾ ਸੀ

ਮਾਂ ਨੇ ਵਿਦਾਈ ਹੰਝੂਆਂ 'ਚ ਕਿਹਾ ਸੀ
ਵੇਖ ਪੁੱਤ ਕੋਠੇ ਜਿੱਡੀਆਂ ਤਿੰਨ ਭੈਣਾਂ ਦਾ ਚੇਤਾ ਨਾ ਭੁਲਾਵੀਂ
ਤੇਰੀ ਟਿਕਟ ਲਈ ਗਹਿਣੇ ਪਿਆ ਖੇਤ
ਤੇਰੇ ਸਫਰ ਦੀ ਸੁੱਖ ਮੰਗਦਾ ਹੈ
ਤੇਰੇ ਬਾਪੂ ਦੀਆਂ ਨਾੜਾਂ 'ਚ ਚਲਦਾ ਅਫੀਮ ਦਾ ਲਹੂ
ਹੁਣ ਹੋਰ ਬੋਝ ਝੱਲਣ ਤੋਂ ਇਨਕਾਰੀ ਹੈ
ਤੇਰੇ ਨਿੱਕੇ ਵੀਰ ਪੰਮੇ ਦਾ ਬਚਪਨ ਡੰਗਰ ਚਾਰਦੇ
ਕਿਤੇ ਡੰਗਰ ਨਾ ਹੋ ਜਾਵੇ
ਕਿ ਇਸ ਵਾਰੀ ਤਕਾਵੀ ਦੀ ਕਿਸ਼ਤ
ਕਿਤੇ ਥਾਣੇਦਾਰ ਦੀਆਂ ਝਿੜਕਾਂ ਨਾ ਹੋ ਨਿਬੜੇ
ਕੋਲੰਬਸ ਨੂੰ ਐਨ ਯਾਦ ਹੈ
ਨਾਨੇ ਦਾ ਵਰ੍ਹੇ ਬਾਅਦ ਮਾਂ ਲਈ ਦਿਹਾਰ ਲੈ ਕੇ ਆਉਣਾ
ਤੇ ਉਹਦੀਆਂ ਵਿਦਾਈ ਘੜੀਆਂ ਨੂੰ
ਭੁੱਖੇ ਮੰਗਤੇ ਵਾਂਗ ਨਿਹਾਰਦੇ ਰਹਿਣਾ
ਕਿ ਸ਼ਾਇਦ ਪਿਆਰ ਦੀ ਅਹਿਆਨੀ ਮੇਰਾ ਵੀ ਨਸੀਬ ਬਣੇ
ਕਾਲਜ ਦੀ ਕੰਟੀਨ ਵਿਚ ਦੋਸਤਾਂ ਸੰਗ ਬੈਠ ਕੇ
ਟੈਨੀਸਨ ਦੀ ਕਵਿਤਾ 'ਓਡ ਟੂ ਓਸ਼ਨ' ਵਿਚਾਰਦੇ ਕਹਿਣਾ
ਕਿ ਦੋਸਤੋ ਮੈਂ ਤਾਂ ਬਚਪਨ ਤੋਂ ਹੀ ਚਾਹ ਨਹੀਂ ਪੀਤੀ
ਅਤੇ ਸੱਖਣੀ ਜੇਬ ਦੀ ਨਮੋਸ਼ੀ ਨੂੰ
ਹਰ ਤਰ੍ਹਾਂ ਦੇ ਝੂਠ ਦੀ ਕਿੱਲੀ 'ਤੇ ਟੰਗਣਾ

ਉਹਨੂੰ ਯਾਦ ਹੈ, ਹਾਂ ਉਹਨੂੰ ਐਨ ਯਾਦ ਹੈ
ਉਹਦੀ ਪਲੇਠੀ ਮੁਹੱਬਤ
ਕਿੰਜ ਜਾਤਾਂ, ਗੋਤਾਂ ਦੇ ਬਹਾਨੇ
ਉਹਦੀ ਬੇਰੁਜ਼ਗਾਰੀ ਅਤੇ ਥੋੜ੍ਹੀ ਪੈਲੀ ਦੀ
ਸੁਰੰਗ ਹੇਠ ਦੱਬੀ ਗਈ ਸੀ

ਉਦੋਂ ਕੋਈ ਵੀ ਅਸਮਾਨ ਨਹੀਂ ਸੀ ਪਾਟਾ
ਨਾ ਧੌਲੇ ਬਲਦ ਦੇ ਸਿੰਗਾਂ ਹੇਠ ਧਰਤੀ ਹਿੱਲੀ ਸੀ
ਬਸ ਐਵੇਂ ਦਿਲ ਦਾ ਆਹ ਫਾਲਤੂ ਜਿਹਾ ਦੀਵਾ
ਬਿਨ ਤੇਲ ਹੀ ਮਚਦਾ ਰਿਹਾ ਸੀ
ਅਤੇ ਜਦੋਂ ਲੰਘ ਰਹੇ ਬਰਾਤੀਆਂ ਦਾ ਹਾਸਾ
ਉਹਦੇ 'ਤੇ ਗੜਿਆਂ ਵਾਂਗ ਬਰਸ ਰਿਹਾ ਸੀ
ਉਦੋਂ ਉਹ ਡੀਜ਼ਲ ਦੀ ਕਤਾਰ 'ਚ ਖਾਮੋਸ਼ ਖੜ੍ਹਾ ਸੀ

ਅਤੇ ਕੋਲੰਬਸ ਮਹਾਂ ਉਦਾਸ ਹੋ ਗਿਆ ਸੀ
ਕਿਤਾਬਾਂ ਦੇ ਜੰਗਲ 'ਚ ਸਾੜੇ ਉਹਦੇ ਉਨੀ ਵਰ੍ਹੇ
ਤੇ ਦਿਹਾੜੀ ਜਾਣ ਵਾਂਗ ਕਮਾਈਆਂ ਉਹਦੀਆਂ ਡਿਗਰੀਆਂ
ਉਹਦੇ ਮੂੰਹ 'ਤੇ ਹੀ ਖਚਰਾ ਹਾਸਾ ਹੱਸੀਆਂ

ਗੁਰਦੁਆਰੇ ਦੇ ਗੁੰਬਦ 'ਤੇ ਚਮਕ ਰਿਹਾ ਪੀਲਾ ਜਿਹਾ ਚੰਨ
ਅਤੇ ਲੰਮੇ ਫੌਜੀ ਦੀ ਬੰਬੀ 'ਤੇ ਠਹਿਰ ਗਈ ਰਾਤ
ਕੋਲੰਬਸ ਦੀਆਂ ਅੱਖਾਂ 'ਚ ਪਾਸ਼-ਪਾਸ਼ ਹੋ ਗਈ ਸੀ
ਦਿੱਲੀ ਏਅਰਪੋਰਟ ਅੱਪੜਨ ਤੀਕ ਉਹਨੂੰ ਲੱਗਿਆ
ਉਹਦੀ ਪੈਂਟ ਕਮੀਜ਼ ਫੈਸ਼ਨ ਨਹੀਂ,
ਸਗੋਂ ਨੰਗ ਢੱਕਦਾ ਕੱਚ ਹੈ
ਤੇ ਉਹਦੇ ਹਰ ਗੋਰੇ ਨੂੰ ਨਮਸਕਾਰ ਕਰਦੇ ਹੱਥ
ਬਸ ਨਮਸਕਾਰ ਹੀ ਹੋ ਗਏ ਹਨ
ਸੈਨ ਹੋਜ਼ੇ ਸ਼ਹਿਰ ਦੀਆਂ ਸੜਕਾਂ 'ਤੇ ਉਗਿਆ ਹੁਸਨ
ਉਹਨੂੰ ਚਕਾਚੌਂਧ ਦੀ ਸਿਲੀਕਾਨ ਵੈਲੀ ਕਰ ਗਿਆ ਸੀ
ਟਿੱਲਰ 'ਚ ਭਾਨ ਗਿਣਦੇ ਉਹਦੇ ਹੱਥ ਪਹਿਲਾਂ ਪਹਿਲ
ਜਿਸਮਾਂ ਦੇ ਉਭਾਰ ਨੂੰ ਪਲੋਸਦੇ ਰਹਿੰਦੇ
ਪਰ ਉਨੀਂਦਰੀਆਂ ਰਾਤਾਂ ਤੇ ਉਹਦੇ ਪਿੰਡੇ 'ਚ ਉਗ ਆਏ
ਪਿੰਡੋਂ ਅੱਪੜੇ ਖ਼ਤਾਂ ਦੀ ਨੋਕਦਾਰ ਦੱਬ ਵਿਚ
ਇਹ ਅਸਾਧਾਰਨਤਾ ਵੀ ਨੀਰਸਤਾ ਦੀ
ਨਾਲੀ 'ਚ ਵਹਿ ਗਈ ਸੀ

ਕੋਲੰਬਸ ਅੱਜ ਕੱਲ੍ਹ ਚੀਜ਼ਾਂ ਤੇ ਵਸਤਾਂ ਦੀ
ਸੋਨ-ਕੰਧ 'ਚ ਚਿਣਿਆ ਪਿਆ ਸੀ
ਉਹਨੂੰ ਹੁਣ ਵੀ ਕਦੇ ਕਦੇ ਆਉਂਦੀ ਹੈ
ਖੁਰਲੀ 'ਤੇ ਬੱਝੇ ਉਦਾਸ ਡੰਗਰਾਂ ਦੀ ਯਾਦ
ਉਹਦੇ ਚੇਤਿਆਂ ਵਿਚ ਖੂਹ ਦਾ ਕੱਚਾ ਰਸਤਾ
ਮੀਂਹ ਦੀ ਤਿਲਕਣ ਵਾਂਗ ਤਿਲਕ ਜਾਂਦਾ ਹੈ
ਅਚਾਨਕ ਕਾਰ ਦੇ ਸਟੇਰਿੰਗ 'ਤੇ ਮੋੜ ਕਟਦੇ
ਉਹਦੇ ਹੱਥ ਕੰਬਦੇ ਹਨ

ਕੋਲੰਬਸ ਹੁਣ ਵੀ ਹੁੰਦਾ ਹੈ ਮਹਾਂ ਉਦਾਸ
ਪਰ ਇਹ ਉਦਾਸੀ ਬੌਧਿਕ ਮੁੱਠਮਾਰੀ
ਜਿਲ੍ਹਣ ਤੋਂ ਪਾਰ ਨਹੀਂ ਜਾਂਦੀ
ਉਹਦੀ ਸਮੁੰਦਰ ਦੇ ਅਮੁੱਕ ਸਫਰ 'ਤੇ ਨਿਕਲਣ ਦੀ ਖਾਹਿਸ਼
ਉਹਦੇ ਹਾਰ ਗਏ ਬੇੜਿਆਂ ਅਤੇ ਸਾਲਾਂ ਦੀ ਗਵਾਹੀ ਹੈ

ਪਰ ਕੋਲੰਬਸ ਅਜੇ ਵੀ ਸੋਚਦਾ ਹੈ
ਕਿ ਇਸ ਨਾਲ ਦੀ ਗਲਾਜ਼ਤ ਤੋਂ ਬਾਅਦ
ਵਿਹਲ ਦੀ ਪਹਿਲੀ ਘੜੀ ਵਿਚ
ਉਹ ਸਮੁੰਦਰ ਦੇ ਸਫਰ 'ਤੇ ਨਿਕਲੇਗਾ
ਉਹ ਸਮੁੰਦਰ ਦੇ ਸਫਰ 'ਤੇ ਨਿਕਲੇਗਾ।

*-ਸੁਖਵਿੰਦਰ ਕੰਬੋਜ*
*ਫੋਨ: 209-417-7960*

---

## ਪਹੁ ਫੁਟਾਲਾ

*ਆਮ ਆਦਮੀ ਪਾਰਟੀ*

ਪਹੁ, ਫੁੱਟ ਰਹੀ ਹੈ, ਪੰਛੀ ਚਹਿਕ ਰਹੇ ਹਨ, ਹੋ ਰਿਹਾ ਹੈ,
ਪੈਗ਼ਾਮਾਂ ਭਰੀ ਨਵੀਂ ਸਵੇਰ ਦਾ ਅਗਾਜ਼, ਤੇਰੇ ਸ਼ਹਿਰ ਵਿਚ।
ਤਿੱਤਰ ਖੰਭੀਆਂ ਬਦਲੀਆਂ ਜੁੜ ਕੇ ਕਾਲੀ ਘਟਾ ਛਾਈ ਹੈ,
ਬੱਦਲ ਗੱਜਿਆ ਹੈ, ਹੋਵੇਗੀ ਬਰਸਾਤ, ਤੇਰੇ ਸ਼ਹਿਰ ਵਿਚ।
ਹਵਾ ਦੇ ਜ਼ੋਰ ਨਾਲ, ਉਡਦੇ ਸੁੱਕੇ ਪੱਤਿਆਂ ਦੀ ਖੜ ਖੜ ਨੇ,
ਹਿਲਾ ਦਿੱਤੇ ਨੇ ਛੱਤਰ, ਤਖ਼ਤ-ਓ-ਤਾਜ਼, ਤੇਰੇ ਸ਼ਹਿਰ ਵਿਚ।

ਗਰੀਬਾਂ, ਮਿਹਨਤਕਸ਼ਾਂ, ਕਿਰਤੀਆਂ ਨੇ ਅੰਗੜਾਈ ਲਈ ਹੈ,
ਜੁਗਾਂ ਦੇ ਸੁੱਤਿਆਂ ਦੀ, ਖੁੱਲ੍ਹੀ ਹੈ ਜਾਗ, ਤੇਰੇ ਸ਼ਹਿਰ ਵਿਚ।
ਹੱਕਾਂ ਵਾਲਿਆਂ ਨੂੰ ਆਪਣੇ ਹੱਕਾਂ ਦਾ ਅਹਿਸਾਸ ਹੋਇਆ ਹੈ,
ਖੁਦ ਲਿਖਣਗੇ ਆਪਣੀ ਤਕਦੀਰ ਆਪ, ਤੇਰੇ ਸ਼ਹਿਰ ਵਿਚ।
ਤੇਰੀ ਬੁਰਛਾ-ਗਰਦੀ, ਬੇ-ਮੁਰਵੱਤੀ ਦੇ ਦਿਨ ਪੁੱਗ ਗਏ ਹਨ,
ਵੱਜਣ ਲੱਗ ਪਿਆ ਏ ਏਕਤਾ ਦਾ ਸਾਜ਼, ਤੇਰੇ ਸ਼ਹਿਰ ਵਿਚ।

ਗਰੀਬਾਂ ਦੇ ਗਾੜ੍ਹੇ ਲਹੂ ਪਸੀਨੇ ਦੀ ਕਮਾਈ ਨੂੰ ਲੁੱਟ ਲੁੱਟ ਕੇ,
ਭਰੀਆਂ ਤਿਜੌਰੀਆਂ ਦਾ ਹੋਵੇਗਾ ਹਿਸਾਬ, ਤੇਰੇ ਸ਼ਹਿਰ ਵਿਚ।
ਕਿੰਨੇ ਬੇ-ਨਾਮ ਮਾਸੂਮ ਪੰਛੀਆਂ, ਬੋਟਾਂ ਦੇ ਗੀਤ ਖੋਹੇ ਨੇ ਤੂੰ,
ਕਿੰਨੇ ਨੇ ਪਿੰਜਰੇ 'ਚ, ਲਾਪਤਾ, ਬੇਅਵਾਜ਼, ਤੇਰੇ ਸ਼ਹਿਰ ਵਿਚ।
ਧਰਮਾਂ ਦੇ ਨਾਂ 'ਤੇ ਬਥੇਰੀ ਜ਼ਹਿਰ ਦੀ ਖੇਤੀ ਕਰ ਲਈ ਏ ਤੂੰ,
ਫੁੰਕਾਰਦਾ ਫਿਰਦਾ ਏ ਨਫਰਤ ਦਾ ਨਾਗ, ਤੇਰੇ ਸ਼ਹਿਰ ਵਿਚ।

ਬੇਕਾਰੀ, ਗਰੀਬੀ, ਬਿਮਾਰੀ, ਅਨਪੜ੍ਹਤਾ ਦਾ ਬੋਲਬਾਲਾ ਹੈ,
ਦੇਸ਼ ਦਾ ਕੱਲ੍ਹ ਹੈ ਨਸ਼ਿਆਂ ਦਾ ਮੁਹਤਾਜ਼, ਤੇਰੇ ਸ਼ਹਿਰ ਵਿਚ।
ਧਰਤੀ ਦੇ ਵਾਰਿਸ ਕੂੜਾ ਕਰਕਟ ਫਰੋਲ-ਫਰੋਲ ਖਾ ਰਹੇ ਨੇ,
ਮਾਸੂਮ ਭੋਲੇ ਚਿਹਰੇ, ਬੇਕੱਸ, ਬੇ-ਅਵਾਜ਼, ਤੇਰੇ ਸ਼ਹਿਰ ਵਿਚ।
ਗਰੀਬ ਦੋ-ਡੰਗ ਦੀ ਰੋਟੀ ਲਈ, ਮੁੱਠ ਆਟੇ ਨੂੰ ਤਰਸਦਾ ਹੈ,
ਭਰੇ ਗੁਦਾਮਾਂ 'ਚ ਸੜ ਰਿਹਾ ਏ ਅਨਾਜ, ਤੇਰੇ ਸ਼ਹਿਰ ਵਿਚ।
ਤੇਰਾ ਭ੍ਰਿਸ਼ਟ, ਕੁਨਬਾਪਰਵਰ, ਵੱਢੀ-ਖੋਰ ਚਿਹਰਾ ਨੰਗਾ ਹੈ,
ਅੱਜ ਬਦਨਾਮ ਹੈ, ਪ੍ਰਜਾਤੰਤਰ, ਲੋਕਰਾਜ, ਤੇਰੇ ਸ਼ਹਿਰ ਵਿਚ।
ਤੂੰ ਹਮੇਸ਼ਾਂ ਪੂੰਜੀਪਤੀਆਂ ਦੇ ਹਿੱਤਾਂ ਦੀ ਹੀ ਰਾਖੀ ਕੀਤੀ ਹੈ,
ਕਿਰਤੀ, ਕਾਮੇ ਸਦਾ ਹੀ ਹੋਏ ਨੇ ਨਿਰਾਸ਼, ਤੇਰੇ ਸ਼ਹਿਰ ਵਿਚ।

ਕਿਸ ਮੂੰਹ ਨਾਲ ਆਮ ਆਦਮੀ ਦੀ ਕਚਹਿਰੀ 'ਚ ਖਲੋਵੇਂਗਾ,
ਤੇਰੀਆਂ ਕਰਤੂਤਾਂ ਦੇ ਖੁਲ੍ਹਣਗੇ ਜਾਂ ਪਾਜ਼, ਤੇਰੇ ਸ਼ਹਿਰ ਵਿਚ।
ਵਕਤ ਦੀ ਦੀਵਾਰ 'ਤੇ ਲਿਖੀ ਅੰਟਲ ਸੱਚਾਈ ਨੂੰ ਪੜ੍ਹ ਕੇ ਵੇਖ,
'ਆਮ ਆਦਮੀ' ਨੇ ਖੋਹ ਲੈਣੈ ਤੈਥੋਂ ਤਾਜ, ਤੇਰੇ ਸ਼ਹਿਰ ਵਿਚ।
ਤੇਰੀ ਕੋਈ ਵੀ ਕੋਸ਼ਿਸ਼ ਰੋਕ ਨਹੀਂ ਸਕੇਗੀ ਜਨਤਾ ਦੇ ਹੜ੍ਹ ਨੂੰ,
ਕਾਫਲਾ ਮੰਜ਼ਿਲ 'ਤੇ ਪੁੱਜਣ ਲਈ ਬੇਤਾਬ, ਤੇਰੇ ਸ਼ਹਿਰ ਵਿਚ।

*-ਚੰਨ*
*ਫੋਨ: 908-788-8427*

---

## ਦਿਸਦੀ ਹੈ ਤਰਥੱਲ ਚੁਫੇਰੇ

ਏਧਰ ਦੇਖਾਂ ਓਧਰ ਦੇਖਾਂ, ਦਿਸਦੀ ਹੈ ਤਰਥੱਲ ਚੁਫੇਰੇ।
ਸੁੱਖ ਸ਼ਾਂਤੀ ਨਜ਼ਰ ਨਾ ਪੈਂਦੇ, ਭਾਵੇਂ ਚੱਲਦੀ ਗੱਲ ਚੁਫੇਰੇ।

ਸਹਿਮੇ ਬੈਠੇ ਲੋਕੀਂ ਡਰ ਕੇ, ਡੁੱਬੇ ਆਸ ਨਿਰਾਸ਼ਾ ਅੰਦਰ,
ਫੈਲ ਰਿਹਾ ਹੈ ਫਿਜ਼ਾ ਦੇ ਅੰਦਰ, ਬੰਬ ਬਰੂਦੀ ਝੱਲ ਚੁਫੇਰੇ।

ਲੱਗਦਾ ਹਾਲੇ ਧੁਰ ਦਰਗਾਹੇ, ਲੋਕਾਂ ਦੀ ਡੰਡੌਤ ਨਾ ਪੁੱਜੀ,
ਵੱਜਣ ਭਾਵੇਂ ਜ਼ੋਰੀਂ ਸ਼ੋਰੀਂ, ਚਿਮਟੇ ਟੱਲੀਆਂ ਟੱਲ ਚੁਫੇਰੇ।

ਕਿਹੜੇ ਦਰ ਨੂੰ ਪੂਜਣ ਲੋਕੀਂ, ਮੰਗਣ ਕਿਹੜੇ ਰੱਬ ਤੋਂ ਰਹਿਮਤ,
ਧਰਮ ਦੁਆਰੇ ਵੀ ਤਾਂ ਭਿੜਦੇ, ਦਿਸਦੀ ਹੈ ਹਲਚੱਲ ਚੁਫੇਰੇ।

ਲੋਕ ਹਿੱਤਾਂ ਦੀ ਕੈਸੀ ਰਾਖੀ, ਕੀ ਵਧੀਆ ਸਰਕਾਰੀ ਸੇਵਾ,
ਮੁਨਸਫ਼ ਖੁਦ ਹੀ ਲਾਹੀ ਜਾਂਦੇ, ਲੋਕਾਂ ਦੀ ਹੀ ਖੱਲ ਚੁਫੇਰੇ।

ਭੋਲੇ ਭਾਲੇ ਸਿੱਧਰੇ ਲੋਕਾਂ, ਜਾਣਾ ਬਚ ਕੇ ਹੁਣ ਹੈ ਕਿੱਥੇ,
ਸਾਧ ਪਖੰਡੀ ਭੇਖੀ ਬਾਬੇ, ਬੈਠੇ ਆਸਣ ਮੱਲ ਚੁਫੇਰੇ।

ਅਮਨ ਪਸੰਦੀ ਦੁਨੀਆਂਦਾਰੋ, ਸਮੇਂ ਦੀ ਤੋਰ ਨਜ਼ਾਕਤ ਕਹਿੰਦੀ,
ਘਾਣ ਸਮੇਂ ਦਾ ਰੋਕਣ ਖ਼ਾਤਰ, ਰਲ ਕੇ ਲੱਭੋ ਹੱਲ ਚੁਫੇਰੇ।

*-ਗਿਆਨ ਸਿੰਘ ਕੋਟਲੀ ਵੈਨਕੂਵਰ*
*ਫੋਨ: 604-502-7151*

# ਦਾਸਤਾਨ ਕਤਲਾਨ ਭਾਸ਼ਾ ਦੇ ਸੰਘਰਸ਼ ਦੀ

## ਪੰਜਾਬੀਆਂ ਲਈ ਬਣ ਸਕਦੀ ਹੈ ਪ੍ਰੇਰਨਾ ਸਰੋਤ

***ਸਪੇਨ ਦੇ ਕਤਲੋਨੀਆ ਸੂਬੇ ਦੇ ਲੋਕਾਂ ਨੇ ਸਦੀਆਂ ਤੱਕ ਆਪਣੀ ਜ਼ਬਾਨ ਨੂੰ ਬਚਾਉਣ ਅਤੇ ਇਸ ਦਾ ਵਿਕਾਸ ਕਰਨ ਲਈ ਸੰਘਰਸ਼ ਕੀਤਾ ਹੈ। ਇਸ ਸੂਬੇ ਦੇ ਚਾਰ ਖਿੱਤੇ ਹਨ: ਬਾਰਸੀਲੋਨਾ, ਗਿਰੋਨਾ, ਲੀਦਾ ਅਤੇ ਤੈਰਾਗੋਨਾ। ਬਾਰਸੀਲੋਨਾ ਸਪੇਨ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ। ਕਤਲਾਨਾਂ ਦੇ ਇਸ ਸੰਘਰਸ਼ ਦੀ ਦਾਸਤਾਨ ਜੋ ਪੰਜਾਬੀਆਂ ਲਈ ਪ੍ਰੇਰਨਾ ਸਰੋਤ ਬਣ ਸਕਦੀ ਹੈ, ਬਾਰੇ ਰੋਸ਼ਨੀ ਪਾ ਰਹੇ ਹਨ ਗੁਰਮੁਖ ਸਿੰਘ (ਕੈਨੇਡਾ) ਜੋ ਆਪ ਕਾਫੀ ਸਮਾਂ ਸਪੇਨ ਵਿਚ ਰਹੇ ਹਨ। -ਸੰਪਾਦਕ***

ਕਤਲਾਨ ਉਹ ਭਾਸ਼ਾ ਹੈ ਜੋ ਸਪੇਨ ਅਤੇ ਇਸ ਤੋਂ ਬਾਹਰ ਇਕ ਵੱਡੇ ਹਿੱਸੇ ਵਿਚ ਬੋਲੀ ਜਾਂਦੀ ਹੈ। ਕਤਲਾਨ ਸਪੇਨ ਦੇ ਕਤਲੋਨੀਆ ਸੂਬੇ ਦੀ ਮੁੱਖ ਭਾਸ਼ਾ ਹੈ। ਇਸ ਤੋਂ ਇਲਾਵਾ ਬਲਆਰਸ, ਵਿਲੈਨਸੀਆ ਅਤੇ ਗਾਜਾ ਪੱਛਮੀ ਤੇ ਆਰਾਗੋਨ ਦੇ ਇਲਾਕੇ ਤੱਕ ਦੀ ਹੁਣ ਇਹ ਸਰਕਾਰੀ (ਅਧਿਕਾਰਤ) ਭਾਸ਼ਾ ਹੈ ਅਤੇ ਅਨਦੋਰਾ, ਦੱਖਣੀ ਫਰਾਂਸ, ਅਲਖੇਰੋ (ਇਟਲੀ ਦੇ ਖ਼ੁਦਮੁਖਤਾਰ ਖਿੱਤੇ ਸਰਦੀਨੀਆ ਦੇ ਟਾਪੂ ਇਟਾਲੀਆਨ ਦਾ ਸ਼ਹਿਰ) ਕੁੱਲ ਮਿਲਾ ਕੇ 68000 ਵਰਗ ਕਿਲੋਮੀਟਰ ਵਿਚ ਬੋਲੀ ਜਾਂਦੀ ਹੈ। 13.50 ਕਰੋੜ ਲੋਕਾਂ ਦੇ ਨਾਲ-ਨਾਲ ਅਨੁਮਾਨਤ 9 ਲੱਖ ਲੋਕ ਕਤਲਾਨ ਵਿਚ ਗੱਲ ਕਰ ਸਕਦੇ ਹਨ ਤੇ 11 ਲੱਖ ਲੋਕ ਸਮਝ ਸਕਦੇ ਹਨ। ਇਸ ਭਾਸ਼ਾ ਨੇ ਆਪਣਾ ਵਜੂਦ ਕਾਇਮ ਰੱਖਣ ਅਤੇ ਵਧਾਉਣ ਲਈ ਬੜਾ ਲੰਮਾ ਪੈਂਡਾ ਤੈਅ ਕੀਤਾ ਹੈ। ਇਸ ਨੂੰ ਪਿਆਰ ਕਰਨ ਵਾਲਿਆਂ ਨੇ ਇਸ ਨੂੰ ਆਪਣੀਆਂ ਅੱਖਾਂ 'ਤੇ ਬਿਠਾਈ ਰੱਖਿਆ ਹੈ। ਇਹ ਸੰਘਰਸ਼ ਅਜੇ ਵੀ ਮੁੱਕਾ ਨਹੀਂ। ਆਓ! ਇਸ ਦੇ ਅਤੀਤ ਉਤੇ ਝਾਤ ਪਾਈਏ ਜੋ ਪੰਜਾਬੀਆਂ ਲਈ ਪ੍ਰੇਰਨਾ ਦਾ ਸਰੋਤ

**ਗੁਰਮੁਖ ਸਿੰਘ ਕੈਨੇਡਾ**

**ਫੋਨ: 780-708-5276**

ਬਣ ਸਕਦਾ ਹੈ।

ਕਤਲਾਨ, ਲਾਤੀਨੀ ਭਾਸ਼ਾ ਵਿਚੋਂ ਨਿਕਲੀ ਹੈ। ਇਹ ਹਿਸਪੈਨਿਕ ਮਾਕੇਦਾ ਕਾਰੋਲਿੰਗੀਅਨ ਸਾਮਰਾਜ ਦੇ ਪ੍ਰਦੇਸ਼ਾਂ ਵਿਚੋਂ 8ਵੀਂ ਤੇ 9ਵੀਂ ਸਦੀ ਵਿਚ ਉਭਰੀਆਂ ਨਵ-ਲਾਤੀਨੀ ਭਾਸ਼ਾਵਾਂ ਵਿਚੋਂ ਇਕ ਹੈ। ਕਈ ਭਾਸ਼ਾਵਾਂ ਵਿਚ ਭੂਗੋਲਿਕ ਪੱਧਰ 'ਤੇ ਅਸੀਂ ਕਈ ਭੇਦ ਕਰ ਸਕਦੇ ਹਾਂ; ਜਿਵੇਂ ਪੱਛਮੀ, ਮੱਧ, ਉੱਤਰੀ ਵਿਲੈਨਸੀਅਨ ਤੇ ਬਲਆਰਸ ਆਦਿ। ਕਤਲਾਨ ਲਈ ਲੰਮੇ ਅਤੇ ਲਗਾਤਾਰ ਸੰਘਰਸ਼ ਸਦਕਾ 11 ਦਸੰਬਰ 1990 ਨੂੰ ਯੂਰਪੀ ਪਾਰਲੀਮੈਂਟ ਨੇ ਇਸ ਨੂੰ ਸਰਕਾਰੀ (ਅਧਿਕਾਰਤ) ਭਾਸ਼ਾ ਦਾ ਦਰਜਾ ਦੇਣ ਲਈ ਮਤਾ ਪਾਸ ਕੀਤਾ ਤਾਂ ਕਿ ਇਸ ਨੂੰ ਯੂਰਪੀ ਪਾਰਲੀਮੈਂਟ ਦੇ ਕੰਮਕਾਜ ਲਈ ਵਰਤੋਂ ਵਿਚ ਲਿਆਂਦਾ ਜਾ ਸਕੇ।

10ਵੀਂ ਤੇ 11ਵੀਂ ਸਦੀ ਵਿਚ ਕਤਲਾਨ ਨੇ ਆਪਣੇ-ਆਪ ਨੂੰ ਉਨ੍ਹਾਂ ਭਾਸ਼ਾਵਾਂ ਤੋਂ ਵੱਖਰੇ ਤੌਰ 'ਤੇ ਸਥਾਪਤ ਕਰ ਲਿਆ ਜਿਥੋਂ ਇਹ ਆਈ ਸੀ। ਵਿਸਥਾਰ ਵਿਚ ਦੇਖੀਏ ਤਾਂ ਪਤਾ ਲੱਗਦਾ ਹੈ ਕਿ 10ਵੀਂ ਅਤੇ 15ਵੀਂ ਸਦੀ ਦੇ ਵਿਚਕਾਰ ਸਪੇਨ ਦੇਸ਼ ਨਾਂ ਦੀ ਕੋਈ ਚੀਜ਼ ਨਹੀਂ ਸੀ। ਇਹ ਸਾਰਾ ਖੇਤਰ ਰੋਮਨਾਂ ਦੇ ਅਧੀਨ ਸੀ। ਇਹ ਗੱਲ ਦੂਜੀ ਸਦੀ ਦੀ ਹੋਵੇਗੀ। 5ਵੀਂ ਸਦੀ ਆਉਂਦੇ-ਆਉਂਦੇ ਰੋਮਨ ਸਾਮਰਾਜ ਬਿਖਰਨਾ ਸ਼ੁਰੂ ਹੋ ਗਿਆ ਸੀ ਜੋ ਸਪੇਨ, ਫਰਾਂਸ ਤੇ ਇਟਲੀ ਤੱਕ ਫੈਲਿਆ ਹੋਇਆ ਸੀ। ਇਨ੍ਹਾਂ ਦੇਸ਼ਾਂ ਦੇ ਇਹ ਵਰਤਮਾਨ ਨਾਂ ਉਦੋਂ ਨਹੀਂ ਸਨ। ਰੋਮਨ ਸਾਮਰਾਜ ਤੋਂ ਬਾਅਦ ਬਰਾਬਰੋ ਆਏ ਜੋ ਉੱਤਰੀ ਯੂਰਪ ਤੋਂ ਆਏ ਸਨ। ਉਨ੍ਹਾਂ ਉੱਤਰੀ ਸਪੇਨ 'ਤੇ ਕਬਜ਼ਾ ਕਰ ਲਿਆ। ਉੱਤਰੀ ਸਪੇਨ ਵਿਚ ਓਸਕਰਾ ਬੋਲੀ ਜਰਮਨਾਂ ਨਾਲ ਆਈ। 8ਵੀਂ ਸਦੀ ਦੇ ਆਉਂਦੇ-ਆਉਂਦੇ ਇਸ ਦੇਸ਼ 'ਤੇ ਅਰਬਾਂ ਨੇ ਕਬਜ਼ਾ ਕਰ ਲਿਆ। ਅਰਬਾਂ ਵਿਰੁਧ ਲੜਾਈ ਕਰਨ ਵਾਲਿਆਂ ਨੇ ਕਤਲਾਨ ਬੋਲੀ ਦਾ ਸਹਾਰਾ ਲਿਆ। 9ਵੀਂ ਸਦੀ ਵਿਚ ਕਤਲਾਨ ਭਾਸ਼ਾ ਵਿਚ ਵਸੀਅਤ ਲਿਖੀ ਮਿਲਦੀ ਹੈ। ਇਸ ਭਾਸ਼ਾ ਦੀ ਹਿਫਾਜ਼ਤ ਲਈ ਚਰਚਾਂ ਨੇ ਵੀ ਆਪਣਾ ਰੋਲ ਅਦਾ ਕੀਤਾ। ਚਰਚਾਂ ਦੇ (ਕੈਥੋਲਿਕ) ਪਾਦਰੀ ਆਪਣਾ ਪ੍ਰਵਚਨ ਕਤਲਾਨ ਵਿਚ ਕਰਨ ਲੱਗੇ। ਫਿਰ 11ਵੀਂ ਤੋਂ 13ਵੀਂ ਸਦੀ ਈਸਵੀ ਤੱਕ ਪਹੁੰਚਦੇ-ਪਹੁੰਚਦੇ ਆਮ ਦਸਤਾਵੇਜ਼ ਕਤਲਾਨ ਵਿਚ ਲਿਖੇ ਜਾਣ ਲੱਗੇ।

ਸਹਿਜੇ-ਸਹਿਜੇ ਇਹ ਪ੍ਰਸ਼ਾਸਕੀ, ਧਾਰਮਿਕ, ਅਦਾਲਤੀ, ਰਾਜਨੀਤਕ ਤੇ ਸਾਹਿਤਕ ਬੋਲੀ ਬਣਨ ਲੱਗੀ। ਰੋਮਨ ਯੁੱਗ ਦਾ ਲਿਖਿਆ ਸਭ ਤੋਂ ਪਹਿਲਾ ਨਾਵਲ ਕਤਲਾਨ ਵਿਚ ਮਿਲਦਾ ਹੈ। ਆਰਾਗੋਨ ਭਾਸ਼ਾ ਦਾ ਪਹਿਲਾਂ ਆਪਣਾ ਵੱਖਰਾ ਵਜੂਦ ਸੀ ਪਰ ਉਹ ਕਤਲਾਨ ਨਾਲ ਕਾਫੀ ਮਿਲਦੀ-ਜੁਲਦੀ ਹੋਣ ਕਰ ਕੇ ਕਤਲਾਨ ਨੇ ਇਸ ਭਾਸ਼ਾ ਨੂੰ ਆਪਣੇ ਵਿਚ ਸਮੋ ਲਿਆ; ਕਿਉਂਕਿ ਕਤਲਾਨ ਲੋਕ ਆਪਣੀ ਭਾਸ਼ਾ ਨੂੰ ਜਨੂੰਨ ਦੀ ਹੱਦ ਤੱਕ ਪਿਆਰ ਕਰਦੇ ਸਨ। 15ਵੀਂ ਸਦੀ ਤੱਕ ਕਤਲਾਨ ਭਾਸ਼ਾ ਨੇ ਮਾਯੋਰਕਾ (ਟਾਪੂ) ਤੇ ਕਤਲੋਨੀਆ ਵਿਚ ਆਪਣੇ ਪੈਰ ਜਮਾ ਲਏ ਸਨ। ਪਹਿਲਾਂ-ਪਹਿਲਾਂ ਕਤਲਾਨ ਸਿਰਫ ਬੋਲੀ ਅਤੇ ਸੁਣੀ ਜਾਣ ਵਾਲੀ ਜ਼ਬਾਨ ਸੀ, ਕੰਮਕਾਜ ਵਾਲੀ ਭਾਸ਼ਾ ਇਹ ਬਹੁਤ ਬਾਅਦ ਵਿਚ ਬਣੀ।

ਫਿਰ 15 ਤੋਂ 18ਵੀਂ ਸਦੀ ਦੇ ਵਿਚਕਾਰ ਕਾਸਤਿਆਨੋ ਭਾਸ਼ਾ ਨੇ ਆਪਣਾ ਗਲਬਾ ਬਣਾਉਣਾ ਸ਼ੁਰੂ ਕਰ ਦਿੱਤਾ; ਕਿਉਂਕਿ ਇਸ ਨੂੰ ਰਾਜਨੀਤਕ ਹਮਾਇਤ ਪ੍ਰਾਪਤ ਹੋਣ ਲੱਗੀ ਸੀ। ਇਸ ਦਾ ਦੂਜਾ ਕਾਰਨ ਇਹ ਸੀ ਕਿ ਖਾਂਦੀ-ਪੀਂਦੀ ਜਮਾਤ ਨੇ ਇਸ ਭਾਸ਼ਾ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਸੀ। ਕਾਰਲੋਸ ਦੂਜੇ ਦੀ ਮੌਤ ਤੋਂ ਬਾਅਦ ਸੰਨ 1700 ਵਿਚ ਦੋ ਵੱਖ-ਵੱਖ ਜ਼ਬਾਨਾਂ ਵਾਲੀਆਂ ਕੌਮੀਅਤਾਂ ਵਿਚ ਲੜਾਈ ਸ਼ੁਰੂ ਹੋ ਗਈ। ਇਕ ਪਾਸੇ ਆਸਟਰੀਅਨ ਕਾਰਲੋਸ ਅਤੇ ਦੂਜੇ ਪਾਸੇ ਆਜੂੰ ਦੇ ਡਿਊਕ ਫਿਲਿਪ ਦੀ ਅਗਵਾਈ ਹੇਠ ਲੜਾਈ ਹੋਈ। ਇਸ ਵਿਚ ਕਾਰਲੋਸ ਦੀ ਮਦਦ ਕਤਲਾਨ ਲੋਕਾਂ ਨੇ ਕੀਤੀ, ਕਿਉਂਕਿ ਕੌਮੀ ਪੱਧਰ 'ਤੇ ਰਾਜਨੀਤਕ ਤਾਕਤ ਕਾਸਤਿਆਨੋ ਕੋਲ ਸੀ। ਇਸ ਲਈ ਲਗਾਤਾਰ ਕਤਲਾਨ ਨਾਲ ਵਿਤਕਰਾ ਹੁੰਦਾ ਰਿਹਾ, ਇਸ ਕੋਲ ਰਾਜਨੀਤਕ ਤੇ ਪ੍ਰਸ਼ਾਸਕੀ ਤਾਕਤ ਨਹੀਂ ਸੀ।

19ਵੀਂ ਸਦੀ ਦੇ ਪਹਿਲੇ ਅੱਧ ਵਿਚ ਕਤਲਾਨ ਬੋਲੀ ਵਿਚ ਕੋਈ ਤਰੱਕੀ ਨਹੀਂ ਹੋਈ, ਬਲਕਿ ਗਿਰਾਵਟ ਆਉਣ ਲੱਗੀ। ਕਾਰਨ ਰਾਜਨੀਤਕ ਸੱਤਾ ਸੀ ਜੋ ਕਤਲਾਨ ਵਿਰੋਧੀ ਸੀ ਪਰ ਲੋਕਾਂ ਵਿਚ ਆਪਣੀ ਜ਼ਬਾਨ ਲਈ ਜਜ਼ਬਾ ਅਤੇ ਪਿਆਰ ਨਹੀਂ ਸੀ ਮਰਿਆ, ਸਗੋਂ ਹਾਕਮਾਂ ਦੇ ਅਨਿਆਂ ਵਿਰੁਧ ਚੱਲਣ ਕਾਰਨ ਹੋਰ ਪ੍ਰਚੰਡ ਹੋਇਆ। ਕਤਲਾਨ ਦੀਵਾਨਿਆਂ ਨੇ ਲਗਾਤਾਰ ਸੰਘਰਸ਼ ਜਾਰੀ ਰੱਖਿਆ ਤੇ 19ਵੀਂ ਸਦੀ ਮੁੱਕਦਿਆਂ-ਮੁੱਕਦਿਆਂ ਲੋਕਾਂ ਵਿਚ ਆਪਣੇ ਵਿਰਸੇ ਤੇ ਬੋਲੀ ਲਈ ਫਿਰ ਜਾਗ੍ਰਿਤੀ ਆਉਣੀ ਸ਼ੁਰੂ ਹੋ ਗਈ। ਪੂਰੇ ਯੂਰਪ ਦੇ ਦੇਸ਼ਾਂ ਵਿਚ ਆਪੋ-ਆਪਣੀ ਬੋਲੀ, ਆਪਣੀ ਪਛਾਣ, ਕੌਮੀ ਸਵੈ-ਮਾਣ ਵਾਸਤੇ ਲੜਿਆ ਜਾ ਰਿਹਾ ਸੀ। ਅਜਿਹਾ ਇਹ ਦੇਸ਼ ਇਕ ਤਰ੍ਹਾਂ ਨਾਲ ਅੰਗਰੇਜ਼ੀ ਦੇ ਖਿਲਾਫ਼ ਆਪਣੀ ਭਾਸ਼ਾ ਬਚਾਉਣ ਲਈ ਕਰ ਰਹੇ ਸਨ। ਉਸ ਸੰਘਰਸ਼ ਨੇ ਕਤਲਾਨ ਲਈ ਲੜੇ ਜਾ ਰਹੇ ਘੋਲ ਨੂੰ ਬੜਾ ਫਾਇਦਾ ਪਹੁੰਚਾਇਆ ਪਰ ਅੱਜ ਪੂਰੇ ਯੂਰਪੀ ਦੇਸ਼ਾਂ (ਇੰਗਲੈਂਡ ਨੂੰ ਛੱਡ ਕੇ) ਵਿਚ ਹਰ ਦੇਸ਼ ਦੀ ਆਪਣੀ ਭਾਸ਼ਾ ਹੈ ਤੇ ਸਾਰਾ ਕੰਮ ਸਿਖਰਲੇ ਪੱਧਰ ਤੋਂ ਲੈ ਕੇ ਥੱਲੇ ਤੱਕ ਉਸ ਦੇਸ਼ ਦੀ ਭਾਸ਼ਾ ਵਿਚ ਹੁੰਦਾ ਹੈ। ਇਹੀ ਸਵੈ-ਮਾਣ ਰੂਸ, ਚੀਨ, ਜਪਾਨ ਆਦਿ-ਗੱਲ ਕੀ ਦੁਨੀਆਂ ਦੇ ਸਾਰੇ ਮੁਲਕਾਂ (ਭਾਰਤ ਨੂੰ ਛੱਡ ਕੇ) ਵਿਚ ਹੈ। ਕਿਤੇ ਵੀ ਅੰਗਰੇਜ਼ੀ ਭਾਸ਼ਾ ਨਹੀਂ ਲੱਭਦੀ। ਸਕੂਲਾਂ ਵਿਚ ਅੰਗਰੇਜ਼ੀ ਸਿਰਫ ਵਿਸ਼ੇ ਦੇ ਤੌਰ 'ਤੇ 6ਵੀਂ ਜਮਾਤ ਤੋਂ ਪੜ੍ਹਾਈ ਜਾਂਦੀ ਹੈ। ਰਾਸ਼ਟਰਪਤੀ, ਪ੍ਰਧਾਨ ਮੰਤਰੀ, ਅਫ਼ਸਰ ਅਤੇ ਲੋਕ; ਸਭ ਆਪਣੀ ਭਾਸ਼ਾ ਬੋਲ ਕੇ ਮਾਣ ਮਹਿਸੂਸ ਕਰਦੇ ਹਨ।

ਕਤਲਾਨ ਲੋਕ ਰੁਕੇ ਨਹੀਂ। ਉਨ੍ਹਾਂ ਨੇ 1931 ਵਿਚ ਆਪਣੀ ਰਿਪਬਲਿਕ ਕਾਇਮ ਕਰਨ ਲਈ ਬਹੁਤ ਜ਼ੋਰ ਲਾਇਆ। ਉਸੇ ਸਾਲ ਕਤਲਾਨ ਭਾਸ਼ਾ 'ਤੇ ਆਧਾਰਤ ਕਤਲੋਨੀਆ ਸੂਬਾ ਹੋਂਦ ਵਿਚ ਆ ਗਿਆ। ਇਸੇ ਦੇ ਨਾਲ ਹੀ ਸਪੇਨ ਫੈਡਰਲ ਸਟੇਟ ਬਣ ਗਿਆ। ਅਜਿਹੇ ਉਤਰਾ-ਚੜ੍ਹਾਅ ਕਦੀ ਇਸ ਦੇਸ਼ ਵਿਚ ਮੁੱਕੇ ਨਹੀਂ। 1936 ਵਿਚ ਫ਼ੌਜੀ ਡਿਕਟੇਟਰ ਫਰਾਂਸਿਸ ਫਰਾਂਕੋ ਨੇ ਸੱਤਾ 'ਤੇ ਕਬਜ਼ਾ ਕਰ ਲਿਆ ਜੋ ਕਾਸਤਿਆਨੋ ਭਾਸ਼ਾ ਪੱਖੀ ਸੀ। ਉਹ 1939 ਵਿਚ ਰਾਜ 'ਤੇ ਬੈਠ ਗਿਆ ਅਤੇ ਨਾਲ ਹੀ ਕਤਲਾਨ ਬੋਲਣ 'ਤੇ ਪਾਬੰਦੀ ਲਾ ਦਿੱਤੀ। ਉਸ ਨੇ ਨਾ ਸਿਰਫ਼ ਬੋਲਣ 'ਤੇ ਪਾਬੰਦੀ ਲਾਈ, ਸਗੋਂ ਪ੍ਰਸ਼ਾਸਕੀ ਸੇਵਾਵਾਂ, ਦਸਤਾਵੇਜ਼ਾਂ ਦੀ ਲਿਖਾਈ ਤੇ ਹਰ ਤਰ੍ਹਾਂ ਦੀ ਪੜ੍ਹਾਈ ਦਾ ਮਾਧਿਅਮ ਕਤਲਾਨ ਨਾ ਰਹੀ। ਇਹ ਪਾਬੰਦੀ ਫਰਾਂਕੋ ਦੀ ਮੌਤ (20 ਨਵੰਬਰ 1975) ਤੱਕ ਰਹੀ। ਇਨ੍ਹਾਂ ਪਾਬੰਦੀਆਂ ਤੇ ਜ਼ਿਆਦਤੀਆਂ ਨੇ ਲੋਕਾਂ ਵਿਚ ਆਪਣੇ ਸਭਿਆਚਾਰ ਤੇ ਆਪਣੀ ਪਛਾਣ ਲਈ ਲੜਨ ਮਰਨ ਦਾ ਜਜ਼ਬਾ ਪੈਦਾ ਕੀਤਾ, ਉਨ੍ਹਾਂ ਦਾ ਦਬਣਾ ਤਾਂ ਦੂਰ ਦੀ ਗੱਲ ਸੀ।

1977 ਵਿਚ ਫਿਰ ਉਦੈ ਹੋਇਆ ਕਤਲਾਨ ਦਾ। ਇੰਨਾ ਜ਼ੋਰ-ਜ਼ੁਲਮ ਵੀ ਕਤਲਾਨ ਪਿਆਰਿਆਂ ਦਾ ਜਜ਼ਬਾ ਤੋੜ ਨਾ ਸਕਿਆ। ਇਸੇ ਸਾਲ ਫਿਰ ਕਤਲਾਨ ਵਿਚ ਅਖਬਾਰ ਤੇ ਮੈਗਜ਼ੀਨ ਛਪਣ ਲੱਗੇ, ਇਹ ਸਕੂਲਾਂ ਵਿਚ ਪੜ੍ਹਾਈ ਜਾਣ ਲੱਗੀ। ਸਾਰੇ ਕਤਲਾਨ ਖੇਤਰ ਵਿਚ ਹਰ ਤਰ੍ਹਾਂ ਦੀ ਪੜ੍ਹਾਈ ਵਿਗਿਆਨ ਸਮੇਤ ਕਤਲਾਨ ਭਾਸ਼ਾ ਵਿਚ ਹੋਣ ਲੱਗੀ। ਸਾਰੇ ਹਵਾਈ ਅੱਡਿਆਂ, ਬੱਸ ਅੱਡਿਆਂ, ਸਟੇਸ਼ਨਾਂ, ਬੈਂਕਾਂ ਤੇ ਅਦਾਲਤੀ ਕੰਮਾਂ ਵਿਚ ਕਤਲਾਨ ਦਾ ਇਸਤੇਮਾਲ ਹੋਣ ਲੱਗਾ। 20ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਜਦੋਂ ਕਤਲਾਨ ਬੋਲਣ ਵਾਲਿਆਂ ਨੇ ਰਾਜਨੀਤਕ ਤਾਕਤ ਹਾਸਲ ਕਰ ਲਈ ਤਾਂ ਹਰ ਪਾਸੇ ਕਤਲਾਨ ਬੋਲੀ ਅਤੇ ਕਤਲਾਨਾਂ ਦੇ ਸਭਿਆਚਾਰ ਦਾ ਬੋਲਬਾਲਾ ਹੋਣ ਲੱਗਾ। ਇਹ ਬੋਲੀ ਹਰ ਥਾਂ ਵਰਤਣੀ ਜ਼ਰੂਰੀ ਕਰ ਦਿੱਤੀ ਗਈ। ਨਾਂਹ ਕਰਨ ਵਾਲਿਆਂ ਲਈ ਭਾਰੀ ਜੁਰਮਾਨਾ ਤੈਅ ਕੀਤਾ ਗਿਆ। ਇਥੋਂ ਤੱਕ ਕਿ ਰੈਸਟੋਰੈਂਟ ਦੇ ਬਾਹਰ ਲੱਗਾ ਨਾਂ ਵਾਲਾ ਬੋਰਡ ਵੀ ਕਤਲਾਨ ਵਿਚ ਲਿਖਣਾ ਜ਼ਰੂਰੀ ਕਰ ਦਿੱਤਾ ਗਿਆ। ਇਹ ਵਿਧਾਨ ਉਸ ਜ਼ੁਲਮ 'ਤੇ ਪਾਬੰਦੀਆਂ ਦਾ ਪ੍ਰਤੀਕਰਮ ਸੀ ਜੋ ਕਤਲਾਨਾ ਨੇ ਸਹੇ ਸਨ।



***ਸਪੇਨ ਦੇ ਸੂਬੇ ਕਤਲੋਨੀਆ ਦੇ ਲੋਕ ਆਪਣੀ ਮਾਂ ਬੋਲੀ ਕਤਲਾਨ ਲਈ ਸੜਕਾਂ ਉਤੇ ਉਤਰ ਆਏ ਸਨ। ਇਸ ਤਸਵੀਰ ਵਿਚ ਉਹ ਮਨੁੱਖੀ-ਕੜੀ ਬਣਾਈ ਖੜ੍ਹੇ ਹਨ।***

ਸੋਵੀਅਤ ਇਨਕਲਾਬ ਤੋਂ ਬਾਅਦ ਪੂਰੀ ਦੁਨੀਆਂ ਦੋ ਧੜਿਆਂ-ਸੱਜੇ ਪੱਖੀ ਤੇ ਖੱਬੇ ਪੱਖੀ ਤਾਕਤਾਂ ਵਿਚ ਵੰਡੀ ਗਈ। ਇਥੇ ਵੀ ਇੰਜ ਹੀ ਹੋਇਆ। ਸਪੇਨ ਵਿਚ 20ਵੀਂ ਸਦੀ ਦੇ ਮੁੱਕਦੇ-ਮੁੱਕਦੇ ਰਾਜਨੀਤਕ ਤਾਕਤ ਕਦੀ ਖੱਬੇ ਪੱਖੀਆਂ (ਸੱਪਾਤੇਰੋ ਵਾਲੀ ਜਮਾਤ) ਅਤੇ ਕਦੀ ਰਾਖੋਏ ਵਾਲੀ ਜਮਾਤ ਕੋਲ ਆਉਂਦੀ ਰਹੀ। ਅੱਜ ਸੱਜੇ ਪੱਖੀ, ਰਾਖੋਏ ਦੀ ਅਗਵਾਈ ਵਿਚ ਰਾਜ ਸੱਤਾ ਦੇ ਮਾਲਕ ਹਨ। ਇਸ ਤੋਂ ਪਹਿਲਾਂ ਸਮਾਜਵਾਦੀ ਸੱਪਾਤੇਰੋ ਦੀ ਅਗਵਾਈ ਵਿਚ ਸੱਤਾਧਾਰੀ ਸਨ ਜੋ 10 ਸਾਲ ਤੱਕ ਰਹੇ। ਸਾਰੀਆਂ ਘੱਟ-ਗਿਣਤੀ ਕੌਮੀਅਤਾਂ ਸਮੇਤ ਕਤਲਾਨਾਂ ਦੇ, ਸਪੇਨ ਵਿਚ ਖੁਸ਼ ਸਨ; ਪਰ 2012 ਵਿਚ ਸੱਜੇ ਪੱਖੀਆਂ ਦੇ ਮੁੜ ਸੱਤਾ ਵਿਚ ਆਉਣ ਤੋਂ ਬਾਅਦ, ਘੱਟ-ਗਿਣਤੀ ਲੋਕਾਂ ਦੀ ਪਛਾਣ ਗੁਆਚਣ ਦੀ ਸਮੱਸਿਆ ਮੁੜ ਪੈਦਾ ਹੋਣੀ ਸ਼ੁਰੂ ਹੋ ਗਈ। ਰਾਖੋਏ ਨੇ ਕਤਲਾਨ ਭਾਸ਼ਾ ਵਿਚ ਪੜ੍ਹਾਈ ਕਰਾਉਣ 'ਤੇ ਪਾਬੰਦੀ ਲਗਾ ਦਿੱਤੀ। ਦਲੀਲ ਇਹ ਸੀ ਕਿ ਸਪੇਨ ਵਿਚ ਇਕ ਹੀ ਭਾਸ਼ਾ ਜੋ ਕਾਸਤਿਆਨੋ (ਸਪੈਨਿਸ਼) ਹੈ, ਵਿਚ ਹੀ ਕੰਮ ਹੋਵੇਗਾ। ਇਹ ਕਰਨ ਦੀ ਦੇਰ ਸੀ ਕਿ ਲੱਖਾਂ ਲੋਕ ਸੜਕਾਂ 'ਤੇ ਆ ਗਏ। ਇਥੋਂ ਤੱਕ ਕਿ ਕਤਲਾਨਾਂ ਨੇ ਐਲਾਨ ਕਰ ਦਿੱਤਾ ਕਿ ਜੇ ਉਨ੍ਹਾਂ ਦੀ ਭਾਸ਼ਾ ਨੂੰ ਉਨ੍ਹਾਂ ਦੇ ਖਿੱਤੇ ਵਿਚ ਬਣਦਾ ਹੱਕ ਨਾ ਦਿੱਤਾ ਗਿਆ, ਤਾਂ ਉਹ ਸਪੇਨ ਤੋਂ ਅਲੱਗ ਹੋ ਜਾਣਗੇ। ਇਸ ਬਾਰੇ ਉਨ੍ਹਾਂ ਨੇ ਆਪਣੀ ਕੇਂਦਰੀ ਬੈਂਕ (ਬੈਂਕ ਆਫ ਕਤਲੋਨੀਆ) ਵੀ ਸਥਾਪਤ ਕਰ ਲਈ ਅਤੇ ਕਤਲਾਨ ਲੀਡਰਸ਼ਿਪ ਨੇ ਸਪੇਨ ਤੋਂ ਵੱਖ ਹੋਣ ਦੀ ਬਾਕਾਇਦਾ ਮੰਗ ਰੱਖ ਦਿੱਤੀ।

ਇਉਂ ਕਤਲਾਨ ਭਾਸ਼ਾ ਦੇ ਇਤਿਹਾਸ 'ਤੇ ਜਦੋਂ ਅਸੀਂ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਸ ਭਾਸ਼ਾ 'ਤੇ ਸੱਤਾ ਵਿਚ ਆਏ ਲੋਕਾਂ ਨੇ ਇੰਨਾ ਜ਼ੁਲਮ ਕੀਤਾ, ਕਈ ਵਾਰ ਬੋਲਣ 'ਤੇ ਪਾਬੰਦੀਆਂ ਅਤੇ ਜੁਰਮਾਨੇ ਲਗਾਏ ਪਰ ਉਹ ਇਸ ਨੂੰ ਖ਼ਤਮ ਕਿਉਂ ਨਾ ਕਰ ਸਕੇ?... ਕਿਉਂਕਿ ਉਹ ਇਸ ਨੂੰ ਬੋਲਣ ਵਾਲਿਆਂ ਦਾ ਸੁਭਾਵਿਕ ਪਿਆਰ ਤੇ ਅੰਦਰੂਨੀ ਚਾਹ ਤੋੜ ਨਾ ਸਕੇ। ਕਤਲਾਨਾਂ ਉਤੇ ਹਾਲਾਤ ਭਾਵੇਂ ਕਿਹੋ ਜਿਹੇ ਵੀ ਰਹੇ ਹੋਣ, ਉਨ੍ਹਾਂ ਨੇ ਆਪਣੀ ਮਾਂ-ਬੋਲੀ ਬੋਲਣੀ ਹਰ ਕੀਮਤ 'ਤੇ ਹਰ ਜਗ੍ਹਾ ਜਾਰੀ ਰੱਖੀ। ਸਿਰਫ ਇਹੀ ਕਾਰਨ ਹੈ ਕਿ ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ। ਮਾਂਵਾਂ ਨੇ ਕਦੀ ਆਪਣੇ ਬੱਚਿਆਂ ਨਾਲ ਆਪਣੀ ਜ਼ਬਾਨ ਵਿਚ ਗੱਲ ਕਰਨ ਦਾ ਧਰਮ ਨਾ ਛੱਡਿਆ। ਕਿਸੇ ਵੀ ਬੋਲੀ ਦੀ ਸੂਤਰਧਾਰ ਮਾਂ ਹੁੰਦੀ ਹੈ, ਕਿਉਂਕਿ ਜੇ ਮਾਂ ਆਪਣੇ ਬੱਚੇ ਨਾਲ ਆਪਣੀ ਬੋਲੀ ਬੋਲਣੀ ਛੱਡ ਦੇਵੇ ਤਾਂ ਫਿਰ ਉਸ ਬੋਲੀ ਨੂੰ ਕੋਈ ਨਹੀਂ ਬਚਾ ਸਕਦਾ।

ਸੰਸਾਰੀਕਰਨ ਹੋਵੇ ਤੇ ਭਾਵੇਂ ਅਖੌਤੀ ਵਿਗਿਆਨਕ ਵਿਕਾਸ ਦੀ ਗੱਲ ਹੋਵੇ, ਕਤਲਾਨ ਸਮੇਤ ਯੂਰਪ ਦੀਆਂ ਸਭ ਭਾਸ਼ਾਵਾਂ ਨੂੰ ਕੋਈ ਖ਼ਤਰਾ ਪੈਦਾ ਨਹੀਂ ਕਰ ਸਕਿਆ, ਕਿਉਂਕਿ ਇਹ ਦੇਸ਼ ਵਿਕਾਸ ਤੇ ਸਮੂਹੀਕਰਨ ਦੀ ਪ੍ਰਕਿਰਿਆ 'ਤੇ ਚਲਦੇ ਹਨ। ਹਰ ਦੇਸ਼ ਵਿਚ ਸਭ ਕੁਝ ਉਸ ਦੇਸ਼ ਦੀ ਭਾਸ਼ਾ ਵਿਚ ਹੋ ਰਿਹਾ ਹੈ, ਕਿਧਰੇ ਵੀ ਅੰਗਰੇਜ਼ੀ ਵਿਚ ਨਹੀਂ ਹੈ। ਕਤਲਾਨ ਨੂੰ ਖ਼ਤਰਾ ਆਪਣੇ ਲੋਕਾਂ ਤੋਂ ਨਹੀਂ, ਕੇਂਦਰੀ ਸੱਤਾ ਤੋਂ ਹੈ। ਇਸ ਚਰਚਾ ਤੋਂ ਦੋ ਗੱਲਾਂ ਬੋਲੀ ਦੇ ਸਬੰਧ ਵਿਚ ਸਿੱਖਣ ਨੂੰ ਮਿਲਦੀਆਂ ਹਨ। ਪਹਿਲੀ, ਬੋਲੀ ਤੇ ਸਭਿਆਚਾਰ ਨੂੰ ਖ਼ਤਰਾ ਹਮੇਸ਼ਾ ਸੱਤਾ ਤੇ ਸਿਸਟਮ ਤੋਂ ਹੁੰਦਾ ਹੈ। ਦੂਜੀ, ਜਿਹੜੀ ਬੋਲੀ ਨੂੰ ਬੋਲਣ ਵਾਲੇ ਲੋਕ ਬੋਲਣਾ ਨਹੀਂ ਛੱਡਦੇ ਤੇ ਰੋਜ਼ਾਨਾ ਵਿਹਾਰ ਵਿਚੋਂ ਨਹੀਂ ਕੱਢਦੇ, ਉਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ; ਜੋ ਮਰਜ਼ੀ ਹੋ ਜਾਵੇ।

ਭਾਰਤ, ਖਾਸਕਰ ਪੰਜਾਬ ਵਿਚ ਕਈ ਲੋਕ ਇਹ ਸਮਝਦੇ ਹਨ ਕਿ ਦੁਨੀਆਂ ਇਕ ਹੋ ਰਹੀ ਹੈ, ਤੇ ਇਸ ਇਕ ਦੁਨੀਆਂ ਦੀ ਬੋਲੀ ਅੰਗਰੇਜ਼ੀ ਹੋਵੇਗੀ। ਇਸ ਦਲੀਲ ਨੂੰ ਯੂਰਪ ਸਮੇਤ ਸਾਰੀ ਦੁਨੀਆਂ ਨੇ (ਭਾਰਤ ਨੂੰ ਛੱਡ ਕੇ) ਰੱਦ ਕਰ ਦਿੱਤਾ ਹੈ, ਤੇ ਅਮਲੀ ਤੌਰ 'ਤੇ ਹਰ ਦੇਸ਼ ਨੇ ਹਰ ਥਾਂ ਆਪਣੀ ਭਾਸ਼ਾ ਦੀ ਪ੍ਰਭੂਤਾ ਕਾਇਮ ਰੱਖੀ ਹੈ। ਇਕ ਦੁਨੀਆਂ ਦਾ ਪ੍ਰਚਾਰ, ਵਪਾਰ ਕਰਨ ਵਾਲਿਆਂ ਦਾ ਹੈ ਪਰ ਵਪਾਰ ਸਿਰਫ ਅੰਗਰੇਜ਼ੀ ਵਿਚ ਹੀ ਹੁੰਦਾ ਹੈ, ਇਹ ਕਿਥੇ ਲਿਖਿਆ ਹੈ ਭਲਾ? ਵਪਾਰ ਜਿਹੜਾ ਜਿਥੇ ਮਰਜ਼ੀ ਕਰੇ, ਪਰ ਉਹ ਜਿਥੇ ਵਪਾਰ ਤੇ ਜਿਸ ਨਾਲ ਵਪਾਰ ਹੋਣਾ ਹੈ, ਉਸੇ ਦੀ ਬੋਲੀ ਵਿਚ ਹੋਵੇਗਾ।

ਪੰਜਾਬੀਆਂ ਦੀ ਸਮੱਸਿਆ ਦਾ ਕਾਰਨ ਸੰਸਾਰੀਕਰਨ ਦਾ ਦੌਰ ਨਹੀਂ। ਸਾਡੀ ਬੋਲੀ ਤੇ ਸਭਿਆਚਾਰ ਲਈ ਖ਼ਤਰਾ ਸਾਡੇ ਪੰਜਾਬੀ ਬੋਲਣ ਵਾਲੇ ਅਖੌਤੀ ਪੜ੍ਹੇ-ਲਿਖੇ ਤੇ ਪੰਜਾਬੀਆਂ ਦੀ ਰਾਜਨੀਤਕ ਤੌਰ 'ਤੇ ਅਗਵਾਈ ਕਰਨ ਵਾਲੀਆਂ ਦੋਵੇਂ ਮੁੱਖ ਪਾਰਟੀਆਂ ਹਨ, ਖਾਸ ਕਰ ਕੇ ਕਾਂਗਰਸ। ਉਹ ਇਸ ਬਾਰੇ ਸੁਚੇਤ ਨਹੀਂ ਹਨ; ਤੇ ਉਹ ਇਸ ਬਾਰੇ ਸੁਚੇਤ ਇਸ ਲਈ ਨਹੀਂ ਹਨ ਕਿ ਅਸੀਂ ਖੁਦ ਪੰਜਾਬੀ ਆਪਣੀ ਜ਼ਬਾਨ ਲਈ ਸੁਚੇਤ ਨਹੀਂ ਹਾਂ। ਨਹੀਂ ਤਾਂ ਕਿਸੇ ਐਮ.ਐਲ.ਏ. ਅਤੇ ਐਮ.ਪੀ. ਦੀ ਜੁਰਅਤ ਨਹੀਂ ਕਿ ਜਦ ਸਾਡੇ ਕੋਲੋਂ ਵੋਟਾਂ ਮੰਗੇ ਤਾਂ ਪੰਜਾਬੀ ਵਿਚ, ਪਰ ਜਦ ਸਾਡੇ ਮਸਲੇ ਲੋਕ ਸਭਾ ਜਾਂ ਵਿਧਾਨ ਸਭਾ ਵਿਚ ਉਠਾਏ ਤਾਂ ਅੰਗਰੇਜ਼ੀ ਵਿਚ ਬੋਲੇ। ਕਤਲਾਨਾਂ ਤੇ ਯੂਰਪੀਅਨਾਂ ਵਾਂਗ ਅਸੀਂ ਕਿਉਂ ਨਹੀਂ ਆਵਾਜ਼ਾਰ ਹੁੰਦੇ, ਕਿ ਭਾਈ! ਹੁਣ ਤੂੰ ਇਨ੍ਹਾਂ ਲੋਕਾਂ ਤੋਂ ਅੰਗਰੇਜ਼ੀ ਵਿਚ ਹੀ ਵੋਟਾਂ ਮੰਗ?

ਆਪਣੀ ਬੋਲੀ ਵਲੋਂ ਮੂੰਹ ਮੋੜਨਾ ਆਪਣੀ ਮਿੱਟੀ ਜਿਸ ਦੇ ਅਸੀਂ ਬਣੇ ਹਾਂ, ਵੱਲ ਅਕ੍ਰਿਤਘਣਤਾ ਹੈ, ਤੇ ਦੇਸ਼ ਨਾਲ ਗੱਦਾਰੀ। ਦੇਸ਼ ਆਜ਼ਾਦ ਹੋਇਆ ਗੋਰਿਆਂ ਤੋਂ, ਪਰ ਕਾਲੇ ਆ ਗਏ, ਤੇ ਅੰਗਰੇਜ਼ੀ ਉਂਜ ਹੀ ਜਾਰੀ ਰਹੀ। ਦੁਨੀਆਂ ਵਿਚ ਇੰਜ ਕਿਧਰੇ ਨਹੀਂ ਹੋਇਆ ਕਿ ਅੰਗਰੇਜ਼ੀ ਦਾ ਸ਼ਾਸਨ ਆਜ਼ਾਦੀ ਤੋਂ ਬਾਅਦ ਚਲਦਾ ਰਹੇ। ਸਾਡੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਤਾਂ ਸ਼ਾਇਦ ਪੰਜਾਬੀ ਬੋਲਣੀ ਵੀ ਨਹੀਂ ਆਉਂਦੀ, ਹਮੇਸ਼ਾ ਅੰਗਰੇਜ਼ੀ ਬੋਲਦੇ ਹਨ। ਅਸੀਂ ਕਿਵੇਂ ਬਰਦਾਸ਼ਤ ਕਰ ਰਹੇ ਹਾਂ ਭਲਾ? ਦੁਨੀਆਂ ਦੇ ਕਿਸੇ ਮੁਲਕ ਦੇ ਲੋਕ ਇਹ ਬਰਦਾਸ਼ਤ ਨਹੀਂ ਕਰਦੇ, ਭਾਵੇਂ ਉਨ੍ਹਾਂ ਦਾ ਪ੍ਰਧਾਨ ਮੰਤਰੀ ਯੂ.ਐਨ.ਓ. ਵਿਚ, ਤੇ ਭਾਵੇਂ ਕਿਸੇ ਹੋਰ ਦੇਸ਼ ਵਿਚ, ਬੋਲੇਗਾ ਆਪਣੀ ਬੋਲੀ ਵਿਚ। ਇਹੀ ਮੂਲ ਸੂਤਰ ਹੈ ਇਨ੍ਹਾਂ ਦੇਸ਼ਾਂ ਦੀ ਤਰੱਕੀ ਦਾ, ਤੇ ਲੋਕਾਂ ਦੀ ਬੋਲੀ ਤੇ ਸਭਿਆਚਾਰ ਦੀ ਕਾਇਮੀ ਦਾ।

ਪਰ ਸਾਡੇ ਤਾਂ ਗੱਲ ਇਸ ਤੋਂ ਉਲਟ ਹੈ। ਅੰਗਰੇਜ਼ੀ ਬੋਲਣਾ ਫਖ਼ਰ ਦੀ ਗੱਲ ਹੈ ਤੇ ਪੜ੍ਹੇ-ਲਿਖੇ ਹੋਣ ਦਾ ਸਬੂਤ ਹੈ। ਕੀ ਰੂਸ ਤੇ ਚੀਨ ਦੇ ਪੁਲਾੜ ਵਿਗਿਆਨੀ ਅਨਪੜ੍ਹ ਹਨ? ਅਸਲ ਵਿਚ ਸਾਡੇ ਪੜ੍ਹੇ-ਲਿਖੇ ਲੋਕ ਹੀਣ ਭਾਵਨਾ ਦਾ ਸ਼ਿਕਾਰ ਹਨ। ਉਨ੍ਹਾਂ ਨੂੰ ਭਾਰਤੀ ਹੋਣ ਅਤੇ ਭਾਰਤ ਦੀ ਬੋਲੀ ਤੇ ਪਹਿਰਾਵੇ 'ਤੇ ਮਾਣ ਨਹੀਂ, ਉਹ ਅੰਗਰੇਜ਼ ਹੋ ਕੇ ਖੁਸ਼ ਹਨ। ਇਹ ਬਿਮਾਰ ਮਾਨਸਿਕਤਾ ਆਈ ਕਿਥੋਂ? ਆਈ ਇਸ ਵਿਦਿਅਕ ਸਿਸਟਮ ਤੋਂ ਜੋ ਅੰਗਰੇਜ਼ਾਂ ਨੇ ਸਾਨੂੰ ਕਾਲੇ ਅੰਗਰੇਜ਼ ਬਣਾਉਣ ਲਈ ਲਾਗੂ ਕੀਤਾ ਸੀ ਤਾਂ ਕਿ ਉਨ੍ਹਾਂ ਤੋਂ ਬਾਅਦ ਇਹ ਰਾਜ ਕਰਨ ਵਾਲੇ ਲੋਕ ਦਿਸਣ ਵਿਚ ਤਾਂ ਭਾਰਤੀ ਹੋਣ, ਪਰ ਕੰਮ-ਕਾਰ ਅਤੇ ਵਿਚਰਨ ਵਿਚ ਅੰਗਰੇਜ਼ ਹੋਣ। ਇਹ ਲੋਕ ਕੰਮ ਉਹੀ ਕਰਨ ਜੋ ਅੰਗਰੇਜ਼ ਚਾਹੁੰਦੇ ਹਨ; ਤੇ ਉਹੀ ਹੋਇਆ ਤੇ ਹੋ ਰਿਹਾ ਹੈ।


ਖੈਰ! ਸਾਡੀ ਪੰਜਾਬੀ ਬੋਲੀ ਨੂੰ ਖ਼ਤਰਾ ਉਸ ਦੇ ਆਪਣੇ ਜਾਇਆਂ ਤੋਂ ਹੈ। ਜੇ ਅਸੀਂ ਸੁਚੇਤ ਹੋਈਏ ਤਾਂ ਅਸੀਂ ਪਹਿਲਾਂ ਆਪ ਹਰ ਕੀਮਤ, ਤੇ ਹਰ ਹਾਲ ਵਿਚ ਆਮ ਕੰਮਾਂ-ਕਾਰਾਂ ਵਿਚ ਪੰਜਾਬੀ ਅਪਨਾਈਏ ਤਾਂ ਸਾਡੀ ਰਾਜਨੀਤਕ ਲੀਡਰਸ਼ਿਪ ਵੀ ਮਜਬੂਰ ਹੋ ਜਾਵੇਗੀ ਕਿ ਉਹ ਸਾਡੀ ਅਗਵਾਈ ਸਾਡੇ ਬਣ ਕੇ ਹੀ ਕਰੇ। ਜੇ ਕਦੀ ਉਹ ਅੰਗਰੇਜ਼ੀ ਬੋਲਣ ਤਾਂ ਉਨ੍ਹਾਂ ਨੂੰ ਟੋਕੀਏ, ਭਾਵੇਂ ਪੱਤਰਕਾਰਾਂ ਮੋਹਰੇ ਬੋਲਣ ਤੇ ਭਾਵੇਂ ਚੈਨਲਾਂ 'ਤੇ। ਇਕ ਗੱਲ ਜੋ ਮੈਂ ਦੋਹਾਂ ਪੰਜਾਬਾਂ ਵਿਚ ਨੋਟ ਕੀਤੀ ਹੈ, ਉਹ ਇਹ ਹੈ ਕਿ ਜੇ ਪੰਜਾਬੀ ਅਜ ਵੀ ਦੋਹੀਂ ਪਾਸੀਂ ਬੋਲੀ ਜਾਂਦੀ ਹੈ, ਤੇ ਇਹ ਕਾਇਮ ਹੈ, ਤਾਂ ਇਸ ਦਾ ਸਿਹਰਾ ਅਨਪੜ੍ਹ ਮਾਂਵਾਂ ਨੂੰ ਜਾਂਦਾ ਹੈ। ਉਹ ਪੂਜਣਯੋਗ ਹਨ ਕਿਉਂਕਿ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਪੰਜਾਬੀ ਬੋਲਣਾ ਜਾਹਲ ਹੋਣਾ ਹੈ ਤੇ ਅੰਗਰੇਜ਼ੀ ਹਿੰਦੀ ਜਾਂ ਉਰਦੂ ਬੋਲਣਾ ਜ਼ਹੀਨ ਹੋਣ ਦੀ ਨਿਸ਼ਾਨੀ ਹੈ। ਜੇ ਉਹ ਪੜ੍ਹ ਗਈਆਂ ਹੁੰਦੀਆਂ ਤਾਂ ਉਨ੍ਹਾਂ ਵਿਚ ਵੀ ਇਹ ਅਹਿਸਾਸ-ਏ-ਕਮਤਰੀ ਆ ਜਾਣੀ ਸੀ ਕਿ ਹਿੰਦੀ, ਅੰਗਰੇਜ਼ੀ ਜਾਂ ਉਰਦੂ ਬੋਲਣਾ ਕੋਈ ਵਧੀਆ ਹੋਣ ਦਾ ਸਬੂਤ ਹੈ। ਇਹ ਭਾਵੇਂ ਸਾਰਿਆਂ ਬਾਰੇ ਸੱਚ ਨਹੀਂ, ਪਰ ਇਹ ਆਮ ਸੱਚ ਹੈ। ਉਹ ਪੜ੍ਹੇ-ਲਿਖੇ ਜਾਹਲ ਹਨ। ਸਾਡੀ ਬੋਲੀ ਨੂੰ ਖ਼ਤਰਾ ਇਸ ਸਿਸਟਮ ਤੇ ਸੱਤਾ ਤੋਂ ਵੀ ਹੈ ਜੋ ਪੜ੍ਹਾ-ਲਿਖਾ ਕੇ ਮਨੁੱਖ ਨੂੰ ਆਪਣੇ ਅਤੀਤ ਤੋਂ ਦੂਰ ਕਰ ਦਿੰਦਾ ਹੈ।

ਪੜ੍ਹਨ-ਲਿਖਣ ਤੋਂ ਬਾਅਦ ਅਸੀਂ ਆਪਣੇ

***(ਬਾਕੀ ਅਗਲੇ ਸਫੇ 'ਤੇ)***

# ਖੌਰੇ ਕੀ ਖਬਰ ਹੈ!

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਅੱਜ ਤੋਂ ਕੋਈ ਢਾਈ ਦਹਾਕੇ ਪਹਿਲਾਂ ਹਰਸ਼ਦ ਮਹਿਤਾ ਨਾਮੀ ਇਕ ਸ਼ਖਸ ਨੇ ਸ਼ੇਅਰ ਬਾਜ਼ਾਰ ਵਿਚ ਇਕ ਅਜਿਹਾ ਘੁਟਾਲਾ ਕੀਤਾ ਸੀ ਜਿਸ ਕਾਰਨ ਭਾਰਤ ਦਾ ਸਾਰਾ ਸ਼ੇਅਰ ਬਾਜ਼ਾਰ ਹੀ ਡਾਵਾਂਡੋਲ ਹੋ ਗਿਆ ਸੀ। ਘੁਟਾਲੇ ਤਾਂ ਦੇਸ਼ ਵਿਚ ਹੁੰਦੇ ਹੀ ਆਏ ਹਨ ਪਰ ਇਹ ਉਸ ਵੇਲੇ ਤੱਕ ਹੋਏ ਘੁਟਾਲਿਆਂ ਦਾ ਸਿਰਾ ਸਮਝਿਆ ਗਿਆ ਸੀ, ਇਸ ਲਈ ਇਸ ਦੀ ਘੋਰਤਾ ਦਰਸਾਉਣ ਲਈ ਘੁਟਾਲਾ, ਘਪਲਾ, ਧੋਖਾਧੜੀ ਆਦਿ ਜਿਹੇ ਸ਼ਬਦ ਬਹੁਤ ਨਿਮਾਣੇ ਸਮਝੇ ਗਏ ਸਨ। ਇਸ ਨੂੰ ਬਿਆਨਣ ਲਈ ਭਾਰਤ ਦੇ ਅਖਬਾਰਨਵੀਸਾਂ ਨੇ ਸਕੈਮ ਸ਼ਬਦ ਦੀ ਸ਼ਾਇਦ ਪਹਿਲੀ ਵਾਰ ਵਰਤੋਂ ਕੀਤੀ ਸੀ। ਪੰਜਾਬੀ ਤੇ ਹੋਰ ਭਾਰਤੀ ਅਖਬਾਰਾਂ ਨੇ ਵੀ ਇਸ ਸ਼ਬਦ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਇਹ ਸ਼ਬਦ ਭਾਰਤ ਵਿਚ ਚੱਲਿਆ ਤਾਂ ਸਮਝਿਆ ਗਿਆ ਕਿ ਇਹ ਸ਼ਬਦ ਸ਼ਾਇਦ ਸਕੀਮ ਤੋਂ ਬਣਿਆ ਹੋਵੇਗਾ-ਸਕੈਮ ਮਤਲਬ ਕਿ ਬਹੁਤ ਵੱਡੀ ਸਕੀਮ। ਪਰ ਘੋਖ ਕੀਤਿਆਂ ਪਤਾ ਲੱਗਾ ਕਿ ਅੰਗਰੇਜ਼ੀ ਵਿਚ ਇਹ ਸ਼ਬਦ 1963 ਵਿਚ ਪਹਿਲੀ ਵਾਰੀ ਵੱਡੀ ਪਧਰ ਦੀ ਧੋਖਾਧੜੀ ਲਈ ਵਰਤਿਆ ਗਿਆ ਸੀ ਅਤੇ ਇਹ ਅੰਗਰੇਜ਼ੀ ਦੇ ਸ਼ਬਦ scamp ਤੋਂ ਵਿਗਸਿਆ ਹੈ ਜਿਸ ਦਾ ਅਰਥ ਰਾਹਜ਼ਨ ਹੁੰਦਾ ਹੈ।

ਖੈਰ, ਆਪਾਂ ਗੱਲ ਹੋਰ ਕਰਨੀ ਸੀ। ਅੱਜ ਤੋਂ ਦੋ ਕੁ ਦਹਾਕੇ ਪਹਿਲਾਂ ਇਕ ਦਿਹਾੜੇ ਮੈਂ ਦੁਪਹਿਰ ਨੂੰ ਸਾਗ ਨਾਲ ਰੋਟੀ ਖਾ ਕੇ ਪਿੰਡ ਆਈ ਅਖਬਾਰ ਚੁੱਕੀ ਤਾਂ ਮੇਰੀ ਨਜ਼ਰ ਇਸ ਸਕੈਮ ਵਾਲੀ ਸੁਰਖੀ 'ਤੇ ਜੰਮ ਗਈ। ਅੱਖਾਂ ਤੇ ਮੂੰਹ ਦੀ ਬਣਤਰ ਬਹੁਤੀ ਹੀ ਤਣਾਅ ਭਰਪੂਰ ਹੋ ਗਈ ਹੋਣੀ ਹੈ ਜੁ ਕੋਲ ਪੀੜ੍ਹੀ ਡਾਹ ਕੇ ਬੈਠੀ ਬੀਬੀ ਦੇ ਮੂੰਹੋਂ ਸਹਿਜ ਸੁਭਾਵਕ ਨਿਕਲਿਆ, "ਖੌਰੇ ਕੀ ਖਬਰ ਹੈ, ਮੂੰਹ ਕਿੱਦਾਂ ਦਾ ਬਣਾਇਆ?" ਬੀਬੀ ਦੇ ਸਲੋਕ ਸੁਣਦਿਆਂ ਹੀ ਮੇਰੇ ਮੂੰਹ ਨੇ ਆਪਣੀ ਸ਼ਕਲ ਹੋਰ ਵਿਗਾੜ ਲਈ। ਸ਼ਬਦ-ਨਿਹਾਰਕ ਹੋਣ ਦੇ ਨਾਤੇ ਮੈਨੂੰ 'ਖੌਰੇ ਕੀ ਖਬਰ' ਵਾਕੰਸ਼ ਬੜਾ ਅਟਪਟਾ ਜਿਹਾ ਲੱਗਾ। ਮੈਂ ਵਧੇਰੇ ਅਚੰਭਿਤ ਹੋਇਆ ਸਾਂ ਖੌਰੇ ਅਤੇ ਖਬਰ ਸ਼ਬਦਾਂ ਦੀ ਨਾਲੋ ਨਾਲ ਵਰਤੋਂ ਸੁਣ ਕੇ। 'ਸ਼ਾਇਦ' ਜਾਂ 'ਪਤਾ ਨਹੀਂ' ਦੇ ਅਰਥਾਂ ਵਾਲਾ 'ਖੌਰੇ' ਸ਼ਬਦ ਪੰਜਾਬੀ ਬੋਲਚਾਲ ਵਿਚ ਆਮ ਹੀ ਸੁਣੀਦਾ ਹੈ, ਖਾਸ ਤੌਰ 'ਤੇ ਦਿਹਾਤੀ ਲੋਕਾਂ ਵਿਚ। ਚਲੋ ਪਹਿਲਾਂ ਇਸ ਦੀ ਕੁਝ ਵਰਤੋਂ ਦੇ ਨਮੂਨੇ ਦੇਖ ਲਈਏ,

ਨੀ ਅੱਜ ਕੋਈ ਆਇਆ ਸਾਡੇ ਵਿਹੜੇ,
ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,
ਆਇਆ ਨੀ ਖੌਰੇ ਅੰਬਰ ਘੁੰਮ ਘੁੰਮ ਕਿਹੜੇ।
-ਮੋਹਨ ਸਿੰਘ।

ਖੌਰੇ ਪਾਂਧੀ ਕਿੰਨਾ ਚਿਰ
ਬਹਿ ਸਕਣ ਇਨ੍ਹਾਂ ਦੀ ਛਾਂਵੇਂ।
ਪੱਤਝੜ ਪੁੱਛਦੀ ਫਿਰਦੀ ਸੀ
ਕੱਲ੍ਹ ਰੁੱਖਾਂ ਦੇ ਸਿਰਨਾਵੇਂ। -ਰਾਜਿੰਦਰਜੀਤ

ਹੁਣ ਇਹ ਦੱਸਣਾ ਬਣਦਾ ਹੈ ਕਿ ਦਰਅਸਲ ਖੌਰੇ ਸ਼ਬਦ 'ਖਬਰ ਏ' ਦਾ ਹੀ ਸੁੰਗੜਿਆ ਰੂਪ ਹੈ ਜਿਵੇਂ 'ਦਾਦੇ ਮਘੱਗਿਆ' 'ਦਾਦੇ ਦੇ ਮੂੰਹ ਵਿਚ ਹੱਗਿਆ' ਦਾ ਨਪੀੜਿਆ ਰੂਪ ਹੈ। ਇਸ ਲਈ 'ਖੌਰੇ ਕੀ ਖਬਰ' ਦਾ ਸ਼ਾਬਦਿਕ ਅਰਥ 'ਖਬਰ ਏ ਕੀ ਖਬਰ' ਹੀ ਹੋਇਆ ਜੋ ਮੈਨੂੰ ਅਜੀਬ ਲੱਗਾ ਸੀ। ਮੁਖ-ਸੁੱਖ ਕਾਰਨ ਅਕਸਰ ਉਚਰੀਆਂ ਜਾਂਦੀਆਂ ਬਹੁਤ ਸਾਰੀਆਂ ਉਕਤੀਆਂ ਸੁੰਗੜਦੀਆਂ ਚਲੀਆਂ ਜਾਂਦੀਆਂ ਹਨ ਤੇ ਹੌਲੀ ਹੌਲੀ ਸੁਤੰਤਰ ਸ਼ਬਦ ਹੀ ਬਣ ਜਾਂਦੀਆਂ ਹਨ। ਉਪਰਲੀਆਂ ਦੋ ਕਾਵਿ-ਟੁਕੜੀਆਂ ਵਿਚ 'ਖੌਰੇ' ਦੀ ਥਾਂ 'ਖਬਰ ਏ' ਲਾ ਕੇ ਦੇਖ ਲਵੋ, ਅਰਥਾਂ ਵਿਚ ਕੋਈ ਫਰਕ ਨਹੀਂ ਪਵੇਗਾ। ਖਬਰ ਏ/ਖੌਰੇ ਦਾ ਮਤਲਬ ਨਿਕਲਦਾ ਹੈ ਕੀ ਪਤਾ? ਅਕਸਰ ਹੀ ਕਿਸੇ ਪ੍ਰਸ਼ਨਵਾਚੀ ਉਕਤੀ ਨੂੰ ਨਾਂਹਵਾਚਕ ਵਿਚ ਬਦਲਣ ਨਾਲ ਅਰਥ ਲਗਭਗ ਸਮਾਨ ਹੀ ਰਹਿੰਦੇ ਹਨ। 'ਖਬਰ ਏ?' ਉਕਤੀ ਪ੍ਰਸ਼ਨਵਾਚਕ ਹੈ ਜਿਸ ਨੂੰ 'ਕੋਈ ਖਬਰ ਨਹੀਂ' ਨਾਲ ਵਟਾ ਦੇਈਏ ਤਾਂ ਆਸ਼ੇ ਵਿਚ ਕੋਈ ਫਰਕ ਨਹੀਂ ਪੈਂਦਾ। ਇਥੇ ਇਹ ਵੀ ਚੇਤੇ ਕਰਾਉਣਾ ਕੁਥਾਂ ਨਹੀਂ ਹੋਵੇਗਾ ਕਿ 'ਖਬਰ ਏ' ਦਾ ਇਕ ਰੂਪ 'ਖਬਰੇ' ਵੀ ਹੈ ਮਸਲਨ, "ਖਬਰੇ ਕੀ ਗੱਲ ਹੈ, ਉਹ ਆਇਆ ਨਹੀਂ।" ਪੂਰਬੀ ਪੰਜਾਬ ਵਿਚ 'ਹੈ' ਜਾਂ 'ਏ' ਦੀ ਥਾਂ ਆਮ ਤੌਰ 'ਤੇ 'ਆ' ਜਾਂ 'ਇਆ' ਸਹਾਇਕ ਕਿਰਿਆ ਹੀ ਬੋਲੀ ਜਾਂਦੀ ਹੈ। ਇਸ ਲਈ 'ਖਬਰ ਇਆ' ਸੁੰਗੜ ਕੇ ਪਹਿਲਾਂ ਖਬਰਿਆ ਬਣਿਆ ਤੇ ਫਿਰ ਇਸ ਵਿਚੋਂ ਜੀਭ ਨੇ ਆਪਣੇ ਸੁੱਖ ਵਾਸਤੇ 'ਬ' ਧੁਨੀ ਵੀ ਖਾਰਜ ਕਰ ਦਿੱਤੀ ਤੇ ਰਹਿ ਗਿਆ ਖਰਿਆ, "ਖਰਿਆ ਓ ਸਾਹ ਆਉਣੇ ਆ ਖਰਿਆ ਨਹੀਂ।"

ਬੌਂਦਲ ਕਿਉਂ ਗਏ! ਖਬਰ ਸ਼ਬਦ ਦਾ ਤਾਂ ਅਜੇ ਮੈਂ ਹੋਰ ਵੀ ਕਚੂਮਰ ਕਢਣਾ ਹੈ। ਜਿਵੇਂ ਅਸੀਂ ਉਪਰ ਦੱਸਿਆ ਹੈ ਕਿ ਪ੍ਰਸ਼ਨਵਾਚੀ ਉਕਤੀ ਨੂੰ ਨਾਂਹਵਾਚੀ ਉਕਤੀ ਵਿਚ ਬਦਲ ਦਈਏ ਤਾਂ ਅਕਸਰ ਅਰਥਾਂ ਵਿਚ ਖਾਸ ਫਰਕ ਨਹੀਂ ਪੈਂਦਾ। ਉਪਰ ਅਸੀਂ ਪ੍ਰਸ਼ਨਵਾਚੀ ਉਕਤੀਆਂ ਦੇ ਹੀ ਸੁੰਗੜਵੇਂ ਰੂਪ ਦੇਖੇ ਹਨ। ਹੁਣ ਦੇਖਦੇ ਹਾਂ ਨਾਂਹਵਾਚੀ ਉਕਤੀਆਂ ਦੇ। ਖੌਰੇ, ਖਬਰੇ ਆਦਿ ਦੇ ਹੀ ਅਰਥਾਂ ਵਿਚ ਇਕ ਹੋਰ ਸ਼ਬਦ ਵਰਤਿਆ ਜਾਂਦਾ ਹੈ, 'ਖਬਰਨੀ', ਸਪੱਸ਼ਟ ਹੈ ਇਹ ਨਾਂਹਵਾਚਕ 'ਖਬਰ ਨਹੀਂ' ਉਕਤੀ ਦਾ ਹੀ ਸੰਕੁਚਿਤ ਰੂਪ ਹੈ, ਇਕੋ ਵੇਲੇ 'ਰਾਜ ਵੀ ਤੇ ਸੇਵਾ ਵੀ' ਦਾ ਸੂਤਰ ਸਮਝ ਆ ਗਿਆ ਤੇ ਨਾਲ ਹੀ ਸਮਝ ਆ ਗਿਆ ਉਰਦੂ ਦਾ ਉਹ ਸ਼ੇਅਰ ਜਿਹੜਾ ਕਹਿੰਦੈ, ਖਬਰਨੀ ਪੁੱਛਦੈ, 'ਵੋ ਹੀ ਕਾਤਿਲ ਵੋ ਹੀ ਮੁਨਸਿਫ ਐ ਖੁਦਾਇਆ ਕਰੂੰ ਖੂੰ ਕਾ ਦਾਵਾ।' ਪੰਜਾਬੀਆਂ ਦੇ ਟਿਕ ਕੇ ਨਾ ਬੈਠਣ ਬਾਰੇ ਬਹੁਤ ਲਤੀਫੇ ਬਣੇ ਹੋਏ ਹਨ। ਖਬਰਨੀ, ਇਹ ਬਾਬੇ ਨਾਨਕ ਦਾ ਅਸਰ ਹੈ ਕਿ ਵਸਣ ਖਾਤਰ ਪੰਜਾਬੀ ਉਜੜਦੇ ਹੀ ਰਹੇ ਹਨ। ਹੋਰ ਤਾਂ ਹੋਰ ਦੁਆਬੀਆਂ ਨੇ ਖਬਰਨੀ ਸ਼ਬਦ ਨੂੰ ਹੋਰ ਪਿਚਕਾ ਕੇ ਇਸ ਵਿਚੋਂ ਬਰ ਕੱਢ ਦਿਤਾ ਤੇ ਬਣਾ ਧਰਿਆ, ਖਨੀ; 'ਐਮੀ ਨਜਰ ਨਾ ਲਾ ਦਈਂ, ਖਨੀ ਏਸੇ ਧੀ-ਧਿਆਣੀ ਕਰ ਕੇ ਮੇਰੀ ਜਾਨ ਬਚ ਚੱਲੀ ਆ।' ਮਾਂ ਮੁਸਕਰਾ ਕੇ ਹੌਲੀ ਦੇਣੀ ਬੋਲਦੀ।



ਹੁਣ ਆਈਏ ਕੇਂਦਰੀ ਸ਼ਬਦ ਖਬਰ ਉਤੇ। ਇਸ ਸ਼ਬਦ ਦਾ ਮੁਖ ਅਰਥ ਸਮਾਚਾਰ, ਅਰਥਾਤ ਤਾਜ਼ਾ ਵਾਪਰੀ ਕਿਸੇ ਅਜਿਹੀ ਘਟਨਾ ਦਾ ਵੇਰਵਾ ਹੈ ਜਿਸ ਵਿਚ ਮਨੁਖ ਦੀ ਜੈਵਿਕ ਦਿਲਚਸਪੀ ਹੁੰਦੀ ਹੈ। ਇਸ ਦਾ ਅਰਥ ਕਿਸੇ ਦਾ ਹਾਲਚਾਲ, ਪਤਾ ਸਤਾ ਆਦਿ ਵੀ ਹੈ ਜਿਵੇਂ ਕਿਸੇ ਬੀਮਾਰ ਦੀ ਖਬਰ ਨੂੰ ਜਾਣਾ, "ਸਾਨੂੰ ਕਾਬਾ ਕਿਬਲਾ, ਪਿਆਰਾ ਦਸੇਂਦਾ, ਸਾਨੂੰ ਘਾਇਲ ਕਰਕੇ ਫਿਰ ਖਬਰ ਨਾ ਲਈਆ" -ਬੁਲ੍ਹੇ ਸ਼ਾਹ। "ਤੁਮ ਹੋ ਪਲੰਘ ਪਰ ਮੈਂ ਹੂੰ ਜ਼ਮੀਂ ਪਰ ਤੁਝ ਕੋ ਖਬਰ ਕਿਆ ਹਮਾਰੀ।" ਇਸ ਦਾ ਅਰਥ ਚੁਗਿਰਦੇ ਦੀ ਸੋਝੀ, ਸਾਵਧਾਨੀ ਜਾਂ ਚੇਤਨਤਾ ਵੀ ਹੈ ਜਿਵੇਂ, "ਸੋਇ ਰਹੀ ਪ੍ਰਭ ਖਬਰਿ ਨਾ ਜਾਨੀ" -ਗੁਰੂ ਅਰਜਨ ਦੇਵ। "ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ॥" -ਗੁਰੂ ਨਾਨਕ ਦੇਵ।

ਖਬਰ ਦਾ ਅਰਥ ਜਾਣਕਾਰੀ ਵੀ ਹੈ, ਵਾਰਿਸ ਸ਼ਾਹ ਦੇ ਇਹ ਸੁਖਨ ਵਾਚੋ,

ਚੌਦਾਂ ਤਬਕ ਨੌਂ ਖੰਡ ਦੀ ਖਬਰ ਸਾਨੂੰ,
ਮੂੰਹ ਫਕਰ ਥੋਂ ਕਾਸ ਨੂੰ ਕੱਜੀਏ ਨੀ।
ਜੈਂਦੇ ਹੁਕਮ ਵਿਚ ਜਾਨ ਤੇ ਮਾਲ ਆਲਮ,
ਓਸ ਰੱਬ ਥੋਂ ਕਾਸ ਨੂੰ ਭੱਜੀਏ ਨੀ।
ਸਾਰੀ ਉਮਰ ਈ ਪਲੰਘ 'ਤੇ ਪਈ ਰਹਿਸੇਂ,
ਏਸ ਅਕਲ ਦੇ ਨਾਲ ਕੁਚੱਜੀਏ ਨੀ।
ਸ਼ਰਮ ਜੇਠ ਤੇ ਸਹੁਰਿਉਂ ਕਰਨ ਆਈ
ਮੂੰਹ ਫਕਰ ਥੋਂ ਕਾਸਨੂੰ ਲੱਜੀਏ ਨੀ।

'ਖਬਰ ਲੈਣਾ' ਦਾ ਆਮ ਅਰਥ ਤਾਂ ਕਿਸੇ ਬੀਮਾਰ ਆਦਿ ਦਾ ਹਾਲਚਾਲ ਪੁੱਛਣਾ ਹੈ ਪਰ ਲਾਖਣਿਕ ਵਰਤੋਂ ਵਿਚ ਇਸ ਦਾ ਅਰਥ ਕਿਸੇ ਨੂੰ ਡਾਂਟਣਾ ਹੋ ਜਾਂਦਾ ਹੈ। ਉਡਦੀ ਖਬਰ ਅਫਵਾਹ ਹੁੰਦੀ ਹੈ ਤੇ ਗਰਮ ਖਬਰ ਬਹੁਤ ਤਾਜ਼ੀ ਤੇ ਗੰਭੀਰ ਹੁੰਦੀ ਹੈ। ਖਬਰ ਸ਼ਬਦ ਤੋਂ ਬਣਦੇ ਹੋਰ ਸ਼ਬਦਾਂ ਦੀ ਚਰਚਾ ਕਰਨ ਤੋਂ ਪਹਿਲਾਂ ਜ਼ਰਾ ਇਸ ਦਾ ਪਿੱਛਾ ਫਰੋਲ ਲਈਏ। ਮੁਢਲੇ ਤੌਰ 'ਤੇ ਇਹ ਅਰਬੀ ਦਾ ਲਫਜ਼ ਹੈ ਜਿਸ ਦਾ ਧਾਤੂ ਹੈ ਖ-ਬ-ਰ। ਇਹ ਫਾਰਸੀ ਰਾਹੀਂ ਭਾਰਤੀ ਬੋਲੀਆਂ ਵਿਚ ਅੱਪੜਿਆ। ਇਸ ਵਿਚ ਇਤਲਾਹ ਦੇਣ, ਸਲਾਹ ਦੇਣ ਜਾਂ ਜਾਣਕਾਰੀ ਪ੍ਰਦਾਨ ਕਰਨ ਜਿਹੇ ਭਾਵ ਹਨ। ਪੈਗੰਬਰ ਮੁਹੰਮਦ ਦੇ ਵਚਨਾਂ ਨੂੰ ਵੀ ਖਬਰ ਕਿਹਾ ਗਿਆ ਗਿਆ ਹੈ। ਇਸ ਦਾ ਬਹੁਵਚਨ ਅਖਬਾਰ ਹੈ। ਸਾਡੇ ਕੋਲ ਅਖਬਾਰ ਸ਼ਬਦ ਸਮਾਚਾਰ ਪੱਤਰ ਦੇ ਅਰਥਾਂ ਵਿਚ ਆਇਆ ਹੈ ਮਤਲਬ ਜਿਸ ਵਿਚ ਬਹੁਤ ਸਾਰੀਆਂ ਖਬਰਾਂ ਤੇ ਹੋਰ ਮਸਾਲਾ ਹੋਵੇ। ਉਂਜ ਅਰਬੀ ਵਿਚ 'ਅਲ' ਅਗੇਤਰ ਲੱਗ ਕੇ ਬਣਦੇ ਸ਼ਬਦ ਅਲ-ਅਖਬਾਰ ਦਾ ਅਰਥ ਕੋਈ ਵਿਸ਼ੇਸ਼ ਅਖਬਾਰ ਜਾਂ ਜਾਣਕਾਰੀ ਭਰਪੂਰ ਪੁਸਤਕ ਹੁੰਦਾ ਹੈ। ਮਿਸਾਲ ਵਜੋਂ ਮਿਸਰ ਅਤੇ ਤੀਰੂਵੰਤਪੁਰਮ ਤੋਂ ਨਿਕਲਦੀਆਂ ਦੋ ਅਖਬਾਰਾਂ ਦਾ ਨਾਂ ਅਲ-ਅਖਬਾਰ ਹੈ।

ਖਬਰ ਸ਼ਬਦ ਦੇ ਅੱਗੇ ਅਰਬੀ ਅਗੇਤਰ 'ਮੁ' ਲਗ ਕੇ ਮੁਖਬਰ ਸ਼ਬਦ ਬਣ ਗਿਆ। ਮੁਖਬਰ ਕਿਸੇ ਦੀਆਂ ਹਰਕਤਾਂ ਬਾਰੇ ਪੁਲਿਸ ਆਦਿ ਨੂੰ ਗੁਪਤ ਸੂਹ ਦਿੰਦਾ ਹੈ। ਪੰਜਾਬੀ ਵਿਚ ਮੁਖਬਰ ਬੜਾ ਬਦਨਾਮ ਹੈ। ਖਬਰ ਲਿਖਣ ਵਾਲੇ ਨੂੰ ਖਬਰਨਵੀਸ ਕਿਹਾ ਜਾਂਦਾ ਹੈ। ਅਮਰਜੀਤ ਚੰਦਨ ਦਾ ਵਿਚਾਰ ਹੈ ਕਿ ਪੱਤਰ ਪ੍ਰੇਰਕ ਦੀ ਥਾਂ ਖਬਰ ਸ਼ਬਦ ਦੇ ਪਿਛੇ ਫਾਰਸੀ ਅਗੇਤਰ 'ਚੀ' ਲਾ ਕੇ ਬਣਾਇਆ ਸ਼ਬਦ ਖਬਰਚੀ ਵਰਤਿਆ ਜਾਣਾ ਚਾਹੀਦਾ ਹੈ। ਸੁਝਾਅ ਮਾੜਾ ਨਹੀਂ। ਖਬਰਾਂ ਦੇ ਬੁਲਿਟਨ ਲਈ ਖਬਰਨਾਮਾ ਸ਼ਬਦ ਵੀ ਚਲਦਾ ਹੈ। ਹੋਸ਼ਿਆਰ ਜਾਂ ਚੇਤੰਨ ਦੇ ਅਰਥਾਂ ਵਿਚ ਖਬਰਦਾਰ ਸ਼ਬਦ ਖੂਬ ਚਲਦਾ ਹੈ, "ਜਿਲਨੂੰ ਸਬਰ ਹੈ ਨੀ, ਉਹਨੂੰ ਖਬਰ ਹੈ ਨੀ, ਬੇਸਬਰਿਆਂ ਨੂੰ ਖਬਰਦਾਰ ਕਰੀਏ।" -ਬੁਲ੍ਹੇ ਸ਼ਾਹ। ਖਬਰਦਾਰ ਸ਼ਬਦ ਕਿਸੇ ਨੂੰ ਚਿਤਾਵਨੀ ਦੇਣ ਲਈ ਵੀ ਵਰਤਿਆ ਜਾਂਦਾ ਹੈ, "ਖਬਰਦਾਰ ਜੇ ਤੂੰ ਮੁੜ ਮੇਰੇ ਘਰ ਵੜਿਆ।" ਕਾਸੇ ਦੀ ਗਲਤ ਵਰਤੋਂ ਤੋਂ ਵਰਜਣ ਲਈ 'ਖਬਰਦਾਰ' ਸ਼ਬਦ ਆਮ ਹੀ ਜਨਤਕ ਸਥਾਨਾਂ 'ਤੇ ਲਿਖਿਆ ਜਾਂਦਾ ਹੈ ਜਿਵੇਂ "ਖਬਰਦਾਰ! ਕਿਸੇ ਤੋਂ ਕੁਝ ਲੈ ਕੇ ਨਾ ਖਾਓ, ਇਸ ਵਿਚ ਜ਼ਹਿਰ ਮਿਲਿਆ ਹੋ ਸਕਦਾ ਹੈ।"

ਚੰਗੀ ਖਬਰ ਲਈ ਖੁਸ਼ਖਬਰੀ ਸ਼ਬਦ ਚਲਦਾ ਹੈ, "ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ॥" (ਭਗਤ ਰਵਿਦਾਸ) ਅਰਥਾਤ ਹੇ ਸੱਜਣ ਤੇਰੀ ਖਬਰ ਠੰਡ ਪਾਉਣ ਵਾਲੀ ਹੈ। ਬੇਖਬਰੀ ਕਿਸੇ ਨਾ ਜਾਣਨ ਦੀ ਸਥਿਤੀ ਹੈ, "ਦਰੋਗੁ ਪੜ੍ਹ ਪੜ੍ਹ ਖੁਸੀ ਹੋਇ ਬੇਖਬਰ ਬਾਦਿ ਬਕਾਹਿ॥" (ਭਗਤ ਕਬੀਰ) ਅਰਥਾਤ ਬੇਸਮਝ ਲੋਕ (ਅਨਮਤਾਂ ਦੀਆਂ ਧਰਮ ਪੁਸਤਕਾਂ) ਪੜ੍ਹ ਪੜ੍ਹ ਕੇ, ਇਨ੍ਹਾਂ ਵਿਚ ਜੋ ਲਿਖਿਆ ਹੈ, ਝੂਠ ਹੈ, ਖੁਸ਼ ਹੋ ਕੇ ਬਹਿਸ ਕਰਦੇ ਹਨ। ਖਬਰ ਲਈ ਠੇਠ ਪੰਜਾਬੀ ਸ਼ਬਦ ਸਾਰ ਹੈ ਜਿਵੇਂ ਕਿਸੇ ਦੀ ਖਬਰ ਲੈਣ ਦੀ ਥਾਂ ਅਸੀਂ ਕਿਸੇ ਦੀ ਸਾਰ ਲੈਣਾ ਸ਼ਬਦ ਵਰਤ ਲੈਂਦੇ ਹਾਂ। ਖਬਰ ਦੇ ਪਿਛੇ ਸਾਰ ਸ਼ਬਦ ਲਾ ਕੇ ਬਣਾਇਆ ਸ਼ਬਦ ਜੁੱਟ ਖਬਰਸਾਰ ਬਹੁਤ ਹੀ ਖੂਬਸੂਰਤ ਸ਼ਬਦ ਹੈ। ਕਈ ਅਖਬਾਰਾਂ ਸੰਖੇਪ ਖਬਰਾਂ ਲਈ ਖਬਰਸਾਰ ਸ਼ਬਦ ਵਰਤਦੀਆਂ ਹਨ।

---


# ਦਾਸਤਾਨ ਕਤਲਾਨ ਭਾਸ਼ਾ ਦੇ ਸੰਘਰਸ਼ ਦੀ

ਵਿਰਸੇ ਤੇ ਬੋਲੀ ਤੋਂ ਦੂਰ ਕਿਉਂ ਹੋ ਜਾਂਦੇ ਹਾਂ? ਹੋਣਾ ਤਾਂ ਸਾਨੂੰ ਉਸ ਦੇ ਨੇੜੇ ਚਾਹੀਦਾ ਹੈ! ਕਾਰਨ ਸਾਡਾ ਵਿਦਿਅਕ ਸਿਸਟਮ ਹੈ। ਇਹ ਸਿਸਟਮ ਦੇਸ਼ ਦੁਸ਼ਮਣ ਤਾਕਤਾਂ ਦਾ 1947 ਤੋਂ ਪਹਿਲਾਂ ਦਾ ਬਣਾਇਆ ਹੋਇਆ ਹੈ, ਇਹ ਉਨ੍ਹਾਂ ਨੂੰ ਠੀਕ ਬੈਠਦਾ ਸੀ ਜੋ ਨੈਤਿਕ ਕਦਰਾਂ-ਕੀਮਤਾਂ ਤੇ ਸੰਸਕਾਰਾਂ ਤੋਂ ਸੱਖਣਾ ਹੈ। ਉਸ ਦਾ ਸਹਿਜ ਨਤੀਜਾ ਹੈ ਕਿ ਬਿਮਾਰ ਮਾਨਸਿਕਤਾ ਵਾਲੇ ਲੋਕ ਪੈਦਾ ਹੋ ਰਹੇ ਹਨ ਤੇ ਆਪਣੀ ਬੋਲੀ, ਸਭਿਆਚਾਰ, ਵਿਰਾਸਤ ਤੇ ਸਾਹਿਤ ਵਲੋਂ ਬੇਮੁੱਖ ਹੋ ਰਹੇ ਹਨ। ਐਸੇ ਲੋਕਾਂ ਲਈ ਆਪਣੀ ਮਿੱਟੀ ਨਾਲ ਗੱਦਾਰੀ ਕੋਈ ਓਪਰੀ ਗਲ ਨਹੀਂ ਰਹਿੰਦੀ।

ਅਸੀਂ ਪੰਜਾਬ ਵਾਲੇ ਆਪਣੀ ਬੋਲੀ 'ਤੇ ਫਖਰ ਕਰੀਏ ਤੇ ਸਭਿਆਚਾਰ ਦੀ ਹਿਫਾਜ਼ਤ ਲਈ ਇਕਮੁੱਠ ਹੋਈਏ। ਇਕ ਵਿਸ਼ਾਲ ਫਰੰਟ ਉਸਾਰੀਏ ਤੇ ਆਪਣੇ ਸੰਭਾਵੀ ਯੁੱਧ ਸਾਥੀ ਲੱਭੀਏ, ਉਹ ਭਾਵੇਂ ਕਿਸੇ ਪਾਰਟੀ ਦਾ ਹੋਵੇ, ਪਰ ਉਹ ਪੰਜਾਬੀ ਪਿਆਰਾ ਹੋਵੇ। ਆਪਣੇ ਬੱਚਿਆਂ ਨੂੰ ਲਾਜ਼ਮੀ ਪੰਜਾਬੀ ਪੜ੍ਹਾ ਕੇ ਅਤੇ ਉਨ੍ਹਾਂ ਨਾਲ ਪੰਜਾਬੀ ਬੋਲ ਕੇ ਇਸ ਮਿੱਟੀ ਲਈ ਆਪਣਾ ਫਰਜ਼ ਪੂਰਾ ਕਰੀਏ। ਇਸ ਦੇ ਨਾਲ ਹੀ ਅੰਗਰੇਜ਼ੀ ਦੇ ਕੌਮਾਂਤਰੀ ਬੋਲੀ ਹੋਣ ਦਾ ਮਾਹੌਲ ਪੈਦਾ ਕਰਨ ਵਾਲਿਆਂ ਨੂੰ ਸੱਤਾ ਤੋਂ ਪਾਸੇ ਕਰੀਏ। ਸਮਝ ਨਹੀਂ ਆਉਂਦੀ ਕਿ ਸਾਨੂੰ ਇਸ ਦੇ ਕੌਮਾਂਤਰੀ ਭਾਸ਼ਾ ਹੋਣ ਜਾਂ ਨਾ ਹੋਣ ਬਾਰੇ ਇੰਨਾ ਫਿਕਰ ਕਿਉਂ ਹੈ? ਕੋਈ ਜ਼ਬਾਨ ਜੋ ਸਿਰਫ 10 ਜਾਂ 12 ਮੁਲਕਾਂ ਵਿਚ ਬੋਲੀ ਜਾਂਦੀ ਹੋਵੇ, ਉਹ ਕੌਮਾਂਤਰੀ ਕਿਵੇਂ ਹੋ ਸਕਦੀ ਹੈ?

ਸਾਡਾ ਵਿਰੋਧ ਕਿਸੇ ਬੋਲੀ ਨਾਲ ਨਹੀਂ, ਸਾਡੀ ਲੜਾਈ ਸਾਡੀ ਮਾਂ ਬੋਲੀ ਦੀ ਉਸ ਦੇ ਆਪਣੇ ਖਿੱਤੇ ਵਿਚ ਪ੍ਰਭੁਤਾ ਨੂੰ ਖਤਮ ਕਰਨ ਵਿਰੁਧ ਹੈ। ਅਸੀਂ ਗੋਰੀ ਨੂੰ ਰਾਜ 'ਤੇ ਬਿਠਾ ਕੇ ਬੜੇ ਖੁਸ਼ ਹਾਂ, ਤੇ ਸਾਡੀ ਆਪਣੀ ਮਾਂ ਜੋ ਇਸ ਘਰ ਦੀ ਰਾਣੀ ਹੈ, ਉਸ ਨੂੰ ਘਰੋਂ ਬਾਹਰ ਕੱਢ ਦਿੱਤਾ ਹੈ ਤੇ ਉਹ ਖਿਲਰੇ ਵਾਲਾਂ ਨਾਲ ਘਰ ਦੇ ਬੂਹੇ ਦੇ ਬਾਹਰ ਖੜ੍ਹੀ ਹੈ। ਜਿਵੇਂ ਕਤਲਾਨਾਂ ਨੇ ਆਪਣੀ ਜ਼ਬਾਨ ਨੂੰ ਸਾਰੇ ਹਮਲਿਆਂ ਤੋਂ ਬਚਾਉਣ ਲਈ ਕੀਤਾ, ਅਸੀਂ ਵੀ ਕਰੀਏ। ਉਹ ਗੁਰ ਹੈ ਕਿ ਸਰਕਾਰਾਂ ਭਾਵੇਂ ਕੁਝ ਕਰਨ ਜਾਂ ਨਾ ਕਰਨ, ਪਰ ਅਸੀਂ ਹਰ ਥਾਂ ਜਿਥੇ ਕੁਝ ਲਿਖਣ-ਲਿਖਾਉਣ ਦਾ ਫ਼ੈਸਲਾ ਅਸੀਂ ਆਪ ਕਰਨਾ ਹੈ, ਉਥੇ ਹਮੇਸ਼ਾ ਪੰਜਾਬੀ ਵਿਚ ਲਿਖੀਏ ਤੇ ਲਿਖਾਈਏ। ਮਸਲਨ, ਵਿਆਹ ਕਾਰਡ, ਚਿੱਠੀਆਂ, ਦੁਕਾਨਾਂ ਦੇ ਬੋਰਡ, ਬੱਸਾਂ ਦੇ ਬੋਰਡ ਵੀ ਪੰਜਾਬੀ ਵਿਚ ਲਿਖੀਏ। ਜੇ ਪੰਜਾਬ ਦੇ ਸ਼ਹਿਰਾਂ ਤੇ ਬਾਜ਼ਾਰਾਂ ਦਾ ਉਪਰੋਂ ਬੋਰਡਾਂ ਦਾ ਫ਼ਿਲਮਾਂਕਣ ਕਰੀਏ ਤਾਂ ਪਤਾ ਨਹੀਂ ਲਗੇਗਾ ਕਿ ਇਹ ਪੰਜਾਬ ਹੈ ਜਾਂ ਕੋਈ ਹੋਰ ਸੂਬਾ। ਹਰ ਪਾਸੇ ਅੰਗਰੇਜ਼ੀ ਹੈ। ਘਰਾਂ, ਦਫਤਰਾਂ, ਬਾਜ਼ਾਰਾਂ, ਖੇਤਾਂ ਵਿਚ ਆਪਸੀ ਗੱਲਬਾਤ ਹਮੇਸ਼ਾ ਪੰਜਾਬੀ ਵਿਚ ਕਰੀਏ। ਫਿਰ ਕੋਈ ਮਾਈ ਦਾ ਲਾਲ ਪੰਜਾਬੀ ਨੂੰ ਖਤਮ ਨਹੀਂ ਕਰ ਸਕੇਗਾ। ਪੰਜਾਬਣ ਮਾਂ ਆਪਣੇ ਬੱਚੇ ਨਾਲ ਹਮੇਸ਼ਾ ਪੰਜਾਬੀ ਬੋਲੇ, ਰਹੇ ਜਿਥੇ ਮਰਜ਼ੀ।

ਪੰਜਾਬੀ ਨੂੰ ਪ੍ਰਚੰਡ ਕਰਨ ਲਈ ਦੂਜਾ ਗੁਰ ਅਸੀਂ ਕਤਲਾਨ ਲੋਕਾਂ ਤੋਂ ਸਿੱਖ ਸਕਦੇ ਹਾਂ, ਜੋ ਉਨ੍ਹਾਂ ਦੇ ਸਦੀਆਂ ਲੰਮੇ ਇਤਿਹਾਸ ਨੇ ਸਾਬਤ ਕੀਤਾ ਹੈ ਕਿ ਰਾਜਨੀਤਕ ਤਾਕਤ ਤੋਂ ਬਿਨਾਂ ਕੋਈ ਬੋਲੀ ਜਾਂ ਸਭਿਆਚਾਰ ਵਿਕਾਸ ਨਹੀਂ ਕਰ ਸਕਦਾ; ਕਿਉਂਕਿ ਬੋਲੀ ਨੂੰ ਖਤਰਾ ਸੱਤਾ ਪੈਦਾ ਕਰਦੀ ਹੈ। ਪੰਜਾਬੀ ਬੋਲੀ ਨੂੰ ਜਿੰਨਾ ਨੁਕਸਾਨ ਹੋਇਆ ਹੈ, ਉਹ ਸੱਤਾ ਤੇ ਸਿਸਟਮ ਨੇ ਕੀਤਾ ਹੈ। ਇਹ ਕੰਮ 1947 ਤੱਕ ਅੰਗਰੇਜ਼ਾਂ ਨੇ ਕੀਤਾ। ਫਿਰ 1947 ਤੋਂ ਬਾਅਦ ਨਹਿਰੂ ਦੀ ਅਗਵਾਈ



ਕਤਲੋਨੀਆ ਦਾ ਝੰਡਾ

ਵਾਲੀ ਕੇਂਦਰ ਸਰਕਾਰ ਨੇ ਕੀਤੇ ਵਾਅਦਿਆਂ ਅਨੁਸਾਰ ਬੋਲੀ ਆਧਾਰਤ ਸੂਬੇ ਸਹੀ ਢੰਗ ਨਾਲ ਨਾ ਬਣਾ ਕੇ ਕੀਤਾ। ਪੰਜਾਬ ਦੀ ਸੱਤਾ ਉਸ ਪਾਰਟੀ ਨੂੰ ਦਿਓ ਜੋ ਜ਼ਿਆਦਾ ਤੋਂ ਜ਼ਿਆਦਾ ਪੰਜਾਬ ਤੇ ਪੰਜਾਬੀ ਪੱਖੀ ਹੋਵੇ; ਤੇ ਪੰਜਾਬੀ ਪੱਖੀ ਹੋਣਾ ਕਿਸੇ ਤਰ੍ਹਾਂ ਵੀ ਭਾਰਤ ਵਿਰੋਧੀ ਨਹੀਂ, ਸਗੋਂ ਇਹ ਅਸਲ ਦੇਸ਼ ਪ੍ਰੇਮ ਹੈ। ਜੋ ਸੱਚਾ ਪੰਜਾਬੀ ਹੈ, ਉਹ ਹੀ ਸੱਚਾ ਦੇਸ਼ ਭਗਤ ਹੋ ਸਕਦਾ ਹੈ। ਇਹ ਗੱਲ ਪੰਜਾਬੀਆਂ ਦੇ ਇਤਿਹਾਸ ਤੋਂ ਸਾਫ ਪਤਾ ਲੱਗ ਜਾਂਦੀ ਹੈ। ਉਨ੍ਹਾਂ ਬੇਬਹਾ ਕੁਰਬਾਨੀਆਂ ਦਿੱਤੀਆਂ ਹਨ ਆਪਣੇ ਵਤਨ ਲਈ, ਉਸ ਦੀ ਆਬਰੂ ਦੀ ਹਿਫ਼ਾਜ਼ਤ ਲਈ... ਲਾਲਾ ਹਰਦਿਆਲ, ਮਦਨ ਲਾਲ ਢੀਂਗਰਾ, ਭਗਤ ਸਿੰਘ, ਸੁਖਦੇਵ ਤੇ ਸ਼ਹੀਦ ਊਧਮ ਸਿੰਘ ਬਗੈਰਾ ਬੜੀ ਲੰਮੀ ਸੂਚੀ ਹੈ।

ਇਸ ਲੜਾਈ ਵਿਚ ਅਸੀਂ ਪਹਿਲਾਂ ਆਪਣੇ-ਆਪ ਨੂੰ ਬਦਲਣਾ ਹੈ ਤੇ ਫਿਰ ਅਸੀਂ ਕੇਂਦਰ ਦੀ ਸੱਤਾ ਜੋ ਘੱਟ-ਗਿਣਤੀ ਕੌਮਾਂ ਤੇ ਭਾਸ਼ਾਵਾਂ ਦੀ ਰਾਖੀ ਨਹੀਂ ਕਰ ਸਕੀ ਸਗੋਂ ਪਿਛਲੇ 65 ਸਾਲਾਂ ਵਿਚ ਇਹ ਸਮੱਸਿਆਵਾਂ ਹੋਰ ਵਿਕਰਾਲ ਹੋ ਗਈਆਂ ਹਨ। ਸਾਡੇ ਹਾਲਾਤ ਹੁਣ ਕੁਝ ਹੱਦ ਤੱਕ ਸਪੇਨ ਨਾਲ ਮਿਲਦੇ ਹਨ, ਜਿਥੇ ਸੱਤਾ ਨੇ ਸਦਾ ਬੋਲੀ ਤੇ ਸੱਭਿਆਚਾਰ ਨੂੰ ਖਤਰਾ ਪੈਦਾ ਕੀਤਾ, ਦੇਸ਼ ਦੀ ਏਕਤਾ ਦੇ ਨਾਂ 'ਤੇ। ਸੋਚਣ ਵਾਲੀ ਗੱਲ ਇਹ ਹੈ ਕਿ ਜਿਥੇ ਜਿਹੜਾ ਮਹਾਂਪੁਰਖ ਪੈਦਾ ਹੋਇਆ, ਉਸ ਨੇ ਉਸੇ ਖਿੱਤੇ ਦੀ ਬੋਲੀ ਵਿਚ ਆਪਣੀ ਬਾਣੀ ਰਚੀ। ਬੁੱਧ ਤੇ ਮਹਾਵੀਰ, ਭਗਵਾਨ ਰਾਮ ਤੇ ਭਗਵਾਨ ਕ੍ਰਿਸ਼ਨ ਨੇ ਉਸ ਵੇਲੇ ਬੋਲੀ ਜਾਂਦੀ ਜ਼ਬਾਨ ਵਿਚ ਆਪਣੀ ਬਾਣੀ ਰਚੀ। ਰਾਮਾਨੰਦ, ਸਹਿਜਾਨੰਦ, ਭਗਤ ਕਬੀਰ, ਭਗਤ ਰਵਿਦਾਸ, ਭਗਵਾਨ ਬਾਲਮੀਕ, ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਸਭ ਨੇ ਆਪਣੇ-ਆਪਣੇ ਖਿੱਤੇ ਦੀ ਜ਼ਬਾਨ ਵਿਚ ਬਾਣੀ ਰਚੀ। ਰਾਮਾਨੰਦ ਬੰਗਾਲੀ ਵਿਚ, ਭਗਤ ਕਬੀਰ ਤੇ ਭਗਤ ਰਵਿਦਾਸ ਨੇ ਉੱਤਰ ਪ੍ਰਦੇਸ਼ ਦੀ ਭਾਸ਼ਾ ਵਿਚ ਬਾਣੀ ਗਾਈ। ਮਹਾਰਾਸ਼ਟਰ ਦੇ ਭਗਤ ਨਾਮਦੇਵ ਨੇ ਮਰਾਠੀ ਵਿਚ ਬਾਣੀ ਕਹੀ। ਬੁੱਲ੍ਹੇ ਸ਼ਾਹ ਤੇ ਬਾਬਾ ਸ਼ੇਖ ਫਰੀਦ, ਸਭ ਸੂਫੀ ਸੰਤਾਂ ਨੇ ਵੀ ਆਪਣੀ ਬਾਣੀ ਆਪਣੀ ਮਾਂ ਬੋਲੀ ਵਿਚ ਰਚੀ। ਸਾਡੇ ਮਹਾਂਪੁਰਖਾਂ ਦਾ ਜੀਵਨ ਸਾਡੇ ਲਈ ਮਿਸਾਲ ਹੈ। ਬੋਲੀ ਕੋਈ ਮਾੜੀ ਨਹੀਂ, ਤੇ ਨਾ ਕਿਸੇ ਦੀ ਵਿਰੋਧੀ ਹੈ ਪਰ ਹਰ ਬੋਲੀ ਨੂੰ ਉਸ ਦੇ ਇਲਾਕੇ ਵਿਚ ਪੂਰਾ ਮਾਣ ਸਤਿਕਾਰ ਮਿਲਣਾ ਚਾਹੀਦਾ ਹੈ। ਦੁਨੀਆਂ ਦਾ ਕੋਈ ਮੁਲਕ ਗ਼ੈਰ-ਮੁਲਕੀ ਭਾਸ਼ਾ ਵਿਚ ਨਹੀਂ ਪੜ੍ਹਾਉਂਦਾ ਸਿਵਾਏ ਭਾਰਤ ਤੋਂ। ਇਸੇ ਕਰ ਕੇ ਕਦੀ ਮਜ਼ਦੂਰ ਕਿਸਾਨ ਦਾ ਬੇਟਾ ਵਿਗਿਆਨੀ, ਇੰਜੀਨੀਅਰ ਤੇ ਆਈ.ਏ.ਐਸ., ਆਈ.ਪੀ.ਐਸ. ਨਹੀਂ ਬਣ ਸਕਿਆ, ਕਿਉਂਕਿ ਸ਼ਰਤ ਅੰਗਰੇਜ਼ੀ ਹੈ। ਡੀ.ਸੀ. ਜਿਨ੍ਹਾਂ ਲੋਕਾਂ ਦੀ ਸੇਵਾ ਕਰਨੀ ਹੈ, ਉਹ ਪੰਜਾਬੀ ਹਨ ਤੇ ਗੱਲ ਵੀ ਪੰਜਾਬੀ ਵਿਚ ਕਰਨੀ ਹੈ, ਫਿਰ ਬਣਨ ਲਈ ਸ਼ਰਤ ਅੰਗਰੇਜ਼ੀ ਕਿਉਂ? ਜੱਜ ਸਾਡਾ, ਵਕੀਲ ਸਾਡੇ, ਗਵਾਹ ਤੇ ਮੁੱਦਈ ਸਾਡੇ, ਪਰ ਅਦਾਲਤ ਦੀ ਬੋਲੀ ਅੰਗਰੇਜ਼ੀ ਕਿਉਂ? ਕੀ ਇਹ ਸਾਰੇ ਇੰਗਲੈਂਡ ਵਾਸਤੇ ਕੰਮ ਕਰ ਰਹੇ ਹਨ ਜਾਂ ਭਾਰਤੀ ਤੇ ਪੰਜਾਬੀ ਲੋਕਾਂ ਲਈ? ਕੀ ਇਹ ਭਾਰਤੀ ਲੋਕਾਂ ਤੇ ਭਾਰਤ ਮਾਤਾ ਦਾ ਅਪਮਾਨ ਨਹੀਂ ਜੋ ਅੰਗਰੇਜ਼ ਤਾਂ ਕਰਦੇ ਸਨ, ਪਰ ਹੁਣ ਸਾਡੇ ਕਿਉਂ ਉਹੀ ਕੰਮ ਕਰ ਰਹੇ ਹਨ? ਅਸਲ ਵਿਚ ਪੰਜਾਬੀ ਨੂੰ ਦਰਪੇਸ਼ ਸੰਕਟ ਅੱਧੇ ਤੋਂ ਵੱਧ ਖ਼ਤਮ ਹੋ ਜਾਵੇਗਾ, ਜੇ ਅਸੀਂ ਪੰਜਾਬੀ ਜਾਏ ਪੰਜਾਬੀ ਬਣ ਜਾਈਏ।

## ਵੰਡੀਆਂ ਦਾ ਦਰਦ ਸੁਣਾਏਗੀ

# ਕਿਆ ਦਿੱਲੀ ਕਿਆ ਲਾਹੌਰ







ਪਾਕਿਸਤਾਨ ਦੇ ਮਸ਼ਹੂਰ ਕਲਾਸੀਕਲ ਗਾਇਕ ਉਸਤਾਦ ਹਮੀਦ ਅਲੀ ਖਾਨ ਨੇ ਪਹਿਲੀ ਵਾਰ ਬਾਲੀਵੁੱਡ ਫਿਲਮ ਲਈ ਆਪਣਾ ਗੀਤ ਰਿਕਾਰਡ ਕਰਵਾਇਆ ਹੈ। ਇਹ ਗੀਤ 'ਕਲੇਜੇ ਮੇਂ ਲਗ ਜਾਤੀ ਤੋ ਕਿਆ ਹੋਤਾ' ਫਿਲਮ 'ਕਿਆ ਦਿਲ ਕਿਆ ਲਾਹੌਰ' ਫਿਲਮ ਲਈ ਗਾਇਆ ਗਿਆ ਹੈ। ਇਹ ਫਿਲਮ ਅਦਾਕਾਰ ਵਿਜੈ ਰਾਜ਼ ਦੀ ਬਤੌਰ ਡਾਇਰੈਕਟਰ ਪਲੇਠੀ ਫਿਲਮ ਹੈ। ਇਹ ਫਿਲਮ ਮਸ਼ਹੂਰ ਸ਼ਾਇਰ ਅਤੇ ਫਿਲਮਸਾਜ਼ ਗੁਲਜ਼ਾਰ ਵੱਲੋਂ ਪੇਸ਼ ਕੀਤੀ ਜਾ ਰਹੀ ਹੈ ਅਤੇ ਇਹ ਦੋ ਮਈ ਨੂੰ ਰਿਲੀਜ਼ ਹੋਵੇਗੀ। 'ਕਿਆ ਦਿਲ ਕਿਆ ਲਾਹੌਰ' ਭਾਰਤ-ਪਾਕਿਸਤਾਨ ਵੰਡ ਬਾਰੇ ਹੈ। ਫਿਲਮ ਦਾ ਸਮਾਂ ਆਜ਼ਾਦੀ ਤੋਂ ਐਨ ਬਾਅਦ, 1948 ਵਾਲਾ ਹੈ ਅਤੇ ਫਿਲਮ ਵਿਚ ਵਿਜੈ ਰਾਜ਼ ਤੋਂ ਇਲਾਵਾ ਮਨੂ ਰਿਸ਼ੀ, ਰਾਜ ਜ਼ੁਤਸ਼ੀ ਅਤੇ ਵਿਸ਼ਵਜੀਤ ਪ੍ਰਧਾਨ ਦੇ ਲੀਡ ਰੋਲ ਹਨ।

ਉਸਤਾਦ ਹਮੀਦ ਆਲੀ ਖਾਨ (ਜਨਮ 1953) ਦਾ ਸਬੰਧ ਪਟਿਆਲਾ ਘਰਾਣੇ ਨਾਲ ਹੈ। ਉਸ ਦੇ ਪਿਤਾ ਉਸਤਾਦ ਅਖ਼ਤਰ ਹੁਸੈਨ ਖਾਨ ਅਤੇ ਵੱਡੇ ਦੋਵੇਂ ਭਰਾ, ਬੜੇ ਫਤਿਹ ਅਲੀ ਖਾਨ ਤੇ ਅਮਾਨਤ ਅਲੀ ਖਾਨ ਵੀ ਸੰਗੀਤ ਦੀਆਂ ਅਹਿਮ ਸ਼ਖ਼ਸੀਅਤਾਂ ਹਨ। ਹਮੀਦ ਖਾਨ ਦੇ ਪੁੱਤਰ ਨਾਯਾਬ ਅਲੀ ਖਾਨ, ਵਲੀ ਹਮੀਦ ਅਲੀ ਖਾਨ ਅਤੇ ਇਨਾਮ ਅਲੀ ਖਾਨ ਵੀ ਆਪਣੇ ਪੁਰਖਿਆਂ ਦੇ ਰਾਹ ਉਤੇ ਚੱਲ ਰਹੇ ਹਨ ਅਤੇ ਅੱਜ ਕੱਲ੍ਹ ਇਨ੍ਹਾਂ ਮੁੰਡਿਆਂ ਨੇ 'ਰਾਗਾ ਬੁਆਇਜ਼' ਨਾਂ ਦਾ ਬੈਂਡ ਬਣਾਇਆ ਹੋਇਆ ਹੈ। ਫਿਲਮ 'ਕਿਆ ਦਿਲੀ ਕਿਆ ਲਾਹੌਰ' ਲਈ ਹਮੀਦ ਅਲੀ ਖਾਨ ਦਾ ਗਾਉਣਾ ਵੀ ਮਹਿਜ਼ ਇਤਫਾਕ ਹੀ ਬਣਿਆ। ਅਸਲ ਵਿਚ ਉਹ ਅੰਮ੍ਰਿਤਸਰ ਪੁੱਜੇ ਹੋਏ ਸਨ ਕਿ ਫਿਲਮ ਦੇ ਸੰਗੀਤਕਾਰ ਸੰਦੇਸ਼ ਸ਼ਾਂਡਲਿਆ ਉਨ੍ਹਾਂ ਦੇ ਸੰਪਰਕ ਵਿਚ ਆ ਗਏ ਅਤੇ ਸੰਦੇਸ਼ ਨੇ ਉਨ੍ਹਾਂ ਨੂੰ ਗੀਤ ਗਾਉਣ ਦੀ ਗੁਜ਼ਾਰਿਸ਼ ਕੀਤੀ। ਜਦੋਂ ਉਸਤਾਦ ਨੂੰ ਪਤਾ ਲੱਗਿਆ ਕਿ ਇਸ ਫਿਲਮ ਨਾਲ ਫਿਲਮਸਾਜ਼ ਗੁਲਜ਼ਾਰ ਵੀ ਜੁੜੇ ਹੋਏ ਹਨ, ਤਾਂ ਉਨ੍ਹਾਂ ਝੱਟ ਹਾਂ ਕਰ ਦਿੱਤੀ। ਉਹ ਤੁਰੰਤ ਮੁੰਬਈ ਪੁੱਜੇ ਅਤੇ ਦੋ ਦਿਨਾਂ ਵਿਚ ਗੀਤ ਦੀ ਰਿਕਾਰਡਿੰਗ ਹੋ ਗਈ।

### ਉਸਤਾਦ ਹਮੀਦ ਅਲੀ ਖਾਨ ਨੇ ਗਾਇਆ: ਕਲੇਜੇ ਮੇਂ ਲਗ ਜਾਤੀ ਤੋ ਕਯਾ ਹੋਤਾ


ਫਿਲਮ ਦਾ ਡਾਇਰੈਕਟਰ ਅਤੇ ਅਦਾਕਾਰ ਵਿਜੈ ਰਾਜ਼ ਫਿਲਮ ਬਾਰੇ ਬੜਾ ਭਾਵੁਕ ਹੈ। ਉਸ ਮੁਤਾਬਕ ਹੁਣ ਤੱਕ ਉਹ ਭਾਰਤ-ਪਾਕਿਸਤਾਨ ਵੰਡ ਦੀਆਂ ਕਹਾਣੀਆਂ ਸੁਣਦਾ ਆਇਆ ਹੈ ਅਤੇ ਇਸ ਵਿਸ਼ੇ ਉਤੇ ਬਣੀਆਂ ਅਣਗਿਣਤ ਫਿਲਮਾਂ ਵੀ ਦੇਖੀਆਂ ਹਨ, ਪਰ ਜਦੋਂ ਅਸੀਮ ਅਰੋੜਾ ਨੇ ਉਸ ਨੂੰ ਇਸ ਫਿਲਮ ਦੀ ਕਹਾਣੀ ਸੁਣਾਈ ਤਾਂ ਉਸ ਦੇ ਮਨ ਵਿਚ ਇਕ ਦਮ ਖਿਆਲ ਉਠਿਆ ਕਿ ਉਹ ਖੁਦ ਇਸ ਫਿਲਮ ਦਾ ਨਿਰਦੇਸ਼ਨ ਕਰੇਗਾ। ਵਿਜੈ ਰਾਜ਼ ਇਸ ਤੋਂ ਪਹਿਲਾਂ ਅਦਾਕਾਰੀ ਦੇ ਖੇਤਰ ਵਿਚ ਆਪਣੀ ਧਾਂਕ ਜਮਾ ਚੁੱਕਾ ਹੈ। ਉਸ ਦੀ ਪਹਿਲੀ ਫਿਲਮ 'ਭੁਪਾਲ ਐਕਸਪ੍ਰੈਸ' 1999 ਵਿਚ ਆਈ ਸੀ। ਬਾਅਦ ਵਿਚ 'ਜੰਗਲ', 'ਦਿਲ ਪੇ ਮਤ ਲੇ ਯਾਰ', 'ਮਾਨਸੂਨ ਵੈਡਿੰਗ', 'ਕੰਪਨੀ', 'ਲਾਲ ਸਲਾਮ' ਆਦਿ ਫਿਲਮਾਂ ਤਿੰਨ ਕੁ ਸਾਲਾਂ ਦੇ ਵਕਫੇ ਵਿਚ ਰਿਲੀਜ਼ ਹੋਈਆਂ ਅਤੇ ਫਿਲਮੀ ਦੁਨੀਆਂ ਵਿਚ ਉਸ ਦੀ ਬੱਲੇ-ਬੱਲੇ ਹੋ ਗਈ। ਫਿਲਮ 'ਰਨ' ਵਿਚ ਉਸ ਦਾ ਰੋਲ ਯਾਦਗਾਰੀ ਹੋ ਨਿਬੜਿਆ। ਇਸ ਫਿਲਮ ਵਿਚ 'ਕਊਆ ਬਰਿਆਨੀ' ਵਾਲਾ ਉਸ ਦਾ ਐਕਟ ਇੰਨਾ ਮਸ਼ਹੂਰ ਹੋਇਆ ਕਿ ਸਦਾ-ਸਦਾ ਲਈ ਉਸ ਨਾਲ ਜੁੜ ਗਿਆ। ਫਿਲਮ 'ਡੇਲੀ ਬੈਲੀ' ਵਿਚ ਉਸ ਦਾ ਮੁੱਖ ਰੋਲ, ਬਤੌਰ ਗੈਂਗਸਟਰ ਸੀ। ਖਲਨਾਇਕ ਵਜੋਂ ਉਸ ਨੇ ਕਈ ਫਿਲਮਾਂ ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਉਸ ਨੂੰ ਆਸ ਹੈ ਕਿ ਉਸ ਦੀ ਫਿਲਮ 'ਕਿਆ ਦਿਲ ਕਿਆ ਲਾਹੌਰ' ਸੰਜੀਦਾ ਫਿਲਮ ਦਰਸ਼ਕਾਂ ਨੂੰ ਖਿੱਚੇਗੀ।




ਖੱਬਿਉਂ: ਵਿਜੈ ਰਾਜ਼, ਮਨੂ ਰਿਸ਼ੀ, ਰਾਜ ਜ਼ੁਤਸ਼ੀ ਤੇ ਵਿਸ਼ਵਜੀਤ ਪ੍ਰਧਾਨ

## ਕਹਾਣੀ ਕਹਿਣ ਦਾ ਗੁਰ ਵੱਧ ਅਹਿਮ

# ਗੁਰਿੰਦਰ ਚੱਢਾ






'ਬੈਂਡ ਇਟ ਲਾਈਕ ਬੈਕਹੈਮ' ਅਤੇ 'ਬ੍ਰਾਈਡ ਐਂਡ ਪ੍ਰੈਜੂਡਿਸ' ਵਰਗੀਆਂ ਚਰਚਿਤ ਫਿਲਮਾਂ ਬਣਾਉਣ ਵਾਲੀ ਭਾਰਤੀ ਮੂਲ ਦੀ ਬ੍ਰਿਟਿਸ਼ ਫਿਲਮਸਾਜ਼ ਗੁਰਿੰਦਰ ਚੱਢਾ ਦਾ ਕਹਿਣਾ ਹੈ ਕਿ ਜੇ ਬਾਲੀਵੁੱਡ ਦੇ ਫਿਲਮਸਾਜ਼ਾਂ ਨੂੰ ਕੌਮਾਂਤਰੀ ਪੱਧਰ ਦੀ ਉਡਾਣ ਭਰਨੀ ਹੈ ਤਾਂ ਉਨ੍ਹਾਂ ਨੂੰ ਆਪਣੀਆਂ ਫਿਲਮਾਂ ਵਿਚ ਕਹਾਣੀ ਕਹਿਣ ਦਾ ਗੁਰ ਸਿੱਖਣਾ ਪਵੇਗਾ। ਉਸ ਨੇ ਸਪਸ਼ਟ ਕੀਤਾ ਕਿ ਫਿਲਮਾਂ ਵਿਚ ਦੋ-ਚਾਰ ਗੀਤ ਪਾ ਕੇ ਫਿਲਮ ਨਹੀਂ ਚਲਾਈ ਜਾ ਸਕਦੀ ਅਤੇ ਨਾ ਹੀ ਦਰਸ਼ਕਾਂ ਦਾ ਮਨ ਮੋਹਿਆ ਜਾ ਸਕਦਾ ਹੈ। ਅਫਸੋਸ ਕਿ ਬਹੁਤੇ ਭਾਰਤੀ ਫਿਲਮਸਾਜ਼ ਅਜਿਹਾ ਹੀ ਕਰ ਰਹੇ। ਉਂਝ ਨਵੇਂ ਫਿਲਮਸਾਜ਼ਾਂ ਤੋਂ ਉਸ ਨੂੰ ਬੜੀਆਂ ਆਸਾਂ ਹਨ। ਉਹ 'ਦੇਵ ਡੀ' ਅਤੇ 'ਵਿਕੀ ਡੋਨਰ' ਵਰਗੀਆਂ ਨਵੇਂ ਜ਼ਮਾਨੇ ਦੀਆਂ ਅਤੇ ਨਵੇਂ ਵਿਸ਼ਿਆਂ ਵਾਲੀਆਂ ਹਿੰਦੀ ਫਿਲਮਾਂ ਦੀ ਬੜੀ ਪ੍ਰਸ਼ੰਸਕ ਹੈ ਪਰ ਉਹ ਜਦੋਂ ਇਨ੍ਹਾਂ ਫਿਲਮਾਂ ਨੂੰ ਆਲੋਚਕ ਦੀ ਅੱਖ ਨਾਲ ਦੇਖਦੀ ਹੈ ਤਾਂ ਉਸ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਉਸ ਦਾ ਕਹਿਣਾ ਹੈ ਕਿ ਬਿਨਾਂ ਸ਼ਰਤ 'ਵਿੱਕੀ ਡੋਨਰ' ਚੰਗੀ ਫਿਲਮ ਹੈ ਪਰ ਸੰਪਾਦਨ ਦੇ ਪੱਧਰ ਉਤੇ ਇਸ ਫਿਲਮ ਉਤੇ ਹੋਰ ਮਿਹਨਤ ਕੀਤੀ ਜਾ ਸਕਦੀ ਸੀ ਅਤੇ ਕਹਾਣੀ ਹੋਰ ਚੰਗੇਰੇ ਢੰਗ ਨਾਲ ਬਿਆਨ ਹੋ ਸਕਦੀ ਸੀ। ਉਸ ਮੁਤਾਬਕ, ਇਹ ਫਿਲਮ ਹੋਰ ਵੀ ਜ਼ੋਰਦਾਰ ਹੋ ਸਕਦੀ ਸੀ, ਜੇ ਕਿਤੇ ਕਹਾਣੀ ਦਾ ਬਿਆਨ ਹੋਰ ਬਾਰੀਕੀ ਨਾਲ ਕੀਤਾ ਜਾਂਦਾ। ਫਿਲਮ ਵਿਚ ਹੋਰ ਬੜਾ ਕੁਝ ਕਰਨ ਦੀ ਗੁੰਜਾਇਸ਼ ਸੀ। ਗੁਰਿੰਦਰ ਦਾ ਮੰਨਣਾ ਹੈ ਕਿ ਫਿਲਮ ਦੀ ਚੂਲ ਫਿਲਮ ਦੀ ਕਹਾਣੀ ਹੀ ਹੁੰਦੀ ਹੈ। ਕਹਾਣੀ ਨਾਲ ਹੀ ਅਗਾਂਹ ਫਿਲਮ ਦੇ ਅਦਾਕਾਰ, ਗੀਤ ਅਤੇ ਸੰਗੀਤ ਗੁੰਦੇ ਹੁੰਦੇ ਹਨ। ਇਹ ਕਲਾ ਹੈ ਜਿਸ ਨੂੰ ਸਿੱਖੇ ਬਗੈਰ ਫਿਲਮਸਾਜ਼ ਉਚੀ ਉਡਾਣ ਭਰ ਹੀ ਨਹੀਂ ਸਕਦਾ।



ਗੁਰਿੰਦਰ ਦਾ ਜਨਮ 10 ਜਨਵਰੀ 1960 ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਚ ਹੋਇਆ ਸੀ। ਬਾਅਦ ਵਿਚ ਉਸ ਦੇ ਮਾਪੇ ਸਾਊਥਾਲ (ਲੰਡਨ) ਵਸ ਗਏ। ਉਦੋਂ ਉਹ ਸਿਰਫ਼ ਦੋ ਸਾਲ ਦੀ ਸੀ। ਮਗਰੋਂ ਉਸ ਨੇ ਲੰਡਨ ਤੋਂ ਹੀ ਪੋਸਟ ਗਰੈਜੂਏਸ਼ਨ ਦੀ ਡਿਗਰੀ ਹਾਸਿਲ ਕੀਤੀ। ਪਹਿਲਾਂ ਪਹਿਲ ਉਸ ਨੇ ਰੇਡੀਓ ਤੇ ਕੰਮ ਕੀਤਾ ਅਤੇ ਬੀ.ਬੀ.ਸੀ. ਟੈਲੀਵਿਜ਼ਨ ਉਤੇ ਰਿਪੋਰਟਰ ਵੀ ਰਹੀ। ਫਿਰ ਉਸ ਨੇ ਬ੍ਰਿਟਿਸ਼ ਫਿਲਮ ਇੰਸਟੀਚਿਊਟ, ਬੀ.ਬੀ.ਸੀ. ਅਤੇ ਚੈਨਲ-4 ਲਈ ਕਈ ਪੁਰਸਕਾਰ ਜੇਤੂ ਦਸਤਾਵੇਜ਼ੀ ਫਿਲਮਾਂ ਬਣਾਈਆਂ। ਉਸ ਨੇ ਆਪਣਾ ਫਿਲਮੀ ਸਫ਼ਰ 1989 ਵਿਚ ਟੀ.ਵੀ. ਫਿਲਮ 'ਆਈ.ਐਮ. ਬ੍ਰਿਟਿਸ਼ ਬੱਟ...' ਨਾਲ ਕੀਤਾ ਸੀ। ਇਸ ਤੋਂ ਬਾਅਦ ਉਸ ਨੇ 'ਏ ਨਾਈਸ ਅਰੇਂਜ਼ਮੈਂਟ', 'ਐਕਟਿੰਗ 'ਅਵਰ ਏਜ' ਅਤੇ 'ਭਾਜੀ ਔਨ ਦਿ ਬੀਚ' ਵਰਗੀਆਂ ਫਿਲਮਾਂ ਕੀਤੀਆਂ। 'ਏ ਨਾਈਸ ਅਰੇਂਜ਼ਮੈਂਟ' ਸਿਰਫ਼ 11 ਮਿੰਟ ਦੀ ਫਿਲਮ ਸੀ ਜੋ ਬ੍ਰਿਟਿਸ਼ ਏਸ਼ੀਅਨ ਵਿਆਹ ਬਾਰੇ ਹੈ। ਇਸ ਫਿਲਮ ਦੀ ਵਾਹਵਾ ਚਰਚਾ ਹੋਈ ਪਰ 2002 ਵਿਚ ਆਈ ਫਿਲਮ 'ਬੈਂਡ ਇਟ ਲਾਈਕ ਬੈਕਹੈਮ' ਫਿਲਮ ਨਾਲ ਉਸ ਦਾ ਨਾਂ ਕੌਮਾਂਤਰੀ ਪੱਧਰ ਉਤੇ ਫੈਲ ਗਿਆ। ਇਹ ਫਿਲਮ ਭਾਰਤੀ ਡਾਇਸਪੋਰਾ ਬਾਰੇ ਸੀ। ਬ੍ਰਿਟਿਸ਼ ਫੁਟਬਾਲ ਖਿਡਾਰੀ ਡੇਵਿਡ ਬੈਕਹੈਮ ਦੀ ਖਾਸ ਕਿੱਕ ਉਤੇ ਟਿਕੀ ਇਸ ਫਿਲਮ ਨਾਲ ਗੁਰਿੰਦਰ ਦੀ ਬਹੁਤ ਚਰਚਾ ਹੋਈ। ਇਹ ਫਿਲਮ ਇਕ ਸਿੱਖ ਕੁੜੀ ਬਾਰੇ ਹੈ ਜੋ ਲੰਡਨ ਵਿਚ ਰਹਿੰਦੀ ਹੈ; ਫੁਟਬਾਲ ਉਸ ਲਈ ਸਭ ਕੁਝ ਹੈ। ਉਹ ਚਾਹੁੰਦੀ ਹੈ ਕਿ ਉਹ ਕਿਸੇ ਦਿਨ ਬੈਕਹੈਮ ਨਾਲ ਫੁਟਬਾਲ ਖੇਡੇ। ਆਪਣਾ ਸੁਪਨਾ ਪੂਰਾ ਕਰਨ ਲਈ ਉਹ ਕਿਨ੍ਹਾਂ ਹਾਲਾਤ ਵਿਚੋਂ ਲੰਘਦੀ ਹੈ, ਇਹੀ ਫਿਲਮ ਦੀ ਕਹਾਣੀ ਹੈ ਅਤੇ ਇਹ ਕਹਾਣੀ ਗੁਰਿੰਦਰ ਨੇ ਬਹੁਤ ਖੂਬਸੂਰਤ ਅੰਦਾਜ਼ ਵਿਚ ਪੇਸ਼ ਕੀਤੀ ਹੈ।

ਗੁਰਿੰਦਰ ਦਾ ਦਾਅਵਾ ਹੈ ਕਿ ਡੇਵਿਡ ਬੈਕਹੈਮ ਨੂੰ ਅਮਰੀਕਾ ਵਿਚ ਮਸ਼ਹੂਰ ਕਰਨ ਵਿਚ ਉਸ ਦੀ ਫਿਲਮ ਦਾ ਵੀ ਯੋਗਦਾਨ ਹੈ। ਉਹ ਦੱਸਦੀ ਹੈ, "ਜਦੋਂ ਅਸੀਂ ਇਹ ਫਿਲਮ ਅਮਰੀਕਾ ਲੈ ਕੇ ਗਏ, ਤਾਂ ਅਮਰੀਕੀਆਂ ਨੂੰ ਬੈਕਹੈਮ ਬਾਰੇ ਕੋਈ ਬਹੁਤਾ ਪਤਾ ਨਹੀਂ ਸੀ, ਪਰ ਇਹ ਫਿਲਮ ਰਿਲੀਜ਼ ਹੋਣ ਤੋਂ ਬਾਅਦ ਬੈਕਹੈਮ ਦਾ ਨਾਂ ਅਮਰੀਕੀਆਂ ਦੀ ਜ਼ੁਬਾਨ ਉਤੇ ਚੜ੍ਹ ਗਿਆ।" ਗੁਰਿੰਦਰ ਦੇ ਇਸ ਦਾਅਵੇ ਦੀ ਤਸਦੀਕ ਖੁਦ ਬੈਕਹੈਮ ਨੇ ਵੀ ਕੀਤੀ ਹੈ।

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

## ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)

## ਹੁਣ ਅਸੀਂ ਗੋਡਿਆਂ ਦੇ ਦਰਦ ਦਾ ਇਲਾਜ ਵੀ ਕਰਦੇ ਹਾਂ




ਨੀਲੀਆਂ (ਵੈਰੀਕੋਜ਼) ਨਸਾਂ ਸੋਜ਼ਿਸ਼ ਅਲਸਰ ਗੋਡਿਆਂ ਦਾ ਦਰਦ

**ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ**

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

### ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

**ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ**

## ਫੋਨ: 1-888-473-0372

# ਲੋਕ ਸਭਾ ਹਲਕਾ ਜਲੰਧਰ ਦੇ ਵਾਸੀਆਂ, ਪਰਵਾਸੀਆਂ, ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਖੇਡ ਪ੍ਰੋਮੋਟਰਾਂ ਨੂੰ



ਪਵਨ ਕੁਮਾਰ ਟੀਨੂ

# ਅਪੀਲ

ਪੰਜਾਬ ਵਿਚ ਖੇਡਾਂ ਲਈ ਲੋੜੀਂਦਾ ਢਾਂਚਾ ਉਸਾਰਨ ਲਈ ਆਓ ਸਾਰੇ ਰਲ ਕੇ ਜਲੰਧਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ

## ਪਵਨ ਕੁਮਾਰ ਟੀਨੂ

ਨੂੰ ਕਾਮਯਾਬ ਕਰੀਏ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ




ਅਮੋਲਕ ਸਿੰਘ ਗਾਖਲ

# A & I Trucking Co.

A&I WATSONVILLE, CA

123 E Lee Rd Watsonville, CA Ph: 831-763-7805

A&I WATSONVILLE, CA